# ਤੂਫ਼ਾਨ ਤੋਂ ਪਹਿਲਾਂ

ਦਵਿੰਦਰ ਪਾਲ

www.PunjabiLibrary.com

# ਤੂਫ਼ਾਨ ਤੋਂ ਪਹਿਲਾਂ

# ਤੂਫ਼ਾਨ ਤੋਂ ਪਹਿਲਾਂ

ਦਵਿੰਦਰ ਪਾਲ

*Prose/Punjabi Essays/Contemprary Punjab Problems/
LiteraryEssays/Collection*

© *2007, Devinder Pal*

**Toofan Ton Pahilan**

*by*

**Devinder Pal**
Village Khudi Khurd, Teh. & Distt. Barnala-148101
94170-03172
devinderbnl@yahoo.com
devinder@tribunemail.com

2007
Published by Lokgeet Parkashan
S.C.O. 26-27, Sector 34 A, Chandigarh-160022
Ph.0172-5077427, 5077428
Punjabi Bhawan Ludhiana, 98154-71219
*visit us at : www.unistarbooks.com*
*email:info@unistarbooks.com*
*email:sales@unistarbooks.com*
*email:editorial@unistarbooks.com*
Type Setting Daljit Singh
Design PCIS
Printed & bound at Jai Offset Printers, Chandigarh
Ph:0172-2640382

© *2007, Devinder Pal*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਣ

ਪੂਜਨੀਕ ਮਾਤਾ ਪੁਸ਼ਪਾ ਵਤੀ
ਅਤੇ
ਸਤਿਕਾਰ ਯੋਗ ਪਿਤਾ ਭਗਵਾਨ ਦਾਸ ਨੂੰ

# ਤਤਕਰਾ


- ਮੁੱਖ ਬੰਦ 9
- ਕੁਝ ਆਪਣੇ ਵਲੋਂ 15
- ਦੋ ਸ਼ਬਦ 17
- ਕੁਝ ਹੋਰ ਸ਼ਬਦ 21
- ਤੂਫ਼ਾਨ ਤੋਂ ਪਹਿਲਾਂ 23
- ਕਿੱਥੇ ਹੈ ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ 29
- ਸ਼ਹੀਦੀ, ਸੌੜੀ ਰਾਜਨੀਤੀ ਤੇ ਮਨੁੱਖਤਾ 36
- ਇਹ ਲੋਕਤੰਤਰ ਹੈ ਜਾਂ ਪੁਲਸਤੰਤਰ 42
- ਵਧਦੇ ਮੌਤ ਹਾਦਸੇ : ਫੈਲਦਾ ਡੇਰਾ ਸਭਿਆਚਾਰ 47
- ਕਸ਼ਮੀਰ ਗਣਰਾਜ ਦੀ ਯੋਜਨਾ ਅਤੇ ਗ਼ਦਰ ਲਹਿਰ 52
- ਸ਼ਹੀਦ ਭਗਤ ਸਿੰਘ : ਜੀਵਨ ਤੇ ਫਲਸਫਾ 58
- "ਮਾਰਦਾ ਦਮਾਮੇ ਜੱਟ..." ਕਿੱਥੇ ਹੈ ? 69
- ਕਰਜ਼ਿਆਂ ਮਾਰੀ ਵਿਸਾਖੀ 73
- ਕਿਉਂ ਦੁੱਲਾ ਜੱਟ ਪੰਜਾਬ ਦਾ, ਪੈ ਗਿਆ ਖੁਦਕੁਸ਼ੀਆਂ ਦੇ ਰਾਹ 77
- ਜੋ ਆਏ ਵਿਕਣ ਨੂੰ ਆਏ, ਲੱਭਦਾ ਖਰੀਦਦਾਰ ਨਾ 88
- ਖੇਤਾਂ ਵਾਲਿਆਂ ਦੇ, ਹੋ ਗਏ ਖੇਤ ਬੇਗਾਨੇ 92

- ਪੁੱਤ ਜੱਟਾਂ ਦੇ ਦਿਹਾੜੀਆਂ ਕਰਦੇ... 96
- ਜਨਤਕ ਸਰੋਕਾਰਾਂ ਦਾ ਅਪਮਾਨ 103
- ਏਜੰਟਾਂ ਦੇ ਸਿਕੰਜੇ 'ਚ ਫਸੀ ਜੁਆਨੀ 107
- ਪਰਵਾਸੀ ਕੰਤ, ਭੁੱਲ ਗਏ ਘਰਾਂ ਦਾ ਸਿਰਨਾਵਾਂ 116
- ਵਿੱਚ ਪਰਦੇਸਾਂ ਰੁਲੇ ਜੁਆਨੀ 122
- ਪੁਸਤਕ ਦਾ ਸਥਾਨ, ਆਕਸੀਜਨ ਅਤੇ ਪਾਣੀ ਸਮਾਨ 129
- ਸਰੂ ਵਰਗੀ ਜੁਆਨੀ, ਖਾ ਲਈ ਨਸ਼ਿਆਂ ਨੇ 133
- ਇਨਕਲਾਬੀ ਸਰਗਰਮੀਆਂ ਦਾ ਕੇਂਦਰ 138
- ਤੁਰਦਾ ਫਿਰਦਾ ਇਨਸਾਈਕਲੋਪੀਡੀਆ : ਬਾਬਾ ਬਿਲਗਾ 143
- ਲੋਗੁ ਜਾਨੈ ਇਹੁ ਗੀਤੁ ਹੈ... 152

# ਮੁੱਖ ਬੰਦ

ਪੱਤਰਕਾਰਤਾ ਦੇ ਖੇਤਰ 'ਚ ਜਾਣੀ-ਪਹਿਚਾਣੀ ਸ਼ਖਸੀਅਤ ਦਵਿੰਦਰ ਪਾਲ ਦੀ ਕਲਮ ਨੇ ਆਪਣੇ ਪਲੇਠੇ ਲੇਖ-ਸੰਗ੍ਰਹਿ 'ਤੂਫਾਨ ਤੋਂ ਪਹਿਲਾਂ' 'ਚ ਵਕਤ ਦੀ ਨਬਜ਼ ਸਮਝਣ ਦਾ ਸੁਹਿਰਦ ਯਤਨ ਕੀਤਾ ਹੈ।

ਅਜੋਕੇ ਸਮਾਜ ਅੰਦਰ ਬਹੁ-ਵੰਨਗੀ ਸੰਕਟਾਂ, ਤਣਾਵਾਂ ਅਤੇ ਵਿਰੋਧਾਂ ਦੀਆਂ ਫੈਲਦੀਆਂ ਤਰੰਗਾਂ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਮਹਿਸੂਸ ਕੀਤਾ ਹੈ। ਉਸ ਦੀ ਕਲਮ, ਸਮਾਜ ਦੀ ਓਪਰੀ ਸਤਹ 'ਤੇ ਪਸਰੀ ਜਾਪਦੀ ਖ਼ਾਮੋਸ਼ੀ ਦੇ ਧੁਰ ਅੰਦਰ ਖੌਲਦੇ ਲਾਵੇ ਦੀ ਟੋਹ ਲਾਉਂਦੀ ਹੈ। ਲੋਕਾਈ ਦੇ ਗਹਿਰੇ ਅਤੇ ਵਿਸ਼ਾਲ ਸਾਗਰ ਅੰਦਰ ਉੱਠਣ ਵਾਲੇ ਤੂਫਾਨ ਦੀ ਸੋਹਜ਼ ਦਸਤਕ ਸਮਝਦੀ ਹੈ।

ਲੇਖ ਸੰਗ੍ਰਹਿ 'ਚ ਕਲਮਬੱਧ ਕੀਤੇ ਵਿਸ਼ੇ ਅਤੇ ਉਨ੍ਹਾਂ ਨਾਲ ਨਿਭਣ ਦਾ ਯਤਨ ਇਹ ਦਰਸਾਉਂਦਾ ਹੈ ਕਿ ਦਵਿੰਦਰ ਪਾਲ ਨੇ ਅਜੇਹੇ ਕਲਮਾਂ ਦੇ ਕਾਫਲੇ ਵੱਲ ਹੱਥ-ਵਧਾਰਾ ਕੀਤਾ ਹੈ ਜਿਹੜੀਆਂ ਸਿਰਫ ਹਾਲਾਤ ਜਾਂ ਵਰਤਾਰਿਆਂ ਦੀ ਓਪਰੀ ਫੋਟੋਗ੍ਰਾਫੀ ਜਾਂ ਚਿਤਰਕਾਰੀ ਨਹੀਂ ਕਰਦੀਆਂ ਸਗੋਂ ਉਹ;

*ਤਰ ਕੇ ਵਿੱਚ ਸਮੁੰਦਰ ਮੰਜ਼ਿਲ ਭਾਲ ਦੀਆਂ,*
*ਮਾਰ ਕੇ ਚੁੱਭੀ ਖਬਰਾਂ ਲੈਣ ਪਤਾਲ ਦੀਆਂ।*
*ਤੂਫਾਨਾਂ ਦੀਆਂ ਛੱਲਾਂ ਨਾਲ ਨੇ ਖੇਡਦੀਆਂ,*
*ਐਵੇਂ ਤੇ ਸਿੱਪੀਆਂ ਨਈਂ ਮੋਤੀ ਪਾਲ ਦੀਆਂ।*

ਦਵਿੰਦਰ ਪਾਲ ਦੀ ਕਲਮ ਜਾਏ ਲੇਖਾਂ ਨੇ ਰਵਾਇਤੀ 'ਹਾਂ-ਹੂੰ' ਜਾਂ ਕਿਸੇ ਵਿਚ-ਵਿਚਾਲੇ ਦੇ ਰਸਤੇ ਦੀ ਰਹਿਲ ਨਹੀਂ ਵਗਲੀ। ਜਦੋਂ ਉਸ ਨੇ ਕਿਸੇ ਮਸਲੇ ਵਰਤਾਰੇ ਨੂੰ ਵਿਗਿਆਨਕ ਵਿਸ਼ਲੇਸ਼ਣ ਦੀ ਕਸੌਟੀ 'ਤੇ ਨਾਪ ਤੋਲ ਲਿਆ ਫੇਰ ਉਹ ਬੇਲਿਹਾਜ਼ ਹੋ ਕੇ, ਆਪਣੇ ਗੋਲ ਦਾ ਨਿਸ਼ਾਨਾ ਮਿੱਥ ਕੇ ਪਨੈਲਟੀ ਕਾਰਨਰ ਮਾਰਨ ਵਾਂਗ ਪਲਕ ਝਪਕਣ ਜਿੰਨਾ ਵਕਤ ਵੀ ਹੱਥੋਂ ਨਹੀਂ ਜਾਣ ਦਿੰਦਾ। ਕਲਮਕਾਰ ਦੀ ਜਾਗਦੀ ਅੱਖ ਵਾਲੀ ਕਲਮ ਦਾ ਉਸ ਦੇ ਬੋਲਾਂ ਅਨੁਸਾਰ 'ਇਹ ਮੁਢਲਾ ਅਤੇ ਸੰਭਲ ਸੰਭਲ ਚੁੱਕਿਆ ਕਦਮ ਹੈ' ਕਿਉਂਕਿ ਉਹ ਬੇਬਾਕ ਹੋ ਕੇ ਪ੍ਰਵਾਨਤਾ ਹੈ ਕਿ ਮੇਰੀ ਕਲਮ ਅਜੇ ਕੈਨਵਸ 'ਤੇ ਦਿਲਕਸ਼ ਚਿਤਰ ਤਾਂ ਨਹੀਂ ਉਤਾਰਦੀ ਉਸ ਦੇ ਨੈਣ ਨਕਸ਼ ਨਿਖਾਰਨ ਨਿਹਾਰਨ ਦੇ ਅਦਨੇ ਯਤਨ ਕਰਦੀ ਹੈ।

ਬਹੁ-ਵੰਨਗੀ ਲੇਖਾਂ ਤੇ ਕਲਮ ਅਜ਼ਮਾਈ ਕਰਦਾ ਦਵਿੰਦਰ ਪਾਲ ਵਿਸ਼ਿਆਂ ਦੀ ਗਹਿਰਾਈ, ਪਸਾਰ ਅਤੇ ਉਚਾਈ ਮਾਪਣ ਲੱਗਿਆਂ ਉਹ ਗਿਆਨ ਪ੍ਰਾਪਤੀ ਲਈ ਅਮੁੱਲੇ ਰਾਵਾਂ-ਸੁਝਾਵਾਂ ਨੂੰ ਹਾਸਲ ਕਰਨ ਲਈ ਚਿੰਤਨ ਦੇ ਬੂਹੇ ਬਾਰੀਆਂ ਹਮੇਸ਼ਾਂ ਖੁੱਲ੍ਹੇ ਰੱਖਦਾ ਹੈ। ਸਾਦ-ਮੁਰਾਦੀ, ਠੇਠ, ਸਪਾਟ ਅਤੇ ਮੋਹ ਵੰਤੀ ਭਾਸ਼ਾ 'ਚ ਗੱਲ ਕਹਿਣ ਵਾਲੀ ਇਸ ਕਲਮ ਨੇ ਪੱਤਰਕਾਰਤਾ ਦੇ ਨਾਲ ਨਾਲ ਸਮਾਜਕ ਸਰੋਕਾਰਾਂ ਦੇ ਫਿਕਰ ਦੀ ਬਾਂਹ ਫੜ ਕੇ ਰੱਖੀ ਹੈ।

ਕੌਮਾਂਤਰੀ, ਕੌਮੀ ਅਤੇ ਸੂਬਾਈ ਮੰਚ ਤੋਂ ਲੈ ਕੇ ਪਰਿਵਾਰ-ਇਕਾਈ ਅਤੇ ਵਿਅਕਤੀਗਤ ਪੱਧਰ ਤੱਕ ਆਰਥਕ, ਰਾਜਨੀਤਕ, ਸਮਾਜਕ, ਸਭਿਆਚਾਰਕ ਅਤੇ ਮਨੋ ਵਿਗਿਆਨਕ ਵਰਤਾਰਿਆਂ ਨੂੰ ਅੰਤਰ-ਸਬੰਧਤ ਸਮਝਦਾ ਲੇਖ ਸੰਗ੍ਰਹਿ ਉਨ੍ਹਾਂ ਪਾਠਕਾਂ ਅਤੇ ਕਲਮਾਂ ਲਈ ਚਾਨਣ ਦੀ ਲੱਪ ਸਾਮਾਨ ਹੈ ਜਿਹੜੇ ਉਘੜੇ-ਦੁੱਗੜੇ, ਚਿੱਬ-ਖੜਿੱਬੇ, ਵਿਤਕਰਿਆਂ ਅਤੇ ਅਨਿਆਂ 'ਤੇ ਟਿਕੇ ਸਮਾਜ ਨੂੰ ਮੂਲੋਂ ਬਦਲ ਕੇ ਨਵਾਂ-ਨਰੋਆ ਅਤੇ ਖੁਸ਼ੀਆਂ ਖੇੜਿਆਂ ਲੱਦਾ ਸਮਾਜ ਸਿਰਜਣ ਲਈ ਸੰਘਰਸ਼ਸ਼ੀਲ ਹਨ।

ਲੇਖ ਸੰਗ੍ਰਹਿ ਅਜੇਹੀ ਬਾਤ ਪਾਉਂਦਾ ਹੈ ਕਿ ਭਾਵੇਂ ਧਰਤੀ ਕਹਿਣ ਨੂੰ ਗੋਲ ਹੈ ਪਰ ਧਾੜਿਆਂ, ਜੰਗਾਂ, ਲੁੱਟਾਂ, ਦਾਬਿਆਂ ਅਤੇ ਲੋਹੜੇ ਦੇ ਸੰਤਾਪ ਭੰਨੀ ਕੋਈ ਵੀ ਮਾਂ ਭਲਾ ਇਕ ਸ਼ਕਲੀ ਕਿਵੇਂ ਹੋ ਸਕਦੀ ਹੈ। ਸਭ ਲਈ ਧਰਤੀ ਅੰਬਰ ਸਵਰਗ ਸੁੱਖਾਂ ਲੱਦਾ ਅਤੇ ਸਲਾਮਤ ਕਿਵੇਂ ਹੋ ਸਕਦਾ ਹੈ। 'ਦੋ ਢੋਆਂ ਵਿਚ ਦੁਨੀਆਂ ਵੰਡੀ, ਇਕ ਲੋਕਾਂ ਦੀ ਇਕ ਜੋਕਾਂ ਦੀ' ਇਸ ਕਸਵੱਟੀ 'ਤੇ ਵਰਤਾਰਿਆਂ ਦੀ ਪਰਖ ਪੜਚੋਲ ਕਰਨ ਦਾ ਉਦਮ ਹੈ ਇਹ ਲੇਖ ਸੰਗ੍ਰਹਿ।

ਹਰ ਵੰਨਗੀ ਦੇ ਦਾਬੇ ਤੋਂ ਮੁਕਤ ਸਮਾਜ ਦੀ ਸਿਰਜਣਾ ਲਈ ਜੂਝਦੇ ਆ ਰਹੇ ਸੰਗਰਾਮੀਆਂ ਦੇ ਅਣਛੋਹੇ ਇਤਿਹਾਸ ਦੀ ਗਾਥਾ ਹੈ। ਅਮੀਰ ਅਤੀਤ ਤੋਂ ਸਬਕ ਹਾਸਲ ਕਰਦਿਆਂ, ਵਰਤਮਾਨ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਚੱਲਣ ਅਤੇ ਸੁਨਹਿਰੇ ਭਵਿੱਖ ਦੀ ਸਤਰੰਗੀ ਪੀਂਘ ਹੈ।

* ਲੇਖ ਸੰਗ੍ਰਹਿ 'ਚ ਧਰਤੀ ਅਸਮਾਨ ਤੋਂ ਪੁੱਛਦੀ ਹੈ, ਕਿੱਥੇ ਹੈ ਗਦਰੀ ਬਾਬਿਆਂ, ਬੱਬਰ ਅਕਾਲੀਆਂ, ਸ਼ਹੀਦ ਭਗਤ ਸਿੰਘ ਅਤੇ ਉਸ ਦੇ ਹਮਸਫਰਾਂ ਦਾ ਭਾਰਤ ?

* ਸ਼ਹੀਦ, ਸੌੜੀ ਰਾਜਨੀਤੀ ਅਤੇ ਮਨੁੱਖਤਾ ਦੇ ਉਲਟੇ ਪੁਲਟੇ ਕਰ ਦਿੱਤੇ ਅਰਥਾਂ ਦੇ ਨਿਰ ਅਰਥ ਦੀ ਬਾਤ ਹੈ। ਲੋਕ ਮਨਾਂ 'ਤੇ ਹਾਕਮ ਧੜਿਆਂ ਦੀ ਮਨੋ ਪੂਰਤੀ ਕਰਦੇ ਸੰਕਲਪਾਂ ਦੇ ਗ੍ਰਹਿਣ ਨੂੰ ਲੰਗਾਰ ਕਰਨ ਦਾ ਉਪਰਾਲਾ ਹੈ।

* ਦਰਪਣ ਪੁੱਛਦਾ ਹੈ ਕਿ ਦੇਰ ਸਵੇਰ ਇਹ ਜਵਾਬ ਅਤੇ ਹਿਸਾਬ ਤਾਂ ਧਰਤੀ ਉੱਤੇ ਆਇਆ ਲੋਕ ਤੂਫਾਨ ਜ਼ਰੂਰ ਲਵੇਗਾ ਕਿ "ਇਹ ਲੋਕਤੰਤਰ ਹੈ ਜਾਂ ਪੁਲਸਤੰਤਰ ?"

* ਰਾਜ ਭਾਗ, ਬੋਅ ਮਾਰਦੀ ਸਿਆਸਤ ਅਤੇ ਪ੍ਰਸ਼ਾਸਨਿਕ ਤਾਣੇ ਬਾਣੇ ਤੋਂ ਲੈ ਕੇ ਕੌਮਾਂਤਰੀ ਅਤੇ ਕੌਮੀ ਪ੍ਰਬੰਧ ਅੰਦਰ ਦਸਤ ਪੰਜੇ ਗੱਡੀ ਬੈਠੀਆਂ ਤਾਕਤਾਂ ਵੱਲੋਂ ਅੰਧ ਵਿਸ਼ਵਾਸੀ

ਧਾਰਮਕ ਮੂਲਵਾਦ, ਫਿਰਕਾਪ੍ਰਸਤੀ, ਕਰਮ ਕਾਂਡ, ਨਰਕ-ਸਵਰਗ ਦੀ ਉਪਰ ਕਾਲਪਨਿਕ ਦੁਨੀਆਂ ਦੇ ਹਥਿਆਰਾਂ ਖਿਲਾਫ ਤਿੱਖੀਆਂ ਸੈਨਤਾਂ ਕਰਦਾ ਹੈ ਲੇਖ-ਕਿ ਭਾਵੇਂ ਦਿਨ ਪ੍ਰਤੀ ਦਿਨ ਸਫਰ ਦੌਰਾਨ ਅਤੇ ਧਾਰਮਕ ਅਸਥਾਨਾਂ 'ਤੇ ਦੁਰਘਟਨਾਵਾਂ ਵਧ ਰਹੀਆਂ ਹਨ ਪਰ ਫੇਰ ਵੀ ਭੀੜਾਂ ਵਧ ਰਹੀਆਂ ਨੇ ਅਤੇ ਡੇਰਾ ਸਭਿਆਚਾਰ ਤੇਜ਼ੀ ਨਾਲ ਫੈਲ ਰਿਹਾ ਹੈ। ਇਹ ਲੁੱਟ, ਧੌਂਸਗਿਰੀ ਅਤੇ ਜਮਹੂਰੀ, ਇਨਸਾਫਪਸੰਦ ਇਨਕਲਾਬੀ ਸੋਚਣੀ ਵਾਲਿਆਂ ਉੱਪਰ ਭਵਿੱਖ 'ਚ ਨੰਗੇ ਚਿੱਟੇ ਧਾਵੇ ਬੋਲਣ ਵਾਲੀਆਂ ਪਨਾਹਗਾਹਾਂ ਅਤੇ ਅਪਰਾਧ ਦੇ ਕਿਲ੍ਹੇ ਬਣ ਕੇ ਖੜ੍ਹੇ ਹੋਣਗੇ। ਲੋਕ ਮਸਲਿਆਂ ਦੀ ਗੱਲ ਕਰਨ ਵਾਲਿਆਂ ਦਾ ਇਨ੍ਹਾਂ ਨਾਲ ਮੱਥਾ ਲੱਗੇਗਾ ਕਿਉਂਕਿ ਇਹ ਸੰਤਾਪ ਭੰਨੀ ਲੋਕਾਈ ਨੂੰ ਪੁੱਠੇਮੰਤਰ ਪੜ੍ਹਾ ਕੇ ਕਿਰਨਾਂ ਦੇ ਕਾਫਲਿਆਂ 'ਤੇ ਵਾਰ ਕਰਨ ਲਈ ਹਰ ਸੰਭਵ ਮਦਦ ਲਈ ਰੱਸੇ ਪੈੜੇ ਵੱਟ ਰਹੇ ਹਨ।

*ਕਸਮੀਰ ਗਣਰਾਜ ਦੇ ਅਜੇ ਤੱਕ ਬਲਦੇ ਸੁਆਲ ਨੂੰ ਕਿੰਨਾ ਸਮਾਂ ਪਹਿਲਾਂ ਹੀ ਗਦਰ ਲਹਿਰ ਨੇ ਮੁਲਕ ਦੀ ਹਰ ਵੰਨਗੀ ਦੇ ਦੇਸੀ-ਵਿਦੇਸ਼ੀ ਦਾਬੇ ਤੋਂ ਮੁਕਤੀ ਨਾਲ ਕਿਵੇਂ ਜੋੜ ਕੇ ਦੇਖਿਆ ਸੀ ਇਸ ਦੀ ਵਾਰਤਾ ਵੀ ਸਮੋਈ ਹੈ।

* ਅਨੇਕਾਂ ਸੁਆਲਾਂ ਦਾ ਇਕੋ ਇਕ ਜਵਾਬ-ਇਨਕਲਾਬ ਜ਼ਿੰਦਾਬਾਦ! ਪੇਸ਼ ਕਰਨ ਵਾਲੇ ਸ਼ਹੀਦ ਭਗਤ ਸਿੰਘ ਦਾ ਜੀਵਨ ਅਤੇ ਫਲਸਫਾ ਨਾਮੀਂ ਲੇਖ 'ਚ ਭਗਤ ਸਿੰਘ ਨੂੰ ਬੰਬ-ਬੰਦੂਕ ਤੱਕ ਸੀਮਤ ਕਰਨ ਦੇ ਯਤਨ ਨੂੰ ਨਕਾਰ ਕੇ ਉਸ ਨੂੰ ਲੋਕ ਪੱਖੀ, ਬਰਾਬਰੀ ਤੇ ਟਿਕੇ ਸਮਾਜਵਾਦੀ ਸਮਾਜ ਦੇ ਸਿਰਜਕ ਦੇ ਸੋਚਵਾਨ ਅਤੇ ਇਨਕਲਾਬੀ ਚਿੰਤਕ ਦੇ ਤੌਰ 'ਤੇ ਪੇਸ਼ ਕੀਤਾ ਗਿਆ ਹੈ।

* ਧਨੀ ਰਾਮ ਚਾਤ੍ਰਿਕ ਦੀ ਪ੍ਰਸਿੱਧ ਰਚਨਾ 'ਮਾਰਦਾ ਦਮਾਮੇ ਜੱਟ ਮੇਲੇ ਆ ਗਿਆ' ਦੀ ਪਿੱਠ ਭੂਮੀ 'ਚੋਂ ਉੱਠਦੀ ਹੂਕ ਹੈ ਅਜੋਕੀ ਕਿਸਾਨੀ ਤਸਵੀਰ ਦਾ ਚਿਤਰਣ 'ਮਾਰਦਾ ਦਮਾਮੇ ਜੱਟ ਕਿੱਥੇ ਹੈ....?' 'ਕਰਜ਼ਿਆਂ ਮਾਰੀ ਵਿਸਾਖੀ', 'ਮੰਡੀ ਟਰੈਕਟਰਾਂ ਦੀ-ਜੋ ਆਏ ਵਿਕਣ ਨੂੰ ਆਏ ਮਿਲਦਾ ਖਰੀਦਦਾਰ ਨਾ' ਅਤੇ 'ਕਿਉਂ ਦੁੱਲਾ ਜੱਟ ਪੰਜਾਬ ਦਾ ਪੈ ਗਿਆ ਖੁਦਕੁਸ਼ੀਆਂ ਦੇ ਰਾਹ' ਲੇਖ ਵੀ ਪਹਿਲੇ ਹਰੇ ਇਨਕਲਾਬ ਨਾਲ ਪੀਲੇ ਹੋਏ ਕਿਸਾਨੀ ਕਿੱਤੇ ਅਤੇ ਕਿਸਾਨ ਵਰਗ ਦੀ ਵਿਸਫੋਟਕ ਸਥਿਤੀ ਦਾ ਵਰਨਣ ਕਰਦੇ ਹਨ।

* 'ਪੁੱਤ ਜੱਟਾਂ ਦੇ ਦਿਹਾੜੀਆਂ ਕਰਦੇ', 'ਖੇਤਾਂ ਵਾਲਿਆਂ ਦੇ ਹੋ ਗਏ ਖੇਤ ਬੇਗਾਨੇ', 'ਜਨਤਕ ਸਰੋਕਾਰਾਂ ਦਾ ਨਿਰਾਦਰ', ਨਵੇਂ ਵਰਤਾਰਿਆਂ ਨਵੀਂ ਹੋਣੀ ਦੀਆਂ ਤਿੱਖੀਆਂ ਵੰਗਾਰਾਂ ਹਨ। ਪੰਜਾਬ ਫੇਰ 'ਪਗੜੀ ਸੰਭਾਲ ਜੱਟਾ ਲਹਿਰ' ਅਤੇ ਸ਼ਹੀਦ ਭਗਤ ਸਿੰਘ ਹੋਰਾਂ ਦੀ ਇਨਕਲਾਬੀ ਲਹਿਰ ਦੀ ਤਰਜ਼ 'ਤੇ ਕਿਸਾਨ ਸੰਗਰਾਮ ਅਤੇ ਲੋਕ ਸੰਗਰਾਮ ਨੂੰ ਹਾਕਾਂ ਮਾਰ ਰਿਹਾ ਪ੍ਰਤੀਤ ਹੁੰਦਾ ਹੈ।

* ਪਰਦੇਸੀਂ ਚੋਗਾ ਚੁਗਣ ਗਏ ਆਪ ਹੀ ਚੁਗੇ ਗਏ ਗੱਭਰੂਆਂ ਦੀ ਹਿਰਦੇਵੇਦਕ

ਕਹਾਣੀ ਪੇਸ਼ ਕਰਦੇ ਲੇਖ ਚੜ੍ਹਦੀ ਜੁਆਨੀ ਨੂੰ ਉਨ੍ਹਾਂ ਗਦਰੀਆਂ ਅਤੇ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ, ਬੀਬੀ ਗੁਲਾਬ ਕੌਰ ਵਰਗਿਆਂ ਦੀ ਯਾਦ ਕਰਾਉਂਦੇ ਹਨ ਕਿ ਉਹ ਕਿਥੋਂ ਕਿਧਰ ਨੂੰ ਆਏ ਸੀ, ਕੀ ਕਰਨ ਆਏ ਸੀ ਅਤੇ ਅਸੀਂ ਕਿੱਧਰ ਨੂੰ ਦੌੜ ਰਹੇ ਹਾਂ ਅਤੇ ਪਿੱਛੇ ਕੀ ਛੱਡ ਕੇ ਅੱਗੇ ਕੀ ਹਾਸਲ ਕਰਨ ਜਾ ਰਹੇ ਹਾਂ। 'ਵਿਚ ਪਰਦੇਸਾਂ ਰੁਲੇ ਜੁਆਨੀ' ਅਤੇ ਔਰਤਾਂ ਦੀ ਵੇਦਨਾ; ਜਿਨ੍ਹਾਂ ਦੇ ਪਰਵਾਸੀ ਕੰਤ ਭੁੱਲ ਗਏ ਘਰਾਂ ਦਾ ਸਿਰਨਾਵਾਂ ਉਸ ਦਰਦ ਦੀ ਗਾਥਾ ਵੀ ਬੋਲਦੀ ਹੈ ਦਵਿੰਦਰ ਪਾਲ ਦੇ ਲੇਖ ਸੰਗ੍ਰਹਿ 'ਚੋਂ।

* 'ਜਾਵੇ ਨਸ਼ਿਆਂ 'ਚ ਡੁੱਬਦਾ ਗੁਲਾਬ ਬੇਲੀਓ–ਉੱਠੋ ਸਾਂਭੋ ਆਪਣਾ ਪੰਜਾਬ ਬੇਲੀਓ' ਇਹ ਵੰਗਾਰ, ਇਹ ਹੋਕਾ ਦਿੰਦਾ ਲੇਖ ਜੁਆਨੀ ਨੂੰ ਆਪਣੀ ਅਥਾਹ ਸ਼ਕਤੀ ਸਹੀ ਦਿਸ਼ਾ ਵੱਲ ਲਾਉਣ ਲਈ ਪ੍ਰੇਰਦਾ ਹੈ ਅਤੇ ਨਸ਼ਿਆਂ ਦੇ ਛੇਵੇਂ ਦਰਿਆ ਵਗਾਉਣ ਵਾਲਿਆਂ ਦੇ ਚੰਦਰੇ ਮਨਸੂਬੇ ਵੀ ਬਾਖੂਬੀ ਉਖੇੜਦਾ ਹੈ।

ਭਾਵੇਂ ਦਿੱਲੀ ਅਤੇ ਚੰਡੀਗੜ੍ਹ ਰਾਜਧਾਨੀਆਂ ਦੇ ਸ਼ਹਿਰ ਹਨ। ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਇਨਕਲਾਬੀ ਸਰਗਰਮੀਆਂ ਦਾ ਧੁਰਾ ਹੈ। ਮਟਕਾ ਚੌਂਕ ਅੱਗੇ ਮਿਹਨਤਕਸ਼ ਵਰਗਾਂ ਦੇ ਲੋਕਾਂ ਦੇ ਕਾਫਲੇ ਜੁੜਦੇ ਰਹੇ। ਜਾਬਰ ਰਾਜ ਮਸ਼ੀਨਰੀ ਦਾ ਸਾਹਮਣਾ ਕਰਦੇ ਰਹੇ। ਉਧਰ ਦੇਸ਼ ਭਗਤ ਯਾਦਗਾਰ ਹਾਲ ਵਿਚਾਰਾਂ, ਇਕੱਤਰਤਾਵਾਂ, ਰੰਗ ਬਰੰਗੇ ਹਾਕਮਾਂ ਦੇ ਪਿੱਟ ਸਿਆਪਿਆਂ ਅਤੇ ਵਿਖਾਵਿਆਂ ਦਾ ਧੁਰਾ ਬਣਿਆ ਰਹਿੰਦਾ ਹੈ। ਮਿਊਜ਼ੀਅਮ, ਲਾਇਬਰੇਰੀ, ਰੀਡਿੰਗ ਰੂਮ, ਆਡੀਟੋਰੀਅਮ, ਲੰਗਰ ਹਾਲ, ਵਿਸ਼ਾਲ ਖੁੱਲ੍ਹਾ ਪੰਡਾਲ, ਪਾਰਕਿੰਗ, ਸੂਬੇ ਦਾ ਮੁਕਾਬਲਤਨ ਕੇਂਦਰ ਅਤੇ ਮੀਡੀਆ ਸੈਂਟਰ ਕਾਰਨ ਵੀ ਇਸ ਤੋਂ ਵਧ ਕੇ ਮਹਾਨ ਗਦਰ ਲਹਿਰ ਦੀ ਵਿਰਾਸਤ ਕਾਰਨ ਇਸ ਹਾਲ ਦਾ ਅਜੇਹਾ ਕੱਦਾਵਰ ਸਥਾਨ ਹਾਸਲ ਕਰ ਜਾਣ ਦੀ ਮਹੱਤਤਾ ਨੂੰ ਦਵਿੰਦਰ ਪਾਲ ਨੇ ਨੇੜਿਓਂ ਛੋਹਿਆ ਹੈ। ਉਸ ਨੂੰ ਨਾਨਕਾ, ਦਾਦਕਾ ਘਰ ਲੱਗਦਾ ਹੈ ਜਮਹੂਰੀ-ਇਨਕਲਾਬੀ ਤਾਕਤਾਂ ਦੇ। ਉਹ ਦੇਸ਼ ਭਗਤ ਯਾਦਗਾਰ ਕਮੇਟੀ ਦੀਆਂ ਆਪਣੀਆਂ ਨਿਰੰਤਰ ਸਰਗਰਮੀਆਂ ਨੂੰ ਵੀ ਖਿੱਚ ਦੇ ਕੇਂਦਰ ਵਜੋਂ ਅਹਿਮ ਸਥਾਨ ਦਿੰਦਾ ਹੈ।

ਤੁਰਦੇ ਫਿਰਦੇ ਗਦਰੀ ਇਤਿਹਾਸ ਬਾਬਾ ਭਗਤ ਸਿੰਘ ਬਿਲਗਾ ਦੇ ਜੀਵਨ ਸਫਰ ਬਾਰੇ ਤਾਂ ਉਹ ਜਲਦੀ ਹੀ ਪੁਸਤਕ ਪਾਠਕਾਂ ਦੀ ਝੋਲੀ ਪਾਏਗਾ। ਇਥੇ ਤਾਂ ਉਸ ਨੇ ਪੰਛੀ ਝਾਤ ਹੀ ਪੁਆਈ ਹੈ। ਇਉਂ ਹੀ ਉਹ ਕਾਮਰੇਡ ਗੰਧਰਵ ਸੇਨ ਕੋਛੜ ਦੇ ਜੀਵਨ ਨੂੰ ਕਿਤਾਬੀ ਰੂਪ 'ਚ ਸਾਂਭਣ ਲਈ ਮਹੱਤਵਪੂਰਨ ਕਾਰਜ ਵਜੋਂ ਹੱਥ ਪਾ ਰਿਹਾ ਹੈ।

'ਲੋਗੁ ਜਾਨੈ ਇਹੁ ਗੀਤ ਹੈ...' ਲੇਖ 'ਚ ਸਾਡੇ ਅਤੀਤ ਦੇ ਅਮੀਰ ਪੱਖਾਂ ਨੂੰ ਛੋਹਿਆ ਹੈ। ਭਾਰਤੀ ਲਹਿਰ ਦੇ ਅੰਸ਼ ਇਕੱਤਰ ਕਰਦਿਆਂ ਉਹ ਹਵਾਲੇ ਪੇਸ਼ ਕਰਦਾ ਹੈ ਕਿ:

*ਜੇ ਜੀਵੈ ਪਤਿ ਲਥੀ ਜਾਇ*
*ਸਭੁ ਹਰਾਮੁ ਜੇਤਾ ਕਿਛੁ ਖਾਇ*

*...ਰਾਜੇ ਸੀਂਹ ਮੁਕੱਦਮ ਕੁਤੇ*
*ਜਾਇ ਜਗਾਇਨ ਬੈਠੇ ਸੁਤੇ*
*....ਪਾਪ ਕੀ ਜੰਞ ਲੈ ਕਾਬਲਹੁ ਧਾਇਆ*
*ਜੋਰੀ ਮੰਗੈ ਦਾਨੁ ਵੇ ਲਾਲੋ।*

ਅਜੇਹੇ ਕਿੰਨੇ ਹੀ ਹਵਾਲਿਆਂ ਨੂੰ ਉਹ ਅਜੋਕੀ ਸਮਾਜਕ, ਰਾਜਨੀਤਕ ਹਾਲਤ ਉੱਪਰ ਢੁਕਾਉਂਦਿਆਂ, ਅਜੋਕੀਆਂ ਪ੍ਰਸਥਿਤੀਆਂ ਨੂੰ ਵਿਗਿਆਨਕ ਕਸਵੱਟੀ 'ਤੇ ਪਰਖਦਿਆਂ ਲੋਕਾਂ ਨੂੰ ਧਾਰਮਕ ਮੂਲਵਾਦ, ਅੰਧਵਾਸ, ਡੇਰਾਵਾਦ, ਕਾਲੀ ਰਾਜਨੀਤੀ ਦੀਆਂ ਘੋਰ ਘਟਾਵਾਂ 'ਚੋਂ ਅੱਗੇ ਹੋ ਕੇ '....ਜੱਗ ਚਾਨਣ' ਤੱਕਣ ਲਈ ਸਮਾਜ ਨੂੰ ਹਕੀਕੀ ਅੱਖ ਅਤੇ ਚਿੰਤਨ ਦੀ ਵਿਧੀ ਪ੍ਰਦਾਨ ਕਰਨ ਦਾ ਯਤਨ ਕਰਦਾ ਹੈ। ਉਹ ਧਰਮ ਨੂੰ ਬਹੁਤ ਹੀ ਸਪੱਸ਼ਟ ਤੌਰ 'ਤੇ ਹਰ ਮਨੁੱਖ ਲਈ ਨਿੱਜੀ ਮਾਮਲਾ ਸਮਝਦਾ ਹੈ। ਉਹ ਸਮੇਂ ਸਮੇਂ ਚੱਲੀਆਂ ਲਹਿਰਾਂ ਦਾ ਸਾਰਥਕ, ਪੜਚੋਲਵਾਂ, ਵਿਸ਼ਲੇਸ਼ਣ ਕਰਦਿਆਂ ਅਤੀਤ ਪ੍ਰਤੀ ਕਿਸੇ ਅੰਧ ਵਿਸ਼ਵਾਸੀ ਭਰੀ ਧਾਰਨਾ ਦਾ ਮੁਦੱਈ ਨਹੀਂ।

ਕਾਮਰੇਡ ਅਮੋਲਕ ਸਿੰਘ
ਜਨਰਲ ਸਕੱਤਰ, ਲੋਕ ਮੋਰਚਾ ਪੰਜਾਬ

14- ਤੂਫ਼ਾਨ ਤੋਂ ਪਹਿਲਾਂ

# ਕੁਝ ਆਪਣੇ ਵੱਲੋਂ

ਪੱਤਰਕਾਰੀ ਦੇ ਕਾਰਜ ਵਿਚ ਰਵਾਇਤੀ ਪੱਤਰਕਾਰੀ ਦੇ ਨਾਲ-ਨਾਲ ਮੈਂ ਸਮਾਜ ਦੇ ਵੱਖ-ਵੱਖ ਵਰਗਾਂ ਦੀਆਂ ਉਲਝੀਆਂ ਤਾਣੀਆਂ ਨੂੰ ਜਿਵੇਂ ਹੀ ਨੇੜੇ ਹੋ ਕੇ ਦੇਖਿਆ, ਸਮਝਿਆ, ਉਸੇ ਢੰਗ ਨਾਲ ਹੀ ਇਸ ਪੁਸਤਕ ਵਿਚਲੇ ਲੇਖਾਂ 'ਚ ਬਿਆਨਣ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਲੇਖਾਂ 'ਚ ਮੈਂ ਕਲਪਨਾ ਦੇ ਸਮੁੰਦਰ 'ਚ ਉਡਾਰੀਆਂ ਮਾਰਨ ਦੀ ਥਾਂ ਕਿਸਾਨਾਂ, ਬੇਰੋਜ਼ਗਾਰ ਨੌਜਵਾਨਾਂ, ਵਿਦੇਸ਼ਾਂ 'ਚ ਰੁਲਦੇ ਪੰਜਾਬਾ ਗੱਭਰੂਆਂ, ਇਕਲਾਪੇ ਦਾ ਦਰਦ ਹੰਢਾ ਰਹੀਆਂ ਔਰਤਾਂ ਦੀ ਦਰਦ ਕਹਾਣੀ ਨੂੰ ਜਿਵੇਂ ਹੀ ਸਮਝਿਆ ਉਵੇਂ ਹੀ ਯਥਾਰਥਕ ਰੂਪ 'ਚ ਪੇਸ਼ ਕੀਤਾ ਹੈ। ਮੇਰਾ ਪਿਛੋਕੜ ਪੇਂਡੂ ਹੋਣ ਤੇ ਬਰਨਾਲਾ ਤੋਂ ਪੱਤਰਕਾਰੀ ਕਰਦਿਆਂ ਮੈਨੂੰ ਕਿਸਾਨੀ ਵਿਸ਼ੇ 'ਤੇ ਜ਼ਿਆਦਾ ਲਿਖਣ, ਸਮਝਣ ਅਤੇ ਸਰਵੇਖਣ ਕਰਨ ਦਾ ਮੌਕਾ ਮਿਲਿਆ। ਕੁਝ ਲੇਖ ਅਜਿਹੇ ਵੀ ਹਨ ਜੋ ਵੱਖ-ਵੱਖ ਥਾਵਾਂ 'ਤੇ ਪੱਤਰਕਾਰੀ ਦੇ ਖੇਤਰ 'ਚ ਵਿਚਰਨ ਸਮੇਂ ਲਿਖੇ ਗਏ, ਜੋ ਇਸ ਕਿਤਾਬ ਦਾ ਹਿੱਸਾ ਹਨ। ਪਾਠਕਾਂ ਨੂੰ ਬੇਸ਼ੱਕ ਉਹ ਲੇਖ ਪੁਰਾਣੇ ਜਾਪਣ ਪ੍ਰੰਤੂ ਅੱਜ ਦੇ ਹਾਲਾਤ ਮੁਤਾਬਕ ਉਹ ਇੰਨ-ਬਿੰਨ ਢੁਕਵੇਂ ਹਨ। ਜਲੰਧਰ ਆ ਕੇ ਮੇਰੇ ਪ੍ਰੋਫੈਸ਼ਨ ਨੇ ਅਹਿਮ ਮੋੜ ਕੱਟਿਆ ਜਿਥੇ ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਦੇ ਬਜ਼ੁਰਗ ਕਾਮਰੇਡਾਂ ਦਾ ਪਿਆਰ ਹਰ ਵੇਲੇ ਉਤਸ਼ਾਹ ਭਰਦਾ ਰਹਿੰਦਾ ਹੈ ਉਥੇ ਗਦਰੀ ਬਾਬਿਆਂ ਦੇ ਮੇਲੇ ਮੌਕੇ ਗਦਰੀਆਂ ਸਬੰਧੀ ਜਾਂ ਰਾਜਨੀਤੀ 'ਤੇ ਕਟਾਖਸ਼ ਕਰਨ ਦੇ ਲਿਖੇ ਲੇਖਾਂ ਨੇ ਮੇਰੀ ਪੱਤਰਕਾਰੀ ਪ੍ਰਤਿਭਾ ਨੂੰ ਹੋਰ ਵੀ ਨਿਖਾਰਿਆ। ਇਹ ਲੇਖ ਸ਼ਾਇਦ ਕਵਿਤਾ ਦਾ ਰੂਪ ਧਾਰਨ ਨਾ ਕਰ ਪਾਉਂਦੇ ਜੇਕਰ ਲੋਕ ਮੋਰਚਾ ਪੰਜਾਬ ਦੇ ਜਨਰਲ ਸਕੱਤਰ ਅਮੋਲਕ ਸਿੰਘ ਇਨ੍ਹਾਂ ਲੇਖਾਂ ਨੂੰ ਸੰਪਾਦਤ ਕਰਨ ਦਾ ਉਪਰਾਲਾ ਨਾ ਕਰਦੇ, ਇਸ ਲਈ ਮੈਂ ਉਨ੍ਹਾਂ ਦਾ ਧੰਨਵਾਦੀ ਹਾਂ। ਪੱਤਰਕਾਰੀ ਦੇ ਖੇਤਰ ਵਿਚ ਪੈਰ ਧਰਨ ਤੋਂ ਬਾਅਦ ਅੱਜ ਤੱਕ ਹੱਲਾਸ਼ੇਰੀ ਦਿੰਦੇ ਆ ਰਹੇ ਸੁਖਮਿੰਦਰ ਸਿੰਘ ਗਿੱਲ ਦਾ ਮੈਂ ਸਦਾ ਹੀ ਰਿਣੀ ਰਹਾਂਗਾ। ਆਪਣੇ ਇਸ ਪ੍ਰੋਫੈਸ਼ਨ 'ਚ ਜਦੋਂ ਕਦੇ ਵੀ ਕੋਈ ਨਵੀਂ ਪੁਲਾਂਘ ਪੁੱਟਦਾ ਹਾਂ ਤਾਂ ਮੈਨੂੰ ਡਾ. ਪ੍ਰੇਮ ਸਿੰਘ ਵੱਲੋਂ ਕੀਤਾ ਗਿਆ ਮਾਰਗ ਦਰਸ਼ਨ ਯਾਦ ਆ ਜਾਂਦਾ ਹੈ। ਬਾਕੀ ਮੈਂ ਉਨ੍ਹਾਂ ਦੋਸਤਾਂ-ਮਿੱਤਰਾਂ ਦਾ ਕਦੇ ਕਰਜ਼ ਨਹੀਂ ਚੁਕਾ ਸਕਦਾ ਜਿਨ੍ਹਾਂ 'ਪੰਜਾਬੀ ਟ੍ਰਿਬਿਊਨ' ਤੋਂ ਪਹਿਲਾਂ ਵੀ 'ਦੇਸ਼ ਸੇਵਕ', 'ਜ਼ੀ ਨਿਊਜ਼' ਅਤੇ 'ਅਮਰ ਉਜਾਲਾ' 'ਚ ਪੱਤਰਕਾਰੀ ਦੇ ਸਫਰ ਦੌਰਾਨ ਮੇਰੀ ਹਰ ਸੰਭਵ ਮਦਦ ਹੀ ਨਹੀਂ ਕੀਤੀ ਸਗੋਂ ਮੈਨੂੰ ਹਰ ਵੇਲੇ ਹੌਸਲਾ ਵੀ ਦਿੱਤਾ।

**-ਦਵਿੰਦਰ ਪਾਲ**

# ਦੋ ਸ਼ਬਦ

ਦਵਿੰਦਰ ਪਾਲ ਦਾ ਇਹ ਲੇਖ ਸੰਗ੍ਰਹਿ ਸਮਕਾਲੀ ਪੰਜਾਬ ਦੀ ਇਕ ਯਥਾਰਥਕ ਤਸਵੀਰ ਪੇਸ਼ ਕਰਦਾ ਹੈ। ਮੁਢਲੇ ਰੂਪ ਵਿਚ ਵਿਸ਼ੇਸ਼ ਪ੍ਰਸੰਗਾਂ ਨਾਲ ਜੁੜੇ ਹੋਏ ਇਹ ਨਿਬੰਧ ਕਿਉਂਕਿ ਕੁਝ ਧਾਰਨਾਵਾਂ ਵੀ ਪੇਸ਼ ਕਰਦੇ ਹਨ ਅਤੇ ਉਪਰੰਤ ਲੇਖਕ ਦੇ ਅਹਿਸਾਸ ਦੀ ਸ਼ਿਦੱਤ ਵੀ ਦਰਸਾਉਂਦੇ ਹਨ, ਇਸ ਲਈ ਇਹ ਸਾਧਾਰਨ ਟਿੱਪਣੀਆਂ ਤੋਂ ਵਧ ਕੇ ਵਿਚਾਰ-ਉਤੇਜਨਾ ਦਾ ਮਾਧਿਅਮ ਵੀ ਬਣਦੇ ਹਨ। ਪ੍ਰਾਂਤ ਵਿਚ ਹੋ ਚੁੱਕੀ ਅਤੇ ਹੋ ਰਹੀ ਤਰੱਕੀ ਅਤੇ ਇਸ ਬਾਰੇ ਕੀਤੇ ਜਾਂਦੇ ਲੰਮੇ-ਚੌੜੇ ਵਾਅਦੇ ਕਿਸ ਹੱਦ ਤਕ ਹਕੀਕਤਾਂ ਨਾਲ ਮੇਲ ਖਾਦੇ ਹਨ ਅਤੇ ਕਿਸ ਹੱਦ ਤਕ ਇਨ੍ਹਾਂ ਦੇ ਚਲਦਿਆਂ ਨਾਲ ਹੀ ਪੈਰ-ਪੈਰ ਉਤੇ ਘੋਰ ਅਗਿਆਨਤਾ ਪੰਜਾਬੀਆਂ ਦੇ ਰੰਗਲੇ ਭਵਿੱਖ ਦੇ ਰਾਹ ਦਾ ਰੋੜਾ ਬਣਦੀ ਹੈ, ਇਹ ਸਭ ਕੁਝ ਇਕ ਤਰ੍ਹਾਂ ਦਾ ਲੇਖਕ ਵੀ ਫ਼ਿਲਾਸਫੀ ਵਜੋਂ ਸਾਮ੍ਹਣੇ ਆਉਂਦਾ ਹੈ।

ਲੇਖਕ ਪੰਜਾਬ ਦੀ ਮੌਜੂਦਾ ਅਧੋਗਤੀ ਨੂੰ ਇਸੇ ਧਰਤੀ ਉਤੇ ਵਧੇ-ਵਿਹਾਸੇ ਮਾਨਵਵਾਦੀ ਵਿਚਾਰਾਂ, ਗੁਰੂਆਂ, ਪੀਰਾਂ ਅਤੇ ਸੂਫੀਆਂ ਦੀਆਂ ਸਿਖਿਆਵਾਂ ਦੇ ਸੰਦਰਭ ਵਿਚ ਪਰਖ ਪੜਚੋਲ ਦਾ ਨਿਸ਼ਾਨਾ ਬਣਾਉਂਦਾ ਹੈ। ਨਾਲ ਹੀ ਉਹ ਆਜ਼ਾਦ ਭਾਰਤ ਦੇ ਵਿਧਾਨ ਕਾਨੂੰਨ ਦੇ ਤਕਾਜ਼ਿਆਂ ਉਤੇ ਸਿਆਸਤਦਾਨਾਂ ਦੇ ਪੂਰਾ ਨਾ ਉਤਰਨ ਉਤੇ ਵੀ ਉਂਗਲ ਧਰਦਾ ਹੈ। ਅਸਲ ਵਿਚ ਇਹ ਹੀ ਉਸ ਦਾ ਮੁਖ ਸਰੋਕਾਰ ਪਰਤੀਤ ਹੁੰਦਾ ਹੈ।

ਲੇਖਕ ਦੀ ਪ੍ਰਮੁੱਖ ਫਿਕਰਮੰਦੀ ਇਹ ਹੈ ਕਿ ਜਿਸ ਆਜ਼ਾਦੀ ਦੀ ਪਰਾਪਤੀ ਲਈ ਲੱਖਾਂ ਲੋਕਾਂ ਨੇ ਅਨੇਕ ਤਰ੍ਹਾਂ ਦੀਆਂ ਕੁਰਬਾਨੀਆਂ ਕੀਤੀਆਂ। ਉਸ ਤਰ੍ਹਾਂ ਦੀ ਆਜ਼ਾਦੀ ਹੁਣ ਛੇ ਦਹਾਕਿਆਂ ਦੇ ਗੁਜ਼ਰ ਜਾਣ ਤੋਂ ਬਾਅਦ ਵੀ ਸਾਕਾਰ ਹੁੰਦੀ ਨਜ਼ਰ ਨਹੀਂ ਆਉਂਦੀ। ਪਰ ਸਮੁੱਚੇ ਦੇਸ਼ ਵੀ ਗੱਲ ਕਰਦਿਆਂ ਉਸ ਦੀ ਸੰਵੇਦਨਸ਼ੀਲਤਾ ਦਾ 'ਫੋਰਕ' ਪੰਜਾਬ ਉਤੇ ਹੈ। ਇਸ ਲਈ ਉਹ ਗ਼ਦਰੀ ਬਾਬਿਆਂ ਦੀ ਗਲ ਕਰਦਾ ਹੈ, ਭਗਤ ਸਿੰਘ ਦੇ ਵਿਚਾਰਾਂ ਦੀ ਪ੍ਰਸੰਗਿਕਤਾ ਉਤੇ ਜ਼ੋਰ ਦੇਂਦਾ ਹੈ ਅਤੇ ਆਪਣੇ ਪਾਠਕਾਂ ਨੂੰ ਉਨ੍ਹਾਂ ਦੇ ਆਦਰਸ਼ਾਂ ਤੋਂ ਪ੍ਰੇਰਣਾ ਲੈਣ ਅਤੇ ਉਨ੍ਹਾਂ ਦੇ ਵਿਚਾਰਾਂ ਤੋਂ ਰੋਸ਼ਨੀ ਲੈ ਕੇ ਆਪਣਾ ਰਾਹ ਲੱਭ ਲੈਣ ਲਈ ਸੱਦਾ ਦੇਂਦਾ ਹੈ।

ਲੇਖਕ ਨੇ ਸਮਕਾਲੀ ਰਾਜਨੀਤੀ ਦੇ ਨਿਘਾਰ ਉਤੇ ਉਚੇਚੀ ਉਂਗਲ ਰੱਖੀ ਹੈ। ਦੀ ਆਜ਼ਾਦੀ ਪਰਾਪਤੀ ਲਈ ਫਾਂਸੀ ਚੜਣ ਵਾਲਿਆਂ ਅਤੇ ਉਮਰ-ਕੈਦਾਂ ਕੱਟਣ ਵਾਲਿਆਂ ਨੇ

ਕਦੇ ਚਿਤਵਿਆਂ ਵੀ ਹੋਵੇਗਾ ਕਿ ਆਜ਼ਾਦ ਭਾਰਤ ਦੀ ਰਾਜਨੀਤੀ ਦਾ ਉਸ ਹੱਦ ਤੱਕ ਅਪਰਾਧੀਕਰਨ ਹੋ ਜਾਵੇਗਾ, ਜਿਸ ਹੱਦ ਤਕ ਇਹ ਹੋ ਗਿਆ ਹੈ ? ਰਾਜਨੀਤੀ ਉਤੇ ਕੇਵਲ ਧਨਾਢ ਲੋਕ ਹੀ ਕਾਬਿਜ਼ ਨਹੀਂ, ਸਗੋਂ ਕਾਨੂੰਨ ਦੇ ਦੋਸ਼ੀ ਲੋਕ ਵੀ ਇਨ੍ਹਾਂ ਵਿਚ ਹਨ। ਸਿਤਮ ਇਹ ਹੈ ਕਿ ਰਾਜ-ਪ੍ਰਬੰਧ ਅਤੇ ਇਨਸਾਫ਼ ਦੀ ਪਰਕਿਰਿਆ ਵੀ ਡਾਢੀ ਅਸਾਵੀਂ ਹੈ। ਜੇ ਕੋਈ ਸਾਧਾਰਨ ਨਾਗਰਿਕ ਬਿਜਲੀ ਦਾ ਬਿੱਲ ਵੇਲੇ ਸਿਰ ਨਾ ਤਾਰ ਸਕੇ ਤਾਂ ਉਸ ਦਾ ਕੁਨੈਕਸ਼ਨ ਕੱਟ ਦਿੱਤਾ ਜਾਂਦਾ ਹੈ ਪਰ ਪੂੰਜੀਪਤੀਆਂ ਨੇ ਜੇ ਦੇਸ਼ ਦੇ ਸਰਕਾਰੀ ਬੈਂਕਾਂ ਦਾ ਇਕ ਲੱਖ ਕਰੋੜ ਰੁਪਿਆ ਮਾਰ ਰਖਿਆ ਹੈ ਤਾਂ ਓਨ੍ਹਾਂ ਵਿਰੁੱਧ ਕੋਈ ਅਸਰਦਾਇਕ ਕਾਰਵਾਈ ਨਹੀਂ ਹੁੰਦੀ।

ਲੇਖਕ ਦਾ ਤਰਕ ਇਹ ਹੈ ਕਿ ਸੱਤਵਾਨ ਲੋਕ ਸਾਧਾਰਨ ਜਨਤਾ ਦੀ ਆਗਿਆਨਤਾ ਅਤੇ ਪਛੜੇਪਣ ਦਾ ਲਾਭ ਉਠਾ ਕੇ ਉਸ ਨੂੰ ਲਗਾਤਾਰ ਗੁੰਮਰਾਹ ਕਰਦੇ ਹਨ। ਭਾਸ਼ਾਈ, ਖੇਤਰੀ ਅਤੇ ਧਾਰਮਿਕ ਵਖਰੇਵੇਂ ਪੈਦਾ ਕਰਕੇ ਗਰਮ ਲਹਿਰਾਂ ਚਲਾਉਂਦੇ ਹਨ। ਇਹ ਓਨਾ ਚਿਰ ਚਲਦੀਆਂ ਰਹਿੰਦੀਆਂ ਹਨ ਜਿੰਨਾ ਚਿਰ ਰਾਜਸੀ ਸੱਤਾ ਦੇ ਖਿਡਾਰੀ ਆਪਣਾ ਮੰਤਵ ਪੂਰਾ ਨਾ ਕਰ ਲੈਣ।

ਪੰਜਾਬ ਨਾਲ ਸੰਬੰਧਿਤ ਰਾਜ ਪ੍ਰਬੰਧਕ ਸਵਾਲਾਂ ਵਿਚੋਂ ਇਕ ਪ੍ਰਮੁੱਖ ਸਵਾਲ ਪੁਲੀਸ ਦੀ ਕਾਰਗੁਜ਼ਾਰੀ ਦਾ ਹੈ। ਭਾਵੇਂ ਸਾਧਾਰਨ ਤੌਰ ਉਤੇ ਵੀ ਪੁਲੀਸ ਸੱਤਾਵਾਨ ਤੇ ਸ਼ਕਤੀਸ਼ਾਲੀ ਮੁਜਰਮਾਂ ਵਿਰੁੱਧ ਯੋਗ ਕਾਰਵਾਈ ਕਰਨ ਵਿਚ ਅਸਫਲ ਰਹਿੰਦੀ ਵੇਖੀ ਜਾ ਸਕਦੀ ਹੈ ਪਰ ਦਹਿਸ਼ਗਰਦੀ ਦੇ ਦੌਰ ਵਿਚ ਇਸ ਵਲੋਂ ਖੁਦ ਦਹਿਸ਼ਗਰਦਾਂ ਨੂੰ ਹਥਿਆਰਾਂ ਨਾਲ ਲੈਸ ਕਰਨਾ ਤੇ ਫੇਰ ਆਪਣੀ ਲੋੜ ਅਨੁਸਾਰ ਉਨ੍ਹਾਂ ਦਹਿਸ਼ਗਰਦਾਂ ਜਾਂ ਉਨ੍ਹਾਂ ਦੇ ਹਮਾਇਤੀਆਂ ਨੂੰ ਝੂਠੇ ਮੁਕਾਬਲਿਆਂ ਵਿਚ ਮਾਰ ਮੁਕਾਉਣਾ, ਇਨ੍ਹਾਂ ਕਾਨੂੰਨ ਦੇ ਰਖਵਾਲਿਆਂ ਦਾ ਕਿਰਦਾਰ ਰਿਹਾ ਹੈ।

ਪੰਜਾਬ ਦੀ ਗਲ ਕਰਦਿਆਂ ਉਨ੍ਹਾਂ ਕਾਲੇ ਦਿਨਾਂ ਦਾ ਜ਼ਿਕਰ ਨਾ ਕਰਨਾ ਕਿਸੇ ਤਰ੍ਹਾਂ ਵੀ ਤਰਕਸੰਗਤ ਨਹੀਂ ਮੰਨਿਆ ਜਾ ਸਕਦਾ। ਪੰਜਾਬ ਦੀ ਰਾਜਨੀਤੀ ਦੀਆਂ ਦੋ ਜਾਂ ਤਿੰਨ ਪ੍ਰਮੁੱਖ ਧਿਰਾਂ ਨੂੰ ਤਾਂ ਉਨ੍ਹਾਂ ਨੂੰ ਵਿਸਾਰ ਦੇਣਾ ਜਾਂ ਉਨ੍ਹਾਂ ਘਟਨਾਵਾਂ ਤੋਂ ਯੋਗ ਨਤੀਜੇ ਨਾ ਕਢਣਾ ਵਾਰਾ ਖਾ ਸਕਦਾ ਹੈ। ਪਰ ਕਿਸੇ ਵੀ ਸੰਵੇਦਨਸ਼ੀਲ ਅਤੇ ਨਿਰਲੇਖ ਪਤਰਕਾਰਾਂ ਤੋਂ ਅਜਿਹੀ ਉਮੀਦ ਨਹੀਂ ਰੱਖੀ ਜਾ ਸਕਦੀ। ਦਵਿੰਦਰ ਪਾਲ ਨੇ ਹੱਕ-ਸੱਚ ਦਾ ਪੈਂਤੜਾ ਮਲਦਿਆਂ ਲੋਕਤੰਤਰ ਅਤੇ ਪੁਲਸਤੰਤਰ ਦਾ ਨਿਖੇਤਾ ਕੀਤਾ ਹੈ ਅਤੇ ਇਸ ਨੂੰ ਠੀਕ ਹੀ 'ਦਰਪਣ ਕਰੇ ਸਵਾਲ' ਦੇ ਸਿਰਲੇਖ ਹੇਠ ਕਲਮਬੰਦ ਕੀਤਾ ਹੈ।

ਲੇਖਕ ਨੇ ਧਾਰਮਿਕ ਡੇਰਿਆਂ ਦੇ ਅਡੰਬਰ ਦੀ ਵੀ ਭਰਪੂਰ ਆਲੋਚਨਾ ਕੀਤੀ ਹੈ। ਇਨ੍ਹਾਂ ਵਿਚ ਹੁੰਦੇ ਇਖਲਾਕ ਤੋਂ ਗਿਰੇ ਕੰਮਾ ਅਤੇ ਇਨ੍ਹਾਂ ਦੇ ਮੁਖੀਆਂ ਵਲੋਂ ਭੋਲੇ-ਭਾਲੇ ਲੋਕਾਂ ਨੂੰ ਗੁੰਮਰਾਹ ਕਰਨ ਦੇ ਹਥਕੰਡਿਆਂ ਦਾ ਪਾਜ ਵੀ ਉਘੇੜਿਆ ਹੈ।

ਪਤਰਕਾਰੀ ਦੇ ਚਲੰਤ ਵਿਹਾਰ ਵਿਚ ਆਮ ਤੌਰ ਉਤੇ ਏਨੇ ਤਿਖੇ ਕਟਾਖ਼ਸ਼ ਘੱਟ ਹੀ ਕੀਤੇ ਜਾਂਦੇ ਹਨ। ਪਰ ਇਸ ਪੱਖ ਨੂੰ ਅਥਵਾ ਇਸ ਚਲੰਤ ਪਤਰਕਾਰੀ ਨੂੰ ਤਸੱਲੀਬਖ਼ਸ਼ ਨਹੀਂ ਮੰਨਿਆ ਜਾ ਸਕਦਾ। ਜੇ ਪਤਰਕਾਰੀ ਨੇ ਅਖ਼ਬਾਰ ਜਾਂ ਇਲੈਕਟਰਾਨਿਕ ਮੀਡੀਆ ਦੇ ਪਾਠਕਾਂ ਅਤੇ ਦਰਸ਼ਕਾਂ ਨੂੰ ਸੋਚਣ-ਵਿਚਾਰਨ ਅਤੇ ਮਹਿਸੂਸ ਕਰਨ ਵਾਲੇ ਪਾਸੇ ਰੁਚਿਤ ਨਹੀਂ ਕਰਨਾ ਤਾਂ ਇਹ ਕਿੱਤਾ ਆਪਣੇ ਫ਼ਰਜ਼ਾਂ ਦੀ ਕੋਤਾਹੀ ਕਰੇਗਾ।

ਇਸ ਲੇਖ ਲੜੀ ਤੋਂ ਬਹੁਤ ਸਾਰੇ ਸਵਾਲ ਵੀ ਉਤਪੰਨ ਹੁੰਦੇ ਹਨ ਅਤੇ ਇਹ ਵੀ ਵਾਸਤਵ ਵਿਚ ਇਸ ਦੀ ਸਫਲਤਾ ਹੈ। ਇਨ੍ਹਾਂ ਲੇਖਾਂ ਨੇ ਬੀਮਾਰੀ ਦੀ ਤਸ਼ਖ਼ੀਸ ਠੀਕ ਕੀਤੀ ਹੈ। ਹੁਣ ਮੁੱਖ ਸਵਾਲ ਇਹ ਹੈ ਕਿ ਇਸ ਸਥਿਤੀ ਦਾ ਇਲਾਜ ਕੀ ਹੋਵੇ ? ਲਾਜ਼ਮੀ ਤੌਰ ਉਤੇ ਪਾਠਕ ਇਸ ਸਵਾਲ ਦੇ ਸਨਮੁਖ ਹੋਣਗੇ। ਉਹ ਇਹ ਵੀ ਸੋਚਣਗੇ ਕਿ ਰਾਜਨੀਤੀ ਦਾ ਮੌਜੂਦਾ ਵਿਹਾਰ ਅਤੇ ਇਸ ਦੇ ਚਲੰਤ ਮਾਪਦੰਡ ਉਨ੍ਹਾਂ ਦੀਰਘ ਸਮਸਿਆਵਾਂ ਦਾ ਕੋਈ ਯੋਗ ਸਮਾਧਾਨ ਕਰਨ ਵਿਚ ਸਫਲ ਨਹੀਂ ਹਨ। ਫੇਰ ਕੀ ਕੀਤਾ ਜਾਵੇ ?

ਅਜਿਹੀ ਪਰੇਰਣਾ ਦੇਣਾ ਅਤੇ ਸੋਚਣ ਉਤੇ ਮਜਬੂਰ ਕਰਨਾ ਹੀ ਇਸ ਪੁਸਤਕ ਦਾ ਉਦੇਸ਼ ਹੈ। ਪਾਠਕਾਂ ਨੂੰ ਇਸ ਮੁਕਾਮ ਉਤੇ ਪੁਚਾਉਣ ਦਾ ਸਿਹਰਾ ਦੇਵਿੰਦਰ ਪਾਲ ਦੇ ਸਿਰ ਹੈ।

ਪਰੇਮ ਸਿੰਘ (ਡਾ.)

20- ਤੂਫ਼ਾਨ ਤੋਂ ਪਹਿਲਾਂ

# ਕੁਝ ਹੋਰ ਸ਼ਬਦ

ਦਵਿੰਦਰ ਪਾਲ ਨੇ ਆਪਣੇ ਲੇਖ-ਸੰਗ੍ਰਹਿ ਅੰਦਰ ਸਬੰਧਤ ਮਸਲਿਆਂ ਦੀ ਸਿਰਫ ਹਾਲਤ-ਬਿਆਨੀ ਹੀ ਨਹੀਂ ਕੀਤੀ ਸਗੋਂ ਇਹਨਾਂ ਲੋਕਾਂ ਦਾ ਬਿਆਨ ਅਸਲ ਮਸਲਿਆਂ ਤੋਂ ਲਾਂਭੇ ਕਰਨ ਲਈ ਹਨੇਰੀ ਵਗਾਈ ਜਾ ਰਹੀ ਹੈ ਤਾਂ ਇਸ ਦੌਰ 'ਚ ਦਵਿੰਦਰ ਪਾਲ ਨੇ ਲੋਕਾਂ ਦੇ ਫ਼ਿਕਰ ਦੀ ਬਾਂਹ ਫੜੀ ਹੈ। ਉਹ ਸ਼ਾਬਾਸ਼ੇ ਦਾ ਹੱਕਦਾਰ ਹੈ। ਉਸਦੀ ਕਲਮ ਭਟਕਦੀਆਂ ਕਲਮਾਂ ਲਈ ਚਾਨਣ ਦੀ ਲੀਕ ਚਾਹੁੰਦੀ ਹੈ।

**ਬਾਬਾ ਭਗਤ ਸਿੰਘ ਬਿਲਗਾ**

ਸਮਾਜ ਦੀਆਂ ਪੀੜਤ ਤੈਹਾਂ ਜਿਸ ਤਰ੍ਹਾਂ ਜੀਵਨ ਬਤੀਤ ਕਰ ਰਹੀਆਂ ਹਨ, ਉਹਨਾਂ ਦੇ ਮਸਲਿਆਂ ਨੂੰ ਉਘਾੜਕੇ ਸਾਹਮਣੇ ਲਿਆਉਣ ਲਈ ਦਵਿੰਦਰ ਪਾਲ ਵਧਾਈ ਦਾ ਪਾਤਰ ਹੈ। ਉਸਨੂੰ ਅਸੀਂ ਨੇੜਿਓਂ ਦੇਖ ਰਹੇ ਹਾਂ ਉਹ ਮਿਹਨਤੀ ਕਲਮਕਾਰ ਹੈ। ਉਸਦੀ ਕਲਮ ਤੋਂ ਭਵਿੱਖ ਵਿਚ ਅਜੇਹੇ ਹੋਰਨਾਂ ਵਿਸ਼ਿਆਂ ਨੂੰ ਵੀ ਉਜਾਗਰ ਕਰਨ ਲਈ ਆਸਵੰਦ ਹਾਂ।

**ਕਾਮਰੇਡ ਗੰਧਰਵ ਸੇਨ ਕੋਛੜ**

ਦਵਿੰਦਰ ਪਾਲ ਕਿਸੇ ਕਾਗ਼ਜ਼ 'ਤੇ ਸ਼ਬਦ ਨਹੀਂ ਉਤਾਰਦਾ ਸਗੋਂ ਦਿਲਾਂ, ਮਨਾਂ 'ਚ ਬੀਜ਼ਦਾ ਹੈ। ਅਜੇਹੀਆਂ ਕਲਮਾਂ ਦੇ ਕਾਫ਼ਲੇ ਦੀ ਵਕਤ ਨੂੰ ਲੋੜ ਹੈ। ਦਵਿੰਦਰ ਪਾਲ ਵੱਲੋਂ ਦਿੱਤੀ ਅਵਾਜ਼ ਨੂੰ ਅਸੀਂ ਭਰਵਾਂ ਹੁੰਗਾਰਾ ਦਿਆਂਗੇ। ਅੱਜ ਵੇਲਾ ਸਿੱਧੀ ਅਤੇ ਸਪਸ਼ਟ ਗੱਲ ਕਹਿਣ ਦਾ ਹੈ ਜਿਸ 'ਤੇ ਉਹ ਖਰਾ ਉਤਰਦਾ ਹੈ।

**ਗੁਰਸ਼ਰਨ ਸਿੰਘ**

ਪੱਤਰਕਾਰੀ ਦੇ ਵਿਵਾਦ ਭਰਪੂਰ ਕਿੱਤੇ ਨੂੰ ਦਵਿੰਦਰ ਪਾਲ ਨੇ ਲੋਕ ਸੇਵਾ ਵਾਂਗ ਅਪਣਾਇਆ ਹੈ ਅਤੇ ਅਤਿਅੰਤ ਪ੍ਰਤੀਕੂਲ ਹਾਲਾਤ ਵਿਚ ਵੀ ਇਸ ਸੰਕਲਪ ਨੂੰ ਉਹ ਇਕ ਧਾਰਮਿਕ ਨਿਸ਼ਠਾ ਵਾਂਗ ਨਿਭਾਅ ਰਿਹਾ ਹੈ। ਅਨੇਕ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ ਉਸ ਨੇ ਪੰਜਾਬੀ ਪੱਤਰਕਾਰੀ ਵਿਚ ਨਵੇਂ ਕੀਰਤੀਮਾਨ ਸਥਾਪਤ ਕੀਤੇ ਹਨ।

**ਐਸ.ਐਸ. ਗਿੱਲ, ਪੁਲਾਂਘ**

# ਤੂਫਾਨ ਤੋਂ ਪਹਿਲਾਂ

'ਤੂਫ਼ਾਨ ਤੋਂ ਪਹਿਲਾਂ' ਲੇਖ-ਸੰਗ੍ਰਹਿ ਦਾ ਨਹੀਂ ਸਗੋਂ ਅਜੋਕੇ ਅਤੇ ਭਲਕ ਦੇ ਸਮਿਆਂ ਦੀ ਬੁੱਕਲ 'ਚ ਧੁਖਦੇ ਸੁਆਲਾਂ ਅਤੇ ਤਿੱਖੀਆਂ ਵੰਗਾਰਾਂ ਦਾ ਮੁੱਖੜਾ ਹੈ। ਬਹੁ-ਵੰਨਗੀ ਅਤੇ ਬਹੁ-ਪਰਤੀ ਚੁਣੌਤੀਆਂ ਨੂੰ ਮੁਖਾਤਬ ਹੋਣ ਲਈ ਕਲਮਾਂ ਦੇ ਕਾਫਲੇ ਦੀ ਲੋੜ ਆਵਾਜ਼ਾਂ ਮਾਰ ਰਹੀ ਹੈ। ਇਸ ਦਿਸ਼ਾ ਵੱਲ ਮੇਰੀ ਅਦਨੀ ਜਿਹੀ ਕਲਮ ਦਾ ਕਿਤਾਬੀ ਰੂਪ ਪਲੇਠਾ ਯਤਨ ਹੈ।

ਵੱਖ-ਵੱਖ ਵਿਸ਼ਿਆਂ 'ਤੇ ਲੇਖ ਲਿਖਦੇ ਸਮੇਂ ਮੈਨੂੰ ਕੀ ? ਕਿਉਂ ? ? ਅਤੇ ਕਿਵੇਂ ? ? ? ਦੇ ਬਰਛੀ ਬਣ ਚੁੱਭਦੇ ਸੁਆਲਾਂ ਨੇ ਸਭਨਾਂ 'ਚ ਇਕ ਸਾਂਝੀ ਤੰਦ ਫੜਾਈ ਹੈ ਕਿ ਮਹਿਜ਼ ਪੀੜਾਂ ਦੇ ਪਰਾਗੇ ਅਤੇ ਦੁੱਖਾਂ ਦੇ ਤੰਦ ਪਾਉਣ ਨਾਲ ਭਲਾ ਉਘੜੀ ਦੁੱਘੜੀ ਅਤੇ ਬੁਰੀ ਤਰ੍ਹਾਂ ਉਲਝੀ ਤਾਣੀ ਨੂੰ ਕਿਵੇਂ ਸੁਲਝਾਇਆ ਜਾ ਸਕਦਾ ਹੈ। ਇਸ ਲਈ ਮਰਜ਼ ਅਤੇ ਮਰੀਜ਼ 'ਤੇ ਵਿਚਾਰ ਗੋਸ਼ਟੀ 'ਚ ਸਿਰਫ 'ਸੰਵੇਦਨਸ਼ੀਲ ਵਿਚਾਰਾਂ' ਕੀ ਅਰਥ ਰੱਖਦੀਆਂ ਨੇ ਜੇ ਸਾਡੀ ਸ਼ਬਦ-ਮਾਲਾ ਨੇ ਮਰਜ਼ ਅਤੇ ਪ੍ਰਮੁੱਖਤਾ ਨਾਲ ਤਵੱਜੋਂ ਨਹੀਂ ਦੇਣੀ। ਅਜੇਹਾ ਕਾਫੀ ਕੁਝ ਲਿਖਿਆ, ਪੜ੍ਹਿਆ ਅਤੇ ਪੜ੍ਹਾਇਆ ਜਾ ਰਿਹੈ ਜਿਹੜਾ ਪਹਿਲਾਂ ਹੀ ਸੰਕਟ ਭੰਵਰ 'ਚ ਘਿਰੀ ਲੋਕਾਈ ਨੂੰ ਹੋਰ ਵੀ ਭੰਬਲ ਭੂਸੇ 'ਚ ਪਾਉਂਦਾ ਹੈ। ਇਹ ਤ੍ਰਾਸਦੀ ਪੁਸਤਕ ਸਭਿਆਚਾਰ ਤੋਂ ਮੋਹ ਭੰਗ ਹੋਣ ਦੇ ਰੁਝਾਨ ਨੂੰ ਵੀ ਬੜਾਵਾ ਦਿੰਦੀ ਹੈ।

ਮੈਂ ਕਿਸੇ ਸਮਰੱਥ ਕਲਮਕਾਰ ਹੋਣ ਦੀ ਦਾਅਵਾ ਜਿਤਲਾਈ ਨਹੀਂ ਕੀਤੀ ਪਰ ਮੈਂ ਸਮਾਜ ਸਿਰਜਕਾਂ ਨਾਲ ਜੋ ਜੱਗੋਂ ਤੇਰ੍ਹਵੀਂ ਹੁੰਦੀ, ਨੂੰ ਮਹਿਸੂਸ ਕੀਤਾ; ਜੋ ਇਸ ਦੇ ਨਤੀਜੇ ਨਿਕਲਣ ਦੇ ਆਸਾਰ ਦਿਖਾਈ ਦੇ ਰਹੇ ਹਨ। ਇਹ ਸਮੁੰਦਰ 'ਚ ਆਉਣ ਵਾਲੇ ਤੂਫਾਨ ਤੋਂ ਪਹਿਲਾਂ ਦੀ ਵਿਸਫੋਟਕ ਸਥਿਤੀ ਦਾ ਸਪੱਸ਼ਟ ਇਸ਼ਾਰਾ ਕਰਦੇ ਹਨ। ਇਸ ਨੂੰ ਬੁੱਝ ਕੇ ਫਿਰ ਮੈਂ ਬੇਲਿਹਾਜ਼ ਹੋ ਕੇ ਅਤੇ ਇਸ ਗੱਲੋਂ ਬੇਪਰਵਾਹ ਹੋ ਕੇ ਲਿਖਿਆ ਹੈ ਕਿ ਇਸ ਨੂੰ ਕੋਈ ਸੁਪਨੇ ਕਹੇ ਜਾਂ ਨਾਅਰੇਬਾਜ਼ੀ, ਮੈਂ ਇਸ ਵਰਤਾਰੇ ਨੂੰ ਵਿਗਿਆਨਕ ਵਿਸ਼ਲੇਸ਼ਣ ਦੀ ਕਸਵੱਟੀ 'ਤੇ ਤੋਲਦਿਆਂ ਬਹੁਤ ਸਪੱਸ਼ਟ ਹਾਂ ਕਿ ਆਉਣ ਵਾਲਾ 'ਕੱਲ੍ਹ' ਇਉਂ ਨਹੀਂ ਰਹਿਣਾ ਜਿਵੇਂ 'ਅੱਜ' ਵਾਲਾ ਸਿਲਸਲਾ ਹੀ ਚੱਲਦਾ ਰਹਿਣ ਦਾ ਕੋਈ ਵੀ ਭਰਮ ਪਾਲਦਾ ਹੈ।

ਧਰਤੀ ਹੇਠਲਾ ਲਾਵਾ ਫਟਣ ਲਈ ਥਾਂ ਭਾਲਦਾ ਹੈ। ਜੇ ਪਿਛਲ ਝਾਤ ਵੀ ਮਾਰੀਏ ਤਾਂ ਦਹਾਕੇ, ਡੇਢ ਦਹਾਕੇ ਦੇ ਅਰਸੇ ਮਗਰੋਂ ਇਹ ਆਪਣਾ ਰੂਪ ਦਿਖਾਉਂਦਾ ਹੈ। ਜੇਕਰ ਇਸ

ਨੂੰ ਸਹੀ ਦਿਸ਼ਾ ਵੱਲ ਮੂੰਹਾਂ ਇਨਕਲਾਬੀ ਤਾਕਤਾਂ ਦੇਣ ਦੇ ਸਮਰੱਥ ਅਤੇ ਯੋਗ ਨਹੀਂ ਹੋਣਗੀਆਂ ਤਾਂ ਇਸ ਦੇ ਬੇਢਬੇ ਰੂਪ ਹੋਰ ਵੀ ਭਿਆਨਕ ਸ਼ਕਲ 'ਚ ਸਾਹਮਣੇ ਆਉਣਗੇ। ਪਹਿਲਾਂ ਵੀ ਆਰਥਕ, ਸਮਾਜਿਕ, ਨਾਬਰਾਬਰੀ, ਹਰ ਵੰਨਗੀ ਦੇ ਵਿਤਕਰੇ, ਦਾਬੇ ਅਤੇ ਜਬਰ ਜ਼ੁਲਮ ਖਿਲਾਫ ਨਕਸਲਬਾੜੀ ਲਹਿਰ ਉੱਠੀ। ਅਣਮਨੁੱਖੀ ਜਬਰ ਦੇ ਝੱਖੜ ਝੁਲਾ ਕੇ ਵੀ ਦੇਖ ਲਏ ਹੁਣ ਹਾਕਮਾਂ ਦਾ ਇਹ ਭਰਮ ਵੀ ਚੂਰ ਚੂਰ ਹੋ ਗਿਆ ਕਿ ਬੰਦੂਕ ਦੇ ਜ਼ੋਰ ਨਾਲ ਹੀ ਇਸ ਨੂੰ ਦਬਾ ਦਿਆਂਗੇ।

ਦੂਰ ਨਹੀਂ ਤਾਂ ਪੰਜਾਬ ਅੰਦਰ ਹੀ ਅਜੇ ਕੱਲ੍ਹ ਦੀ ਗੱਲ ਹੈ ਜਦੋਂ ਅਨੇਕਾਂ ਤਰ੍ਹਾਂ ਦੀ ਬੇਚੈਨੀ ਨੂੰ ਕੁਰਾਹੇ ਪਾ ਕੇ ਆਪੋ ਆਪਣੇ ਸੌੜੇ ਸਿਆਸੀ ਮਨੋਰਥਾਂ ਦੀਆਂ ਰੋਟੀਆਂ ਰਾੜ੍ਹਨ ਲਈ ਪੰਜਾਬ ਅੰਦਰ ਦੋ ਮੂੰਹੀ ਦਹਿਸ਼ਤਗਰਦੀ ਨੇ ਸਿਖਰਾਂ ਛੋਹੀਆਂ, ਪਹਿਲਾਂ ਬੜ੍ਹਾਵਾ ਦੇ ਕੇ ਫੇਰ ਦਬਾ ਕੇ ਦੋਹਾਂ ਹੀ ਦੌਰਾਂ 'ਚ ਚਿੱਟੇ, ਨੀਲੇ, ਕੇਸਰੀ ਰੰਗ ਦੇ ਵੰਨ ਸੁਵੰਨੇ ਮੌਕਾਪ੍ਰਸਤ ਸਿਆਸੀ ਨੇਤਾਵਾਂ ਨੇ ਮਾਰੇ ਅਤੇ ਮਰਵਾਏ ਆਮ ਕਰਕੇ ਲੋਕ ਹੀ। ਆਪ ਰਹੇ ਹਕੂਮਤੀ ਸੁਰੱਖਿਆ ਛਤਰੀਆਂ ਦੀ ਹਿਫਾਜ਼ਤ ਵਿਚ। ਦਹਿਸ਼ਤਗਰਦੀ ਨੂੰ ਕਿਸ ਨੇ ਕਿੰਨਾ ਅਤੇ ਕਿਵੇਂ ਤੇਲ ਪਾਇਆ ਨਾ ਇਸ ਤੋਂ ਇਹ ਛੁਪਿਆ ਹੈ ਅਤੇ ਕੌਣ ਕਿਵੇਂ ਸਾਕਾ ਨੀਲਾ ਤਾਰਾ ਵੇਲੇ ਦਰਬਾਰ ਸਾਹਿਬ ਅੰਮ੍ਰਿਤਸਰ 'ਚੋਂ ਹੱਥ ਖੜ੍ਹੇ ਕਰਕੇ ਨਿਕਲਿਆ ਨਾ ਹੀ ਇਸ ਬਾਰੇ ਕਿਸੇ ਨੂੰ ਕੋਈ ਸ਼ੱਕ ਹੈ।

ਵਿਕਾਸ, ਖੁਸ਼ਹਾਲੀ ਦੇ ਕੋਈ ਲੱਖ ਦਾਅਵੇ ਕਰੇ ਹਕੀਕਤਾਂ ਦੇ ਦਰਪਣ ਅੱਗੇ ਇਹ ਖੜ੍ਹ ਨਹੀਂ ਸਕਦੇ। ਬਰਤਾਨਵੀ ਸਾਮਰਾਜ ਦੇ ਸਾਡੇ ਮੁਲਕ 'ਚੋਂ ਨਿਕਾਲੇ ਤੋਂ ਅੱਜ ਤੱਕ ਅੱਧੀ ਸਦੀ ਤੋਂ ਵੱਧ ਅਰਸੇ ਦਾ ਮੁਲਕ ਨੇ ਸਫਰ ਤੈਅ ਕਰ ਲਿਐ ਪਰ ਅੱਜ ਸਚਾਈ ਮੱਕਾਰ ਹਾਕਮਾਂ ਦੇ ਵੀ ਸਿਰ ਚੜ੍ਹ ਕੇ ਬੋਲ ਰਹੀ ਹੈ। ਉਹ ਟਾਅਰਾਂ ਮਾਰਦੇ ਹਨ ਵਿਕਾਸ ਦੀਆਂ ਪਰ ਪੰਜਾਬ ਵਰਗੇ ਸਭ ਤੋਂ ਖੁਸ਼ਹਾਲ ਸੂਬੇ ਅੰਦਰ ਵੀ ਤਾਜ਼ਾ ਚੋਣਾਂ ਮੌਕੇ ਲੋਕਾਂ ਨੂੰ ਭਰਮਾਉਣ ਲਈ ਸਸਤੀ ਦਾਲ ਰੋਟੀ ਦਾ ਛਲਾਵਾ ਦਿਖਾਉਣਾ ਪਿਆ ਹੈ।

ਸਚਾਈ ਇਹ ਹੈ ਕਿ ਲੋਕਾਂ ਖਿਲਾਫ ਬੇਕਿਰਕੀ ਨਾਲ ਵਿੱਢਿਆ ਆਰਥਕ ਹੱਲਾ ਹੋਰ ਵੀ ਵਿਆਪਕ ਅਤੇ ਤਿੱਖਾ ਹੋਇਆ ਹੈ। ਜਮਹੂਰੀ ਹੱਕਾਂ ਦਾ ਚਿੱਟੇ ਦਿਨ ਘਾਣ ਹੋ ਰਿਹਾ ਹੈ। ਡੇਰਾਵਾਦ ਅਤੇ ਰਾਜਨੀਤੀ ਨੇ ਬਾਹਵਾਂ 'ਚ ਬਾਹਵਾਂ ਪਾ ਕੇ ਨੰਗਾ ਨਾਚ ਕੀਤਾ ਹੈ। ਉਨ੍ਹਾਂ ਨੇ 'ਸੈਕੂਲਰ' ਹੋਣ ਦੇ ਦਾਅਵੇਦਾਰਾਂ ਦੇ ਵਿਹੜੇ 'ਚ ਧਮਾਲਾਂ ਪਾਈਆਂ ਹਨ। ਮੁੱਦਿਆਂ, ਮਸਲਿਆਂ, ਦਾਅਵਿਆਂ ਅਤੇ ਵਾਅਦਿਆਂ ਦੀ ਨਹੀਂ ਸਗੋਂ ਨੋਟਾਂ ਦੀ ਬਰਸਾਤ ਹੋਈ ਹੈ। ਕਰੋੜਪਤੀ ਦੀ ਖੇਡ ਬਣੀ ਹੈ ਦੁਨੀਆਂ ਦੀ ਸਭ ਤੋਂ ਵੱਡੀ ਕਹੀ ਜਾਂਦੀ ਜਮਹੂਰੀਅਤ! ਆਮ ਕਰਕੇ ਸਭਨਾਂ ਹਾਕਮ ਧੜਿਆਂ ਨੇ ਚੋਣਾਂ ਸਮੇਂ ਅਤੇ ਅੱਗੋਂ ਪਿੱਛੋਂ ਹੁਣ ਇਹੀ ਮੰਤਰ ਸਿੱਖਿਆ ਹੈ ਕਿ ਵਾਹ ਲੱਗਦੀ ਲੋਕਾਂ ਦੇ ਅਸਲੀ ਮੁੱਦੇ ਹੀ ਛੂ ਮੰਤਰ ਕਰਕੇ ਹਵਾ 'ਚ ਉਡਾ ਦਿਓ! ਉਨ੍ਹਾਂ ਨੇ ਲੱਕ ਬੰਨ੍ਹ ਰੱਖਿਆ ਹੈ ਕਿ ਲੋਕਾਂ ਦੀ ਸੁਰਤ ਅਤੇ ਸੋਚਣੀ ਦਾ ਇਹ ਹਿੱਸਾ ਹੀ ਨਾ ਬਣੇ ਕਿ ਕੋਈ

ਉਨ੍ਹਾਂ ਦੀ ਕਿਰਤ ਲੁੱਟ ਰਿਹੈ। ਕੋਈ ਉਨ੍ਹਾਂ ਦੇ ਹੱਕਾਂ ਉੱਪਰ ਡਾਕਾ ਮਾਰ ਰਿਹੈ। ਕੋਈ ਉਨ੍ਹਾਂ ਦੀ ਜਮਹੂਰੀ ਸੋਝੀ ਦਾ ਕੱਦੂਕਸ਼ ਕਰ ਰਿਹੈ। ਭਰਮਾਊ, ਭਟਕਾਊ ਮੁੱਦੇ ਉਛਾਲਣ 'ਤੇ ਜ਼ੋਰ ਹੈ। ਬਹੁਤ ਹੀ ਗਹਿਰਾਈ ਨਾਲ ਸੋਚ ਵਿਚਾਰ, ਪੜਤਾਲ ਦੀ ਮੰਗ ਕਰਦੀ ਇਹ ਅਜੋਕੀ ਸਥਿਤੀ ਦੀ ਚੌਤਰਫੀ ਤਸਵੀਰ। ਖਾਸ ਕਰਕੇ ਲੋਕਾਂ ਦੀ ਮਨੋ ਦਸ਼ਾ, ਮਨੋ ਵਿਗਿਆਨ ਉੱਪਰ ਮਾਰੂ ਧਾਵਾ ਹੈ। ਸਮਾਜ ਨੂੰ ਤੀਲ੍ਹਾ-ਤੀਲ੍ਹਾ ਕਰਨ ਦੀ ਹਨ੍ਹੇਰੀ ਹੈ।

ਤੂਫਾਨ ਤੋਂ ਪਹਿਲਾਂ ਦੀ ਅਜੋਕੀ ਸਥਿਤੀ ਦਰਸਾਉਂਦੀ ਹੈ ਕਿ ਸਾਡਾ ਪਿਆਰਾ ਵਤਨ ਸਾਮਰਾਜੀਆਂ ਦੀ ਮੰਡੀ ਬਣਾ ਧਰਿਆ ਹੈ। ਇਸ ਨੇ ਖੇਤੀ, ਸਨਅਤ, ਤਕਨੀਕ, ਰੁਜ਼ਗਾਰ, ਸਿੱਖਿਆ, ਸਿਹਤ ਗੱਲ ਦੀ ਜ਼ਿੰਦਗੀ ਦੇ ਹਰ ਖੇਤਰ ਨੂੰ ਸਾਮਰਾਜੀਆਂ ਅਤੇ ਉਨ੍ਹਾਂ ਦੀਆਂ ਮੁਨਾਫੇਖੋਰ ਬਹੁਕੌਮੀ ਕੰਪਨੀਆਂ ਨੇ ਗ੍ਰਹਿਣ ਲਗਾ ਛੱਡਿਆ ਹੈ। ਲੋਕਾਂ 'ਚ ਇਕ ਦੂਜੇ ਦੇ ਦੁੱਖ-ਦਰਦ 'ਚ ਮੋਢਾ ਲਾਉਣ ਦੀ ਪ੍ਰਵਿਰਤੀ ਦੀ ਬੂਟੇ ਦੀ ਜੜ੍ਹ ਵੱਢੀ ਜਾ ਰਹੀ ਹੈ। ਅਜੇਹੀ ਸਥਿਤੀ ਆਪਣੇ ਮੂੰਹੋਂ ਆਪ ਬੋਲਦੀ ਹੈ:

*ਵਿਸ਼ਵੀਕਰਣ 'ਚ ਨੇੜੇ ਹੋ ਗਏ, ਦੇਸ਼ਾਂ ਦੇ ਸਿਰਨਾਵੇਂ*
*ਪਰ ਲੋਕਾਂ ਕੋਲੋਂ ਦੂਰ ਨੇ ਹੋ ਗਏ, ਲੋਕਾਂ ਦੇ ਸਿਰਨਾਵੇ।*

ਅਜੇਹੀ ਸਥਿਤੀ ਅਖੌਤੀ ਵਿਕਾਸ ਦੇ ਭਕਾਨੇ ਦੀ ਹਵਾ ਕੱਢ ਰਹੀ ਹੈ। ਜਿਹੜੇ ਸੂਬਿਆਂ 'ਚ ਅਤੇ ਸੂਬਿਆਂ ਅੰਦਰ ਜਿਨ੍ਹਾਂ ਜ਼ਿਲਿਆਂ 'ਚ ਇਹ ਭਾਰਤੀ ਅਰਥਚਾਰੇ ਦਾ ਵਿਕਾਸ ਮਾਡਲ ਆਇਆ ਉਥੇ ਹੀ ਸਭ ਤੋਂ ਵੱਧ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਜਮਹੂਰੀਅਤ ਅਤੇ ਖੁਸ਼ਹਾਲੀ ਦੀ ਡੌਂਡੀ ਪਿੱਟਣ ਵਾਲਿਆਂ ਦੀਆਂ ਜੀਭਾਂ ਠਾਕੀਆਂ ਰਹੀਆਂ ਜਦੋਂ 27 ਫਰਵਰੀ ਸਾਲ 2007 ਨੂੰ ਤਾਜ਼ਾ ਵਿਧਾਨ ਸਭਾ ਦੇ ਨਤੀਜੇ ਆ ਰਹੇ ਸਨ ਤਾਂ ਉਸ ਮੌਕੇ ਹੀ ਕੱਚੀ ਭੁੱਚੋ (ਬਠਿੰਡੇ) ਦੇ ਇਕ ਜੋੜੇ ਦਾ ਸਿਵਾ ਬਲ ਰਿਹਾ ਸੀ ਜਿਸ ਦੀ ਸਾਰੀ ਜ਼ਮੀਨ ਕਰਜ਼ੇ ਅਤੇ ਵਿਆਜ ਦੀ ਭੇਂਟ ਚੜ੍ਹ ਜਾਣ ਕਾਰਨ ਇਹ ਮਨੋ ਦਸ਼ਾ ਬਣੀ ਕਿ ਉਹ ਆਤਮ ਹੱਤਿਆ ਕਰ ਗਏ। ਇਨ੍ਹਾਂ ਖਿਤਿਆਂ ਅੰਦਰ ਹੀ ਕਿਸਾਨ ਘੋਲ ਸੁਲੱਖਣੀ ਅੰਗੜਾਈ ਭਰ ਰਹੇ ਹਨ।

ਪੰਜਾਬ ਦੇ ਖੇਤ ਮਜ਼ਦੂਰਾਂ ਅਤੇ ਹੋਰ ਪੇਂਡੂ ਮਜ਼ਦੂਰਾਂ ਦੀ ਦਰਦੀਲੀ ਵਿਥਿਆ ਤਾਂ ਆਪਣੇ ਆਪ ਹੀ ਵੱਖਰੀ ਪੁਸਤਕ ਦੀ ਸਮੱਗਰੀ ਹੈ। ਖੇਤੀ ਤਬਾਹ ਹੋਣ ਜਾ ਰਹੀ ਹੈ। ਸਨਅਤ ਦੇ ਦਰਵਾਜ਼ੇ ਬੰਦ ਨੇ। ਘਰੇਲੂ ਸਨਅਤ ਵੈਸੇ ਹੀ ਦਮ ਤੋੜ ਗਈ। ਤੇਜ਼ੀ ਨਾਲ ਆ ਰਹੀ ਕਾਰਪੋਰੇਟ ਖੇਤੀ ਨੀਤੀ ਨੇ ਪੇਂਡੂ ਅਰਥਚਾਰੇ ਅਤੇ ਸਮਾਜੀ ਬਣਤਰ 'ਚ ਉਥਲ ਪੁਥਲ ਮਚਾ ਦੇਣੀ ਹੈ। ਚੜ੍ਹਦੀ ਜੁਆਨੀ ਦੀਆਂ ਪਲਟਣਾਂ ਬੇਰੁਜ਼ਗਾਰੀ ਦੀ ਭੱਠੀ 'ਚ ਭੁੱਜ ਰਹੀਆਂ ਹਨ। ਉਦਾਸੀ ਨਿਮਰਤਾ ਕਾਰਨ ਨਸ਼ਿਆਂ, ਅਰਾਜਕਤਾ, ਲੁੱਟਾਂ ਖੋਹਾਂ, ਲੜਾਈ ਝਗੜੇ, ਨੈਤਿਕ ਗਿਰਾਵਟ ਦਾ ਨਿੱਤ ਫੈਲਦਾ ਗਰਾਫ ਆਪਣੇ ਆਪ 'ਚ ਹੀ ਬਰੂਦ ਦਾ ਢੇਰ ਹੈ। ਜਵਾਲਾ ਮੁਖੀ ਹੈ। ਟਾਈਮ ਬੰਬ ਹੈ। ਸੁੱਕਾ ਜੰਗਲ ਹੈ। ਜਿਸ ਨੂੰ ਸਿਰਫ ਇਕ ਚਿੰਗਾੜੀ ਲੋੜੀਂਦੀ ਹੈ। ਲੁੱਟ ਖੋਹ 'ਤੇ ਟਿਕੇ, ਬੋਅ ਮਾਰਦੇ, ਧੱਕੜਸ਼ਾਹ ਰਾਜ ਪ੍ਰਬੰਧ ਦੇ ਰਖੇਲਾਂ ਨੇ ਮੌਕਾ

ਤਾੜ ਕੇ ਕੋਈ ਨਾ ਕੋਈ ਸੇਹ ਦਾ ਤੱਕਲਾ ਗੱਡਣਾ ਹੈ। ਅਜੇਹੀ ਤੀਲੀ ਸੁੱਟਣੀ ਹੈ ਜਿਸ ਨਾਲ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਤਿਲਕਾਉਣਾ ਹੈ ਅਤੇ ਰਾਜ ਸਿੰਘਾਸਣ ਦੀ ਉਮਰ ਨੂੰ ਵਧਾਉਣਾ ਹੈ। ਉਹ ਅਜੇਹੀ ਤਾਕ ਵਿਚ ਹਨ ਉਨ੍ਹਾਂ ਨੇ ਕੋਈ ਨਾ ਕੋਈ ਚੰਦ ਅਜੇਹਾ ਚੜ੍ਹਾਉਣਾ ਹੈ ਕਿ ਲੋਕ ਇਹ ਨਾ ਸੁਆਲ ਕਰਨ। ਅੱਜ ਦੇ ਮੁੱਖ ਮੰਤਰੀ ਨੇ ਤਾਜ਼ਾ ਭਾਸ਼ਣ 'ਚ ਹੀ ਮੰਨਿਆ ਹੈ ਕਿ ਸਿਰਫ ਪੰਜਾਬ ਅੰਦਰ 35 ਲੱਖ ਨੌਜਵਾਨ ਬੇਰੁਜ਼ਗਾਰ ਹੈ। ਉਹ ਵੀ ਨੌਜਵਾਨ ਨਾ ਕਿ ਕੁੱਲ ਬੇਰੁਜ਼ਗਾਰਾਂ ਦਾ ਅੰਕੜਾ। ਇਹ ਬਿਆਨ ਨਾਲ ਤਾਂ ਬੇਰੁਜ਼ਗਾਰੀ ਦੂਰ ਨਹੀਂ ਹੋ ਜਾਣੀ। ਸੜਕਾਂ 'ਤੇ ਡਰੀ ਫਿਰਦੀ ਇਸ ਅੱਗ ਤੋਂ ਇਨ੍ਹਾਂ ਨੇ ਆਪਣੇ ਮਹਿਲ ਮਾੜੀਆਂ ਦੀ ਹਿਫਾਜ਼ਤ ਕਰਨੀ ਹੈ। ਲੋਕਾਂ ਦੇ ਹੀ ਘਰ ਸਾੜ ਕੇ ਸੁਆਹ ਕਰਨੇ ਹਨ। ਅਜੇ ਤਾਂ ਕੱਲ੍ਹ ਦੀ ਗੱਲ ਹੈ ਜਦੋਂ ਸਾਡੇ ਵਿਹੜੇ ਨਿੱਤ ਅਜੇਹਾ ਸੂਰਜ ਚੜ੍ਹਿਆ ਜਦੋਂ ਸੁਤੇ ਸਿਧ ਹੀ ਬੁੱਲ੍ਹਾਂ 'ਤੇ ਇਹ ਸ਼ਬਦ ਤੈਰਦੇ ਰਹੇ ਕਿ:

*ਕੋਈ ਦਸਤਾਰ ਰੱਤ ਲਿੱਬੜੀ, ਕੋਈ ਤਲਵਾਰ ਆਈ ਹੈ*
*ਲਿਆਓ ਸਰਦਲਾਂ ਤੋਂ ਚੁੱਕ ਕੇ ਅਖਬਾਰ ਆਈ ਹੈ।*

ਮੁਲਕ ਦੀ ਤਸਵੀਰ ਦੇ ਦੀਦਾਰ ਪੰਜਾਬ ਦੇ ਨਕਸ਼ੇ ਤੋਂ ਦੇਖੇ ਜਾ ਸਕਦੇ ਹਨ। ਕਦੇ ਬੰਬਈ, ਕਲਕੱਤਾ ਅਤੇ ਦਿੱਲੀ ਦੇ ਲਾਲ ਬੱਤੀ, ਜੀ.ਬੀ. ਰੋਡ ਏਰੀਏ ਜਿਸਮ ਫਰੋਸ਼ੀ ਦੇ ਧੰਦੇ ਲਈ ਬਦਨਾਮ ਸਨ ਪਰ ਹੁਣ ਪੰਜਾਬ ਦੇ ਸ਼ਹਿਰਾਂ ਦੇ ਹੋਟਲਾਂ ਢਾਬਿਆਂ, ਰੈਸਟੋਰੈਂਟਾਂ ਤੋਂ ਲੈ ਕੇ ਬਸਤੀਆਂ ਤੱਕ ਜਿਸਮਾਂ ਦੀ ਮੰਡੀ ਲੱਗ ਰਹੀ ਹੈ। ਲੇਬਰ ਚੌਕਾਂ 'ਚ ਮਨੁੱਖਾਂ ਦੀ, ਕਈ ਸ਼ਹਿਰਾਂ ਦੇ ਬਾਈਪਾਸ ਤੇ ਟਰੈਕਟਰਾਂ ਦੀ ਮੰਡੀ ਤਾਂ ਪੰਜਾ ਫੈਲਾ ਕੇ ਗੰਭੀਰ ਸੰਕਟ ਦੀ ਕਹਾਣੀ ਸਾਫ ਕਹਿੰਦੀ ਸੁਣਾਈ ਦਿੰਦੀ ਹੈ। ਬੱਸ ਫਰਕ ਐਨਾ ਹੈ ਕਿ 'ਰੰਗਲੇ ਪੰਜਾਬ' 'ਚ ਜਿਸਮ ਫਰੋਸ਼ੀ ਨੰਗੀ ਅੱਖ ਨੂੰ ਦਿਖਾਈ ਨਹੀਂ ਦਿੰਦੀ। ਮੁਲਕ ਸੇਲ 'ਤੇ ਲਾਉਣ, ਔਰਤ ਨੂੰ ਨੁਮਾਇਸ਼ ਅਤੇ ਵਿੱਕਰੀ ਦੀ ਵਸਤੂ ਬਣਾ ਧਰਨ, ਭਰੂਣ ਹੱਤਿਆਵਾਂ ਦੇ ਖੂਹ 'ਚ ਪੰਜਾਬ ਦੀ ਗੈਰਤ ਨੂੰ ਵਗਾਹ ਮਾਰਨ ਨੂੰ ਜਲ੍ਹਿਆਂ ਵਾਲੇ ਬਾਗ ਦਾ ਗੌਰਵ ਦਾ ਚਿੰਨ੍ਹ ਖੂਹ ਵੰਗਾਰਦਾ ਹੈ। ਭੁੱਖਾਂ ਦੁੱਖਾਂ ਦੇ ਮਾਰੇ ਲੋਕਾਂ ਦੇ ਦਰਦ ਹੰਢਾਉਂਦੀਆਂ ਕਲਮਾਂ ਵਿਕਾਸ ਦੀਆਂ ਘੋੜੀਆਂ ਗਾਉਣ ਵਾਲਿਆਂ ਅੱਗੇ ਸੁਆਲੀਆ ਚਿੰਨ੍ਹ ਬਣੀਆਂ ਸੁਆਲ ਦਰ ਸੁਆਲ ਕਰ ਰਹੀਆਂ ਹਨ:

*ਚੰਨ ਤੋਂ ਪਰਤਣ ਵਾਲਿਆ ਐਨੀ ਗੱਲ ਤਾਂ ਦੱਸ*
*ਕੀ ਓਥੇ ਵੀ ਝੁੱਗੀਆਂ ਨੇ ਮਹਿਲਾਂ ਦੇ ਕੋਲ ਕੋਲ*

ਸਮਾਜ ਦੇ ਆਰਥਕ ਸਮਾਜ ਪਾੜੇ, ਧੱਕੇ ਧੋੜਿਆਂ, ਵਿਤਕਰਿਆਂ, ਜਲੀਲਤਾ ਦੀ ਤਸਵੀਰ ਇਕ ਪੱਖ ਇਹ ਵੀ ਉਭਾਰਦੀ ਹੈ ਕਿ ਸਾਡਾ ਜੁਝਾਰੂ, ਗੈਰਤਮੰਦ ਵਿਰਸਾ ਹੈ। ਅਸੀਂ ਪਰਦੇਸਾਂ ਤੋਂ ਗਦਰ ਦੀ ਗੂੰਜ ਬਣ ਕੇ ਉਠਦੇ ਰਹੇ ਹਾਂ। ਸਾਨੂੰ ਸਤਲੁਜ ਕੰਢਾ ਆਵਾਜ਼ਾਂ ਮਾਰ ਰਿਹਾ ਹੈ। ਸਾਨੂੰ ਅਜੀਤ ਸਿੰਘ ਅਤੇ ਬਾਂਕੇ ਦਿਆਲ ਦੀ 'ਪਗੜੀ ਸੰਭਾਲ ਜੱਟਾ' ਦੀ ਆਵਾਜ਼ ਸੁਣਾਈ ਕਿਉਂ ਨਹੀਂ ਦੇ ਰਹੀ ਜਾਂ ਮੱਧਮ ਜਿਹੀ ਹੀ ਕਿਉਂ ਸੁਣਾਈ ਦਿੰਦੀ ਹੈ। ਅਸੀਂ ਸੂਰਜਾਂ

ਦੇ ਹਮਸਫਰਾਂ ਵਜੋਂ ਜਾਣੇ ਜਾਣ ਵਾਲੇ ਅੱਜ ਜੁਗਨੂੰਆਂ ਵਾਂਗ ਟਿਮਟਿਮਾਉਂਦੇ ਚਾਨਣ ਵੰਡਦੇ ਕਿਉਂ ਬਣ ਕੇ ਰਹਿ ਰਹੇ ਹਾਂ। ਇਕ ਗੱਲ ਕੋਠੇ ਚੜ੍ਹ ਕੇ ਬਾਂਹ ਕੱਢ ਕੇ ਕਹੀ ਜਾ ਸਕਦੀ ਹੈ ਕਿ ਹੁਣ ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਭਾਰਤ ਭੂਗੋਲਿਕ ਪੱਖੋਂ ਇਕ ਤਾਂ ਕੋਈ ਕਹਿ ਸਕਦਾ ਹੈ ਪਰ ਜਮਾਤੀ ਤੌਰ ’ਤੇ ਇਹ ਪੂਰੀ ਤਰ੍ਹਾਂ ਵੰਡਿਆ ਹੋਇਆ ਹੈ।

ਇਹ ਆਰਥਕ, ਸਮਾਜਕ, ਰਾਜਨੀਤਕ, ਸਭਿਆਚਾਰਕ ਹਰ ਖੇਤਰ ਅੰਦਰ ਮਹੀਣ ਤੋਂ ਮਹੀਣ ਸ਼ਕਲ ’ਚ ਦੇਖਿਆ ਜਾ ਸਕਦਾ ਹੈ। ਇਉਂ ਹੀ ਹਰ ਵੰਨਗੀ ਦੇ ਦਾਬੇ, ਵਿਤਕਰੇ, ਅਨਿਆਂ ਅਤੇ ਜਬਰ ਸਿਤਮ ਦੀ ਭੰਨੀ ਲੋਕਾਈ ਨੂੰ ਜਮਾਤੀ ਚੇਤਨਾ ਦੀ ਲੋਅ ’ਚ ਵੰਡਣ ਦੀ ਲੋੜ ਹੈ। ਇਉਂ ਮੋਰਚੇ ਮੱਲੇ ਬਿਨਾਂ ਸਿਰਫ ਹਾਕਮ ਧੜਿਆਂ ਨੂੰ ਕੋਸਣ, ਟੀਕਾ ਟਿੱਪਣੀ ਕਰਨ ਤੱਕ ਸੀਮਤ ਰਹਿਣਾ ਪ੍ਰਤੀਕਿਰਿਆ ਦੀ ਲਛਮਣ ਰੇਖਾ ’ਚ ਫਸਣਾ ਹੀ ਹੋਵੇਗਾ। ਤੂਫਾਨ ਤੋਂ ਪਹਿਲਾਂ ਦੀ ਸਥਿਤੀ ਜੋ ਮਰਜ਼ੀ ਦਿਸ਼ਾ ਅਖਤਿਆਰ ਕਰ ਜਾਵੇ ਇਸ ਨੂੰ ਨਿਆਸਰੇ ਅਤੇ ਦਿਸ਼ਾ-ਹੀਣ ਛੱਡਣ ਦਾ ਬੱਜਰ ਗੁਨਾਹ ਹੋਵੇਗਾ। ਇਹ ਸਥਿਤੀ ਹਰ ਰੌਸ਼ਨ ਮੱਥੇ ਤੋਂ ਕੁਝ ਆਸ ਕਰਦੀ ਹੈ। ਕੁਝ ਮੰਗਦੀ ਹੈ। ਸਲ੍ਹਾਬਾਪਣ ਲਾਹੁਣ ਵਾਲੀ ਸਥਿਤੀ ਸਿਰਜਣ ਲਈ ਆਵਾਜ਼ਾਂ ਮਾਰ ਰਹੀ ਹੈ। ਅੱਖਾਂ ਖੋਲ੍ਹ ਕੇ ਜੋ ਸਮਾਜੀ ਵਰਤਾਰੇ ਸਾਹਮਣੇ ਆ ਰਹੇ ਹਨ ਉਨ੍ਹਾਂ ਨੂੰ ਚਿੰਤਨਸ਼ੀਲਤਾ ਨਾਲ ਨਾਪਣ ਤੋਲਣ ਅਤੇ ਅਧਿਐਨ ਕਰਨ ਲਈ ਹੁੱਜਾਂ ਮਾਰਦੀ ਹੈ। ਹੁਣੇ ਹੁਣੇ ਹੀ (ਫਰਵਰੀ 2007) ਹੋਈਆਂ ਚੋਣਾਂ ’ਚ ਭੇਡਾਂ ਬੱਕਰੀਆਂ ਵਾਂਗ ਖਰੀਦੀਆਂ ਗਈਆਂ ਵੋਟਾਂ ਨੇ ਪੰਜਾਬ ਦੀ ਬਹੁਵੰਨਗੀ ਤਸਵੀਰ ਸਾਹਮਣੇ ਲਿਆਂਦੀ ਹੈ। ਇਹ ਨੈਤਿਕ ਮਿਆਰਾਂ ਤੇ ਵੀ ਪ੍ਰਸ਼ਨ ਹੈ ਅਤੇ ਇਕ ਪੱਖੋਂ ਜਮਹੂਰੀ ਚੋਣ ਪ੍ਰਣਾਲੀ ਦਾ ਜਨਾਜ਼ਾ ਵੀ ਉੱਠਿਆ ਹੈ। ਇਸ ਨੇ ਇਹ ਵੀ ਦਰਸਾਇਆ ਹੈ ਕਿ ਲੋਕਾਂ ਦੀ ਸੋਚਣੀ ’ਚ ਇਹ ਗੱਲ ਵੀ ਧਸ ਗਈ ਕਿ ਲੋਕਾਂ ਦਾ ਅਮਨ ਚੈਨ ਚੁਰਾ ਕੇ ਇਨ੍ਹਾਂ ‘ਬਗਲਿਆਂ’ ਨੇ ਚਾਰ ਦਿਨਾਂ ਨੂੰ ਉੱਡ ਜਾਣਾ ਹੈ। ਮੁੜ ਸਾਡੀ ਦੇਹਲੀ ਵੱਲ ਫੇਰਾ ਨਹੀਂ ਪਾਉਣਾ ਇਸ ਲਈ ਜੋ ਅੱਜ ਹੱਥ ਲੱਗਦੈ, ਜਿਥੋਂ ਵੀ ਲੱਗਦੈ ਬੋਚ ਲਵੋ। ਉਨ੍ਹਾਂ ਨੂੰ ਜੇ ਸਮਾਜਕ ਤਬਦੀਲੀ ਲਿਆ ਧਰਨ ਵਾਲੀ ਇਨਕਲਾਬੀ ਤਾਕਤ ’ਤੇ ਭਰੋਸਾ ਤਕੜੀ ਤਰ੍ਹਾਂ ਬੱਝ ਜਾਵੇ ਇਹ ਇਉਂ ਉਨ੍ਹਾਂ ਦੀ ਗੈਰਤ ਦੀ ਹੱਤਿਆ ਨਾ ਹੋਵੇ। ਇਉਂ ਉਹ ਜ਼ਿੰਦਗੀ ਦੇ ਨਿੱਕੇ ਨਿੱਕੇ ਪੜਾਵਾਂ ਨਾਲ ਇਉਂ ਨਾ ਨਜਿੱਠਣ। ਫਿਰ ਉਹ ਆਪਣੇ ਪਰਾਏ ਦੀ, ਨਿਸ਼ਾਨੇ ਦੀ ਨਿਰਖ ਕਰਨ। ਹੁਣ ਕਿਉਂਕਿ ਇਕ ਖਲਾਅ ਵਾਲਾ ਵਰਤਾਰਾ ਭਾਰੂ ਹੈ ਇਸ ’ਚ ਚਿੰਤਾ ਦੇ ਵਿਸ਼ੇ ਵੀ ਅਹਿਮ ਹਨ ਜੋ ਇਉਂ ਕਹਿੰਦੇ ਪ੍ਰਤੀਤ ਹੁੰਦੇ ਹਨ:

*ਸਭ ਤੋਂ ਖਤਰਨਾਕ ਹੁੰਦਾ ਹੈ*
*ਸਾਡੇ ਸੁਪਨਿਆਂ ਦਾ ਮਰ ਜਾਣਾ।*

ਸੰਸਾਰ ਭਰ ਦੇ ਇਤਿਹਾਸ ਦੀ ਗਵਾਹੀ ਹੈ ਕਿ ਸੁਪਨਿਆਂ ਨੂੰ ਪਰਨਾਈ, ਇਕਜੁੱਟ, ਜਾਗਦੀ ਜੁਝਾਰ ਲੋਕਾਈ ਨੇ ਯੁੱਗ ਬਦਲੇ ਹਨ। ਨਵੇਂ ਸਮਾਜ ਸਿਰਜੇ ਹਨ। ਇਹ ਸਾਰੀ

ਤਾਕਤ ਲੋਕਾਂ ਦੀ ਆਪਣੀ ਹੁੰਦੀ ਹੈ। ਕਿਰਤੀ ਕਾਮਿਆਂ, ਨੌਜਵਾਨਾਂ ਅਤੇ ਬੁੱਧੀਮਾਨਾਂ ਦੀ। ਇਨ੍ਹਾਂ 'ਚ ਔਰਤਾਂ ਦੀ ਸਰਗਰਮ ਭੂਮਿਕਾ ਹੁੰਦੀ ਹੈ। ਇਨ੍ਹਾਂ ਦੀ ਅਗਵਾਈ ਉਨ੍ਹਾਂ ਦੀ ਰਾਜਨੀਤਕ ਤਾਕਤ ਕਰਦੀ ਹੈ ਜਿਸ ਕੋਲ ਜਿੱਤਣ ਲਈ ਸੰਸਾਰ ਪਿਆ ਹੁੰਦਾ ਹੈ ਅਤੇ ਗੁਆਉਣ ਲਈ ਬੇੜੀਆਂ ਤੋਂ ਸਿਵਾਏ ਕੁਝ ਨਹੀਂ। ਇਸ ਵਰਤਾਰੇ ਨੂੰ ਤਾਕਤਵਰ ਅਤੇ ਫੈਸਲਾਕੁਨ ਸਥਾਨ ਮੱਲਣ ਲਈ ਅਗਲੀ ਪਾਲ 'ਚ ਲਿਆਉਣ ਲਈ ਪੰਜਾਬ ਦਾ ਸਿਰਮੌਰ ਕਵੀ ਸੰਤੋਖ ਸਿੰਘ ਧੀਰ ਕਾਵਿਕ ਅੰਦਾਜ਼ 'ਚ ਇਉਂ ਬਿਆਨਦਾ ਹੈ:

*ਹਸਤਨਾਪੁਰ!*
*ਕਰ ਇਕੱਠੇ*
*ਆਪਣੇ ਸਾਰੇ ਨਗਰ ਵਾਸੀ*
*ਭੀਲ, ਗੋਲੇ ਤੇ ਮਛੇਰੇ*
*ਦਾਸ, ਸੇਵਕ, ਦੁਆਰਪਾਲ*
*ਜੋੜ ਕੇ ਸੈਨਾ ਇਨ੍ਹਾਂ ਦੀ*
*ਆਪ ਲੜ ਆਪਣੀ ਲੜਾਈ*
*ਆਪਣੇ ਆਪੇ ਦੀ ਲੜਾਈ*
*ਆਪਣੇ ਗੌਰਵ ਦੀ ਲੜਾਈ*

'ਤੂਫਾਨ ਤੋਂ ਪਹਿਲਾਂ' ਤਿੱਖੀਆਂ ਸੈਨਤਾਂ ਹੋ ਰਹੀਆਂ ਹਨ। ਇਹ ਕੋਈ ਸਾਧਾਰਣ ਵਰਤਾਰਾ ਨਹੀਂ ਕਿ ਲੋਕ ਸੜਕਾਂ 'ਤੇ ਨਿੱਤਰ ਰਹੇ ਹਨ। ਚੋਣਾਂ ਦੇ ਦੌਰ 'ਚ ਵੀ ਲੋਕ ਸੰਘਰਸ਼ਾਂ ਦੇ ਰਾਹ ਰਹੇ ਹਨ। ਇਨਕਲਾਬੀ ਰਾਹ ਰੁਸ਼ਨਾਉਂਦੀਆਂ ਮੋਮਬੱਤੀਆਂ ਜਗਾ ਕੇ ਚੱਲੇ ਹਨ। ਅੱਜ ਜਦੋਂ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਜਨਮ ਸ਼ਤਾਬਦੀ ਚੱਲ ਰਹੀ ਹੈ ਤਾਂ ਅਜੇਹੇ ਮੌਕੇ ਸ਼ਹੀਦ ਭਗਤ ਸਿੰਘ ਦੇ ਇਹ ਬੋਲ ਗਹਿਰੇ ਅਰਥ ਰੱਖਦੇ ਹਨ ਕਿ:

"ਜਦ ਖੜੋਤ ਦੀ ਹਾਲਤ ਲੋਕਾਂ ਨੂੰ ਆਪਣੇ ਸ਼ਿਕੰਜੇ ਵਿਚ ਜਕੜ ਲੈਂਦੀ ਹੈ, ਕਿਸੇ ਕਿਸਮ ਦੀ ਤਬਦੀਲੀ ਤੋਂ ਉਹ ਹਿਚਕਿਚਾਉਂਦੇ ਹਨ, ਬਸ ਇਸ ਜਮੂਦ ਅਤੇ ਬੇਹਰਕਤੀ ਨੂੰ ਤੋੜਨ ਦੀ ਖਾਤਰ ਲੋਕਾਂ ਵਿਚ ਇਨਕਲਾਬੀ ਸਪਿਰਟ ਪੈਦਾ ਕਰਨ ਦੀ ਲੋੜ ਹੁੰਦੀ ਹੈ ਨਹੀਂ ਤਾਂ ਇਕ ਗਿਰਾਵਟ, ਬਰਬਾਦੀ ਦਾ ਵਾਯੂ ਮੰਡਲ ਕਾਬਜ਼ ਹੋ ਜਾਂਦਾ ਹੈ...।"

*ਧਰਤੀ ਪੁੱਛੇ ਅਸਮਾਨ ਤੋਂ :*

# ਕਿੱਥੇ ਹੈ ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ

"ਮਜ਼ਦੂਰ ਭਾਵੇਂ ਸੰਸਾਰ ਦਾ ਸਭ ਤੋਂ ਜ਼ਰੂਰੀ ਅੰਗ ਹਨ ਫਿਰ ਵੀ ਲੁਟੇਰੇ ਉਨ੍ਹਾਂ ਦੀ ਖ਼ੂਨ-ਪਸੀਨੇ ਦੀ ਕਮਾਈ ਨੂੰ ਹੜੱਪ ਜਾਂਦੇ ਹਨ। ਦੂਜਿਆਂ ਲਈ ਅੰਨ ਪੈਦਾ ਕਰਨ ਵਾਲਾ ਕਿਸਾਨ ਆਪਣੇ ਪਰਿਵਾਰ ਸਮੇਤ ਦਾਣੇ-ਦਾਣੇ ਨੂੰ ਸਹਿਕਦਾ ਹੈ। ਕੱਪੜਾ ਬੁਨਣ ਵਾਲਾ, ਜਿਹੜਾ ਸਾਰੇ ਸੰਸਾਰ ਦੀਆਂ ਮੰਡੀਆਂ ਲਈ ਕੱਪੜਾ ਤਿਆਰ ਕਰਦਾ ਹੈ ਉਹ ਆਪਣਾ ਤੇ ਆਪਣੇ ਬੱਚਿਆਂ ਦਾ ਜਿਸਮ ਵੀ ਨਹੀਂ ਢਕ ਸਕਦਾ। ਰਾਜ, ਲੁਹਾਰ ਤੇ ਤਰਖਾਣ ਜਿਹੜੇ ਸ਼ਾਨਦਾਰ ਮਹੱਲ ਉਸਾਰਦੇ ਹਨ, ਨਿਥਾਵਿਆਂ ਵਾਂਗ ਗੰਦਿਆਂ ਖੋਲਿਆਂ ਵਿਚ ਰਹਿੰਦੇ ਹਨ। ਦੂਜੇ ਪਾਸੇ ਸਮਾਜ ਦਾ ਲਹੂ ਪੀਣੇ ਪੂੰਜੀਪਤੀ ਕਰੋੜਾਂ ਰੁਪਿਆ ਆਪਣੇ ਮਨ ਦੀ ਮੌਜ ਲਈ ਰੋੜ੍ਹ ਦਿੰਦੇ ਹਨ। ਇਸ ਭਿਅੰਕਰ ਨਾ-ਬਰਾਬਰੀ ਅਤੇ ਬਦੋ-ਬਦੀ ਠੋਸੇ ਗਏ ਭੇਦ ਭਾਵ ਦਾ ਨਤੀਜਾ ਹਫੜਾ-ਦਫੜੀ ਹੋਵੇਗਾ। ਇਹ ਹਾਲਤ ਬਹੁਤਾ ਚਿਰ ਕਾਇਮ ਨਹੀਂ ਰਹਿ ਸਕਦੀ। ਇਹ ਸਾਫ ਹੈ ਕਿ, ਹੁਣ ਵਾਲਾ ਸਮਾਜਿਕ ਢਾਂਚਾ, ਜਿਹੜਾ ਕਿ ਦੂਸਰਿਆਂ ਦੀ ਮਜਬੂਰੀ ਤੇ ਰੰਗਰਲੀਆਂ ਮਨਾ ਰਿਹਾ ਹੈ, ਇਕ ਜਵਾਲਾਮੁਖੀ ਦੇ ਮੂੰਹ 'ਤੇ ਬੈਠਾ ਹੈ।"

ਉਕਤ ਸ਼ਬਦ ਬੇਸ਼ੱਕ ਮਜ਼ਦੂਰਾਂ-ਕਿਸਾਨਾਂ ਦੀ ਕਿਸੇ ਰੈਲੀ ਨੂੰ ਸੰਬੋਧਨ ਕਰਦੇ ਕਿਸੇ ਅਗਾਂਹਵਧੂ ਨੇਤਾ ਵੱਲੋਂ ਅੱਜ ਦੇ ਭਾਰਤ ਬਾਰੇ ਕਹੇ ਗਏ ਜਾਪਦੇ ਹਨ ਤੇ ਸਾਡੇ ਸਮਾਜ ਦੀ ਹੂ-ਬ-ਹੂ ਤਸਵੀਰ ਖਿੱਚਦੇ ਲਗਦੇ ਹਨ ਪਰ ਅਸਲ ਵਿਚ ਇਹ ਸ਼ਬਦ ਸ਼ਹੀਦ ਭਗਤ ਸਿੰਘ ਵੱਲੋਂ ਅਸੈਂਬਲੀ ਬੰਬ ਕੇਸ ਵਿਚ ਸ਼ੈਸ਼ਨ ਅਦਾਲਤ ਵਿਚ ਦਿੱਤੇ ਬਿਆਨ ਵਿਚੋਂ ਹਨ, ਜਿਹੜੇ ਅੱਜ 75 ਸਾਲ ਬਾਅਦ ਵੀ ਓਨੇ ਹੀ ਢੁਕਵੇਂ ਹਨ। ਅਸੀਂ ਸੋਚ ਸਕਦੇ ਹਾਂ ਕਿ ਇਸ ਪੌਣੀ ਸਦੀ ਵਿਚ, ਸਮੇਤ ਆਜ਼ਾਦੀ ਦੇ 58 ਸਾਲਾਂ ਦੇ, ਅਸੀਂ ਕਿਥੇ ਕੁ ਪਹੁੰਚੇ ਹਾਂ। ਕੀ ਸਾਡਾ ਦੇਸ਼ ਸੱਚਮੁੱਚ ਤਰੱਕੀ ਕਰ ਰਿਹਾ ਹੈ ? ਕੀ ਅਸੀਂ ਸੱਚਮੁੱਚ ਆਜ਼ਾਦ ਹੋ ਗਏ ਹਾਂ ? ਕੀ ਅੰਗਰੇਜ਼ਾਂ ਦੇ ਖ਼ੂਨੀ ਪੰਜੇ 'ਚੋਂ ਭਾਰਤ ਦੀ ਗਰਦਨ ਨੂੰ ਮੁਕਤ ਕਰਾਉਣ ਲਈ ਜਾਨਾਂ ਕੁਰਬਾਨ ਕਰਨ ਵਾਲੇ, ਆਪਣੀਆਂ ਜਵਾਨੀਆਂ ਜੇਲ੍ਹਾਂ ਦੀਆਂ ਕਾਲ-ਕੋਠੜੀਆਂ 'ਚ ਚੱਕੀਆਂ ਪੀਂਹਦਿਆਂ ਬਤੀਤ ਕਰਨ ਵਾਲੇ ਅਤੇ ਆਪਣੇ ਪਰਿਵਾਰ, ਜਾਇਦਾਦਾਂ, ਘਰ-ਘਾਟ ਬਰਬਾਦ ਕਰਾਉਣ ਵਾਲੇ ਆਜ਼ਾਦੀ ਦੇ ਪ੍ਰਵਾਨਿਆਂ ਦੀਆਂ ਅੱਖਾਂ 'ਚ ਅਜਿਹੇ ਭਾਰਤ ਦਾ ਸੁਪਨਾ ਸੀ ?

ਜਦੋਂ ਅਸੀਂ ਅਜੋਕੇ ਹਾਲਾਤ ’ਤੇ ਝਾਤ ਮਾਰਦੇ ਹਾਂ ਤਾਂ ਕਿੰਨੇ ਹੀ ਸਵਾਲ ਮੂੰਹ ਅੱਡੀ ਖੜ੍ਹੇ ਵਿਖਾਈ ਦਿੰਦੇ ਹਨ। ਅਸੀਂ ਹਿੰਦੁਸਤਾਨ ਦੇ 65 ਕਰੋੜ ਦੇ ਲਗਭਗ ਨੌਜਵਾਨਾਂ ਤੇ ਬੱਚਿਆਂ ਲਈ ਕਿਹੋ ਜਿਹੀ ਵਿਰਾਸਤ ਛੱਡਣ ਜਾ ਰਹੇ ਹਾਂ (ਸੰਨ 2001 ਦੀ ਮਰਦਮਸ਼ੁਮਾਰੀ ਅਨੁਸਾਰ ਭਾਰਤ ਦੀ 60 ਫੀਸਦੀ ਆਬਾਦੀ 25 ਸਾਲ ਤੋਂ ਘੱਟ ਉਮਰ ਦੀ ਹੈ)। ਇਨ੍ਹਾਂ ਤੀਖਣ ਸਵਾਲਾਂ ’ਤੇ ਡੂੰਘੇ ਵਿਚਾਰ-ਵਟਾਂਦਰੇ ਦੀ ਲੋੜ ਹੈ।

ਸਾਡਾ ਦੇਸ਼ ਪਿਛਲੇ ਚਾਰ-ਪੰਜ ਦਹਾਕਿਆਂ ਤੋਂ ਇਕ ਗੰਭੀਰ ਚਰਿੱਤਰ ਸੰਕਟ ’ਚ ਧਸਦਾ ਜਾ ਰਿਹਾ ਹੈ। ਅਸੀਂ ਆਪਣੀਆਂ ਸਮਾਜਿਕ ਕਦਰਾਂ-ਕੀਮਤਾਂ ’ਤੇ ਮੁੱਲ ਗੁਆ ਲਏ ਹਨ। ਏਥੇ ਠੱਗੀ, ਚੋਰੀ, ਲੁੱਟ ਅਤੇ ਰਿਸ਼ਵਤ ਦੇ ਧਨ ਨੂੰ ‘ਕਮਾਈ’ ਕਿਹਾ ਜਾਣ ਲੱਗ ਪਿਆ ਹੈ ਤੇ ਅਜਿਹੇ ਢੰਗਾਂ ਨਾਲ ਅਮੀਰ ਹੋਏ ਲੋਕਾਂ ਦੀ ਇੱਜ਼ਤ ਹੋਣ ਲੱਗ ਪਈ ਹੈ। ਏਥੇ ਸਾਦੇ, ਸੱਚੇ ਤੇ ਸੰਜਮੀ ਬੰਦਿਆਂ ਨੂੰ ਮੂਰਖ ਕਿਹਾ ਜਾਣ ਲੱਗ ਪਿਆ ਹੈ।

ਇਸ ਚਰਿੱਤਰ ਸੰਕਟ ਦਾ ਇਕ ਪ੍ਰਗਟਾਵਾ ਰਾਜਨੀਤਕ-ਭ੍ਰਿਸ਼ਟਾਚਾਰ ਹੈ। ਇਹ ਵੇਦਾਂ-ਕਤੇਬਾਂ-ਗ੍ਰੰਥਾਂ ਦੀ ਰਚਣਹਾਰੀ ਧਰਤੀ ਅੱਜ ਭ੍ਰਿਸ਼ਟਾਚਾਰ ਦੀ ਦਲਦਲ ਬਣ ਗਈ ਹੈ ਜਿਸ ਵਿਚ ਹਰ ਜੀਅ-ਜੰਤ ਗਰਕਦਾ ਨਜ਼ਰ ਆ ਰਿਹਾ ਹੈ। ਆਜ਼ਾਦੀ ਤੋਂ ਬਾਦ ਦੀ ਭਾਰਤੀ ਰਾਜਨੀਤੀ ਉੱਪਰ ਲਗਭਗ ਸੱਤ-ਅੱਠ ਹਜ਼ਾਰ ਬੰਦਿਆਂ (ਅਤੇ ਉਨ੍ਹਾਂ ਦੇ ਵਾਰਿਸਾਂ) ਦਾ ਕਬਜ਼ਾ ਰਿਹਾ ਹੈ। ਅਦਲ-ਬਦਲ ਕੇ ਓਹੀ ਲੋਕ ਵਾਰ-ਵਾਰ ਸੱਤਾ ਹਥਿਆ ਲੈਂਦੇ ਹਨ। ਇਨ੍ਹਾਂ ਲੋਕਾਂ ਨੇ ਭ੍ਰਿਸ਼ਟ ਤਰੀਕਿਆਂ ਰਾਹੀਂ ਏਨਾ ਧਨ ਇਕੱਠਾ ਕਰ ਲਿਆ ਹੈ ਕਿ ਇਨ੍ਹਾਂ ਦੇ ਪਰਿਵਾਰਾਂ ਤੱਕ ਨੂੰ ਹਿਸਾਬ-ਕਿਤਾਬ ਨਹੀਂ ਕਿ ਦੇਸ਼ੀ-ਵਿਦੇਸ਼ੀ ਬੈਂਕਾਂ ’ਚ ਇਨ੍ਹਾਂ ਦਾ ਕਿੰਨਾ ਪੈਸਾ ਜਮ੍ਹਾਂ ਹੈ। ਕਿਸੇ ਸਮੇਂ ਪੰਜ-ਪੰਜ ਰੁਪਏ ਚੰਦਾ ਇਕੱਠਾ ਕਰਕੇ ਇਲੈਕਸ਼ਨਾਂ ਲੜਨ ਵਾਲੇ ਨੇਤਾਵਾਂ ਦੇ ਵਾਰਿਸਾਂ ਦੇ ਫਾਰਮ ਹਾਊਸਾਂ ’ਚ ਅੱਜ ਹੈਲੀਕਾਪਟਰ ਉਤਰਦੇ ਹਨ। ਠੰਢੇ-ਤੱਤੇ ਪਾਣੀਆਂ ਦੇ ਤਲਾਬ ਹਨ। ਲਗਭਗ ਸਾਰੀਆਂ ਸਰਕਾਰੀ ਜਾਇਦਾਦਾਂ ਹੜੱਪ ਕਰ ਲਈਆਂ ਹਨ। ਸੈਂਕੜੇ ਏਕੜ ਜ਼ਮੀਨਾਂ ਹਥਿਆ ਕੇ ਵੱਡੇ-ਵੱਡੇ ਸਨਅਤੀ ਤੇ ਵਪਾਰਕ ਅਦਾਰੇ ਸਥਾਪਤ ਕਰ ਲਏ ਹਨ। ਆਪਣੇ-ਆਪਣੇ ਖੇਤਰਾਂ ’ਚ ਲਗਭਗ ਓਹੋ ਜਿਹੀਆਂ ਨਵਾਬੀਆਂ ਤੇ ਰਿਆਸਤਾਂ ਬਣਾ ਲਈਆਂ ਹਨ, ਜਿਹੋ ਜਿਹੀਆਂ ਛੇ ਸੌ ਤੋਂ ਉੱਪਰ ਰਿਆਸਤਾਂ ਨੂੰ ਆਜ਼ਾਦੀ ਵੇਲੇ ਖਤਮ ਕਰਕੇ ਇਕ ਸਮੱਗਰ ਭਾਰਤ ਉਸਾਰਿਆ ਗਿਆ ਸੀ। ਇਸ ਸਾਰੀ ਲੁੱਟ ਵਿਚ ਨੇਤਾਵਾਂ ਦਾ, ਅਫਸਰਸ਼ਾਹੀ ਨੇ ਪੂਰਾ-ਪੂਰਾ ਸਾਥ ਦਿੱਤਾ ਹੈ ਤੇ ਰੱਜਵਾਂ ਹਿੱਸਾ ਵੀ ਵੰਡਾਇਆ ਹੈ।

ਦੂਜੇ ਪਾਸੇ ਸਾਡੇ ਦੇਸ਼ ਦੀ1947 ਵੇਲੇ ਜਿੰਨੀ ਕੁਲ ਅਬਾਦੀ ਸੀ, ਉਸ ਤੋਂ ਜ਼ਿਆਦਾ ਔਰਤਾਂ, ਬੱਚੇ, ਮਰਦ ਅੱਜ ਗਰੀਬੀ ਰੇਖਾ ਤੋਂ ਹੇਠਾਂ ਜਿਉਣ ਲਈ ਮਜਬੂਰ ਹਨ। ਸਿੱਖਿਆ ਤੇ ਸਿਹਤ ਸਹੂਲਤਾਂ ਤਾਂ ਦੂਰ ਦੀ ਗੱਲ, ਉਨ੍ਹਾਂ ਨੂੰ ਦੋ ਵੇਲੇ ਦੀ ਰੋਟੀ, ਤਨ ਲਈ ਕੱਪੜਾ ਤੇ ਸਿਰ ’ਤੇ ਛੱਤ ਦਰਕਾਰ ਨਹੀਂ। ਕੀ ਇਹ ਬੇਸ਼ਰਮ ਅਸਾਵਾਂਪਣ ਵੀ ਆਜ਼ਾਦੀ ਦੀਆਂ ਪ੍ਰਾਪਤੀਆਂ ’ਚੋਂ ਇਕ ਹੈ ?

ਸਾਡੇ ਇਸ 'ਮਹਾਨ ਲੋਕਤੰਤਰ' ਦੇ ਚਾਲਕਾਂ ਨੇ ਅਮੀਰ ਹੋਣ ਦੇ ਨਵੇਂ ਤੇ ਪੱਕੇ ਢੰਗ ਈਜਾਦ ਕਰ ਲਏ ਹਨ। ਦਿਨ-ਰਾਤ ਮਿਹਨਤ-ਮੁਸ਼ੱਕਤ ਕਰਨ ਵਾਲਾ ਮਜ਼ਦੂਰ-ਕਿਸਾਨ ਆਪਣੇ ਪਰਿਵਾਰਾਂ ਲਈ ਰੋਟੀ ਕੱਪੜਾ ਜੁਟਾਉਣ ਤੋਂ ਅੱਗੇ ਵਧੇ ਤੁਹਾਨੂੰ ਨਹੀਂ ਮਿਲਣਗੇ। ਸਾਡਾ ਪ੍ਰਬੰਧਕੀ ਢਾਂਚਾ ਅਜਿਹਾ ਬਣਾ ਲਿਆ ਗਿਆ ਹੈ ਕਿ ਕਾਮਿਆਂ ਦੀ ਕਮਾਈ ਦਾ ਵੱਡਾ ਹਿੱਸਾ ਵਿੰਗੇ-ਟੇਢੇ ਢੰਗ ਨਾਲ ਇਸ ਤੰਤਰ ਨੂੰ ਚਲਾਉਣ ਵਾਲਿਆਂ ਦੇ ਬੋਝੇ 'ਚ ਚਲਿਆ ਜਾਂਦਾ ਹੈ।

'ਤੇਲਗੀ' ਵਰਗੇ ਵਰਤਾਰੇ ਵੀ ਏਥੇ ਕੋਈ ਅਲੋਕਾਰ ਗੱਲ ਨਹੀਂ ਰਹੀ। ਇਹ ਘਟਨਾ ਵੀ ਭਾਰਤੀ ਲੋਕਤੰਤਰ ਦੀ 'ਮਹਾਨਤਾ' ਹੀ ਹੈ। ਇਕ ਬੀ-ਕਾਮ ਪੜ੍ਹਿਆ ਨੌਜਵਾਨ ਤੇਲਗੀ ਚਾਰ-ਪੰਜ ਸਾਲਾਂ ਦੇ ਸਮੇਂ 'ਚ 50-60 ਹਜ਼ਾਰ 'ਕਰੋੜ ਰੁਪਏ' ਦੇ ਅਸ਼ਟਾਮ ਤੇ ਟਿਕਟਾਂ ਜਾਅਲੀ ਛਾਪ ਕੇ ਵੇਚ ਗਿਆ। ਹਾਲਾਂਕਿ ਅਸ਼ਟਾਮਾਂ ਤੇ ਟਿਕਟਾਂ ਦੀ ਵਿੱਕਰੀ ਸਰਕਾਰੀ ਮਹਿਕਮਿਆਂ ਰਾਹੀਂ ਹੀ ਕੀਤੀ ਜਾਂਦੀ ਹੈ। ਉਨ੍ਹਾਂ ਚਾਰ-ਪੰਜ ਸਾਲਾਂ 'ਚ ਸਾਡੇ ਦੇਸ਼ 'ਚ ਸਭ ਪ੍ਰੋਨੋਟ, ਇਕਰਾਰਨਾਮੇ, ਗਹਿਣੇ-ਬੈਅ ਰਜਿਸਟਰੀਆਂ, ਮੁਖਤਿਆਰਨਾਮੇ, ਗੱਲ ਕੀ ਅਸ਼ਟਾਮ ਉੱਪਰ ਬਨਣ ਵਾਲਾ ਹਰ ਦਸਤਾਵੇਜ਼ ਜਾਅਲੀ ਬਣ ਗਿਆ। ਭਾਰਤੀ ਪਾਰਲੀਮੈਂਟ ਨੂੰ ਚੁੱਪ-ਚੁਪੀਤੇ ਸ਼ਰਮਾਉਂਦੇ ਹੋਏ 1998 ਤੋਂ 2002 ਤੱਕ ਬਣੇ ਇਨ੍ਹਾਂ ਸਭ ਜਾਅਲੀ ਦਸਤਾਵੇਜ਼ਾਂ ਨੂੰ ਜਾਇਜ਼ ਕਰਾਰ ਦੇਣ ਵਾਲਾ ਕਾਨੂੰਨ ਪਾਸ ਕਰਨਾ ਪਿਆ। ਅਜਿਹੀ ਮਿਸਾਲ ਦੁਨੀਆਂ 'ਚ ਸ਼ਾਇਦ ਹੀ ਕਿਤੇ ਮਿਲੇ।

ਸਵਾਲ ਉੱਠਦਾ ਹੈ ਕਿ ਕੀ ਤੇਲਗੀ ਸੱਚਮੁੱਚ ਹੀ ਇਕੱਲਾ ਸੀ ? ਇਨ੍ਹਾਂ ਰਾਹਾਂ ਦੇ ਰਾਹੀਆਂ ਦੀ ਭਾਰਤ 'ਚ ਕਮੀ ਨਹੀਂ ਹੋ ਸਕਦੀ। ਇਸ ਕਾਰਨਾਮੇ 'ਚ ਆਈ.ਜੀ. ਰੈਂਕ ਦੇ ਪੁਲੀਸ ਅਫਸਰਾਂ ਤੋਂ ਲੈ ਕੇ ਵੱਡੇ-ਵੱਡੇ ਮੰਤਰੀਆਂ-ਸੰਤਰੀਆਂ ਦੇ ਨਾਂ ਬੋਲਣ ਲੱਗ ਪਏ ਹਨ। ਤੇਲਗੀ ਅੱਜ ਵੀ ਜੇਲ੍ਹ 'ਚ ਬੈਠਾ, ਵੀਡੀਓ ਤੇ ਇਕਬਾਲੀਆ ਬਿਆਨ ਰਿਕਾਰਡ ਕਰਾਉਣ ਲਈ ਵਾਰ ਵਾਰ ਜ਼ੋਰ ਦੇ ਰਿਹਾ ਹੈ ਤਾਂ ਕਿ ਉਹ ਸਭ ਕਾਸੇ ਦਾ ਭਾਂਡਾ ਭੰਨ ਸਕੇ। ਪਰ ਸਰਕਾਰਾਂ ਜਾਂ ਉਨ੍ਹਾਂ ਦੇ ਕਰਿੰਦੇ ਇਹ ਬਿਆਨ ਲੈਣ ਲਈ ਤਿਆਰ ਨਹੀਂ। ਸਗੋਂ ਕੁਝ ਮੀਡੀਆ ਰਿਪੋਰਟਾਂ 'ਚ ਤਾਂ ਇਹ ਨਸ਼ਰ ਕੀਤਾ ਗਿਆ ਹੈ ਕਿ ਤੇਲਗੀ ਨੂੰ ਏਡਜ਼ ਹੋ ਗਈ ਹੈ। ਕੁਝ ਸਮੇਂ ਬਾਅਦ ਉਸ ਦੀ ਮੌਤ ਦੀ ਖਬਰ ਵੀ ਆ ਸਕਦੀ ਹੈ। ਆਪਾਂ ਨੂੰ ਪਤਾ ਹੀ ਹੈ, ਬਾਅਦ ਵਿਚ ਅਜਿਹੇ ਕੇਸਾਂ ਦਾ ਕੀ ਹਸ਼ਰ ਹੋਇਆ ਕਰਦਾ ਹੈ।

ਜਾਪਦਾ ਹੈ ਕਿ ਤੇਲਗੀ ਦੇ ਸਿਤਾਰੇ ਕੁਝ ਜ਼ਿਆਦਾ ਹੀ ਨਾ-ਸਾਜ਼ਗਾਰ ਰਹੇ ਵਰਨਾ ਉਹ ਵੀ ਕਦੇ ਮੰਤਰੀ-ਸੰਤਰੀ ਬਣ ਕੇ ਸਾਡੇ ਲੋਕਤੰਤਰ ਦੀ ਸੇਵਾ ਕਰ ਸਕਦਾ ਸੀ। ਅਸੀਂ ਤਾਂ ਫੂਲਾਂ ਦੇਵੀ ਡਾਕੂ ਤੇ ਅਰੁਨ ਗਾਵਲੀ ਵਰਗੇ ਸਰਗਣਿਆਂ ਨੂੰ ਬਖਸ਼ ਕੇ ਸੇਵਾ ਦਾ ਮੌਕਾ ਦਿੱਤਾ ਹੈ। ਪਿੱਛੇ ਜਿਹੇ ਪ੍ਰਕਾਸ਼ਤ ਅੰਕੜਿਆਂ ਮੁਤਾਬਿਕ ਸਾਡੀਆਂ ਰਾਜ ਵਿਧਾਨ ਸਭਾਵਾਂ ਤੇ ਸੰਸਦ ਮੈਂਬਰਾਂ 'ਚੋਂ ਸੱਤ-ਅਠ ਸੌ ਬੰਦਾ ਅਜਿਹਾ ਸੀ ਜਿਸ ਦੀ ਇਕ ਲੱਤ ਫੌਜਦਾਰੀ ਕੇਸਾਂ 'ਚ

ਜੇਲ੍ਹ 'ਚ ਰਹਿੰਦੀ ਸੀ ਤੇ ਦੂਜੀ ਲੱਤ ਇਨ੍ਹਾਂ ਲੋਕਤੰਤਰ ਦੇ ਮੰਦਰਾਂ 'ਚ। ਵੀਰੱਪਨ ਸ਼ਾਇਦ ਕਿਸੇ ਦੂਰ-ਅੰਦੇਸ਼ੀ ਦੀ ਘਾਟ ਕਾਰਨ ਮਾਰਿਆ ਗਿਆ। ਫਿਰ ਵੀ ਅਸੀਂ ਉਸ ਨੂੰ ਆਪਣਾ ਕਾਰੋਬਾਰ 2000 ਕਰੋੜ ਤੱਕ ਪਹੁੰਚਾਉਣ ਦੇ ਮੌਕੇ ਦਿੱਤੇ। ਦਾਊਦ ਸ਼ਾਇਦ ਭਾਰਤ ਤੋਂ ਬਾਹਰ ਆਪਣੀ ਚੌਧਰ ਦਾ ਆਨੰਦ ਮਾਣ ਰਿਹਾ ਹੈ। ਵਰਨਾ ਜੇਕਰ ਉਹ ਵੀ ਇਕੱਲੇ ਸਾਡੇ ਦੇਸ਼ ਜੋਗਾ ਹੀ ਹੁੰਦਾ ਤਾਂ ਸਾਡੇ ਤੰਤਰ 'ਚ ਖਲੋਣ ਜੋਗੀ ਥਾਂ ਉਸ ਲਈ ਵੀ ਬਣਾਉਣੀ ਅਸੰਭਵ ਨਹੀਂ ਜਾਪਦੀ ਸੀ। ਕੋਈ ਸਮਾਂ ਸੀ ਕਿ ਪਿੰਡ ਦੀ ਸਰਪੰਚੀ ਲਈ ਵੀ ਬੰਦਿਆਂ ਨੂੰ ਮਸਾਂ ਮਨਾ ਕੇ ਖੜ੍ਹਾ ਕੀਤਾ ਜਾਂਦਾ ਸੀ। ਅੱਜ ਸਰਪੰਚੀ ਲਈ ਵੀ ਅਸੈਂਬਲੀ ਦੀ ਚੋਣ ਲੜਨ ਜਿੰਨਾ ਖਰਚਾ ਕੀਤਾ ਜਾਂਦਾ ਹੈ। ਸਰਪੰਚੀ ਅਤੇ ਪੰਚਾਇਤ ਵੀ ਆਮ ਕਰਕੇ ਰਾਜਨੀਤੀ ਅਤੇ ਰਾਜ ਸੱਤਾ ਦੀ ਪੌੜੀ ਦਾ ਪਹਿਲਾ ਡੰਡਾ ਬਣਦੀ ਹੈ। ਜੇ ਦੋ-ਚਾਰ ਡੰਡੇ ਬੰਦਾ ਚੜ੍ਹ ਗਿਆ ਤਾਂ ਇਹ ਪੌੜੀ, ਫਿਰ ਸਭ ਨੂੰ ਪਤਾ ਹੀ ਹੈ, ਕਾਰੂੰ ਦੇ ਖਜ਼ਾਨੇ ਨੂੰ ਜਾ ਲੱਗਦੀ ਹੈ।

ਅੱਜ ਰਾਜਨੀਤਕ ਲੋਕ ਵਪਾਰ 'ਤੇ ਕਬਜ਼ੇ ਕਰ ਰਹੇ ਹਨ ਤੇ ਵਪਾਰੀ, ਸਨਅਤਕਾਰ ਰਾਜਨੀਤੀ ਉੱਤੇ। ਅਭਿਨੇਤਾ ਨੇਤਾ ਬਣ ਰਹੇ ਹਨ ਤੇ ਨੇਤਾ, ਅਭਿਨੇਤਾ। ਇਸ ਫਸਲੀ-ਚੱਕਰ ਦੇ ਫੇਰ ਬਦਲ ਨਾਲ ਤੰਤਰ ਦੇ ਬਹੁਤ ਸਾਰੇ ਅੰਗਾਂ 'ਤੇ ਕਬਜ਼ਾ ਹੋ ਜਾਂਦਾ ਹੈ। ਅਜਿਹੀਆਂ ਦੋਸਤਾਨਾ ਖੇਡਾਂ ਰਾਹੀਂ ਵੱਡੇ-ਵੱਡੇ ਲੋਕ, ਸਰਕਾਰੀ ਬੈਂਕਾਂ ਤੇ ਵਿੱਤੀ ਅਦਾਰਿਆਂ ਦਾ ਇਕ ਲੱਖ ਕਰੋੜ ਰੁਪਿਆ ਮਾਰੀ ਬੈਠੇ ਹਨ। ਜੇ ਕੋਈ ਗਰੀਬ ਆਦਮੀ ਬਿਜਲੀ ਦਾ ਸੌ-ਦੋ ਸੌ ਰੁਪਏ ਦਾ ਬਿੱਲ ਨਾ ਭਰ ਸਕੇ ਤਾਂ ਉਸਦਾ ਕੁਨੈਕਸ਼ਨ ਕੱਟਣ 'ਚ ਰਤਾ ਢਿੱਲ ਨਹੀਂ ਕੀਤੀ ਜਾਂਦੀ। ਜੇ ਕੋਈ ਗਰੀਬ ਕਿਸਾਨ ਛੋਟਾ-ਮੋਟਾ ਕਰਜ਼ਾ ਮੋੜਨ ਤੋ ਅਸਮਰੱਥ ਹੋਵੇ ਤਾਂ ਕੁਰਕੀ ਅਤੇ ਇਸ ਤੋਂ ਵੀ ਅੱਗੇ ਵਧ ਕੇ ਨੌਬਤ ਖੁਦਕੁਸ਼ੀ ਤੱਕ ਪੁਚਾ ਦਿੱਤੀ ਜਾਂਦੀ ਹੈ। ਵੱਡੇ ਦਸ-ਬਾਰਾਂ ਘਰਾਣਿਆਂ ਨੇ ਹੀ ਬੈਂਕਾਂ ਦਾ ਚਾਰ ਹਜ਼ਾਰ ਕਰੋੜ ਰੁਪਿਆ ਮਾਰ ਰੱਖਿਆ ਹੈ। ਸਬਸਿਡੀਆਂ ਅਤੇ ਵਿਆਜ ਦੀਆਂ ਛੋਟਾਂ ਵੱਖ। ਸਰਕਾਰ ਦੀ ਜੁਰਅਤ ਨਹੀਂ ਕਿ ਇਨ੍ਹਾਂ ਲੋਕਾਂ ਦੇ ਨਾਂ ਵੀ ਨਸ਼ਰ ਕਰ ਸਕੇ। ਇਨ੍ਹਾਂ ਲੋਕਾਂ ਨੇ ਸਰਕਾਰ ਨੂੰ ਮੁੱਠੀ 'ਚ ਕਰ ਰੱਖਿਆ ਹੈ। ਵੱਡੇ-ਵੱਡੇ ਵਿੱਤੀ ਅਦਾਰਿਆਂ ਦੇ ਮੈਂਬਰ ਤੇ ਸਲਾਹਕਾਰ ਬਣੇ ਬੈਠੇ ਹਨ ਇਹ ਲੋਕ। ਕੁਝ ਕੁ, ਉਂਗਲਾਂ 'ਤੇ ਗਿਣੇ ਜਾਣ ਵਾਲੇ ਇਮਾਨਦਾਰ ਤੇ ਦਿਆਨਤਦਾਰ ਲੋਕਾਂ ਤੋਂ ਖਿਮਾ-ਯਾਚਨਾ ਸਹਿਤ, ਮੱਖਣ ਬਰਾੜ ਦੀ ਇਹ ਸਤਰ ਬੜੀ ਢੁਕਵੀਂ ਜਾਪਦੀ ਹੈ :

*'ਚੋਰਾਂ ਦੇ ਵੱਸ ਪੈ ਕੇ ਭਾਰਤ ਮਾਂ ਕੁਰਲਾਉਂਦੀ ਏ'*

ਬੇਸ਼ੱਕ ਭਾਰਤ ਦੀ ਵਿਰਾਸਤ ਧਾਰਮਿਕ ਰੰਗਣ ਵਾਲੀ ਰਹੀ ਹੈ। ਭਾਰਤੀ ਲੋਕ ਮਾਨਸਿਕ ਤੌਰ 'ਤੇ ਪ੍ਰਮਾਤਮਾ ਤੋਂ ਭੈਅ ਖਾਣ ਵਾਲੇ ਰਹੇ ਹਨ ਪਰ ਨਵੇਂ ਯੁੱਗ ਦੇ ਰਾਵਣ ਉੱਠ ਖੜ੍ਹੇ ਹੋਏ ਹਨ ਤੇ ਭੁੱਖੀ ਪਿਆਸੀ ਜਨਤਾ ਨੂੰ ਰੱਥਾਂ ਹੇਠ ਲਿਤਾੜਦੇ ਸਿੰਘਾਸਨ 'ਤੇ ਜਾ ਬਿਰਾਜਦੇ ਹਨ। ਉਥੋਂ ਨਫਰਤ ਦੇ ਤੀਰ ਛੱਡ -ਛੱਡ ਕੇ ਅਜਿਹਾ ਭੰਬਲਭੂਸਾ ਪੈਦਾ ਕਰਦੇ ਹਨ ਕਿ ਜਨਤਾ

ਵੱਢ-ਟੁੱਕ ਕੇ ਮਰਦੀ ਰਹਿੰਦੀ ਹੈ। ਸਿੰਘਾਸਨ ਸੁਰੱਖਿਅਤ ਰਹਿੰਦਾ ਹੈ। ਨਿਦਾ ਫਾਜ਼ਲੀ ਨੇ ਲਿਖਿਆ ਹੈ :

*'ਤੁਮਹੇਂ ਹਿੰਦੂ ਸੇ ਚਾਹਤ ਹੈ ਨਾ ਮੁਸਲਿਮ ਸੇ ਅਦਾਵਤ ਹੈ।*
*ਤੁਮ੍ਹਾਰਾ ਧਰਮ ਸਦੀਓਂ ਸੇ, ਤਿਜ਼ਾਰਤ ਥਾ, ਤਿਜ਼ਾਰਤ ਹੈ।'*

ਭਾਸ਼ਾਈ, ਖੇਤਰੀ, ਧਾਰਮਿਕ, ਵਖਰੇਵੇਂ ਪੈਦਾ ਕਰਕੇ ਗਰਮ ਲਹਿਰਾਂ ਚਲਾਈਆਂ ਜਾਂਦੀਆਂ ਹਨ ਅਤੇ ਓਨਾ ਚਿਰ ਚਲਦੀਆਂ ਰੱਖੀਆਂ ਜਾਂਦੀਆਂ ਹਨ ਜਿੰਨਾ ਚਿਰ ਆਪਣੇ ਮੁਫਾਦ ਪੂਰੇ ਨਹੀਂ ਹੁੰਦੇ। ਹਰ ਥਾਂ ਸੱਤਾਧਾਰੀ ਲੋਕਾਂ ਦਾ ਹੱਥ ਸਾਬਤ ਹੋ ਰਿਹਾ ਹੈ। ਵਰਨਾ ਏਨੀ ਵੱਡੀ ਫੌਜ, ਸੁਰੱਖਿਆ ਬਲ ਤੇ ਸਾਧਨਾਂ ਦੇ ਹੁੰਦੇ ਹੋਏ ਵੀ ਘੁਸਪੈਠ ਸਰਹੱਦਾਂ 'ਤੇ ਹੋਈ ਹੀ ਜਾ ਰਹੀ ਹੈ। ਹਥਿਆਰ ਵੀ ਆਉਂਦੇ ਰਹਿੰਦੇ ਹਨ। ਸਮਗਲਿੰਗ ਵੀ ਹੁੰਦੀ ਰਹਿੰਦੀ ਹੈ। ਜਦੋਂ ਇੱਛਾ ਹੁੰਦੀ ਹੈ ਲਹਿਰਾਂ ਵੀ ਦਬਾਅ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਸਾਰੇ ਉਤਰਾਅ ਚੜ੍ਹਾਵਾਂ 'ਚ ਜਨਤਾ ਦਾ ਘਾਣ ਹੁੰਦਾ ਰਹਿੰਦਾ ਹੈ।

ਵੱਡੇ-ਵੱਡੇ ਚੋਰਾਂ-ਠੱਗਾਂ ਨੂੰ ਰਾਜਨੀਤੀਵਾਨ, ਸਾਧਾਂ-ਸੰਤਾਂ ਦੇ ਸਰਟੀਫਿਕੇਟਾਂ ਨਾਲ ਨਿਵਾਜ ਕੇ ਉਨ੍ਹਾਂ ਦੇ ਸ਼ਰਧਾਲੂਆਂ ਦੀਆਂ ਵੋਟਾਂ ਪ੍ਰਾਪਤ ਕਰਦੇ ਹਨ। ਭੋਲੀ-ਭਾਲੀ ਜਨਤਾ ਕੁਰਾਹੇ ਪਾਉਣ 'ਤੇ ਢੂੰਡਣ ਦੀ ਖੁੱਲ੍ਹ ਦਿੱਤੀ ਜਾਂਦੀ ਹੈ। ਆਪ ਗੱਦੀ ਸੰਭਾਲ ਕੇ ਅਗਲੀ ਇਲੈਕਸ਼ਨ ਲਈ ਸਾਧਨ ਜੁਟਾਉਣ ਲੱਗ ਜਾਂਦੇ ਹਨ। ਲੋਕ ਨਰਕ ਹੰਢਾਉਂਦੇ ਹਨ ਤੇ ਮੌਕਾਪ੍ਰਸਤ ਲੋਕਾਂ ਦੀਆਂ ਸਲਤਨਤਾਂ ਕਾਇਮ ਰਹਿੰਦੀਆਂ ਹਨ। ਥੋੜ੍ਹੇ ਸਮੇਂ 'ਚ ਹੀ ਕਈ ਪੀੜ੍ਹੀਆਂ ਜੋਗੇ ਸਾਧਨ ਇਕੱਠੇ ਕਰ ਲਏ ਜਾਂਦੇ ਹਨ।

ਸ਼ਹੀਦਾਂ ਦੇ ਸੁਪਨਿਆਂ ਨੂੰ ਚੂਰ-ਚੂਰ ਕਰਨ ਦੀ ਰਹਿੰਦੀ-ਖੂੰਹਦੀ ਕਸਰ ਹੁਣੇ ਲਾਗੂ ਹੋਏ ਵਿਸ਼ਵੀਕਰਣ, ਉਦਾਰੀਕਰਣ ਤੇ ਨਿੱਜੀਕਰਣ ਨੇ ਕੱਢ ਦਿੱਤੀ ਹੈ। ਇਹ ਸਭ ਤਰ੍ਹਾਂ ਦਾ 'ਕਰਣ' ਮਿਲ ਕੇ ਇਕੋ 'ਵਪਾਰੀਕਰਣ' ਬਣ ਗਿਆ ਹੈ। ਜਿਣਸਾਂ-ਵਸਤਾਂ ਤਾਂ ਵਪਾਰ 'ਚ ਆਉਂਦੀਆਂ ਹੀ ਸਨ ਹੁਣ ਤਾਂ ਹਵਾ, ਪਾਣੀ ਦੇ ਨਾਲ-ਨਾਲ ਮਨੁੱਖੀ ਭਾਵਨਾਵਾਂ ਤੇ ਅਹਿਸਾਸਾਂ ਦਾ ਵੀ ਵਪਾਰੀਕਰਣ ਹੋ ਰਿਹਾ ਹੈ। ਅੱਜ ਦਾ ਅਮੀਰ, ਗਰੀਬੀ ਪ੍ਰਤੀ ਅਤਿਅੰਤ ਸੰਵੇਦਨਹੀਣ ਹੋ ਗਿਆ ਹੈ। ਪੈਸੇ ਦੀ ਚਕਾਚੌਂਧ ਨੇ ਨੈਤਿਕ ਕਦਰਾਂ ਕੀਮਤਾਂ ਦੇ ਪੜਛੇ ਉਡਾ ਦਿੱਤੇ ਹਨ।

ਇਸ਼ਤਿਹਾਰਬਾਜ਼ੀ 'ਤੇ ਅਥਾਹ ਪੈਸਾ ਖਰਚ ਕੇ ਬੰਦੇ ਨੂੰ ਇਹ ਜਚਾਅ ਦਿੱਤਾ ਜਾਂਦਾ ਹੈ ਕਿ ਅਗਰ ਤੂੰ ਇਹ ਚੀਜ਼ ਨਹੀਂ ਖਾਂਦਾ, ਪੀਂਦਾ, ਪਹਿਨਦਾ ਜਾਂ ਰੱਖਦਾ ਤਾਂ ਤੇਰਾ ਰੁਤਬਾ ਸਮਾਜ ਵਿਚ ਨੰਗ-ਮਲੰਗ ਅਤੇ ਪਿਛਾਂਹਖਿਚੂ ਦਾ ਹੀ ਮੰਨਿਆ ਜਾਏਗਾ। ਹਰ ਤਰ੍ਹਾਂ ਦਾ ਦਿਖਾਵਾ ਮਿਆਰਾਂ ਵਿਚ ਸ਼ਾਮਲ ਹੋ ਗਿਆ ਹੈ। ਵੱਡੇ-ਵੱਡੇ ਗਾਂਧੀਵਾਦੀ ਵੱਡੀਆਂ-ਵੱਡੀਆਂ ਕਾਰਾਂ ਦੇ ਦਿਖਾਵੇ ਕਰਦੇ ਹਨ। ਪੈਸਾ ਹੀ ਇੱਜ਼ਤ ਦਾ ਮਾਪਦੰਡ ਬਣ ਗਿਆ ਹੈ। ਇਹ ਕਿਸ ਤਰ੍ਹਾਂ ਕਮਾਇਆ ਗਿਆ ਹੈ, ਇਹ ਵਿਚਾਰ ਪਿੱਛੇ ਸੁੱਟ ਦਿੱਤਾ ਗਿਆ ਹੈ। ਦੌਲਤ ਇਕੱਠੀ

ਕਰਨ ਲਈ ਦੌੜੇ ਫਿਰਨਾ ਹੁਣ ਹਲਕੇਪਣ ਦਾ ਅਹਿਸਾਸ ਨਹੀਂ ਕਰਾਉਂਦਾ ਸਗੋਂ ਨੈਤਿਕ-ਅਨੈਤਿਕ ਤਰੀਕਿਆਂ ਨਾਲ ਦੌਲਤ ਇਕੱਠੀ ਕਰਨਾ ਹੁਣ ਮਾਨਤਾ ਪ੍ਰਾਪਤ ਕਰ ਗਿਆ ਹੈ। ਅੱਜ ਨਿੱਜ ਨੂੰ ਅੱਗੇ ਵਧਾਉਣਾ ਕਦਰ ਦਾ ਲਖਾਇਕ ਹੈ।

ਕਦੇ ਗਰੀਬਾਂ ਲਈ ਕੰਮ ਕਰਨਾ ਭਾਰਤੀ ਲੋਕਾਂ ਦੇ ਵਿਅਕਤਿਤਵ ਦਾ ਮੁੱਖ ਅੰਗ ਮੰਨਿਆ ਜਾਂਦਾ ਸੀ। ਅੱਜ ਅਗਰ ਕੋਈ ਗਰੀਬ ਵੀ ਅਮੀਰ ਹੋ ਜਾਏ ਤਾਂ ਉਸ ਨੂੰ ਵੀ ਗਰੀਬਾਂ 'ਚੋਂ ਮੁਸ਼ਕ ਮਾਰਨ ਲੱਗ ਜਾਂਦਾ ਹੈ। ਅੱਖਾਂ 'ਚ ਰੜਕਣ ਵਾਲਾ ਉਪਭੋਗਤਾਵਾਦ ਛਾ ਗਿਆ ਹੈ। ਜਿਹੜੇ ਲੋਕ ਅਸਲੀ ਮਾਅਰਕੇ ਦੀਆਂ ਵਸਤਾਂ ਨਹੀਂ ਖਰੀਦ ਸਕਦੇ ਉਹ ਉਸੇ ਬਰਾਂਡ ਦੇ ਨਕਲੀ ਲੇਬਲ ਵਾਲੀਆਂ ਖਰੀਦ ਕੇ ਵਰਤਦੇ ਹਨ। ਨਕਲੀ ਮਾਲ ਦੀ ਮੰਡੀ ਪਸਾਰੇ 'ਚ ਸਿਖਰਾਂ 'ਤੇ ਹੈ। ਆਜ਼ਾਦੀ ਦੇ ਛੇ ਦਹਾਕਿਆਂ ਦੇ ਲਗਭਗ ਪਹੁੰਚ ਕੇ ਵੀ ਅਸੀਂ ਦੇਸ਼ੀ-ਵਿਦੇਸ਼ੀ ਨੀਤੀਆਂ ਸਾਮਰਾਜੀਆਂ ਦੀ ਮਰਜ਼ੀ ਅਨੁਸਾਰ ਬਣਾ ਰਹੇ ਹਾਂ। ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ 'ਤੇ ਅਸੀਂ ਧਾੜਵੀਆਂ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੇ। ਅੰਗਰੇਜ਼ਾਂ ਵੇਲੇ ਦੇ ਪਬਲਿਕ ਸੇਫਟੀ ਬਿੱਲ ਤੇ ਵਪਾਰਕ ਝਗੜਿਆਂ ਦੇ ਕਾਨੂੰਨ, ਨਾਮ ਬਦਲ ਕੇ ਅਸੀਂ ਕੌਮੀ ਸੁਰੱਖਿਆ ਕਾਨੂੰਨ, ਟਾਡਾ, ਪੋਟਾ ਤੇ ਜ਼ਰੂਰੀ ਸੇਵਾਵਾਂ ਕਾਨੂੰਨਾਂ ਦੇ ਨਾਂ ਹੇਠ ਬਣਾ ਲਏ ਹਨ। ਕਿਰਤ ਕਾਨੂੰਨਾਂ ਦੀ ਸੋਧ ਦੀ ਆੜ ਹੇਠ ਲੋਕਾਂ ਨੂੰ ਉਸੇ ਤਰ੍ਹਾਂ ਨੀਵੀਂ ਪਾ ਕੇ ਜੂਲਾ ਖਿੱਚਣ ਲਈ ਮਜਬੂਰ ਕੀਤਾ ਜਾ ਰਿਹਾ ਹੈ ਜਿਵੇਂ ਗੋਰਿਆਂ ਦੇ ਰਾਜ 'ਚ ਹੁੰਦਾ ਸੀ। ਇਸ ਦੀ ਤਾਜ਼ਾ ਤੇ ਕਰੂਰ ਮਿਸਾਲ ਗੁੜਗਾਉਂ ਲਾਠੀਚਾਰਜ ਹੈ ਜਿਹੜਾ ਜਲ੍ਹਿਆਂਵਾਲੇ ਕਾਂਡ ਵਰਗੀਆਂ ਘਟਨਾਵਾਂ ਦਾ ਨਮੂਨਾ ਹੈ। ਯੂਨੀਅਨਾਂ ਨੂੰ ਰਜਿਸਟਰ ਨਾ ਕਰਨਾ, ਹੜਤਾਲਾਂ ਤੇ ਪਾਬੰਦੀਆਂ ਆਦਿ ਭਾਰਤੀ ਲੋਕਤੰਤਰ ਦੇ ਪਿਛਲਖੁਰੀ ਚੁੱਕੇ ਨਵੇਂ ਕਦਮਾਂ 'ਚੋਂ ਹਨ। ਜਿਨ੍ਹਾਂ ਤੋਂ ਝਲਕਦਾ ਹੈ ਕਿ ਭਾਰਤ ਮੁੜ ਕੁਝ 'ਈਸਟ ਇੰਡੀਆ ਕੰਪਨੀਆਂ' ਦੀ ਗ੍ਰਿਫ਼ਤ 'ਚ ਆਉਂਦਾ ਜਾ ਰਿਹਾ ਹੈ। ਰਿਜ਼ਰਵ ਬੈਂਕ ਦੇ ਸਰਵੇ ਅਨੁਸਾਰ ਵੱਡੇ ਸਨਅਤੀ ਅਦਾਰਿਆਂ ਦੇ ਉੱਚ ਪ੍ਰਬੰਧਕੀ ਖਰਚੇ (ਤਨਖਾਹਾਂ, ਭੱਤੇ ਆਦਿ) ਪਿਛਲੇ ਉਦਾਰੀਕਰਣ ਦੇ ਦਹਾਕੇ ਦੌਰਾਨ ਪੰਜ ਗੁਣਾਂ ਹੋ ਗਏ ਹਨ। ਜਦ ਕਿ ਮਜ਼ਦੂਰੀ ਦੇ ਬਿੱਲ 50 ਫੀਸਦੀ ਤੋਂ ਘਟ ਕੇ 39 ਫੀਸਦੀ 'ਤੇ ਆ ਗਏ ਹਨ। ਮੁਨਾਫੇ 29 ਫੀਸਦੀ ਤੋਂ 40 ਫੀਸਦੀ 'ਤੇ ਚਲੇ ਗਏ ਹਨ। ਪਰਚੂਣ ਤੋਂ ਲੈ ਕੇ ਹਰ ਖੇਤਰ 'ਚ ਬਹੁਕੌਮੀ ਕੰਪਨੀਆਂ, ਛੋਟੇ-ਮੋਟੇ ਨਿੱਜੀ ਕਾਰੋਬਾਰਾਂ ਨੂੰ ਦਰੜਦੀਆਂ ਆ ਰਹੀਆਂ ਹਨ। ਛੋਟੇ ਕਾਰੋਬਾਰੀ ਤੇ ਛੋਟੇ ਕਿਸਾਨ ਸਭ ਮਿਲ ਕੇ ਮਜ਼ਦੂਰਾਂ ਦੀ ਵੱਡੀ ਫੌਜ ਬਨਣ ਜਾ ਰਹੇ ਹਨ। ਮਜ਼ਦੂਰ ਵਧ ਰਹੇ ਹਨ ਤੇ ਰੁਜ਼ਗਾਰ ਘਟ ਰਹੇ ਹਨ। ਕਿਸ ਤਰ੍ਹਾਂ ਦੇ ਹਾਲਾਤ ਪੈਦਾ ਹੋ ਸਕਦੇ ਹਨ, ਕੋਈ ਅੰਦਾਜ਼ੇ ਤੋਂ ਬਾਹਰੀ ਗੱਲ ਨਹੀਂ।

ਬਹੁਤੀਆਂ ਨੀਤੀਆਂ 20-30 ਫੀਸਦੀ ਉੱਚ, ਮੱਧ ਵਰਗੀ ਆਬਾਦੀ ਵੱਲ ਸੇਧਤ ਹਨ। ਪਿੰਡਾਂ ਨੂੰ ਹਾਸ਼ੀਏ 'ਤੇ ਲਾ ਦਿੱਤਾ ਗਿਆ ਹੈ ਜਿਥੇ ਕਿ ਭਾਰਤ ਦਾ ਤਿੰਨ-ਚੁਥਾਈ ਭਾਗ ਵਸਦਾ ਹੈ। ਪਿਛਲੇ, ਉੱਪਰ ਦੱਸੇ ਦਹਾਕੇ 'ਚ ਪਿੰਡਾਂ 'ਚ ਸਰਕਾਰੀ ਬੈਂਕਾਂ ਦੀਆਂ 1000

ਬਰਾਂਚਾਂ ਬੰਦ ਕਰ ਦਿੱਤੀਆਂ ਗਈਆਂ ਹਨ। ਪਰ ਸ਼ਹਿਰੀ ਖੇਤਰਾਂ 'ਚ 4000 ਨਵੀਆਂ ਬਰਾਂਚਾਂ ਖੋਲ੍ਹ ਦਿੱਤੀਆਂ ਹਨ। ਵਿਸ਼ਵੀਕਰਨ ਦੇ ਡੌਰੂ 'ਤੇ ਨੱਚਣ ਵਾਲੇ ਉੱਚ-ਵਰਗਾਂ ਲਈ ਹਰ ਸਹੂਲਤ ਪੈਦਾ ਕੀਤੀ ਜਾ ਰਹੀ ਹੈ। ਸਕੂਲਾਂ ਤੇ ਹਸਪਤਾਲਾਂ ਦੇ ਚਿਹਰੇ-ਮੁਹਰੇ ਬਦਲ ਕੇ ਸਿਰਫ ਪਹੁੰਚ ਵਾਲੇ ਲੋਕਾਂ ਲਈ ਸੁਰੱਖਿਅਤ ਹੋ ਰਹੇ ਹਨ। ਵਿਦਿਆ ਦਾ ਮਿਆਰ ਉੱਚਾ ਚੁੱਕਦੇ-ਚੁੱਕਦੇ ਆਮ ਜਨਤਾ ਦੀ ਪਹੁੰਚ ਤੋਂ ਦੂਰ ਕੀਤਾ ਜਾ ਰਿਹਾ ਹੈ। ਗੱਲ ਕੀ ਹਰ ਖੇਤਰ 'ਚ ਸਰਮਾਏ ਨੇ ਤਰਥੱਲੀ ਮਚਾ ਰੱਖੀ ਹੈ। ਪੂੰਜੀ, ਮੁਨਾਫਾ, ਮੰਡੀ, ਵਸਤਾਂ, ਮੁੱਖ ਸ਼ਬਦ ਸੁਣੀਂਦੇ ਹਨ। ਭਾਰਤ ਆਏ ਦਿਨ ਹੋਰ ਵੀ ਵਿਦੇਸ਼ੀ ਅਤੇ ਦੇਸੀ ਰਾਜਨੀਤਕ ਅਤੇ ਆਰਥਿਕ ਗੁਲਾਮੀ ਵੱਲ ਵਧ ਰਿਹਾ ਹੈ। ਸ਼ਹੀਦ ਭਗਤ ਸਿੰਘ ਨੇ ਹੀ ਕਿਹਾ ਸੀ ਕਿ, "ਅਗਰ ਲਾਰਡ ਰੀਡਿੰਗ ਦੀ ਥਾਂ ਪ੍ਰਸ਼ੋਤਮ ਦਾਸ ਠਾਕਰ ਵੀ ਬਣ ਜਾਵੇ ਤਾਂ ਵੀ ਇਸ ਨਾਲ ਕੋਈ ਫਰਕ ਨਹੀਂ ਪਵੇਗਾ ਸਾਡਾ (ਆਜ਼ਾਦੀ ਦਾ) ਸੁਪਨਾ ਪੂਰਾ ਨਹੀਂ ਹੋਵੇਗਾ। ਲੋਕਾਂ ਪ੍ਰਤੀ ਜ਼ਿੰਮੇਵਾਰੀ ਤੇ ਪਹੁੰਚ ਵਿਚ ਬੁਨਿਆਦੀ ਤਬਦੀਲੀਆਂ ਦੀ ਲੋੜ ਹੈ। ਇਹ ਤਬਦੀਲੀਆਂ, ਬੁਨਿਆਦੀ ਆਰਥਕ ਰਾਜਨੀਤਕ ਤਬਦੀਲੀ ਬਿਨਾਂ ਹਾਸਲ ਨਹੀਂ ਕੀਤੀਆਂ ਜਾ ਸਕਦੀਆਂ। ਨਾ ਹੀ ਇਹ ਸਿਰਫ ਹੁਸੀਨ ਸੁਪਨੇ ਲੈਣ ਨਾਲ ਕੀਤੀਆਂ ਜਾ ਸਕਦੀਆਂ ਹਨ। ਇਨ੍ਹਾਂ ਲਈ ਪੈਦਾਵਾਰੀ ਦੇ ਸਾਧਨਾਂ ਉੱਪਰ ਕਾਬਜ਼ ਹਾਕਮ ਧੜਿਆਂ ਦੀ ਜਕੜ ਤੋੜ ਕੇ ਇਹ ਖਰੀਆਂ ਅਗਾਂਹ ਵਧੂ ਤਾਕਤਾਂ ਦੇ ਹੱਥ ਲੈਣੇ ਲਾਜ਼ਮੀ ਹੈ।"

*ਵਿਚਾਰ ਗੋਚਰੇ ਸੰਕਲਪ :*

# ਸ਼ਹੀਦੀ, ਸੌੜੀ ਰਾਜਨੀਤੀ ਤੇ ਮਨੁੱਖਤਾ

*ਜਿਸ ਧਜ਼ ਸੇ ਕੋਈ ਮਕਤਲ ਮੇਂ ਗਯਾ,*
*ਵੋਹ ਸ਼ਾਨ ਸਲਾਮਤ ਰਹਿਤੀ ਹੈ।*
*ਯੇ ਜਾਨ ਤੋ ਆਨੀ ਜਾਨੀ ਹੈ,*
*ਇਸ ਜਾਨ ਕੀ ਕੋਈ ਬਾਤ ਨਹੀਂ।*

ਮਨੁੱਖ ਮਨ ਤੇ ਜਦੋਂ ਕੋਈ ਸਮਾਜਿਕ ਸੰਕਲਪ ਏਨੀ ਤੀਬਰਤਾ ਨਾਲ ਛਾ ਜਾਵੇ ਕਿ ਉਸ ਦੀ ਪ੍ਰਾਪਤੀ ਦੇ ਬਦਲੇ ਇਹ ਜਾਨ "ਆਨੀ, ਜਾਨੀ" ਜਾਪੇ ਤਾਂ ਮਨੁੱਖ ਸ਼ਹੀਦੀ ਰੁਤਬੇ ਦੀ ਪ੍ਰਾਪਤੀ ਵੱਲ ਬੇਖੌਫ਼ ਵਧਣ ਲਗਦਾ ਹੈ। ਨਿਸ਼ਾਨੇ ਦੀ ਪ੍ਰਾਪਤੀ ਦੇ ਬਦਲੇ ਨਿੱਜੀ ਜ਼ਿੰਦਗੀ ਇੱਕ ਨਿਗੂਣੀ ਸ਼ੈਅ ਜਾਪਦੀ ਹੈ। ਨੈਪੋਲੀਅਨ ਦੇ ਕਥਨ ਅਨੁਸਾਰ ਮੌਤ ਦੇ ਕਾਰਨ ਹੀ ਕਿਸੇ ਨੂੰ ਸ਼ਹਾਦਤ ਦਾ ਰੁਤਬਾ ਦਿੰਦੇ ਹਨ, ਇਕੱਲੀ ਮੌਤ ਨਹੀਂ ਇਹ ਦੇ ਸਕਦੀ। ਉੱਚੇ ਸੁੱਚੇ ਆਦਰਸ਼ ਹੀ ਸ਼ਹੀਦੀ ਦਾ ਆਧਾਰ ਬਣਦੇ ਹਨ।

ਅਜੋਕੀਆਂ ਘਰੇਲੂ ਤੇ ਅੰਤਰ ਰਾਸ਼ਟਰੀ ਜੰਗਾਂ ਦੌਰਾਨ ਜਾਨਾਂ ਕੁਰਬਾਨ ਕਰਨ ਵਾਲੇ ਲੋਕਾਂ ਦੀਆਂ ਸ਼ਹੀਦੀਆਂ ਨੂੰ ਰਾਜਨੀਤੀ ਸਿਰਫ਼ ਅੰਕੜਾ ਬਣਾ ਕੇ ਪੇਸ਼ ਕਰਦੀ ਹੈ ਤੇ ਆਪਣੇ ਹਿੱਤਾਂ ਦੀ ਪੂਰਤੀ ਲਈ ਵਰਤ ਜਾਂਦੀ ਹੈ। ਸ਼ਹੀਦੀ ਸਮਾਗਮ ਪਾਰਟੀ ਪ੍ਰਚਾਰ ਦੇ ਸਾਧਨ ਬਣ ਜਾਂਦੇ ਹਨ। ਲੋਕਾਂ ਨੂੰ ਇਸ ਪ੍ਰੰਪਰਾ ਨੂੰ ਚਲਦਾ ਰੱਖਣ ਲਈ ਪ੍ਰੇਰਿਆ ਜਾਂਦਾ ਹੈ। ਭਾਰਤੀ ਉਪ ਮਹਾਂਦੀਪ ਦੇ ਰਾਜਨੀਤੀਵੇਤਾ ਆਪਣੇ ਪ੍ਰੀਵਾਰਾਂ ਨੂੰ ਇੰਨ੍ਹਾਂ ਲੜਾਈਆਂ-ਭਿੜਾਈਆਂ ਤੋਂ ਦੂਰ ਹੀ ਰਖਦੇ ਹਨ। ਯੂਰਪੀਨ, ਅਮਰੀਕੀ, ਰੂਸੀ, ਚੀਨੀ ਆਦਿ ਰਾਜਨੀਤੀਵਾਨਾਂ ਦੇ ਆਪਣੇ ਜੰਗਾਂ -ਯੁੱਧਾਂ ਦੇ ਤਜਰਬੇ ਰਹੇ ਹਨ ਜਾਂ ਉਨ੍ਹਾਂ ਦੇ ਪ੍ਰੀਵਾਰਕ ਮੈਂਬਰ ਫੌਜ ਦਾ ਅੰਗ ਰਹੇ ਹਨ। ਅਜੋਕੇ ਸਮੇਂ ਅੰਦਰ ਜਦੋਂ ਅਮਰੀਕੀ ਹਾਕਮ ਅਤੇ ਉਨ੍ਹਾਂ ਦੇ ਕੌਲੀ ਚੱਟ ਯਾਰ ਇਰਾਕ ਵਰਗੇ ਮੁਲਕਾਂ 'ਤੇ ਹਮਲੇ ਕਰਦੇ ਹਨ ਤਾਂ ਆਪ ਅਤੇ ਉਨ੍ਹਾਂ ਦਾ ਕੁੜਮ ਕਬੀਲਾ ਉਥੇ ਮੌਤ ਦੇ ਮੂੰਹ ਨਹੀਂ ਜਾਂਦਾ ਸਗੋਂ ਆਪਣੇ ਮੁਨਾਫੇ ਖੱਟਣ ਅਤੇ ਉਥੋਂ ਦੇ ਕੌਮੀ ਸਾਧਨਾਂ 'ਤੇ ਕਾਬਜ਼ ਹੋਣ ਲਈ ਹੋਰਨਾਂ ਮਾਵਾਂ ਦੇ ਪੁੱਤਾਂ ਦੀ ਬਲੀ ਦਿੱਤੀ ਜਾਂਦੀ ਹੈ। ਇਸ ਨੂੰ ਨਾਂ ਦਿੱਤਾ ਜਾਂਦਾ ਹੈ ਦਹਿਸ਼ਤਗਰਦੀ ਵਿਰੋਧੀ ਜੰਗ ਦਾ! ਕੇਹੀ ਰਾਜਨੀਤਕ ਜਾਦੂਗਰੀ ਹੈ! ਪਰ ਭਾਰਤੀ ਰਾਜਨੀਤਕ

ਲੋਕ ਹਮੇਸ਼ਾਂ ਆਪਣੇ ਪ੍ਰੀਵਾਰਾਂ ਨੂੰ ਇਸ ਸੇਕ ਤੋਂ ਦੂਰ ਰੱਖਕੇ ਸੁਰੱਖਿਅਤ ਰਾਜਨੀਤੀ ਕਰਦੇ ਹਨ। ਆਪਣੇ ਮਾਮੂਲੀ ਹਉਂ ਪਿੱਛੇ ਸੈਂਕੜੇ ਮਨੁੱਖੀ ਜਾਨਾਂ ਇਸ ਭੱਠ 'ਚ ਝੋਕ ਦਿੱਤੀਆਂ ਜਾਂਦੀਆਂ ਹਨ। ਹੁਣੇ ਜਿਹੇ ਬਣੀ ਹਾਲੀਵੁੱਡ ਦੀ ਅੰਗਰੇਜ਼ੀ ਫਿਲਮ "ਵਰਟੀਕਲ ਲਿਮਿਟ" ਵਿੱਚ ਭਾਰਤ-ਪਾਕਿ ਵਿੱਚ ਲੜਾਈ ਦੀ ਜੜ੍ਹ ਬਣੇ ਸਿਆਚਿਨ ਗਲੇਸ਼ੀਅਰ ਨੂੰ ਮੁੱਖ ਥੀਮ ਬਣਾਇਆ ਗਿਆ ਹੈ। ਜਿਹੜਾ ਕਿ ਦੁਨੀਆਂ ਦਾ ਸਭ ਤੋਂ ਉੱਚਾ ਜੰਗੀ ਅਖਾੜਾ ਹੈ। ਉੱਥੇ ਰਹਿਣਾ ਹੀ ਇੱਕ ਆਪਣੇ ਆਪ 'ਚ ਜੰਗ ਹੈ। ਉੱਥੇ ਦੇ ਜ਼ਾਲਮ ਮੌਸਮ ਦੇ ਖਿਲਾਫ਼। ਇਸ ਫਿਲਮ 'ਚ ਪਾਕਿਸਤਾਨ ਦਾ ਇੱਕ ਜਰਨੈਲ ਇਹ ਕਹਿੰਦਾ ਹੈ ਕਿ ਉਸ ਦੇ 800 ਜਵਾਨ ਜਾਨਾਂ ਗਵਾ ਚੁੱਕੇ ਹਨ। ਜਿੰਨ੍ਹਾਂ 'ਚੋਂ ਸਿਰਫ਼ ਇੱਕ ਦੁਸ਼ਮਣ ਦੀ ਗੋਲੀ ਨਾਲ ਮਰਿਆ ਹੈ ਬਾਕੀ ਸਭ ਬਰਫਾਂ ਤੇ ਖ਼ਰਾਬ ਮੌਸਮ ਦੀ ਭੇਟ ਚੜ੍ਹੇ ਹਨ। ਇਸ ਤੋਂ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਉੱਥੇ ਕਬਜ਼ੇ ਰੱਖਣ 'ਚ ਕਿਸ ਦੀ ਹਉਂ ਦੀ ਪੂਰਤੀ ਹੁੰਦੀ ਹੈ ਤੇ ਕਿੰਨ੍ਹਾਂ ਦਾ ਨੁਕਸਾਨ ਹੁੰਦਾ ਹੈ। ਯਾਦ ਰਹੇ ਸਿਆਚਿਨ ਗਲੇਸ਼ੀਅਰ ਦਾ ਵੱਡਾ ਭਾਗ ਭਾਰਤੀ ਕਬਜ਼ੇ 'ਚ ਹੈ ਜਿਸ ਤੇ ਸੂਬੇਦਾਰ ਬਾਨਾ ਸਿੰਘ ਨੇ 1984 'ਚ ਭਾਰਤੀ ਝੰਡਾ ਲਹਿਰਾਇਆ ਸੀ ਤੇ ਪਰਮਵੀਰ ਚੱਕਰ ਪ੍ਰਾਪਤ ਕੀਤਾ ਸੀ। ਉੱਥੇ ਰੋਜ਼ਾਨਾ ਰਹਿਣ ਦਾ ਖਰਚਾ ਹੀ ਦੋਹਾਂ ਦੇਸ਼ਾਂ ਲਈ ਕਰੋੜਾਂ ਰੁਪਏ ਪੈ ਜਾਂਦਾ ਹੈ।

ਘਰੇਲੂ ਜੰਗਾਂ ਜਾਂ ਸਿਵਲ ਪ੍ਰਸ਼ਾਸ਼ਨ ਦੀ ਮੱਦਦ ਲਈ ਬੁਲਾਈ ਗਈ ਫੌਜ਼ ਲਈ ਵੀ ਬੜੀਆਂ ਵਿਰੋਧਾਭਾਸੀ ਸਥਿਤੀਆਂ 'ਚੋਂ ਲੰਘਣਾ ਪੈਂਦਾ ਹੈ। ਭਾਰਤੀ ਮੂਲ ਦੇ ਤਾਮਿਲਾਂ ਨੂੰ ਭਾਰਤ ਨੇ ਤਿਆਰ ਕੀਤਾ ਤੇ ਭਾਰਤ ਦੀ ਸ਼ਾਂਤੀ ਸੈਨਾ ਹੀ ਉਨ੍ਹਾਂ ਨੂੰ ਦਬਾਉਣ ਲਈ ਲੰਕਾ ਭੇਜੀ। ਪਾਕਿਸਤਾਨ ਤੇ ਬੰਗਲਾ ਦੇਸ਼ ਇੱਕੋ ਧਰਮ ਤੇ ਅਧਾਰਿਤ ਰਾਸ਼ਟਰ ਹੁੰਦੇ ਹੋਏ ਵੀ ਰਾਜਨੀਤੀ ਦੀ ਲਪੇਟ 'ਚ ਆਕੇ ਖੂਨ-ਖਰਾਬੇ ਕਰ ਬੈਠੇ ਤੇ ਟੁੱਟ-ਫੁੱਟ ਹੋ ਗਏ। ਭਾਰਤੀ ਸੈਨਾ ਤੇ ਪਾਕਿਸਤਾਨੀ ਸੈਨਾ ਦੇ ਵੱਖ-ਵੱਖ ਰੋਲ ਇਸ 'ਚ ਰਹੇ।

ਉੱਤਰ ਪੂਰਬੀ ਰਾਜਾਂ ਆਸਾਮ, ਤ੍ਰੀਪੁਰਾ, ਨਾਗਾਲੈਂਡ ਅਤੇ ਮਿਜ਼ੋਰਮ ਆਦਿ ਖੇਤਰ ਹੋਣ ਜਾਂ ਕਸ਼ਮੀਰ ਦੀ ਧਰਤੀ ਇਥੇ ਲੋਕਾਂ ਦੀ ਜ਼ੁਬਾਨਬੰਦੀ ਕਰਨ ਲਈ ਚੜ੍ਹਦੇ ਸੂਰਜ ਕਾਲੇ ਕਾਨੂੰਨ ਵੀ ਘੜੇ ਅਤੇ ਮੜ੍ਹੇ ਜਾਂਦੇ ਹਨ। ਲੋਕਾਂ ਉੱਪਰ ਕਹਿਰ ਦੇ ਝੱਖੜ ਵੀ ਝੁੱਲਦੇ ਹਨ। ਲੋਕਾਂ ਉੱਪਰ ਨੰਗਾ ਚਿੱਟਾ ਰੋਲਰ ਜਮਹੂਰੀਅਤ ਅਤੇ ਸ਼ਾਂਤੀ ਦੇ ਨਾਂਅ ਹੇਠ ਫੇਰਿਆ ਜਾਂਦਾ ਹੈ। ਲੋਕਾਂ ਦੇ ਸਾਰੇ ਮੁਢਲੇ ਹੱਕ ਹਕੂਕ ਦਾ ਘਾਣ ਕਰਨ ਵਾਲਿਆਂ ਨੂੰ ਉਲਟਾ ਸ਼ਹੀਦ ਦਾ ਦਰਜਾ ਦਿੱਤਾ ਜਾ ਰਿਹਾ ਹੈ। ਜਦੋਂ ਲੋਕ ਆਪਾ ਨਿਰਣੇ, ਖੁਦਮੁਖਤਾਰੀ ਜਾਂ ਆਪਣੇ ਜਮਹੂਰੀ ਅਧਿਕਾਰਾਂ ਲਈ, ਆਪਣੇ ਸਵੈ ਮਾਣ ਲਈ ਆਵਾਜ਼ ਉਠਾਉਂਦੇ ਹਨ ਤਾਂ ਉਨ੍ਹਾਂ ਉੱਪਰ ਅਣਮਨੁੱਖੀ ਕਹਿਰ ਦੇ ਝੱਖੜ ਝੁੱਲਦੇ ਹਨ ਅਤੇ ਉਹ ਹਾਕਮਾਂ ਦੀਆਂ ਐਨਕਾਂ 'ਚ 'ਦਹਿਸ਼ਤਗਰਦ' ਹੁੰਦੇ ਹਨ। ਮਨੀਪੁਰ ਵਰਗੇ ਖਿੱਤੇ ਅੰਦਰ ਮਨੁੱਖੀ ਹੱਕਾਂ ਦੇ ਖਿਲਵਾੜ ਖਿਲਾਫ ਲੋਕਾਂ ਦੀ ਹੱਕੀ ਆਵਾਜ਼ ਨੂੰ ਵੀ 'ਦਹਿਸ਼ਤਗਰਦੀ' ਦੇ ਰਜਿਸਟਰ 'ਚ ਹੀ ਚਾੜ੍ਹ ਕੇ ਰਾਜ ਮਸ਼ੀਨਰੀ ਦੇ ਜਬਰ ਜ਼ੁਲਮ ਨੂੰ ਢਕਣ ਲਈ ਹਰ ਹਰਬਾ ਵਰਤਿਆ ਜਾਂਦਾ ਹੈ।

ਜਦੋਂ ਈਰੋਮ ਸ਼ਰਮੀਲਾ ਵਰਗੀਆਂ ਜਾਂਬਾਜ਼ ਸੰਗਰਾਮਣਾਂ ਸਿਰ ਧੜ ਦੀ ਬਾਜ਼ੀ ਲਾ ਕੇ ਜਬਰ ਸਿਤਮ ਖਿਲਾਫ ਸਾਹਸ ਅਤੇ ਸਿਰੜ ਦੀ ਮਿਸਾਲ ਬਣ ਨਿੱਤਰਦੀਆਂ ਹਨ ਤਾਂ ਸਥਾਪਤੀ ਦੇ ਪਾਜ ਉਧੜਦੇ ਹਨ।

ਕਾਲਜ 12ਵੀਂ ਜਮਾਤ 'ਚ ਪੜ੍ਹਦੀ ਸ਼ਰਮੀਲਾ ਦੀ ਜ਼ਿੰਦਗੀ ਉਸ ਵੇਲੇ ਤੋਂ ਨਵੇਂ ਮਾਰਗ 'ਤੇ ਚੱਲ ਪਈ ਜਦੋਂ ਉਹ ਅਕਤੂਬਰ 2000 ਵਿਚ ਐਚ. ਸੁਰੇਸ਼ ਦੀ ਅਗਵਾਈ 'ਚ ਤਿੰਨ ਮੈਂਬਰੀ ਕਮੇਟੀ 'ਚ ਸ਼ਾਮਲ ਹੋ ਕੇ ਉਹ ਤੱਥ ਇਕੱਠੇ ਕਰਨ ਜੁਟੀ ਜਿਨ੍ਹਾਂ ਤੋਂ ਸੁਰੱਖਿਆ ਬਲਾਂ ਵੱਲੋਂ ਢਾਹੇ ਜਬਰ ਦੀ ਇੰਤਹਾ ਮੂੰਹ ਬੋਲਦੀ ਸੀ। ਸ਼ਰਮੀਲਾ ਅੰਦਰ ਮਾਨਵੀ ਅਧਿਕਾਰਾਂ, ਫਰਜ਼ਾਂ ਦੀਆਂ ਲਹਿਰਾਂ ਉੱਠ ਪਈਆਂ। ਸਭ ਤੋਂ ਜ਼ਿਆਦਾ ਉਸ ਦੇ ਮਨ 'ਤੇ ਗੂਹੜੀ ਛਾਪ ਉਸ ਵੇਲੇ ਲੱਗੀ ਜਦੋਂ ਨੰਨੀ ਮੁੰਨੀ ਬੱਚੀ ਦਾ ਹਲਫੀਆ ਬਿਆਨ ਉਸ ਨੇ ਆਪਣੀ ਡਾਇਰੀ 'ਚ ਦਰਜ ਕੀਤਾ ਜਿਸ ਨਾਲ ਸੁਰੱਖਿਆ ਬਲਾਂ ਨੇ ਬਲਾਤਕਾਰ ਕੀਤਾ ਸੀ।

2 ਨਵੰਬਰ 2000 ਦੀ ਗੱਲ ਹੈ ਕਿ ਇੰਫਾਲ ਤੋਂ 15 ਕਿਲੋਮੀਟਰ ਦੂਰ ਮਾਲੋਮ ਦੇ ਬੱਸ ਅੱਡੇ 'ਤੇ 'ਸੁਰੱਖਿਆ ਬਲਾਂ' ਨੇ 10 ਬੇਗੁਨਾਹਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ। ਲਹੂ ਦੇ ਚੁਬੱਚੇ ਦੇਖ ਕੇ ਉਹ ਧੁਰ ਅੰਦਰ ਤੱਕ ਝੰਜੋੜੀ ਗਈ। ਉਸ ਨੇ ਸੁਰੱਖਿਆ ਬਲਾਂ ਨੂੰ ਮਿਲੇ ਵਿਸ਼ੇਸ਼ ਅਧਿਕਾਰਾਂ ਨੂੰ ਰੱਦ ਕਰਨ, ਜਬਰ ਬੰਦ ਕਰਨ, ਮਨੁੱਖੀ ਹੱਕਾਂ ਦੀ ਰਾਖੀ ਕਰਨ ਲਈ ਜ਼ਬਰਦਸਤ ਆਵਾਜ਼ ਉਠਾਈ। ਉਹ ਭੁੱਖ ਹੜਤਾਲ 'ਤੇ ਬੈਠ ਗਈ। ਜ਼ਬਰਦਸਤੀ ਉਸ ਦੇ ਮੂੰਹ 'ਚ ਖੁਰਾਕ ਧੱਕੀ ਗਈ। ਕਿਸੇ ਨਾ ਕਿਸੇ ਤਰ੍ਹਾਂ ਉਹ ਜੰਤਰ ਮੰਤਰ ਨਵੀਂ ਦਿੱਲੀ ਆਉਣ 'ਚ ਕਾਮਯਾਬ ਹੋ ਗਈ। ਤਿੰਨ ਦਿਨ ਮਗਰੋਂ ਹੀ ਪੁਲੀਸ ਨੇ ਉਸ ਨੂੰ ਜਬਰੀ ਚੁੱਕ ਕੇ ਹਸਪਤਾਲ ਭਰਤੀ ਕਰਾ ਦਿੱਤਾ। ਕੋਈ 6 ਵਰ੍ਹੇ ਤੋਂ ਨਿਰੰਤਰ ਸੰਗਰਾਮ ਕਰਦੀ ਆ ਰਹੀ ਸ਼ਰਮੀਲਾ ਨੂੰ ਹਸਪਤਾਲ ਵਾਲੇ ਹੁਣ ਜਾਣ ਲਈ ਕਹਿ ਰਹੇ ਹਨ। ਬਾਹਰ ਖੜ੍ਹੇ ਵਰਦੀਧਾਰੀ ਉਸ ਨੂੰ ਸਰਕਾਰੀ ਹੁਕਮ ਸੁਣਾ ਰਹੇ ਹਨ ਕਿ ਜੇ ਉਹ ਵਿਰੋਧ ਜਾਰੀ ਰੱਖੇਗੀ ਤਾਂ ਉਹ ਇਥੋਂ ਬਾਹਰ ਨਹੀਂ ਜਾ ਸਕਦੀ। ਅਜੇਹੀ ਹਾਲਤ 'ਚੋਂ ਗੁਜ਼ਰ ਰਹੀ ਸ਼ਰਮੀਲਾ ਅਤੇ ਉਸ ਵਰਗੀਆਂ ਹੋਰ ਮਨੁੱਖੀ ਜ਼ਿੰਦਾਂ ਪ੍ਰਤੀਕ ਹਨ ਕਿ ਅਸਲ 'ਚ 'ਦਹਿਸ਼ਤਗਰਦ ਕੌਣ ਹਨ', ਜਮਹੂਰੀਅਤ ਪਸੰਦ ਕੌਣ ਅਤੇ ਸ਼ਹੀਦ ਕੌਣ ?

ਮਨੀਪੁਰ 'ਚ ਮਨੋਰਮਾ ਦੇਵੀ ਨੂੰ ਹਥਿਆਰਬੰਦ ਤਾਕਤਾਂ ਨੇ ਬਲਾਤਕਾਰ ਕਰਨ ਮਗਰੋਂ ਕਤਲ ਕਰ ਦਿੱਤਾ। ਮਨੀਪੁਰਾ ਸੜਕਾਂ 'ਤੇ ਨਿਕਲ ਤੁਰਿਆ। ਇਥੋਂ ਤੱਕ ਕਿ ਸੈਂਕੜੇ ਔਰਤਾਂ ਨੇ ਅਲਫ ਨੰਗਿਆਂ ਹੋ ਕੇ ਫੌਜੀ ਹੈਡ ਕੁਆਰਟਰ ਅੱਗੇ ਰੋਸ ਵਿਖਾਵਾ ਕਰਕੇ 'ਭਾਰਤੀ ਜਮਹੂਰੀਅਤ' ਅਤੇ ਇਸ ਦੀਆਂ ਰਖੇਲ ਹਥਿਆਰਬੰਦ ਜਾਬਰ ਪਲਟਣਾਂ ਦੇ ਕਾਲੇ ਕਾਰਿਆਂ ਖਿਲਾਫ ਬਲਦੀ ਜਵਾਲਾ ਵਰਗੇ ਰੋਹ ਦਾ ਇਜ਼ਹਾਰ ਕੀਤਾ।

ਹਥਿਆਰਬੰਦ ਤਾਕਤਾਂ ਨੂੰ ਮਿਲੇ ਵਿਸ਼ੇਸ਼ ਅਧਿਕਾਰਾਂ ਦੇ ਖੁੱਲ੍ਹੇ ਗੱਫਿਆਂ ਕਾਰਨ ਔਰਤਾਂ

ਉੱਪਰ ਕਹਿਰ ਦਾ ਬੇਸ਼ਰਮ ਵਰਤਾਰਾ ਵਾਪਰਦਾ ਆ ਰਿਹਾ ਹੈ। ਵਿਖਾਵਾਕਾਰੀਆਂ ਦੇ ਬੁਲੰਦ ਹੌਸਲੇ ਨੇ ਦੁਨੀਆਂ ਦਾ ਧਿਆਨ ਖਿੱਚਿਆ। ਬੀ.ਪੀ. ਜੀਵਨ ਰੈਡੀ ਕਮੇਟੀ ਦਾ ਗਠਨ ਹੋਇਆ। ਉਸ ਨੇ ਆਪਣੀ ਰਿਪੋਰਟ 'ਚ ਸੱਪਸ਼ਟ ਕਿਹਾ ਕਿ–

"ਮਨੀਪੁਰ ਅਤੇ ਉੱਤਰ ਪੂਰਬੀ ਖਿੱਤੇ ਵਿਚ ਲਾਗੂ ਕਾਨੂੰਨ ਨੂੰ ਮਨਸੂਖ ਕੀਤਾ ਜਾਵੇ। ਇਹ ਕਾਨੂੰਨ ਗੰਜਾ ਹੈ। ਕਾਲਖ਼ ਦਾ ਚਿੰਨ੍ਹ ਬਣ ਚੁੱਕਿਆ ਹੈ। ਨਫਰਤ ਦਾ ਪਾਤਰ ਹੈ। ਵਿਤਕਰੇ ਅਤੇ ਦਮਨ ਦਾ ਸੰਦ ਹੈ।"

ਕਮੇਟੀ ਦੀ ਰਿਪੋਰਟ ਆਉਣ 'ਤੇ ਦਸੰਬਰ 2006 ਦੇ ਪਹਿਲੇ ਹਫਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਭਾਵੇਂ ਕਾਨੂੰਨ 'ਚ ਸੋਧ ਕਰਨ ਦਾ ਸੰਕੇਤ ਦੇ ਦਿੱਤਾ ਪਰ ਪਰਨਾਲਾ ਉਥੇ ਦਾ ਉਥੇ ਹੀ ਰਿਹਾ। ਇਸ ਨਾਲ ਗੁੱਸਾ ਸ਼ਾਂਤ ਨਾ ਹੋਇਆ। ਲੋਕਾਂ 'ਚ ਹੋਰ ਵੀ ਗੁੱਸਾ ਫੈਲ ਗਿਆ। ਹੁਣ ਜੇ ਉਥੋਂ ਦੇ ਲੋਕ ਇਸ ਖਿਲਾਫ ਨਹੀਂ ਉੱਠਣਗੇ ਤਾਂ ਭਲਾ ਹੋਰ ਕੀ ਕਰਨਗੇ, ਫਿਰ ਸ਼ਹੀਦ ਉਹ ਹੋਏ ਜਾਂ ਉਨ੍ਹਾਂ ਦਾ ਘਾਣ ਕਰਨ ਵਾਲੇ ? ਇਹ ਪ੍ਰਸ਼ਨ ਸਭ ਦਾ ਧਿਆਨ ਖਿੱਚਦਾ ਹੈ।

ਜੰਗਾਂ (ਘਰੇਲੂ ਤੇ ਬਾਹਰੀ), ਦੇਸ਼ ਭਗਤੀ, ਸ਼ਹੀਦੀਆਂ ਆਦਿ ਤੇ ਸੰਕਲਪਾਂ 'ਚੋਂ ਮਾਨਵਤਾ ਦੇ ਪੱਖ ਤੇ ਟਿੱਪਣੀ ਕਰਦਾ ਪ੍ਰਸਿੱਧ ਅੰਗਰੇਜ਼ੀ ਲੇਖਕ ਤੇ ਨਾਟਕਕਾਰ ਜਾਰਜ ਬਰਨਾਰਡ ਸ਼ਾਅ ਦੇਸ਼ ਭਗਤੀ ਨੂੰ ਬੜਾ ਸੰਕੀਰਣ ਜਜ਼ਬਾ ਮੰਨਦਾ ਹੈ। ਉਹ ਕਹਿੰਦਾ ਹੈ ਕਿ ਦੇਸ਼ ਭਗਤੀ ਤਾਂ ਛੋਟੀਆਂ–ਛੋਟੀਆਂ ਸਰਹੱਦੀ ਵਲਗਣਾਂ 'ਚ ਘਿਰੇ ਦੇਸ਼ਾਂ ਵਾਂਗ ਹੀ ਇੱਕ ਤੰਗ ਨਜ਼ਰ ਜਜ਼ਬਾ ਹੈ ਜੋ ਸਰਹੱਦੋਂ ਪਾਰ ਵਸਦੇ ਆਪਣੇ ਮਨੁੱਖ–ਭਾਈਬੰਦਾਂ ਪ੍ਰਤੀ ਵੀ ਉਦਾਰ ਨਹੀਂ ਰਹਿੰਦਾ। ਉਸ ਦਾ ਇਹ ਕਥਨ ਕਿੱਥੋਂ ਤੱਕ ਠੀਕ ਹੈ ਇਹ ਇੱਕ ਵਿਚਾਰਨ ਦੀ ਗੱਲ ਹੈ ਪਰ ਇਸ ਤੋਂ ਇੰਝ ਜ਼ਰੂਰ ਪ੍ਰਤੀਤ ਹੁੰਦਾ ਹੈ ਕਿ ਇਸ ਜ਼ਜਬੇ ਨੂੰ ਸੌੜੇ ਮੁਫਾਦਪ੍ਰਸਤ ਰਾਜਨੀਤੀਵਾਨਾਂ ਜਾਂ ਉਹਨਾਂ ਦੇ ਸਲਾਹਕਾਰਾਂ ਵੱਲੋਂ ਬਹੁਤੀ ਵਾਰ ਗਲਤ ਵਰਤਿਆ ਜਾਂਦਾ ਰਿਹਾ ਹੈ। ਦੇਸ਼ਾਂ ਦੀਆਂ ਰਾਜਨੀਤਕ ਸਥਿਤੀਆਂ ਅਨੁਸਾਰ ਕਦੇ ਧਰਮ, ਜਾਤ, ਰੰਗ, ਨਸਲ, ਖੇਤਰੀਵਾਦ ਤੇ ਬੋਲੀ ਆਦਿ ਨੂੰ ਲੀਡਰ ਲੋਕ ਵਿਸਾਰ ਦੇਣ ਦੀ ਸਿੱਖਿਆ ਦਿੰਦੇ ਹਨ ਤੇ ਕਦੇ ਆਪਣੇ ਹਿੱਤਾਂ ਸਮੇਂ ਇਹਨਾਂ ਨੂੰ ਜ਼ਾਹਰਾ ਜਾਂ ਲੁਪਤ ਉਭਾਰ ਦਿੰਦੇ ਹਨ। ਅਜੋਕੀ ਸਥਿਤੀ 'ਚ ਭਾਰਤੀ ਉਪ ਮਹਾਂਦੀਪ 'ਚ ਇਹ ਵਖਰੇਵੇਂ ਆਪਣੇ ਜੋਬਨ ਤੇ ਹਨ ਤੇ ਇਹ ਖੁਦਗਰਜ਼ ਰਾਜਨੀਤੀ ਦੀ ਹੀ ਕਿਰਪਾ ਹੈ। ਇੱਥੋਂ ਤੱਕ ਕਿ ਸਾਡੀਆਂ ਫ਼ੌਜਾਂ 'ਚ ਵੀ ਖਾਲਸ ਧਾਰਮਿਕ ਪੱਧਰ ਤੇ ਰੈਜੀਮੈਂਟਾਂ ਸਥਾਪਤ ਹਨ। ਇਹਨਾਂ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ ਇਸ ਦੀ ਇੱਕ ਉਦਾਹਰਣ ਹੈ। ਸਨ 1971 ਦੀ ਜੰਗ 'ਚ ਕਸ਼ਮੀਰ ਬਾਰਡਰ ਤੇ ਇੱਕ ਚੌਕੀ ਪਾਕਿਸਤਾਨ ਦੇ ਕਬਜ਼ੇ 'ਚ ਸੀ ਜਿਸਦੀ ਸਿੱਧੀ ਚੜ੍ਹਾਈ ਭਾਰਤੀ ਪਾਸੇ ਵੱਲ ਸੀ। ਇੱਥੇ ਤਾਇਨਾਤ ਇੱਕ ਸਿੱਖ ਰੈਜੀਮੈਂਟ ਨੂੰ ਇਸ ਸਿੱਧੇ ਪਾਸਿਉਂ ਚੜ੍ਹਕੇ ਚੌਂਕੀ ਤੇ ਕਬਜਾ ਕਰਨਾ ਮਾਰੂ ਸਾਬਤ ਹੋਣਾ

ਸੀ। ਕਮਾਂਡਰ (ਜੋ ਕਿ ਖਾਲਸ ਰੈਜੀਮੈਂਟ 'ਚ ਉਸੇ ਧਰਮ ਦਾ ਨਹੀਂ ਹੁੰਦਾ ਜਿਸਦੀ ਰੈਜੀਮੈਂਟ ਹੈ ਪਰ ਉਸ ਦੇ ਇਤਿਹਾਸ, ਸੱਭਿਆਚਾਰ ਤੋਂ ਪੂਰੀ ਤਰ੍ਹਾਂ ਵਾਕਫ਼ ਹੁੰਦਾ ਹੈ), ਨੇ ਪਹਿਲੀ ਰਾਤ ਦੁਸ਼ਮਣ ਦੇ ਪਾਸਿਉਂ ਜਾਕੇ ਕਬਜਾ ਕਰਨ ਦੀ ਵਿਉਂਤ ਬਣਾਈ ਪਰ ਜੰਗਲ 'ਚੋਂ ਅੱਗੇ ਵਧਦਿਆ ਦਿਨ ਚੜ੍ਹ ਗਿਆ ਤੇ ਵਾਪਸ ਆ ਗਏ। ਦੂਜੀ ਰਾਤ ਇੱਕ ਨਾਲੇ 'ਚ ਵੜਕੇ ਅੱਗੇ ਵਧਦੇ ਗਏ ਤੇ ਪਾਕਿਸਤਾਨ ਦੇ ਇਲਾਕੇ 'ਚ ਅੱਗੇ ਲੰਘ ਗਏ ਚੌਂਕੀ ਹੋਰ ਪਾਸੇ ਰਹਿ ਗਈ। ਵਾਪਸ ਆਉਣਾ ਪਿਆ। ਕਮਾਂਡਰ ਨੇ ਸੋਚਿਆ ਕਿ ਸੀਰੀਅਸਲੀ ਅਟੈਕ ਨਹੀਂ ਹੋ ਰਿਹਾ। ਉਸ ਤੇ ਵੀ ਪਿੱਛੋਂ ਦਬਾਅ ਸੀ। ਉਸ ਨੇ ਸ਼ਾਮ ਨੂੰ ਦਰਬਾਰ ਕੀਤਾ। ਸਾਰਾ ਸਿੱਖ ਇਤਿਹਾਸ, ਮਾਨਵਤਾ ਲਈ ਮਰ ਮਿਟਣ ਦੀ ਪ੍ਰੰਪਰਾ ਛੋਟੇ-ਛੋਟੇ ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ ਦੀਆਂ ਸ਼ਹੀਦੀਆਂ ਦੀਆਂ ਦਾਸਤਾਨਾਂ ਇਸ ਤਰ੍ਹਾਂ ਸੁਣਾਈਆਂ ਕਿ ਜਵਾਨ ਹੱਥਾਂ ਤੇ ਦੰਦੀਆਂ ਵੱਢਣ ਲੱਗ ਪਏ। ਕਮਾਂਡਰ ਨੇ ਕਿਹਾ ਕਿ ਖਾਣਾ ਲਉ ਫਿਰ ਹਮਲਾ ਕਰਾਂਗੇ। ਜਵਾਨਾਂ ਨੇ ਇੱਕ ਜ਼ਬਾਨ ਕਿਹਾ ਕਿ ਖਾਣਾ ਫੇਰ ਹੀ ਲਵਾਂਗੇ ਪਹਿਲਾਂ ਅਟੈਕ ਕਰਾਂਗੇ ਤੇ ਪੂਰੀ ਰੈਜੀਮੈਂਟ ਸਿੱਧਾ ਭੱਜਕੇ ਚੜ੍ਹਾਈ ਚੜ੍ਹੀ ਜਿਸ 'ਚ ਅਥਲੀਟ ਵਗੈਰਾ ਕਾਫੀ ਅੱਗੇ ਗਏ ਤੇ ਅੱਧਿਉਂ ਬਹੁਤੇ ਸ਼ਹੀਦੀ ਪਾ ਗਏ। ਪਰ ਚੌਂਕੀ ਤੇ ਪਹੁੰਚ ਕੇ ਚਲਦੀਆਂ ਮਸ਼ੀਨ ਗੰਨਾਂ ਦੀਆਂ ਨਾਲੀਆਂ ਫੜੀਆਂ ਤੇ ਚੌਂਕੀ ਤੇ ਕਬਜਾ ਕਰ ਲਿਆ।

ਕੀ ਇਸ ਤਰ੍ਹਾਂ ਅਸੀਂ ਰੋਜ਼ਾਨਾ ਜੀਵਨ 'ਚ ਧਰਮ ਦੇ ਨਾਂ ਤੇ ਆ ਰਹੀ ਕਿਸੇ ਭੜਕਾਹਟ ਨੂੰ ਠੱਲ੍ਹ ਸਕਾਂਗੇ ? ਕੀ ਸ਼ਹੀਦੀ ਦੇ ਸੰਕਲਪ ਨੂੰ ਕੇਵਲ ਉੱਚੇ ਸੁੱਚੇ ਆਦਰਸ਼ਾਂ ਨਾਲ ਜੁੜਿਆ ਰੱਖ ਸਕਾਂਗੇ ? ਕੀ ਸੌੜੀ ਰਾਜਨੀਤੀ ਨੂੰ ਮਾਨਵਤਾ ਨੂੰ ਅੱਖੋਂ-ਪਰੋਖੇ ਕਰਦੇ ਰਹਿਣ ਦੇਵਾਂਗੇ ? ਵੱਡੇ ਸਵਾਲ ਹਨ। ਖੁੱਲ-ਦਿਲੀ ਨਾਲ ਬਹਿਸ ਦੀ ਮੰਗ ਕਰਦੇ ਹਨ। ਤਿੱਖਾ ਸਵਾਲ ਹੈ ਕਿ ਜਦੋਂ ਇਕ ਮੁਲਕ ਦੇ ਟੋਟੇ ਕੀਤੇ ਗਏ ਤਾਂ ਲੱਖਾਂ ਲੋਕਾਂ ਦਾ ਲਹੂ ਡੁੱਲ੍ਹਿਆ। ਕਸ਼ਮੀਰ ਅੰਦਰ ਅਜੇਹੀ ਕਤਲੋਗਾਰਦ ਦੀ ਅੱਗ ਨਾਲ ਇਕ ਵੀ ਮਨੁੱਖੀ ਜ਼ਿੰਦਗੀ, ਮੌਤ ਦੇ ਮੂੰਹ ਨਹੀਂ ਸੀ ਗਈ ਪਰ ਹੁਣ ਪਿਛਲੀ ਅੱਧੀ ਸਦੀ ਤੋਂ ਕਸ਼ਮੀਰ ਅੰਦਰ ਭਾਰਤੀ ਹਾਕਮਾਂ ਦੀਆਂ ਕੁਟਲ ਚਾਲਾਂ ਕਾਰਨ ਹਰ ਰੋਜ਼ ਲੋਥਾਂ ਦੇ ਢੇਰ ਲੱਗ ਰਹੇ ਹਨ। ਪਿੱਛੇ ਜਿਹੇ ਕਸ਼ਮੀਰੀ ਲੋਕਾਂ ਨਾਲ ਗੱਲ-ਬਾਤ ਕਰਕੇ ਇੱਕ ਲੇਖਕ ਨੇ ਵਿਚਾਰ ਪਰਗਟ ਕੀਤੇ ਹਨ ਕਿ ਕਸ਼ਮੀਰੀਆਂ ਨੂੰ ਸਭ ਤੋਂ ਵੱਧ ਇਸ ਵੇਲੇ ਯਾਤਰੀਆਂ ਦੀ ਉਡੀਕ ਰਹਿੰਦੀ ਹੈ। ਕਦੋਂ ਗੋਲੀ ਬੰਦ ਹੋਵੇ ਤੇ ਯਾਤਰੀ ਆਉਣ ਲੱਗਣ। ਆਮ ਆਦਮੀ ਇਸ ਠੂਹ-ਠਾਹ ਦੀ ਰਾਜਨੀਤੀ ਤੋਂ ਅਣਜਾਣ ਹੈ। ਉਸ ਨੂੰ ਸਿਰਫ਼ ਰੁਜ਼ਗਾਰ ਦੀ ਫ਼ਿਕਰ ਹੈ। ਕੀ ਭਾਰਤੀ ਉਪ ਮਹਾਂਦੀਪ ਦੇ ਸ਼ਾਸ਼ਕ ਤੰਗ ਦਿਲ ਰਾਜਨੀਤੀ ਛੱਡ ਕੇ ਮਨੁੱਖਤਾ ਦੀ ਕੁੱਲੀ ਗੁੱਲੀ ਜੁੱਲੀ ਦੀ ਪੁਕਾਰ ਵੱਲ ਧਿਆਨ ਦੇਣਗੇ। ਅੰਗਰੇਜ਼ੀ ਵਿਦਵਾਨ ਮੈਕਸ-ਓ-ਰੈੱਲ (Max O' Rell) ਨੇ ਮੰਦੀ ਰਾਜਨੀਤੀ ਦੀਆਂ ਘੁਣਤਰਬਾਜ਼ੀਆਂ ਤੋਂ ਤੰਗ ਆ ਕੇ ਲਿਖਿਆ ਸੀ ਕਿ, "ਕੈਮਿਸਟ ਬਣਨ ਲਈ ਕੈਮਿਸਟਰੀ ਪੜ੍ਹਨੀ ਪੈਂਦੀ ਹੈ, ਵਕੀਲ ਬਣਨ ਲਈ ਕਾਨੂੰਨ ਪੜ੍ਹਨਾ ਪੈਂਦਾ ਹੈ, ਡਾਕਟਰ ਬਨਣ ਲਈ

ਮੈਡੀਸ਼ਨ ਪੜ੍ਹਨੀ ਪੈਂਦੀ ਹੈ। ਪਰ ਸੌੜੇ ਰਾਜਨੀਤਕ ਬਣਨ ਲਈ ਆਪਣੇ ਹਿੱਤਾਂ ਦੀ ਪੜ੍ਹਾਈ ਹੀ ਕਰਨੀ ਪੈਂਦੀ ਹੈ। ਇਹ ਕਥਨ ਸੌੜੇ ਲੋਕ ਦੋਖੀ, ਹਾਕਮ ਜਮਾਤੀ ਅਤੇ ਜਾਤੀ ਹਿੱਤਾਂ ਨੂੰ ਪਰਨਾਇਆ ਤੇ ਢੁਕਦਾ ਹੈ। ਆਉ ਇਸ ਕਥਨ ਨੂੰ ਕਾਲੀ ਅਤੇ ਕੁਚੱਜੀ ਰਾਜਨੀਤੀ ਦੇ ਪ੍ਰਸੰਗ ਵਿੱਚ ਝਟਕਾ ਦੇਣ ਲਈ ਸੁਚੱਜੀ ਰਾਜਨੀਤੀ ਪਸਰਨ ਦੇਈਏ ਤੇ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਨੂੰ ਧਿਆਨ 'ਚ ਰਖਦੇ ਹੋਏ ਸ਼ਹੀਦੀ ਤੇ ਰਾਜਨੀਤੀ ਦੇ ਸੰਕਲਪਾਂ 'ਚ ਮਨੁੱਖਤਾ/ਮਾਨਵਵਾਦ ਨੂੰ ਮੋਹਰੀ ਸਥਾਨ ਦਿਵਾਈਏ। ਕਿੰਨੇ ਮਹਾਨ ਹਨ ਉਹ ਲੋਕ ਜਿਹੜੇ ਲੋਕ ਹੱਕਾਂ ਅਤੇ ਲੋਕ ਮੁਕਤੀ ਲਈ ਲੁੱਟ, ਵਿਤਕਰੇ ਅਤੇ ਜਬਰ ਤੋਂ ਰਹਿਤ ਖ਼ੂਬਸੂਰਤ ਅਤੇ ਬਰਾਬਰੀ ਭਰੇ ਨਿਜ਼ਾਮ ਦੀ ਸਿਰਜਣਾ ਲਈ ਜੂਝ ਅਤੇ ਸ਼ਹੀਦੀ ਜਾਮ ਪੀ ਰਹੇ ਹਨ। ਇਨ੍ਹਾਂ ਨੂੰ ਸਦਾ ਇਤਿਹਾਸ ਅਤੇ ਲੋਕ ਮਾਨਤਾਂ ਅਤੇ ਉੱਚਾ ਦਰਜਾ ਦਿੰਦੇ ਹਨ। ਸ਼ਹੀਦੀ ਦੇ ਮਹਾਨ ਰੁਤਬੇ ਅਤੇ ਅਰਥਾਂ ਨੂੰ ਲੋਕਾਂ ਲਈ ਸਮਰਪਤ ਕੁਰਬਾਨੀਆਂ ਕਰਨ ਵਾਲਿਆਂ ਦੇ ਉਦੇਸ਼ਾਂ ਦੇ ਸਹੀ ਪ੍ਰਸੰਗ 'ਚ ਸਹੀ ਨਿਸ਼ਾਨਦੇਹੀ ਕਰੀਏ।

*ਦਰਪਣ ਕਰੇ ਸੁਆਲ :*

# ਇਹ ਲੋਕਤੰਤਰ ਹੈ ਜਾਂ ਪੁਲਸਤੰਤਰ

ਇਹ ਗੱਲ ਵੀਹਵੀਂ ਸਦੀ ਦੇ ਛੇਵੇਂ ਦਹਾਕੇ ਦੀ ਹੈ ਜਦੋਂ ਇਲਾਹਾਬਾਦ ਹਾਈਕੋਰਟ ਦੇ ਇਕ ਜੱਜ ਨੇ ਪੁਲੀਸ ਦੇ ਅਪਰਾਧੀਕਰਨ 'ਤੇ ਗੰਭੀਰ ਟਿੱਪਣੀ ਕਰਦਿਆਂ ਕਿਹਾ ਸੀ ਕਿ ਦੇਸ਼ ਵਿਚ ਪੁਲੀਸ ਦੇ ਮੁਕਾਬਲੇ ਅਜਿਹਾ ਕੋਈ ਵੀ 'ਗਿਰੋਹ' ਨਹੀਂ ਜਿਸ ਦਾ ਅਪਰਾਧਿਕ ਰਿਕਾਰਡ ਇਸ ਨੂੰ ਮਾਤ ਪਾਉਂਦਾ ਹੋਵੇ। ਇਹ ਤੱਥ ਆਜ਼ਾਦੀ ਤੋਂ ਪਹਿਲਾਂ ਵੀ ਸੱਚ ਸਨ ਅਤੇ ਅਜੋਕੇ ਸਮੇਂ 'ਚ ਵੀ ਪੁਲੀਸ ਦੀ ਸਥਿਤੀ ਇਹੋ ਹੀ ਹੈ। ਗੱਲ ਭਾਵੇਂ ਅੰਗਰੇਜ਼ੀ ਰਾਜ ਦੀ ਹੋਵੇ ਜਾਂ ਦੇਸੀ ਦੀ, ਆਮ ਜਨਤਾ ਨੂੰ ਦਬਾਉਣ ਲਈ ਸੱਤਾਧਾਰੀ ਲੋਕਾਂ ਨੇ ਹਮੇਸ਼ਾ ਹੀ ਪੁਲੀਸ ਦੀ ਸ਼ਕਤੀ ਦਾ ਦੁਰ-ਉਪਯੋਗ ਕੀਤਾ। ਅਜੇਹਾ ਇਸ ਕਰਕੇ ਹੋ ਰਿਹਾ ਹੈ ਕਿਉਂਕਿ ਰਾਜ ਭਾਗ ਦੀ ਆਧਾਰਸ਼ਿਲਾ ਜਮਾਤੀ ਹੈ। ਲੋਕਾਂ ਦੀ ਰੱਤ ਪੀਣੇ ਧੜੇ ਸਤਾ 'ਤੇ ਕਾਬਜ਼ ਹਨ। ਆਪਣੀ ਰਾਜ ਦੀ ਸਲਾਮਤੀ ਲਈ ਅਤੇ ਲੋਕਾਂ ਦੀ ਜ਼ੁਬਾਨਬੰਦੀ ਲਈ ਪੁਲੀਸ, ਨੀਮ ਫੌਜੀ ਦਲਾਂ ਅਤੇ ਲੋੜ ਪੈਣ 'ਤੇ ਫੌਜ ਤੱਕ ਨੂੰ ਇਹ ਧੜੇ ਆਪਣੇ ਹਿੱਤਾਂ ਲਈ ਹਥਿਆਰ ਬਣਾ ਕੇ ਵਰਤਦੇ ਹਨ। ਜੇ ਕਦੇ ਕੋਈ ਕਮਿਸ਼ਨ, ਕਮੇਟੀ ਜਾਂ ਜਮਹੂਰੀ ਸੰਸਥਾ ਇਨ੍ਹਾਂ ਤਾਕਤਾਂ/ਬੇਅਥਾਹ ਅਧਿਕਾਰਾਂ ਉੱਪਰ ਰੋਕ ਲਾਉਣ ਦੀ ਗੱਲ ਵੀ ਕਰਦੀ ਹੈ ਤਾਂ ਉਸ ਦੀ ਸਿਫਾਰਸ਼ ਜਾਂ ਤਜਵੀਜ਼ ਦੀ ਥਾਂ ਰੱਦੀ ਦੀ ਟੋਕਰੀ 'ਚ ਹੁੰਦੀ ਹੈ।

ਦੇਸ਼ ਅੰਦਰ ਸੱਤਰਵਿਆਂ 'ਚ ਤਤਕਾਲੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਵੱਲੋਂ ਲਗਾਈ ਐਮਰਜੈਂਸੀ ਦੌਰਾਨ ਪੁਲੀਸ ਕਹਿਰ ਦਾ ਜੋ ਨੰਗਾ ਨਾਚ ਹੋਇਆ ਉਹ ਦੇਸ਼ ਦੀ ਜਨਤਾ ਅਜੇ ਤੱਕ ਭੁੱਲੀ ਨਹੀਂ। ਐਮਰਜੈਂਸੀ ਦੀ ਮਾਰ ਝੱਲਣ ਵਾਲਿਆਂ ਨੇ ਵੀ ਵੇਲੇ-ਵੇਲੇ ਸੱਤਾ 'ਚ ਆਉਣ ਉਪਰੰਤ ਪੁਲੀਸ ਸੁਧਾਰਾਂ ਦੀ ਗੱਲ ਕੀਤੀ। ਕਮਿਸ਼ਨ ਵੀ ਬਣਾਇਆ ਪਰ ਉਸ ਕਮਿਸ਼ਨ (ਸ਼ਾਹ ਕਮਿਸ਼ਨ) ਦਾ ਕੀ ਹਸ਼ਰ ਹੋਇਆ ਹੈ ਉਹ ਵੀ ਸਭ ਦੇ ਸਾਹਮਣੇ ਹੀ ਹੈ। ਹੁਣ ਜਦੋਂ ਕਦੇ ਵੀ ਇਸ ਕਮਿਸ਼ਨ ਦੀਆਂ ਸਿਫਾਰਸ਼ਾਂ ਦਾ ਜ਼ਿਕਰ ਛਿੜਦਾ ਹੈ ਤਾਂ ਅਫਸਰਸ਼ਾਹੀ ਨੂੰ ਤਰੇਲੀਆਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਸੱਤਾਧਾਰੀਆਂ ਅਤੇ ਨੌਕਰਸ਼ਾਹਾਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਜੇਕਰ ਪੁਲੀਸ ਨੂੰ ਨੱਥ ਪਾ ਲਈ ਗਈ ਤਾਂ ਉਨ੍ਹਾਂ ਲਈ ਇਕ ਅੱਧੀ ਨਹੀਂ ਸਗੋਂ ਸੈਂਕੜੇ ਮੁਸ਼ਕਿਲਾਂ ਖੜ੍ਹੀਆਂ ਹੋ ਜਾਣਗੀਆਂ। ਪੁਲੀਸ ਲੋਕਾਂ ਦੀ ਸੇਵਕ ਬਣਨ ਤੋਂ ਬਾਅਦ ਲੋਕਤੰਤਰ ਮਜ਼ਬੂਤ ਹੋ ਜਾਵੇਗਾ, ਗਲਤ ਕੰਮ ਕਰਨੇ ਮੁਸ਼ਕਿਲ ਹੋ ਜਾਣਗੇ ਅਤੇ

ਪੁਲੀਸ ਖਾਸ ਤੋਂ ਆਮ ਹੋ ਜਾਵੇਗੀ। ਪਰ ਇਸ ਪ੍ਰਬੰਧ 'ਚ ਇਉਂ ਹੋ ਸਕਣਾ ਅਸੰਭਵ ਹੈ।

ਜਿਸ ਦਿਨ ਇਹ ਸਭ ਕੁੱਝ ਹੋ ਗਿਆ ਉਸ ਦਿਨ ਪੁਲੀਸ ਨੂੰ ਤਹਿ ਕਰਨਾ ਪਵੇਗਾ ਕਿ ਕਾਨੂੰਨ ਦਾ ਪਾਲਣ ਕਿਵੇਂ ਕਰਨਾ ਹੈ। ਕਿਸ ਸਖ਼ਸ਼ ਦੀ ਥਾਂ ਜੇਲ੍ਹ 'ਚ ਹੈ ਅਤੇ ਕਿਸ ਦਾ ਬਚਾਉ ਕਰਨਾ ਹੈ। ਇਹ ਕੁਝ ਕਾਰਨ ਹਨ ਜਿਨ੍ਹਾਂ ਕਰਕੇ ਸੱਤਾਧਾਰੀ ਵਰਗ ਪੁਲੀਸ ਨੂੰ ਆਪਣੇ ਹੱਥਾਂ 'ਚੋਂ ਬਾਹਰ ਨਹੀਂ ਜਾਣ ਦੇਣਾ ਚਾਹੁੰਦਾ। ਅੰਕੜੇ ਦੱਸਦੇ ਹਨ ਕਿ 1990 ਤੋਂ ਲੈ ਕੇ 1999 ਤੱਕ ਦੇ 9 ਸਾਲ ਦੇ ਵਕਫੇ ਦੌਰਾਨ ਪੁਲੀਸ ਨੇ ਕਰੀਬ 6 ਹਜ਼ਾਰ ਥਾਵਾਂ 'ਤੇ ਭੀੜ 'ਤੇ ਗੋਲੀਆਂ ਚਲਾਈਆਂ ਜਿਸ ਦੌਰਾਨ ਲੱਗਭੱਗ ਅਠਾਰਾਂ ਸੌ ਨਾਗਰਿਕ ਮਾਰੇ ਗਏ, ਕਰੀਬ ਸੱਤ ਹਜਾਰ ਜ਼ਖਮੀ ਹੋਏ। ਲਾਠੀਚਾਰਜ, ਫਾਇਰਿੰਗ, ਝੂਠੇ ਪੁਲੀਸ ਮੁਕਾਬਲੇ, ਹਿਰਾਸਤ 'ਚ ਮੌਤਾਂ, ਪੈਸੇ ਦੀ ਵਸੂਲੀ ਅਤੇ ਹਰ ਤਰ੍ਹਾਂ ਦੀ ਜ਼ਿਆਦਤੀ ਬਦਸਤੂਰ ਜਾਰੀ ਹੈ। ਕੁਝ ਸਾਲ ਪਹਿਲਾਂ ਤੱਕ ਬਿਹਾਰ ਬਾਰੇ ਇਕ ਗੱਲ ਮਸ਼ਹੂਰ ਸੀ, ਭਾਵੇਂ ਰੋ ਭਾਵੇਂ ਪਿੱਟ, ਪੁਲੀਸ ਜੋ ਚਾਹੁੰਦੀ ਹੈ ਜੋ ਮੰਗਦੀ ਹੈ ਉਸ ਨੂੰ ਅਰਪਣ ਕਰ ਦਿਓ ਨਹੀਂ ਤਾਂ ਕਿਸੇ ਨਾ ਕਿਸੇ ਧਾਰਾ 'ਚ ਤੁੰਨ ਦਿੱਤਾ ਜਾਵੇਗਾ।

ਜੇਕਰ ਸਰਸਰੀ ਜਿਹੀ ਝਾਤ ਮਾਰੀ ਜਾਵੇ ਤਾਂ ਇਹੀ ਹਾਲ ਅੱਜ ਪੰਜਾਬ ਦਾ ਜਾਪਦਾ ਹੈ। ਅੱਸੀਵਿਆਂ 'ਚ ਅਤਿਵਾਦ ਵੇਲੇ ਤੋਂ ਜੋ ਪੁਲੀਸ ਰਾਜ ਸਥਾਪਤ ਸੀ ਉਵੇਂ ਹੀ ਕਾਇਮ ਹੈ। ਸਿਰਫ ਇਸ ਦੇ ਕੰਮ ਦਾ ਤਰੀਕਾ ਹੀ ਬਦਲਿਆ ਹੈ ਪਰੰਤੂ ਸੁਭਾਅ ਨਹੀਂ। ਦਿੱਲੀ ਪੁਲੀਸ ਨੇਂ ਜਦੋਂ ਖ਼ੂੰਖਾਰ ਖਾੜਕੂ ਜਗਤਾਰ ਸਿੰਘ ਹਵਾਰਾ ਨੂੰ ਪਟਿਆਲਾ ਨੇੜਿਓਂ ਫੜਿਆ ਤਾਂ ਇੱਕ ਬੁੱਧੀਜੀਵੀ ਨੇ ਪੰਜਾਬ ਪੁਲੀਸ ਦੀ ਕਾਰਜਪ੍ਰਣਾਲੀ 'ਤੇ ਟਿੱਪਣੀ ਕਰਦਿਆਂ ਕਿਹਾ ਸੀ ਕਿ ਸਾਡੀ ਪੁਲੀਸ ਤਾਂ ਹੁਣ ਬਸ ਕਬਜ਼ੇ ਕਰਾਉਣ ਅਤੇ ਕਬਜ਼ੇ ਛੁਡਾਉਣ ਜੋਗੀ ਹੀ ਰਹਿ ਗਈ ਹੈ। ਪੰਜਾਬ ਪੁਲੀਸ ਦਾ ਪਿਛਲੇ ਵੀਹ ਕੁ ਸਾਲ ਦਾ ਜੇ ਲੇਖਾ-ਜੋਖਾ ਕਰਨਾ ਹੋਵੇ ਤਾਂ ਪਤਾ ਲੱਗਦਾ ਹੈ ਕਿ ਪੰਜਾਬ ਪੁਲੀਸ ਦੇ ਸੈਂਕੜੇ ਸਬ-ਇੰਸਪੈਕਟਰ ਅਤੇ ਇੰਸਪੈਕਟਰ ਦੋ ਦਹਾਕਿਆਂ ਤੋਂ ਇਕੋ ਜ਼ਿਲਿਆਂ 'ਚ ਤਾਇਨਾਤ ਹਨ। ਜ਼ਿਲੇ ਵੀ ਛੱਡੋ ਕਈ ਤਾਂ ਘੜੀ-ਮੁੜੀ ਇਕੋ ਥਾਣੇ 'ਚ ਹੀ ਤਾਇਨਾਤ ਦੇਖੇ ਜਾ ਸਕਦੇ ਹਨ। ਪੰਜਾਬ ਭਰ ਵਿੱਚ ਗਿਣਤੀ ਕੁ ਦੇ ਅਜਿਹੇ ਅਫਸਰ ਵੀ ਹਨ ਜੋ 'ਕਮਾਈ' ਵਾਲੀਆਂ ਥਾਵਾਂ 'ਤੇ ਲਗਦੇ ਹਨ। ਸਰਕਾਰ ਭਾਵੇਂ ਅਕਾਲੀਆਂ ਦੀ ਹੋਵੇ 'ਤੇ ਭਾਵੇਂ ਕਾਂਗਰਸ ਦੀ ਖਾਕੀ ਵਰਦੀ ਵਾਲੇ ਵਿਸ਼ੇਸ਼ ਵਿਅਕਤੀਆਂ ਲਈ ਇਹ ਗੱਲ ਹੁਣ ਮਹੱਤਤਾ ਨਹੀਂ ਰੱਖਦੀ ਕਿਓਂਕਿ ਉਨਾਂ ਨੂੰ ਚੰਗੀ ਥਾਂ 'ਤੇ ਟਿਕੇ ਰਹਿਣ ਅਤੇ ਆਪਣੇ ਆਕਾ ਨੂੰ ਖੁਸ਼ ਕਰਨ ਦੇ ਦਾਅ ਪੇਚ ਆ ਗਏ ਹਨ। ਕਈ ਤਾਂ ਆਪਣੇ ਉੱਚ ਅਧਿਕਾਰੀਆਂ ਵੱਲੋਂ ਬਾਕਾਇਦਾ 'ਖਾਕੀ ਵਰਦੀ ਦੇ ਡਾਕੂ' ਕਹਾਉਣ ਤੋਂ ਬਾਅਦ ਵੀ ਬੜੀ ਢੀਠਤਾਈ ਨਾਲ ਆਪਣੇ ਰਾਜਸੀ ਆਕਾਵਾਂ ਦੇ ਸਿਰ 'ਤੇ ਨੌਕਰੀ ਕਰ ਰਹੇ ਹਨ। ਇਥੇ ਇਹ ਜ਼ਿਕਰਯੋਗ ਹੈ ਕਿ ਪੰਜਾਬ ਦੀ ਇਕ ਆਈ.ਪੀ.ਐਸ. ਅਧਿਕਾਰੀ ਨੇ ਇਕ ਬਦਨਾਮ ਪੁਲੀਸ ਇੰਸਪੈਕਟਰ ਨੂੰ ਖਾਕੀ ਵਰਦੀ ਦਾ ਡਾਕੂ ਕਹਿ ਕੇ ਨੌਕਰੀ ਤੋਂ ਚਲਦਾ ਕਰ ਦਿੱਤਾ ਸੀ ਪਰ ਉਸ ਦੇ ਆਕਾ

ਨੇ ਉਸ ਨੂੰ ਨੌਕਰੀ 'ਤੇ ਬਹਾਲ ਕਰਾਇਆ।

ਪੰਜਾਬ ਦੇ ਬਹੁਤ ਸਾਰੇ ਥਾਣਿਆਂ ਦੇ ਮੁਖੀ ਅਜਿਹੇ ਇੰਸਪੈਕਟਰ ਹਨ ਜੋ ਕਤਲ, ਅਗਵਾ ਭ੍ਰਿਸ਼ਟਾਚਾਰ ਵਰਗੇ ਸੰਗੀਨ ਮਾਮਲਿਆਂ 'ਚ ਉਲਝੇ ਹੋਏ ਹਨ। ਪੁਲੀਸ ਥਾਣਿਆਂ 'ਚ ਹਿਰਾਸਤ ਦੌਰਾਨ ਮੌਤ ਹੋਣੀ ਅਤੇ ਉਸ ਤੋਂ ਬਾਅਦ ਦੋਸ਼ੀ ਵਰਦੀਧਾਰੀਆਂ ਦੀ ਉੱਚ ਅਧਿਕਾਰੀਆਂ ਵੱਲੋਂ ਮੱਦਦ ਕਰਕੇ ਦੋਸ਼ ਮੁਕਤ ਕਰਾਰ ਦਿਵਾਉਣਾ ਤਾਂ ਇੱਕ ਰਿਵਾਜ ਜਿਹਾ ਹੀ ਬਣ ਗਿਆ ਹੈ। ਪੰਜਾਬ ਪੁਲੀਸ ਦੇ ਮੁਖੀ ਹੁੰਦਿਆਂ ਸਰਬਦੀਪ ਸਿੰਘ ਵਿਰਕ ਅਪਰਾਧੀ ਤੱਤਾਂ ਦੇ ਥਾਣਿਆਂ ਦੇ ਮੁਖੀ ਹੋਣ ਦੇ ਪੁੱਛੇ ਸਵਾਲਾਂ 'ਤੇ ਇੱਕ ਦਿਨ ਬੁਰੀ ਤਰ੍ਹਾਂ ਘਿਰ ਗਏ ਸਨ। ਪਿਛੇ ਜਿਹੇ ਪਟਿਆਲਾ ਜਿਲੇ ਦੇ ਇੱਕ ਥਾਣੇ 'ਚ ਤਾਇਨਾਤ ਐਸ ਐਚ ਓ ਨੂੰ ਰਾਸ਼ਟਰਪਤੀ ਮੈਡਲ ਨਾਲ ਸਨਮਾਨਿਆ ਗਿਆ। ਇਸ ਐਸ ਐਚ ਓ ਦੀ ਹੋਰ ਪ੍ਰਾਪਤੀ ਦਾ ਤਾਂ ਪਤਾ ਨਹੀਂ ਪਰੰਤੂ ਬਰਨਾਲਾ ਪੁਲੀਸ ਜਿਲੇ 'ਚ ਤਾਇਨਾਤੀ ਦੌਰਾਨ ਇੱਕ ਕਰੋੜ ਕੁ ਰੁਪਏ ਰਿਸ਼ਵਤ ਵਜੋਂ ਇਕੱਠੇ ਕਰਨ ਦੀ ਵਿਭਾਗ 'ਚ ਚਰਚਾ ਜਰੂਰ ਸੀ ਫਿਰ ਵੀ ਉਸ ਦੇ ਇਕ ਆਕਾ ਨੇ ਉਸ ਦੇ ਨਾਮ ਦੀ ਰਾਸ਼ਟਰਪਤੀ ਮੈਡਲ ਲਈ ਸਿਫਾਰਸ਼ ਕੀਤੀ। ਕਿਹੜੀ ਮਜ਼ਬੂਰੀ ਵੱਸ ਇੱਕ ਅਤਿ ਭ੍ਰਿਸ਼ਟ ਵਿਅਕਤੀ ਨੂੰ ਰਾਸ਼ਟਰਪਤੀ ਐਵਾਰਡ ਨਾਲ ਸਨਮਾਨਤ ਕੀਤਾ ਗਿਆ ਇਹ ਗੱਲ ਕਿਸੇ ਨੂੰ ਵੀ ਹਜ਼ਮ ਨਹੀਂ ਹੋ ਰਹੀ।

ਪੰਜਾਬ ਪੁਲੀਸ ਦੇ ਅਫਸਰਾਂ ਖਿਲਾਫ ਮੁਕੱਦਮੇ ਦਰਜ ਕਰਨ ਦੀ ਸਿਫਾਰਸ਼ ਹੁੰਦੀ ਹੈ ਪਰ ਵਿਚ ਵਿਚਾਲੇ ਹੀ ਦੱਬ ਕੇ ਰਹਿ ਜਾਂਦੀ ਹੈ। ਕਾਂਗਰਸ ਸਰਕਾਰ ਬਣਨ ਤੋਂ ਬਾਅਦ ਸੰਗਰੂਰ ਜ਼ਿਲੇ ਦੇ ਤਤਕਾਲੀ ਐਸ.ਪੀ. (ਐਚ) ਮਨਦੀਪ ਸਿੰਘ ਸਿੱਧੂ ਨੇ ਉਸ ਵੇਲੇ ਦੇ ਐਸ.ਪੀ. (ਡੀ) ਖਿਲਾਫ ਭ੍ਰਿਸ਼ਟਾਚਾਰ ਦਾ ਮੁਕੱਦਮਾ ਦਰਜ ਕਰਨ ਦੀ ਸ਼ਿਫਾਰਸ਼ ਕੀਤੀ ਗਈ ਸੀ ਪਰ ਕੈਪਟਨ ਸਰਕਾਰ ਨੇ ਇਸ ਵਿਰੁੱਧ ਕਾਰਵਾਈ ਕਰਨ ਦੀ ਥਾਂ ਉਸ ਨੂੰ ਇਨਾਮ 'ਚ ਤਰਨਤਾਰਨ ਜ਼ਿਲੇ ਦਾ ਐਸ.ਐਸ.ਪੀ. ਲਗਾ ਦਿੱਤਾ ਸੀ। ਜਲੰਧਰ ਜ਼ਿਲੇ 'ਚ ਇਕ ਪ੍ਰਵਾਸੀ ਭਾਰਤੀ ਨੂੰ ਹਿਰਾਸਤ 'ਚ ਰੱਖ ਕੇ ਮੋਟੀ ਰਿਸ਼ਵਤ ਬਟੋਰੇ ਜਾਣ ਦੇ ਮਾਮਲੇ 'ਚ ਤਤਕਾਲੀ ਐਸ.ਐਸ.ਪੀ. ਦਾ ਨਾਂ ਬੋਲਣ ਦੇ ਬਾਵਜੂਦ ਕੱਖ ਵੀ ਨਹੀਂ ਸੀ ਹੋਇਆ ਸਗੋਂ ਇਸ ਪੁਲੀਸ ਅਧਿਕਾਰੀ ਨੂੰ ਉਸ ਤੋਂ ਬਾਅਦ ਕਈ ਹੋਰਨਾਂ ਜ਼ਿਲਿਆਂ ਦਾ ਮੁਖੀ ਵੀ ਲਗਾਇਆ ਗਿਆ। ਅਜਿਹੀ ਉਦਾਹਰਣ ਇਕ ਅੱਧੀ ਨਹੀਂ ਅਨੇਕਾਂ ਹੀ ਦਿੱਤੀਆਂ ਜਾ ਸਕਦੀਆਂ ਹਨ ਜਿਥੇ ਸੱਤਾਧਾਰੀ ਧਿਰ ਭ੍ਰਿਸ਼ਟ ਤੇ ਅਪਰਾਧੀ ਪੁਲੀਸ ਅਫਸਰਾਂ ਦਾ ਸਹਾਰਾ ਬਣਦੀ ਹੈ।

ਤਰਨਤਾਰਨ ਪੁਲੀਸ ਜ਼ਿਲੇ ਦੇ ਇਕ ਐਸ.ਐਚ.ਓ. ਤੋਂ ਅਸਲਾ, ਨਸ਼ੀਲੇ ਪਦਾਰਥ ਅਤੇ ਹੋਰ ਗੈਰ-ਕਾਨੂੰਨੀ ਸਮੱਗਰੀ ਫੜੇ ਜਾਣ ਨੇ ਤਾਂ ਪੁਲੀਸ ਵਿਚਲੇ ਅਪਰਾਧੀਕਰਨ ਨੂੰ ਪੂਰੀ ਤਰ੍ਹਾਂ ਸਾਹਮਣੇ ਲਿਆ ਛੱਡਿਆ ਹੈ। ਨੌਰੰਗ ਸਿੰਘ ਨਾਮੀਂ ਇਸ ਐਸ.ਐਚ.ਓ. ਤੋਂ ਫੜੇ ਹਥਿਆਰ ਅਤੇ ਸਮੈਕ ਇਸ ਗੱਲ ਦੀ ਵੀ ਪੁਸ਼ਟੀ ਕਰਦੇ ਹਨ ਕਿ ਪੁਲੀਸ ਕਿਸੇ 'ਤੇ ਵੀ ਨਜਾਇਜ਼ ਹਥਿਆਰ ਅਤੇ ਨਸ਼ੀਲੇ ਪਦਾਰਥ ਆਪਣੇ ਕੋਲੋਂ ਦਿਖਾ ਕੇ ਮੁਕੱਦਮਾ ਦਰਜ ਕਰ

ਸਕਦੀ ਹੈ। ਗੱਲ ਇਹ ਵੀ ਨਹੀਂ ਕਿ ਪੁਲੀਸ ਵਿੱਚ ਇਮਾਨਦਾਰ ਅਤੇ ਕੁਸ਼ਲ ਪੁਲੀਸ ਅਫਸਰਾਂ ਜਾਂ ਕਰਮਚਾਰੀ ਹੈ ਹੀ ਨਹੀਂ ਪਰੰਤੂ ਇਹ ਪੁਲੀਸ ਅਫਸਰ ਸਿਸਟਮ ਦੇ ਫਿੱਟ ਨਹੀਂ ਬੈਠਦੇ। ਉਹ ਸੱਤਾ ਧਾਰੀ ਲੋਕਾਂ ਨੂੰ ਖੁਸ਼ ਕਰਨ ਲਈ ਵਿਰੋਧੀ ਰਾਜਨੀਤਕ ਲੋਕਾਂ 'ਤੇ ਝੂਠੇ ਮੁਕੱਦਮੇਂ ਦਰਜ ਨਹੀਂ ਕਰਦੇ ਅਤੇ ਲੋਕਾਂ 'ਤੇ ਡੰਡਾ ਨਹੀਂ ਫੇਰਦੇ ਇਹੀ ਕਾਰਨ ਹੈ ਕਿ ਉਹ ਹਮੇਸ਼ਾ ਨੁੱਕਰੇ ਲੱਗੇ ਰਹਿੰਦੇ ਹਨ। ਇਮਾਨਦਾਰ ਪੁਲੀਸ ਅਫਸਰਾਂ ਦੀ ਅਣਦੇਖੀ ਵੀ ਪੁਲੀਸ ਵਿਚ ਅਪਰਾਧੀਪੁਣੇ ਅਤੇ ਭ੍ਰਿਸ਼ਟਾਚਾਰ ਨੂੰ ਵਧਾਉਂਦੀ ਹੈ। ਪੰਜਾਬ ਪੁਲੀਸ ਵਿੱਚ ਰਾਜਸੀ ਦਖਲ ਅੰਦਾਜੀ ਏਨੀ ਜਿਆਦਾ ਵਧ ਗਈ ਹੈ ਥਾਣਿਆਂ ਦੇ ਮੁਨਸ਼ੀਆਂ ਤੱਕ ਦੀ ਨਿਯੁਕਤੀ ਹੁਣ ਰਾਜਸੀ ਨੇਤਾਵਾਂ ਦੀ ਸਿਫਾਰਸ਼ 'ਤੇ ਹੀ ਹੁੰਦੀ ਹੈ।

ਪੰਜਾਬ ਵਿੱਚ ਕਾਂਗਰਸ ਸਰਕਾਰ ਨੇ ਪੁਲੀਸ ਬਲ ਦਾ ਰੱਜ ਕੇ ਪ੍ਰਯੋਗ ਕੀਤਾ ਬਿਨਾਂ ਸ਼ੱਕ ਅਕਾਲੀਆਂ ਦੇ ਰਾਜ ਵਿੱਚ ਰਿਕਾਰਡ ਤੋੜ ਰਿਸ਼ਵਤ ਖੋਰੀ ਚੱਲੀ ਕਾਂਗਰਸ ਸਰਕਾਰ ਬਣੀ ਵੀ ਭ੍ਰਿਸ਼ਟਾਚਾਰ ਵਿਰੋਧੀ ਨਾਅਰੇ ਲਗਾ ਕੇ ਹੀ ਸੀ ਪਰੰਤੂ ਇਹ ਸਭ ਕੁੱਝ ਸੱਤਾਧਾਰੀ ਧਿਰ ਦਾ ਸਟੰਟ ਹੀ ਸਾਬਤ ਹੋਇਆ। ਅਕਾਲੀਆਂ ਨੇ ਵੀ ਪੰਜਾਬ ਵਿੱਚ ਪੁਲੀਸ ਰਾਜ ਹੋਣ ਅਤੇ ਪੁਲੀਸ ਵਧੀਕੀਆਂ ਦਾ ਰੌਲਾ ਪਾਇਆ ਪਰੰਤੂ ਇਸੇ ਪੁਲੀਸ ਨੂੰ ਸੱਤਾ 'ਚ ਆਉਣ ਤੋਂ ਬਾਅਦ ਅਕਾਲੀ ਵੀ ਹਥਿਆਰ ਵਜੋਂ ਵਰਤਦੇ ਹਨ। ਬੇਸ਼ੱਕ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੱਤਾ ਸੰਭਾਲਣ ਤੋਂ ਬਾਅਦ ਐਲਾਨ ਕੀਤਾ ਸੀ ਕਿ ਥਾਣੇਦਾਰਾਂ ਦੇ ਅੰਤਰ ਜੋਨ ਤਬਾਦਲੇ ਕੀਤੇ ਜਾਣਗੇ ਪਰ ਹਾਲ ਉਹੀ ਹੈ ਕਿਉਂਕਿ ਪੁਲੀਸ ਸੱਤਾਧਾਰੀ ਲੋਕਾਂ ਦੇ ਹੱਥਾਂ ਦਾ ਹਥਿਆਰ ਹੈ।

ਸੰਸਾਰ ਅਤੇ ਕੌਮੀ ਮੰਚ 'ਤੇ ਵੀ ਅਜੇਹੀਆਂ ਉਦਾਹਰਣਾਂ ਦੀ ਤੋਟ ਨਹੀਂ ਜਿਹੜੀਆਂ 'ਡਾਢਿਆਂ ਦਾ ਸੱਤੀਂ ਵੀਹੀਂ ਸੌ' ਹੋਣ ਦੀ ਤਸਵੀਰ ਪੇਸ਼ ਕਰਦੀਆਂ ਹਨ। ਆਮ ਲੋਕ ਆਪਣੀ ਮਿਹਨਤ ਕਰਦੇ ਹਨ। ਜੋਰਾਵਰਾਂ ਦਾ ਦਾਬਾ ਜਰਦੇ ਹਨ। ਜਿਹੜੇ ਹੋਰਾਂ ਦੀ ਕਮਾਈ ਹੜੱਪਦੇ ਹਨ ਉਹ ਸਰਕਾਰੀ ਅਤੇ ਗੈਰ ਸਰਕਾਰੀ ਹਰ ਢੰਗ ਨਾਲ ਅਪਰਾਧ ਜਗਤ ਦੇ ਖਲਨਾਇਕਾਂ ਦੀ ਲੰਮੀ ਕੜੀ ਦੇ ਮਣਕੇ ਹਨ।

ਜੇ ਵਿਸ਼ਵ ਜਾਂ ਕੌਮੀ ਮੰਚ ਦੀ ਬਜਾਏ ਸਿਰਫ ਅੱਖੀਂ ਡਿੱਠੇ ਪੰਜਾਬ ਉੱਪਰ ਢਾਹੇ ਜਾ ਰਹੇ ਜਬਰ ਦੀ ਦਾਸਤਾਂ ਹੀ ਫਰੋਲੀ ਜਾਵੇ ਤਾਂ ਵੱਖ ਵੱਖ ਦੌਰਾਂ 'ਚ ਇਹ ਗੱਲ ਚਿੱਟੇ ਦਿਨ ਵਾਂਗ ਸਾਫ ਹੈ ਕਿ ਸਰਕਾਰੀ ਤੰਤਰ ਸਿੱਧੇ ਅਤੇ ਅਸਿੱਧੇ ਤੌਰ 'ਤੇ ਲੋਕਾਂ ਉੱਪਰ ਕਹਿਰ ਦੇ ਪਹਾੜ ਢਾਹੁਣ ਦੀ ਅਪਰਾਧਜਨਕ ਭੂਮਿਕਾ ਅਦਾ ਕਰਦਾ ਹੈ।

ਖਾਲਿਸਤਾਨੀ ਅਤੇ ਹਕੂਮਤੀ ਦਹਿਸ਼ਤਗਰਦੀ ਦਾ ਡੇਢ ਦਹਾਕਾ ਪੰਜਾਬ ਦੇ ਪਿੰਡੇ 'ਤੇ ਅਜੇਹੇ ਗਹਿਰੇ ਜ਼ਖਮ ਛੱਡ ਕੇ ਗਿਆ ਹੈ ਜਿਹੜੇ ਇਨ੍ਹਾਂ ਸਤਰਾਂ ਦੀ ਯਾਦ ਕਰਾਉਂਦੇ ਰਹਿਣਗੇ :

*ਇਨ੍ਹਾਂ ਜ਼ਖਮਾਂ ਦਾ ਕੀ ਕਹਿਣਾ*

*ਜਿਨ੍ਹਾਂ ਰੋਜ਼ ਹਰੇ ਰਹਿਣਾ*

ਖਾਲਿਸਤਾਨੀ ਦਹਿਸ਼ਤਗਰਦ ਤਾਂ ਫਿਰਕੂ ਫਾਸ਼ੀ ਰਾਜ ਸਥਾਪਤ ਕਰਨ ਲਈ ਸ਼ਰ੍ਹੇਆਮ ਬੇਗੁਨਾਹ ਨਿਹੱਥੇ ਲੋਕਾਂ ਦਾ ਸ਼ਿਕਾਰ ਖੇਡਦੇ ਹੀ ਸਨ ਦੂਜੇ ਬੰਨੇ ਹਕੂਮਤ ਨੇ ਕਦੇ ਇਹਨਾਂ ਨੂੰ ਚੁੰਘਣੀ ਦਿੱਤੀ। ਕਦੇ ਹਥਿਆਰਾਂ ਨਾਲ ਲੈਸ ਕੀਤਾ। ਕਦੇ ਖੁੱਲ੍ਹਾਂ ਦੇ ਕੇ, ਕਦੇ ਏਸੇ 'ਭੂਤ' ਨੂੰ ਬੋਤਲ 'ਚ ਮੁੜ ਪਾਉਣ ਲਈ ਸਿਕੰਜਾ ਕੱਸ ਕੇ, ਝੂਠੇ ਪੁਲੀਸ ਮੁਕਾਬਲੇ ਬਣਾ ਕੇ, ਲਾਸ਼ਾਂ ਖੁਰਦ ਬੁਰਦ ਕਰਕੇ ਅਤੇ ਖਾਲੜਾ ਵਰਗਿਆਂ ਨੂੰ ਵੀ ਭੇਦ ਭਰੇ ਅੰਦਾਜ਼ 'ਚ ਆਪਣੇ ਰਾਹਾਂ 'ਚੋਂ ਸਾਫ ਕਰਕੇ ਨੰਗੀ ਚਿੱਟੀ ਹਕੂਮਤੀ ਬੁਰਛਾਗਰਦੀ ਦਾ ਸਬੂਤ ਦਿੱਤਾ। ਕਿਸੇ ਖਾਲਿਸਤਾਨੀ ਨੂੰ ਫੜਨ ਦੀ ਆੜ ਹੇਠ ਉਨ੍ਹਾਂ ਦੇ ਪਰਿਵਾਰਾਂ, ਰਿਸ਼ਤੇਦਾਰਾਂ, ਸਬੰਧੀਆਂ ਉੱਪਰ ਲੋਹੜੇ ਦਾ ਜ਼ੁਲਮ ਢਾਹਿਆ। ਉਨ੍ਹਾਂ ਦੀਆਂ ਧਾਰਮਕ ਰਹੁ ਰੀਤਾਂ, ਸੰਸਕਾਰਾਂ ਦਾ ਰੱਜ ਕੇ ਅਪਮਾਨ ਕਰਕੇ ਉਲਟਾ ਖਾਲਿਸਤਾਨੀਆਂ ਲਈ ਨਵੀਂ ਭਰਤੀ ਦਾ ਸਿਲਸਲਾ ਚੱਲਦਾ ਰੱਖਣ ਦਾ ਕੰਮ ਕੀਤਾ।

ਨਕਸਲਬਾੜੀ ਲਹਿਰ ਦਾ ਸੱਤਰਵਿਆਂ ਦਾ ਦੌਰ ਵੀ ਕਿਸੇ ਨੂੰ ਭੁੱਲਿਆ ਨਹੀਂ ਜਦੋਂ ਗਦਰ ਲਹਿਰ, ਕਮਿਊਨਿਸਟ ਲਹਿਰ ਅਤੇ ਇਸ ਦੀ ਹੀ ਅਗਲੀ ਕੜੀ ਨਕਸਲਬਾੜੀ ਲਹਿਰ ਦੇ ਬਾਬਾ ਬੂਝਾ ਸਿੰਘ ਵਰਗਿਆਂ ਨੂੰ ਝੂਠੇ ਪੁਲੀਸ ਮੁਕਾਬਲਿਆਂ 'ਚ ਮਾਰ ਮੁਕਾਇਆ ਗਿਆ। ਪਿੰਡਾਂ ਦੇ ਪਿੰਡ ਪੁਲਸੀ ਕਹਿਰ ਦੀ ਹਨ੍ਹੇਰੀ ਦਾ ਸ਼ਿਕਾਰ ਬਣੇ। ਕਿਸਾਨ ਲਹਿਰ 'ਚ ਜੇਠੂਕੇ, ਭਾਈ ਬਖਤੌਰ, ਮਾਈਸਰ ਖਾਨਾ, ਰੱਲਾ, ਮਾਨਾਂਵਾਲਾ, ਬਰਨਾਲਾ, ਭਦੌੜ ਆਦਿ ਕਿੰਨੀਆਂ ਹੀ ਥਾਵਾਂ ਪੁਲਸੀ ਵਹਿਸ਼ੀਪੁਣੇ ਦੀ ਕਹਾਣੀ ਸੁਣਾ ਰਹੀਆਂ ਹਨ। ਅਧਿਆਪਕਾਂ, ਫਾਰਮਾਸਿਸਟਾਂ, ਵੈਟਰਨਰੀ ਕਾਮਿਆਂ ਆਦਿ ਉੱਪਰ ਝੁੱਲੇ ਪੁਲਸੀ ਝੱਖੜ ਵੀ ਕਿਸੇ ਨੂੰ ਭੁੱਲੇ ਨਹੀਂ।

ਅਜੇਹੇ ਘਟਨਾਕ੍ਰਮ ਇਹ ਦਰਸਾਉਂਦੇ ਹਨ ਕਿ ਲੁੱਟ, ਅਨਿਆਂ, ਵਿਤਕਰੇ ਅਤੇ ਧੱਕੜਸ਼ਾਹੀ 'ਤੇ ਟਿਕੇ ਇਸ ਪ੍ਰਬੰਧ ਅੰਦਰ ਰਾਜ ਕਰਤਾ ਤਾਕਤਾਂ ਪੁਲਸ ਮਸ਼ੀਨਰੀ ਦੇ ਜ਼ੋਰ ਆਪਣੇ ਲੋਕ ਵਿਰੋਧੀ ਰਾਜ ਤਖ਼ਤ ਦੇ ਪਾਵੇ ਸੁਰੱਖਿਅਤ ਰੱਖਣ ਲਈ ਲੋਕਤੰਤਰ ਦੇ ਪਰਦੇ ਓਹਲੇ ਪੁਲਸਤੰਤਰ ਦਾ ਤਾਣਾ ਬਾਣਾ ਮਜਬੂਤ ਕਰਨ, ਇਸ ਨੂੰ ਮਨ ਆਈਆਂ ਕਰਨ ਦੀਆਂ ਖੁੱਲ੍ਹਾਂ ਦੇਣ ਦੀ ਅੰਨ੍ਹੀ ਦੌੜ 'ਚ ਗਲਤਾਨ ਹਨ।

*ਚਿੰਤਨ ਲਈ ਸੈਨਤ :*

# ਵਧਦੇ ਮੌਤ ਹਾਦਸੇ : ਫੈਲਦਾ ਡੇਰਾ ਸਭਿਆਚਾਰ

ਸਾਡੇ ਚੌਗਿਰਦੇ 'ਚ ਵਾਪਰਦੇ ਸਮਾਜਿਕ ਵਰਤਾਰਿਆਂ ਨਾਲ ਸਰੋਕਾਰ ਰੱਖਣ ਵਾਲੇ ਅਤੇ ਵਿਗਿਆਨਕ ਦ੍ਰਿਸ਼ਟੀ ਤੋਂ ਇਨ੍ਹਾਂ ਦੀ ਬਹੁ-ਪੱਖਾਂ ਤੋਂ ਪੜਤਾਲ ਕਰਨ ਲਈ ਰੁਚਿਤ ਹਰ ਸੰਵੇਦਨਸ਼ੀਲ ਵਿਅਕਤੀ ਅੱਗੇ ਸਾਡੇ ਸਮਿਆਂ ਅੰਦਰ ਅਨੇਕਾਂ 'ਚੋਂ ਇਕ ਅਹਿਮ ਸੁਆਲ ਤਿੱਖੀ ਤਰ੍ਹਾਂ ਉੱਭਰ ਰਿਹਾ ਹੈ ਕਿ ਧਾਰਮਿਕ ਅਸਥਾਨਾਂ, ਧਾਰਮਿਕ ਯਾਤਰਾਵਾਂ ਆਦਿ 'ਚ ਪੈਰ-ਪੈਰ 'ਤੇ ਦੁਰਘਟਨਾਵਾਂ ਵਾਪਰਨ ਦੇ ਬਾਵਜੂਦ ਇਧਰ ਲੋਕਾਂ ਦੀਆਂ ਭੀੜਾਂ ਕਿਉਂ ਵਧ ਰਹੀਆਂ ਹਨ ? ਕੌਮਾਂਤਰੀ, ਕੌਮੀ ਅਤੇ ਸੂਬਾਈ ਮੰਚ 'ਤੇ ਵਾਪਰੀਆਂ ਹੌਲਨਾਕ ਹਾਦਸਿਆਂ ਭਰੀਆਂ ਵਾਰਦਾਤਾਂ 'ਚ ਅਣਗਿਣਤ ਮਨੁੱਖੀ ਜਾਨਾਂ ਮੌਤ ਦੀ ਗੋਦ 'ਚ ਗਈਆਂ ਹਨ। ਧਾਰਮਕ ਮੇਲਿਆਂ, ਰਸਮੋ ਰਿਵਾਜ਼ਾਂ ਤੇ ਹੋਰਨਾਂ ਮੌਕਿਆਂ ਉੱਪਰ ਭਗਦੜ ਮੱਚਣ, ਪੁਲ ਟੁੱਟਣ, ਡੁੱਬਣ, ਸੜਕੀ ਹਾਦਸੇ ਵਾਪਰਨ ਅਤੇ ਫਿਰਕੇਦਾਰਾਨਾ ਰੰਗ ਦੀ ਪਲੀਤੀ ਸੁੱਟਣ ਆਦਿ ਦੇ ਕਾਰਨ ਵੱਖ ਵੱਖ ਹੋ ਸਕਦੇ ਹਨ ਪਰ ਇਤਿਹਾਸਕ ਮੂੰਹ ਬੋਲਦੀਆਂ ਇਹ ਹਕੀਕਤਾਂ ਸਾਡੇ ਉੱਪਰ ਸੁਆਲ ਦਰ ਸੁਆਲ ਕਰਦੀਆਂ ਹਨ ਕਿ ਅਜਿਹੇ ਕਾਲਜੇ ਵਿੰਨ੍ਹਵੇਂ ਵਰਤਾਰਿਆਂ ਦੇ ਬਾਵਜੂਦ ਡੇਰਿਆਂ, ਧਾਰਮਕ ਅਸਥਾਨਾਂ, ਮਨੌਤਾਂ ਦੇ ਸਿਲਸਿਲੇ ਵੱਲ ਲੋਕਾਂ ਦੀਆਂ ਭੀੜਾਂ ਦਾ ਗਰਾਫ ਉੱਪਰ ਵੱਲ ਵਧਦਾ ਹੀ ਕਿਉਂ ਜਾ ਰਿਹਾ ਹੈ ? ਇਸ ਵਰਤਾਰੇ ਦੀ ਗਰਦੋ ਗੁਬਾਰ 'ਚ ਵਿਗਿਆਨਕ ਲੋਕ ਕਿੱਥੇ ਹਨ ?

ਅਜੋਕੇ ਸਮੇਂ ਨੂੰ ਸਾਇੰਸ ਦਾ ਯੁੱਗ ਵੀ ਕਿਹਾ ਜਾਵੇ। ਕੰਪਿਊਟਰ ਇਲੈਕਟ੍ਰੌਨਿਕ ਪ੍ਰਣਾਲੀ ਸਾਡੀ ਜ਼ਿੰਦਗੀ ਦੇ ਅਨੇਕਾਂ ਖੇਤਰਾਂ ਵੱਲ ਫੈਲ ਵੀ ਰਹੀ ਹੋਵੇ ਪਰ ਸਮਾਜ ਅੰਦਰ ਬੌਧਿਕ, ਚਿੰਤਨ ਪੱਧਰ ਹੇਠਾਂ ਡਿੱਗਦਾ ਜਾਵੇ ਇਹ ਸਾਡੇ ਗੌਰ ਨਾਲ ਸੋਚਣ ਦਾ ਸੁਆਲ ਹੈ ? ਤਰਕ, ਵਿਗਿਆਨ, ਸੱਚ-ਵਿਹੂਣਾ ਇਹ ਕੇਹਾ ਗਿਆਨ ਹੈ ?

ਅੰਧ ਵਿਸ਼ਵਾਸੀ ਅਤੇ ਅਗਿਆਨਤਾ ਭਰੀ ਹਨ੍ਹੇਰੀ ਵਗਾਉਣ ਵਾਲੇ ਡੇਰਾ ਸਭਿਆਚਾਰ ਦੇ ਕਰਤਾ ਧਰਤਾ ਉਨ੍ਹਾਂ ਦੇ ਤਿਓਹਾਰਾਂ, ਭਰੇ ਪੰਡਾਲਾਂ ਜਾਂ ਉਨ੍ਹਾਂ 'ਚ ਸ਼ਾਮਿਲ ਹੋਣ ਜਾਂਦੇ ਆਉਂਦੇ ਲੋਕਾਂ ਨਾਲ ਰਾਹਾਂ 'ਚ ਜੋ ਵੀ ਹਾਦਸੇ ਵਾਪਰਦੇ ਹਨ ਉਹ, ਇਸ ਨੂੰ ਕੁਦਰਤੀ ਭਾਣਾ, ਲਿਖੀਆਂ ਦੇ ਲੇਖ, ਕਰਮਾਂ ਦੇ ਖੇਲ ਆਦਿ ਦਾ ਜੋ ਮਰਜ਼ੀ ਨਾਂ ਲਾ ਦੇਣ। ਅਜੇਹੀਆਂ ਮੌਤਾਂ ਨੂੰ ਉਹ 'ਸਵਰਗ 'ਚ ਵਾਸਾ' ਹੋ ਜਾਣ ਦੇ ਲੁਭਾਉਣੇ ਲੇਬਲਾਂ ਹੇਠ ਕੱਜਣ

ਦਾ ਵੀ ਹਰ ਕੋਝਾ ਯਤਨ ਕਰਦੇ ਹਨ। ਅਜੇਹੇ ਡੇਰਿਆਂ ਨੂੰ ਪ੍ਰਫੁੱਲਤ ਕਰਨ ਅਤੇ ਇਨ੍ਹਾਂ 'ਚ ਵਾਪਰਦੇ ਹਾਦਸਿਆਂ ਦੀ ਕੋਈ ਇਨਕੁਆਰੀ ਕਰਕੇ ਮੌਤਾਂ ਦੇ ਕਾਰਨਾਂ ਅਤੇ ਮੁਜਰਿਮਾਂ ਨੂੰ ਲੋਕ ਸੱਥ 'ਚ ਬੇਪਰਦ ਕਰਨ ਦੀ ਬਜਾਏ ਸਮੇਂ-ਸਮੇਂ ਦੇ ਹੁਕਮਰਾਨ ਵੀ ਅਨੇਕਾਂ ਹੱਥਕੰਡਿਆਂ ਰਾਹੀਂ ਉਲਟਾ ਸਗੋਂ ਉਨ੍ਹਾਂ ਦੇ ਹੱਕ 'ਚ ਆਪਣਾ ਵਜ਼ਨ ਪਾਉਂਦੇ ਹਨ। ਆਪਣੇ ਸੌੜੇ ਸਿਆਸੀ ਹਿੱਤਾਂ ਦੀ ਫਸਲ ਵੱਢਣ ਲਈ ਅੰਧ ਵਿਸ਼ਵਾਸੀ, ਅਗਿਆਨਤਾ ਦਾ ਵਪਾਰ ਕਰਨ ਵਾਲਿਆਂ ਦੀ ਹੀ ਪਿੱਠ ਥਾਪੜੀ ਜਾਂਦੀ ਹੈ। ਡੇਰਾ ਮੁਖੀਆਂ ਜਾਂ ਉਨ੍ਹਾਂ ਦੇ ਖਾਸ ਘੇਰੇ ਨੇ ਅਜੇਹੇ ਹਾਦਸਿਆਂ ਮੌਕੇ ਪਸ਼ਚਾਤਾਪ ਕਰਨਾ ਜਾਂ ਆਪਣੀ ਜ਼ਿੰਮੇਵਾਰੀ ਸਿਰ ਲੈਣਾ ਤਾਂ ਦੂਰ ਰਿਹਾ ਉਹ ਉਲਟਾ ਸਗੋਂ 'ਅਜੇਹੀ ਮੌਤ ਤਾਂ ਭਾਗਾਂ ਵਾਲੇ ਨੂੰ ਨਸੀਬ ਹੁੰਦੀ ਹੈ', 'ਜੀਵਨ ਸਫਲ ਹੋ ਗਿਆ', 'ਉਹ ਅਗਲੇ ਜਹੱਨਮ 'ਚ ਸੁਖ ਪਾਏਗਾ' ਵਰਗੇ ਉਪਦੇਸ਼ਾਂ ਨਾਲ ਸੰਗਤਾਂ ਨੂੰ 'ਨਿਹਾਲ' ਕਰਦੇ ਹਨ। ਮੋਇਆਂ ਦੇ ਸਿਵਿਆਂ 'ਤੇ ਆਪਣੇ ਮਨੋਰਥ ਦੀਆਂ ਰੋਟੀਆਂ ਰਾੜ੍ਹਨ ਦੀ ਚਤੁਰਾਈ ਦੀ ਖੇਡ ਵੀ ਸਫਲਤਾ ਨਾਲ ਖੇਡ ਰਹੇ ਹਨ।

ਡੇਰਾਵਾਦ, ਸਥਾਪਤੀ ਦਾ ਸਮੁੱਚਾ ਚਰਿੱਤਰ ਅਤੇ ਵਿਹਾਰ ਆਪਸ ਵਿਚ ਘਿਓ ਖਿਚੜੀ ਹੈ। ਇਕ ਦੂਜੇ ਦਾ ਪੂਰਕ ਹੈ। ਵਿਚਾਰਧਾਰਕ ਹੱਲਾ ਬੋਲਣ ਦੇ ਖੇਤਰ 'ਚ ਵੀ ਅਤੇ ਲੋੜ ਪਵੇ ਤਾਂ ਗੁੰਡਾਗਰਦੀ, ਕਤਲੋਗਾਰਦ, ਖਰੀਦੋ ਫਰੋਖਤ ਅਤੇ ਆਰਥਕ, ਸਮਾਜਕ, ਮਨੋ ਵਿਗਿਆਨਕ ਦਾਬਾ ਪਾਉਣ ਦੇ ਖੇਤਰ 'ਚ ਵੀ। ਹੁਕਮਰਾਨ ਅਤੇ ਵੰਨ-ਸੁਵੰਨੇ ਸਿਆਸੀ ਨੇਤਾ ਇਨ੍ਹਾਂ ਦਾ ਪਾਣੀ ਭਰਦੇ ਹਨ ਅਤੇ ਅਣਕਹੇ ਹੀ ਸੈਨਤ ਦੀ ਭਾਸ਼ਾ ਸਮਝਦੇ ਵੱਖ-ਵੱਖ ਡੇਰਿਆਂ, ਸੰਪਰਦਾਵਾਂ ਦੇ ਪੈਰੋਕਾਰ ਚੋਣਾਂ ਦੀ ਰੁੱਤੇ ਅਤੇ ਹੋਰ ਵੇਲਿਆਂ 'ਚ ਇਨ੍ਹਾਂ ਨੇਤਾਵਾਂ ਦੀ ਝੋਲੀ ਭਰਦੇ ਹਨ। ਇਸ ਦੇ ਜੁੜਵੇਂ ਹਿੱਸੇ ਵਜੋਂ ਹੀ ਡੇਰਿਆਂ ਦੀ ਭੀੜ ਜਾਂ ਯਾਤਰਾਵਾਂ 'ਚ ਮੋਇਆਂ ਦੇ ਪਿੱਛੇ ਰਹਿ ਗਏ ਲੋਕਾਂ ਦੇ ਵੈਣਾਂ ਅਤੇ ਸਿਵਿਆਂ ਨੂੰ ਠੰਢਾ ਕਰਨ ਲਈ 'ਸ਼ਾਂਤੀ', 'ਰੱਬੀ ਭਾਣਾ ਮੰਨਣ' ਜਾਂ ਫਿਰ ਉਨ੍ਹਾਂ ਦੀ ਬਰਸੀ ਮਨਾਉਣ, ਯਾਦਗਾਰ ਬਣਾਉਣ ਦਾ ਖੇਖਣ ਵੀ ਕਰਦੇ ਹਨ। ਪਿੱਛੇ ਛੁਪਿਆ ਮਨੋਰਥ ਸਗੋਂ ਲੋਕਾਂ ਦੇ ਸੋਗ ਲੱਦੇ ਵਿਹੜਿਆਂ ਤੱਕ ਆਪਣੇ ਧੰਦੇ ਦਾ ਵਧਾਰਾ-ਪਸਾਰਾ ਕਰਨਾ ਹੀ ਹੁੰਦਾ ਹੈ।

ਸਭ ਤੋਂ ਖਤਰਨਾਕ ਸਗੋਂ ਇਹ ਸੋਚ ਦੇ ਸਾਡੇ ਜਿਹਨ 'ਚ ਟੀਕੇ ਲਾਉਣਾ ਹੈ ਕਿ ਲੋਕ ਤਾਂ ਐਵੇਂ ਮੂਰਖ ਨੇ ਜਿਹੜੇ ਜਿਧਰ ਨੂੰ ਭੇਡ ਚਾਲ ਹੋਵੇ ਉਧਰ ਨੂੰ ਤੁਰ ਪੈਂਦੇ ਨੇ। ਇਨ੍ਹਾਂ ਨੂੰ ਅਖੇ ਕਿਹੜਾ ਕੋਈ ਰੱਸਾ ਪਾ ਕੇ ਲੈ ਕੇ ਜਾਂਦਾ, ਇਹ ਨਾ ਜਾਣ ਅਜੇਹੀਆਂ ਥਾਵਾਂ 'ਤੇ। ਨਾਲੇ ਮਰਦੇ ਨੇ ਨਾਲੇ ਜਾਂਦੇ ਨੇ। ਡੇਰੇ ਕਿਵੇਂ ਚੱਲ ਜਾਣਗੇ ਜੇ ਲੋਕ ਹੀ ਜਾਣਾ ਛੱਡ ਦੇਣ।

ਅਜੇਹਾ ਧੁੰਧਲਾਕਾ ਸਗੋਂ ਬਹੁਤ ਹੀ ਸੂਖਮ, ਗਹਿਰਾਈ, ਸਮਾਜਕ ਮਨੋ ਵਿਗਿਆਨ ਦੇ ਧੁਰ ਪਤਾਲ ਅਤੇ ਉੱਚੇ ਅੰਬਰਾਂ ਤੱਕ ਦੀ ਸੋਝੀ ਦੇ ਚਾਨਣ ਨਾਲ ਹੀ ਅਤੇ ਜਾਗਦੇ ਰੋਸ਼ਨ ਸਿਰਾਂ ਦੇ ਕਾਫਲਿਆਂ ਦਰ ਕਾਫਲੇ ਦੀ ਲੰਮੇਰੀ, ਅਣਥੱਕ ਕਤਾਰ ਨਾਲ ਹੀ ਦੂਰ

ਕੀਤਾ ਜਾ ਸਕਦਾ ਹੈ। ਜਿਹੜੀ ਚੇਤਨ ਲੋਕਾਂ ਦੀ, ਸਮਾਜ ਦੀ ਹਿਰਾਵਲ ਦਸਤੇ ਦੀ ਪਰਤ ਖੁਦ ਵਿਗਿਆਨਕ ਸੋਝੀ ਦੀਆਂ ਕਿਰਨਾਂ ਦਾ ਕਾਫਲਾ ਬਣ ਕੇ ਤੁਰੇ। ਸਤਹੀ ਪੱਧਰ 'ਤੇ ਨਹੀਂ ਸਗੋਂ ਸਾਰੇ ਸਮਾਜ ਦੇ ਆਰਥਕ, ਰਾਜਨੀਤਕ, ਸਮਾਜਕ, ਮਾਨਸਿਕ ਖੇਤਰਾਂ ਦੀ ਭਰਵੀਂ ਘੋਖ ਪੜਤਾਲ ਅਤੇ ਖੋਜ ਕਰਦਿਆਂ ਇਸ ਮਰਜ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰੇ। ਦਵਾ ਦਾਰੂ ਕਰੇ। ਸਮਾਜ ਨੂੰ ਰਿਸ਼ਟ-ਪੁਸ਼ਟ, ਅਮੀਰ, ਸਿਹਤਮੰਦ, ਸਵੈ-ਸੋਚਣੀ, ਸਵੈ-ਚਿੰਤਨ, ਸਵੈ ਨਿਰਭਰਤਾ, ਕਿਰਤ-ਕਰਮ, ਫਲ ਅਤੇ ਸਮਾਜਕ ਸਿਰਜਣਾ ਦੀ ਹਕੀਕੀ ਕਿਰਿਆ ਦੇ ਲੋਕਾਂ ਨੂੰ ਲੜ ਲਾਵੇ। ਦੁਨੀਆਂ ਅੰਦਰ ਕਿਸੇ ਵੀ ਸਮੱਸਿਆ ਦੀ ਜੜ੍ਹ-ਬੁਨਿਆਦ ਨੂੰ ਬੁੱਝੇ ਬਗੈਰ ਐਵੇਂ ਹਵਾ 'ਚ ਤਲਵਾਰਾਂ ਮਾਰਿਆਂ, ਕਦੀ ਵੀ ਸਮੱਸਿਆ ਦਾ ਢੁਕਵਾਂ ਇਲਾਜ ਸੰਭਵ ਨਹੀਂ। ਇਸ ਲਈ ਤਰਕ ਦਾ ਸੰਸਾਰ ਸਾਥੋਂ ਕਾਰਨ ਅਤੇ ਉਪਾਅ/ਇਲਾਜ ਦੀ ਮੰਗ ਕਰਦਾ ਹੈ।

ਬੱਚੇ ਦਾ ਜੇ ਖਿਡੌਣਾ ਟੁੱਟ ਜਾਵੇ ਤਾਂ ਉਸ ਦੇ ਲਈ ਤਾਂ ਧਰਤੀ 'ਤੇ ਭੂਚਾਲ ਆ ਜਾਂਦਾ ਹੈ। ਉਸ ਦੀ ਚਾਹਨਾ, ਲੋੜ, ਭਾਵਨਾ, ਰਿਸ਼ਤੇ ਨੂੰ ਨਾ ਝੱਲਣ ਯੋਗ ਧੱਕਾ ਲੱਗਦਾ ਹੈ। ਉਸ ਨੂੰ ਖਿਡੌਣਾ ਮਿਲੇ ਇਸ ਦੀ ਭਟਕਣ ਅਤੇ ਉਮਰਾਂ ਦੇ ਸਫਰ 'ਚ ਟੁੱਟਦੀਆਂ ਅਨੇਕਾਂ ਭਾਵਨਾਵਾਂ 'ਚੋਂ ਉਪਜਦੀ ਮ੍ਰਿਗ ਤ੍ਰਿਸ਼ਨਾ ਨੇ ਅਜੋਕੇ ਦੌਰ 'ਚ ਆਮ ਮਨੁੱਖ ਦੀ ਚਕਰੀ ਘੁਮਾ ਕੇ ਰੱਖ ਦਿੱਤੀ ਹੈ। ਉਹ ਸੁੱਖ, ਆਰਾਮ, ਨੌਕਰੀ, ਸਵਰਗ, ਪੁੱਤਰ ਦੀ ਭਾਲ 'ਚ ਭਟਕਣਾ ਦੇ ਜਵਾਹਰਭਾਟੇ 'ਚ ਗੋਤੇ ਖਾ ਰਿਹਾ ਹੈ। ਉਸ ਨੂੰ ਜਿਧਰ ਵੀ ਜ਼ਿੰਦਗੀ ਦੀ ਕਿਸ਼ਤੀ ਲਈ ਕਿਨਾਰਾ ਦਿਖਾਈ ਦਿੰਦਾ ਹੈ ਉਹ ਦੌੜ ਰਿਹਾ ਹੈ। ਉਸ ਨੂੰ ਜਨਮ ਤੋਂ ਲੈ ਕੇ ਮਰਨ ਤੱਕ, ਸਕੂਲਾਂ ਤੋਂ ਲੈ ਕੇ ਯੂਨੀਵਰਸਿਟੀਆਂ ਤੱਕ ਆਮ ਤੌਰ 'ਤੇ ਇਹੀ ਸਿਖਾਇਆ ਜਾਂਦਾ ਹੈ ਕਿ, ਪਿਛਲੇ ਕੀਤੇ ਦਾ ਹੁਣ ਭੋਗ ਰਹੇ ਹਾਂ ਜੇ ਅੱਗੇ ਮੁਕਤੀ ਚਾਹੁੰਨੈਂ ਤਾਂ ਗੁਰਾਂ ਦੇ ਲੜ ਲੱਗ ਜਾ। ਲੜ ਫੜਾਉਣ ਵਾਲੇ ਵਿਚੋਲੇ ਦਾ ਕੰਮ ਕਰਨ ਲਈ ਵੱਡੇ ਛੋਟੇ ਹਰ ਤਰ੍ਹਾਂ ਦੇ ਡਰ ਦੂਰ ਨੇੜੇ ਖੁੰਭਾਂ ਵਾਂਗ ਫੁੱਟ ਰਹੇ ਹਨ। ਲੋਕਾਂ ਦੀਆਂ ਭੀੜਾਂ ਉਧਰ ਨੂੰ ਉਮੜ ਰਹੀਆਂ ਹਨ। ਜਿਸ ਨੂੰ ਵਿਗਿਆਨ, ਤਰੱਕੀ, ਇਲੈਕਟ੍ਰੌਨਿਕ ਮੀਡੀਏ ਦਾ ਨਾਂ ਦਿੱਤਾ ਜਾ ਰਿਹਾ ਹੈ ਇਸ ਦੀ ਜੜ੍ਹ ਅਤੇ ਸਿਰ ਸੁਚੇਤ ਪੱਧਰ 'ਤੇ ਲੋਕਾਂ ਦੀ ਮੱਤ ਮਾਰਨ ਲਈ ਰੁਝੇ ਡੇਰਾਵਾਦ ਨੂੰ ਹਰ ਸੰਭਵ ਢੰਗ ਨਾਲ ਬੜ੍ਹਾਵਾ ਦੇਣ ਲਈ ਗਲਤਾਨ ਹੈ। ਸਮਾਜ ਅੰਦਰ ਵਿਚਾਰ ਅੰਬਰੋਂ ਟੁੱਟੇ ਤਾਰੇ ਵਾਂਗ ਨਹੀਂ ਆਇਆ ਕਰਦੇ। ਸਮਾਜ ਅੰਦਰ ਬੋਲੀ, ਸਭਿਆਚਾਰ, ਇਤਿਹਾਸ, ਸਮਾਜਕ ਬਣਤਰ, ਕਰਮ, ਧਰਮ, ਫਲਸਫਾ, ਜ਼ਿੰਦਗੀ, ਮੌਤ, ਨਰਕ-ਸਵਰਗ ਆਦਿ ਸਭ ਦਾ ਪਾਠ ਜਿਹੋ ਜਿਹਾ ਪੜ੍ਹਾਇਆ, ਲਿਖਾਇਆ, ਸੁਣਾਇਆ ਜਾਂਦਾ ਹੈ ਉਸ ਦੀ ਗ੍ਰਿਫਤ ਵਿਚ ਲੋਕਾਂ ਦਾ ਆਉਣਾ ਸੁਭਾਵਕ ਹੈ। ਮੌਤਾਂ, ਹਾਦਸਿਆਂ ਦੀਆਂ ਭਿਆਨਕ ਘਟਨਾਵਾਂ ਦੇ ਬਾਵਜੂਦ ਵੀ ਪਛੜੇ ਵਰਗਾਂ ਦੇ ਲੋਕ ਵੀ ਭਲਾ ਇਨ੍ਹਾਂ ਡੇਰਿਆਂ ਵੱਲ ਕਿਉਂ ਉਮੜ ਰਹੇ ਹਨ ? ਉੱਚ ਵਰਗ ਦੇ ਹੋਰ ਤਰ੍ਹਾਂ ਦੇ ਗੁਰੂ ਅਤੇ ਡੇਰੇ ਹਨ। ਉਥੇ ਉਹ ਮਾਨਸਿਕ, ਸਭਿਆਚਾਰਕ ਭੁੱਖ ਵੀ ਪੂਰੀ ਕਰਦੇ ਹਨ

ਅਤੇ ਧਾਰਮਕ ਲਿਬਾਸ ਅੰਦਰ ਆਪਣੀਆਂ ਭੁੱਖੀਆਂ ਪਿਆਸੀਆਂ, ਮਨੋ ਕਾਮਨਾਵਾਂ ਅਤੇ ਕਾਮ ਵਾਸ਼ਨਾਵਾਂ ਵੀ ਪੂਰੀਆਂ ਕਰਦੇ ਹਨ। ਸਾਡੇ ਸਮਾਜ ਉੱਪਰ ਹਾਵੀ ਜਮਾਤਾਂ ਦੇ ਉੱਪਰਲੇ ਹਿੱਸੇ ਡੇਰਿਆਂ ਵੱਲ ਲੋਕਾਂ ਨੂੰ ਭੇਜਣ ਲਈ ਵਿਸ਼ੇਸ਼ ਗੱਡੀਆਂ, ਬੱਸਾਂ, ਹਵਾਈ ਜਹਾਜ਼ਾਂ, ਮੁਫਤ ਗੱਡੀਆਂ ਤੱਕ ਦੇ ਬੰਦੋਬਸਤ ਵੀ ਕਰਦੇ ਹਨ। ਵਿਗਿਆਨਕ ਚੇਤਨਾ ਲਈ, ਲੋਕਾਂ ਦੀ ਅਸਲੀ ਵਿਰਾਸਤ ਦੇ ਦੀਦਾਰ ਕਰਾਉਣ ਲਈ, ਲੋਕਾਂ ਦੀਆਂ ਹਕੀਕੀ ਸਮੱਸਿਆਵਾਂ ਵੱਲ ਧਿਆਨ ਕਰਨ ਕਰਾਉਣ ਲਈ, ਲੋਕਾਂ ਨੂੰ ਜਾਗਣ ਜਗਾਉਣ ਲਈ ਸਗੋਂ ਜੋ ਕੋਈ ਭਰਮ, ਅੰਧ ਵਿਸ਼ਵਾਸ, ਅਗਿਆਨਤਾ 'ਚੋਂ ਕੱਢਣ ਦਾ ਯਤਨ ਕਰੇ ਉਨ੍ਹਾਂ ਨੂੰ ਸਗੋਂ ਦਬਾਉਣ ਲਈ ਡੇਰਾਵਾਦ ਅਤੇ ਡੰਡਾਵਾਦ ਭਾਵ 'ਛਲ ਅਤੇ ਬਲ' ਦੋਹਾਂ ਦਾ ਪ੍ਰਯੋਗ ਕੀਤਾ ਜਾ ਰਿਹਾ ਹੈ। ਇਉਂ ਕਰਨਾ, ਰਾਜ ਕਰੇਂਦਿਆਂ ਦੇ ਤਖਤ ਦੇ ਪਾਵੇ ਸਲਾਮਤ ਰੱਖਣ ਲਈ ਅਣਸਰਦੀ ਲੋੜ ਹੈ ਕਿਉਂਕਿ ਉਨ੍ਹਾਂ ਦੇ ਮਹੱਲ ਕੂੜ ਕਬਾੜ, ਅੰਧ ਵਿਸ਼ਵਾਸੀ ਦੀ ਹਨੇਰੀ 'ਚ ਫਸੇ ਲੋਕਾਂ ਕਰਕੇ ਹੀ ਸੁਰੱਖਿਅਤ ਰਹਿ ਸਕਦੇ ਹਨ।

ਮੱਕਾ ਹੋਵੇ ਜਾਂ ਕੁੰਭ ਦਾ ਮੇਲਾ, ਅਮਰ ਨਾਥ ਯਾਤਰਾ ਹੋਵੇ ਜਾਂ ਦੱਖਣੀ ਮੰਦਰਾਂ ਦੇ ਮੇਲੇ, ਦੁਰਗਾ ਪੂਜਾ ਹੋਵੇ ਜਾਂ ਗਣੇਸ਼ ਪੂਜਾ, ਧਰਮ ਜਾਂ ਧਾਰਮਕ ਅਸਥਾਨ ਕੋਈ ਵੀ ਹੋਵੇ ਉਥੇ ਵਾਪਰੀਆਂ ਦਿਲ ਚੀਰਵੀਆਂ ਘਟਨਾਵਾਂ 'ਚ ਮਾਰੇ ਗਏ ਲੋਕਾਂ ਨਾਲ ਦੋ ਸ਼ਬਦ ਵੀ ਹਮਦਰਦੀ ਦੇ ਸਾਂਝੇ ਕਰ ਲਏ ਜਾਂਦੇ ਹਨ। ਮੁੜ ਇਸ ਘਟਨਾ/ਵਰਤਾਰੇ ਨੂੰ ਹੀ ਕੈਸ਼ ਕਰਨ ਲਈ ਪੰਜ ਤਾਰਾ ਹੋਟਲਾਂ 'ਚ ਅਜੇਹੇ ਰਾਗ ਅਲਾਪੇ ਜਾਂਦੇ ਹਨ ਕਿ-

*ਮੋਇਆਂ ਦਾ ਕੀ ਗਿਣਨਾ ਯਾਰੋ*
*ਤਖ਼ਤ ਦੇ ਪਾਵੇ ਮਿਣੀਏਂ*
*ਲੋਕੀ ਜਦ ਤੱਕ ਲੋਥਾਂ ਗਿਣਦੇ*
*ਆਪਾਂ ਵੋਟਾਂ ਗਿਣੀਏ*

ਗੁਰੂਆਂ, ਪੀਰਾਂ, ਫਕੀਰਾਂ, ਸੂਰਬੀਰਾਂ ਅਤੇ ਮਹਾਨ ਅਮਰ ਸ਼ਹੀਦਾਂ ਦੀ ਸਾਡੀ ਧਰਤੀ ਵਿਗਿਆਨਕ, ਤਰਕ ਭਰੀ ਜ਼ਿੰਦਗੀ ਨੂੰ ਮੁਹੱਬਤ ਕਰਦੀ,ਠੱਗਾਂ, ਪਖੰਡੀਆਂ, ਰਾਖਸ਼ਾਂ, ਮੌਤ ਦੇ ਵਣਜਾਰਿਆਂ, ਧਰਮ ਦੇ ਨਾਂ 'ਤੇ ਤਜਾਰਤ ਕਰਨ ਵਾਲਿਆਂ ਨਾਲ ਬੇਕਿਰਕ ਜਾਨ ਹੂਲਵੀਂ ਜੱਦੋ ਜਹਿਦ ਦੀ ਧਰਤੀ ਰਹੀ ਹੈ। ਅੱਜ ਸਾਇੰਸ ਅਤੇ ਪ੍ਰਚਾਰ ਸਾਧਨਾਂ, ਚੈਨਲਾਂ ਆਦਿ ਦੀ ਵਰਤੋਂ ਵੀ ਸਗੋਂ ਸਮਾਜ 'ਤੇ ਹਾਵੀ ਤਾਕਤਾਂ ਆਪਣੇ ਹਿੱਤ 'ਚ ਉਲਟਾ ਹਵਾ ਦਾ ਰੁਖ ਮੋੜਨ ਲਈ ਕਰ ਰਹੇ ਹਨ। ਕਿਥੇ ਬਾਬਾ ਗੁਰੂ ਨਾਨਕ ਦੇਵ ਜੀ, ਬਾਬਾ ਬੁੱਲ੍ਹੇ ਸ਼ਾਹ ਜੀ ਵਰਗਿਆਂ ਨੇ ਇਸ ਪਾਖੰਡਵਾਦ ਦਾ ਬੁਰਕਾ ਲੀਰੋ ਲੀਰ ਕੀਤਾ, ਕਿਥੇ ਅੱਜ ਉਹੀ ਧਰਤੀ ਦੇ ਲੋਕ ਅਨੇਕਾਂ ਸੰਕਟਾਂ ਤੋਂ ਛੁਟਕਾਰਾ ਪਾਉਣ ਲਈ ਐਧਰ ਉਧਰ ਟੱਕਰਾਂ ਮਾਰਦੇ, ਮੌਤ ਨਾਲ ਜੱਫੀਆਂ ਪਾਉਂਦੇ ਮੁੜ ਉਨ੍ਹਾਂ ਹਨ੍ਹੇਰੇ ਖੂਹਾਂ 'ਚ ਛਾਲਾਂ ਮਾਰਨ ਵੱਲ ਧੱਕੇ ਜਾ ਰਹੇ ਹਨ। ਪਿੰਡਾਂ ਦੇ ਖੇਤ

ਮਜ਼ਦੂਰਾਂ, ਸ਼ਹਿਰਾਂ ਦੀਆਂ ਗਰੀਬ ਬਸਤੀਆਂ ਦਾ ਸਰਵੇਖਣ ਗਵਾਹੀ ਭਰਦਾ ਹੈ ਕਿ ਉਹ ਜ਼ਿੰਦਗੀ 'ਚ ਭੁੱਖਾਂ, ਦੁੱਖਾਂ ਦੇ ਝੰਬੇ ਹੋਏ 'ਸੁਖ ਦੀ ਤਲਾਸ਼ ਲਈ' ਪਹਿਲਾਂ ਨਾਲੋਂ ਵੀ ਵੱਧ ਗਿਣਤੀ 'ਚ ਡੇਰਿਆਂ ਵੱਲ ਦੌੜ ਰਹੇ ਹਨ। ਉਨ੍ਹਾਂ ਨਾਲ ਜਾਤੀ, ਧਾਰਮਕ ਵਿਤਕਰੇ ਅਤੇ ਸਥਾਨਕ ਪੱਧਰ 'ਤੇ ਚੌਧਰ ਅਤੇ ਦਾਬੇ ਨੇ ਵੀ ਆਪਣੀ ਸਮਾਜਕ ਪੈਂਠ/ਰੁਤਬੇ ਲਈ ਕਈ ਅਜੇਹੇ ਧਰਮਾਂ, ਧਾਰਮਕ ਅਸਥਾਨਾਂ ਵੱਲ ਆਕਰਸ਼ਤ ਕੀਤਾ ਹੈ ਜਿਨ੍ਹਾਂ ਦੇ ਲੇਬਲ ਨਾਲ ਉਹ ਸਮਾਜ ਅੰਦਰ ਮੁਕਾਬਲਤ ਕੱਦਾਵਰ ਹੋਏ ਮਹਿਸੂਸ ਕਰਦੇ ਹਨ। ਭਾਵੇਂ ਇਹ ਇਕ ਹਵਾਈ ਗੁਬਾਰਾ ਜਾਂ ਹਕੀਕਤਾਂ ਤੋਂ ਅਸਲੋਂ ਥੋਥਾ ਹੀ ਹੈ।

ਕਿਸਾਨੀ ਉੱਪਰ ਟੁੱਟੇ ਅਨੇਕਾਂ ਆਫਤਾਂ ਦੇ ਪਹਾੜ ਉਨ੍ਹਾਂ ਨੂੰ ਖੁਦਕੁਸ਼ੀਆਂ, ਬਾਬਿਆਂ/ ਡੇਰਿਆਂ ਵੱਲ ਧੱਕ ਰਹੇ ਹਨ। ਉਹ ਚੜ੍ਹਾਵੇ ਚੜ੍ਹਾਉਣ, ਸੁੱਖਾਂ ਸੁੱਖਣ ਦੇ ਰਾਹ ਤੇਜ਼ੀ ਨਾਲ ਵਧ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਆਪਣੇ ਆਰਥਕ, ਸਮਾਜਕ ਕਸ਼ਟਾਂ ਦੀ ਬੋਝਲ ਹੋਈ ਪੰਡ ਦਾ ਅਸਲੋਂ ਜੇ ਬੋਧ ਨਹੀਂ ਹੋਵੇਗਾ ਤਾਂ ਉਹ ਵਕਤੀ ਸਕੂਨ ਲਈ 'ਅਗਲੇ ਜਨਮ ਦੇ ਸਵਰਗ ਦੀ ਭਾਲ ਲਈ' ਟਰੱਕਾਂ ਬੱਸਾਂ 'ਚ ਸਣੇ ਪਰਿਵਾਰ ਸਭ ਨੂੰ ਤੂੜ ਕੇ ਲਿਜਾ ਰਹੇ ਹਨ। ਜੇ ਕਦੇ ਕਾਲਜੇ ਰੁੱਗ ਭਰਵਾਂ ਹਾਦਸਾ ਵਾਪਰ ਜਾਵੇ ਤਾਂ ਉਸ ਪਿੱਛੇ ਅਸਲ ਕਾਰਨਾਂ ਦੀ ਨਿਰਖ ਪਰਖ ਕਰਨ ਦੀ ਬਜਾਏ 'ਜਹੰਨਮ ਵਾਸਾ' ਸਮਝ ਬੈਠਦੇ ਹਨ।

ਬੇਰੁਜ਼ਗਾਰ ਦੀ ਭੱਠੀ 'ਚ ਭੁੱਜਦੀ ਅਤੇ ਨਸ਼ਿਆਂ ਦੇ ਛੇਵੇਂ ਦਰਿਆ 'ਚ ਤਾਰੀਆਂ ਲਾਉਂਦੀ ਜੁਆਨੀ ਦੀ ਇਕ ਪਰਤ ਵੀ ਆਪੋ ਆਪਣੇ ਸਮਾਜਕ ਸਥਾਨ ਮੁਤਾਬਕ ਡੇਰਿਆਂ, ਧਾਰਮਕ ਅਸਥਾਨਾਂ 'ਤੇ ਲੱਗਦੇ ਮੇਲਿਆਂ ਵੱਲ ਭੱਜ ਰਹੀ ਹੈ। ਦਿਸ਼ਾ ਵਿਹੂਣੀ ਜੁਆਨੀ ਇਸ ਭਟਕਣ 'ਚੋਂ ਆਸ਼ਾ ਦੇ ਚੰਨ ਭਾਲਦੀ ਹੈ। ਸਮਾਜਕ ਬੰਧਨਾਂ 'ਚ ਜਕੜੀ ਅਤੇ ਸਮਾਜਕ ਦਾਬੇ ਦੀ ਸ਼ਿਕਾਰ ਇਹ ਨੌਜਵਾਨ ਪੀੜ੍ਹੀ ਆਮ ਜ਼ਿੰਦਗੀ 'ਚ ਜੋ ਖੁੱਲ੍ਹਾਂ ਨਹੀਂ ਮਿਲ ਸਕਦੀਆਂ ਉਹ ਮਾਨਣ ਲਈ ਵੀ ਅਜੇਹੇ ਮੌਕਿਆਂ ਦੀ ਵਰਤੋਂ ਕਰਦੀ ਹੈ।ਚਾਰ ਦੀਵਾਰੀਆਂ ਦੀ ਵਲਗਣ 'ਚ ਕੈਦਣ ਹੋਈ ਔਰਤਾਂ ਦੀ ਵੱਡੀ ਗਿਣਤੀ ਦਾ ਵੀ ਅਜਿਹੀਆਂ ਥਾਵਾਂ ਵੱਲ ਉਮੜਨਾਂ ਸਮਾਜਕ ਬੰਧਨਾਂ ਅਤੇ ਆਰਥਕ ਦਾਬਿਆਂ ਦੀ ਜ਼ਿੰਦਗੀ ਤੋਂ ਪਲ ਦੋ ਪਲ ਕਿਸੇ ਹੋਰ 'ਸੰਸਾਰ' 'ਚ ਜਾਣ ਦਾ ਰੁਝਾਨ ਹੈ।

ਸੋ, ਗੱਲਾਂ ਦੀ ਅਸਲ ਗੱਲ ਇਹ ਹੈ ਕਿ ਡੇਰਿਆਂ ਜਾਂ ਉਥੋਂ ਆਉਂਦੇ ਜਾਂਦੇ ਰਾਹਾਂ 'ਚ ਹਾਦਸਿਆਂ ਦੇ ਵਰਤਾਰੇ ਸਾਨੂੰ ਆਰਥਕ, ਰਾਜਨੀਤਕ, ਸਮਾਜਕ ਅਤੇ ਮਨੋ ਵਿਗਿਆਨਕ ਕਾਰਨਾਂ 'ਚੋਂ ਫੁੱਟ ਅਤੇ ਜ਼ੋਰ ਫੜ ਰਹੇ ਹਨ। ਸਥਾਪਤੀ ਵੱਲੋਂ ਇਨ੍ਹਾਂ ਨੂੰ ਹਵਾ ਦੇਣਾ ਲੋੜ ਹੈ। ਲੋਕਾਂ ਅਤੇ ਲੋਕਾਂ ਦੀ ਬਾਂਹ ਫੜਨ ਵਾਲੇ ਚਿੰਤਨਸ਼ੀਲ ਸਭਨਾਂ ਹਿੱਸਿਆਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਆਪਣੇ ਨਰੋਏ ਵਿਰਸੇ ਨੂੰ ਅੱਗੇ ਲਿਆਉਣ। ਸਮਾਜਕ ਪ੍ਰੀਵਰਤਨ ਲਈ ਹਰ ਸੰਭਵ ਹੀਲਾ ਮਿਲ ਕੇ ਜੁਟਾਉਣ। ਫੇਰ ਹੀ ਅਜੇਹੇ ਡੇਰਿਆਂ, ਭੀੜਾਂ, ਦੁਰਘਟਨਾਵਾਂ ਤੋਂ ਸੁਰੱਖਿਅਤ ਸਮਾਜ ਸਿਰਜਿਆ ਜਾ ਸਕੇਗਾ।

*ਬੋਲਦਾ ਇਤਿਹਾਸ :*

# ਕਸ਼ਮੀਰ ਗਣਰਾਜ ਦੀ ਯੋਜਨਾ ਅਤੇ ਗ਼ਦਰ ਲਹਿਰ

ਗਦਰ ਲਹਿਰ ਸਾਡੇ ਆਜ਼ਾਦੀ ਸੰਗਰਾਮ ਦਾ ਇਕ ਸੁਨਹਿਰੀ ਅਧਿਆਏ ਹੈ ਜਿਸ ਦੀ ਸ਼ੁਰੂਆਤ ਅਤਿਅੰਤ ਸੰਜੀਦਾ ਪ੍ਰੋਗਰਾਮ ਨਾਲ ਹੋਈ ਸੀ ਅਤੇ ਜਿਸ ਦੀ ਰਣਨੀਤੀ ਸਮੇਂ-ਸਮੇਂ ਢੁੱਕਵੇਂ ਅਢੁੱਕਵੇਂ ਕਰਵਟ ਲੈਂਦੀ ਰਹੀ। ਫਿਰ ਵੀ ਇਸ ਦਾ ਮਨੋਰਥ, ਭਾਰੂ ਤੌਰ 'ਤੇ ਹਥਿਆਰਬੰਦ ਤਰੀਕੇ ਨਾਲ ਦੇਸ਼ ਨੂੰ ਆਜ਼ਾਦ ਕਰਾਉਣਾ ਅਤੇ ਆਜ਼ਾਦੀ ਉਪਰੰਤ ਲੁੱਟ ਰਹਿਤ ਸਮਾਜ ਦੀ ਸਥਾਪਨਾ ਕਰਨਾ ਸੀ। ਸਭ ਤੋਂ ਵੱਡੀ ਵਿਲੱਖਣਤਾ ਇਸ ਲਹਿਰ ਦੀ ਇਹ ਸੀ ਕਿ ਇਸ ਦੀ ਸਥਾਪਨਾ ਕਰਨ ਵਾਲੇ ਸਾਰੇ ਹੀ ਪਰਵਾਸੀ ਭਾਰਤੀ ਸਨ ਜਿਨ੍ਹਾਂ ਨੇ ਆਪਣੇ ਤਜਰਬੇ ਦੇ ਅਧਾਰ 'ਤੇ ਨਿਚੋੜ ਕੱਢਦਿਆਂ ਇਹ ਤਹੱਈਆ ਕੀਤਾ ਸੀ ਕਿ ਉਹ ਆਪਣੀ ਮਾਤਭੂਮੀ ਨੂੰ ਆਜ਼ਾਦ ਕਰਕੇ ਹੀ ਦਮ ਲੈਣਗੇ ਕਿਉਂਕਿ ਇਸ ਤੋਂ ਪਹਿਲਾਂ ਵਿਦੇਸ਼ਾਂ ਵਿਚ ਉਨ੍ਹਾਂ ਦੀ ਮਾਣ ਮਰਿਆਦਾ ਕਾਇਮ ਨਹੀਂ ਹੋ ਸਕਦੀ ਅਤੇ ਨਾ ਹੀ ਉਹ ਧੱਕੇਸ਼ਾਹੀ ਤੋਂ ਛੁਟਕਾਰਾ ਪਾ ਸਕਣਗੇ। ਮਾਤਭੂਮੀ ਤੋਂ ਹਜ਼ਾਰਾਂ ਮੀਲ ਦੂਰ ਬੈਠ ਕੇ ਉਲੀਕੇ ਗਏ ਆਜ਼ਾਦੀ ਦੇ ਪ੍ਰੋਗਰਾਮ ਨੂੰ ਜਦੋਂ ਦੇਸ਼ ਵਿਚ ਲਿਆ ਕੇ ਲਾਗੂ ਕੀਤਾ ਗਿਆ ਤਾਂ ਇਹ ਤਜਰਬਾ ਬਾਹਰੋਂ ਆਜ਼ਾਦੀ ਦਰਾਮਦ ਕਰਨ ਵਰਗਾ ਹੀ ਸਾਬਤ ਹੋਇਆ। ਕੁਝ ਇਕ ਗਿਣਤੀਆਂ ਮਿਣਤੀਆਂ ਜ਼ਮੀਨੀ ਹਕੀਕਤਾਂ ਨੂੰ ਰਾਸ ਨਾ ਆਈਆਂ ਜਿਸ ਕਰਕੇ ਕੁਰਬਾਨੀਆਂ ਦੇ ਮੁਕਾਬਲੇ ਨਤੀਜੇ ਜਾਗਰਤੀ ਵਿਚ ਮਾਮੂਲੀ ਵਾਧਾ ਕਰਨ ਤੱਕ ਹੀ ਸੀਮਤ ਹੋ ਕੇ ਰਹਿ ਗਏ। ਪ੍ਰੰਤੂ ਗਦਰ ਲਹਿਰ ਦਾ ਜੋ ਪ੍ਰਭਾਵ ਸਾਡੀ ਸਮੁੱਚੀ ਸਮਾਜਕ ਚੇਤਨਾ ਉੱਪਰ ਪੈ ਸਕਦਾ ਸੀ ਉਹ ਪ੍ਰਭਾਵ ਪੱਖਪਾਤੀ, ਸੰਕੀਰਨ ਅਤੇ ਬਦਨੀਅਤ ਇਤਿਹਾਸਕਾਰਾਂ ਨੇ ਨਾ ਪੈਣ ਦਿੱਤਾ। ਇਨ੍ਹਾਂ ਨੂੰ ਅਸਲ ਵਿਚ ਇਤਿਹਾਸਕਾਰ ਨਹੀਂ ਸਗੋਂ ਇਤਿਹਾਸਕ ਘਟਨਾਵਾਂ ਦੇ 'ਪੇਡ' ਅਕਾਊਂਟੈਂਟ ਕਹਿਣਾ ਜ਼ਿਆਦਾ ਬਿਹਤਰ ਹੋਵੇਗਾ। ਜਿਨ੍ਹਾਂ ਦਾ ਜ਼ਿੰਮਾ ਕੇਵਲ ਸੱਤਾਧਾਰੀ ਸ਼ਕਤੀਆਂ ਦੀ ਇੱਛਾ ਅਨੁਸਾਰ ਹੀ ਬੈਲੈਂਸਸ਼ੀਟ ਤਿਆਰ ਕਰਨਾ ਹੁੰਦਾ ਹੈ।

ਇਸ ਤਰ੍ਹਾਂ ਆਜ਼ਾਦੀ ਤੋਂ ਬਾਅਦ ਆਜ਼ਾਦੀ ਲਹਿਰ ਦੀਆਂ ਘਟਨਾਵਾਂ ਦੇ ਵਹੀਖਾਤੇ ਤਿਆਰ ਕਰਨ ਵਾਲੇ ਸਰਕਾਰੀ ਮੁਨੀਮਾਂ ਨੇ ਗੌਰਵਮਈ ਤੇ ਕੁਰਬਾਨੀਆਂ ਭਰੇ ਇਤਿਹਾਸ ਨੂੰ ਮਨਫੀ ਦੇ ਖਾਨੇ ਵਿਚ ਰੱਖਣ ਦਾ ਘਿਰਣਾ ਪੂਰਬਕ ਯਤਨ ਕੀਤਾ। ਸੌੜੇ ਮਨੋਰਥਾਂ ਨੂੰ ਸਾਹਮਣੇ ਰੱਖ ਕੇ ਘਟਨਾਵਾਂ ਦੀ ਵਿਆਖਿਆ ਕੀਤੀ ਗਈ। ਮਹੱਤਵਪੂਰਨ ਨੂੰ ਗੈਰ ਮਹੱਤਵਪੂਰਨ

ਅਤੇ ਗੈਰ ਮਹੱਤਵਪੂਰਨ ਨੂੰ ਮਹੱਤਵਪੂਰਨ ਬਣਾ ਕੇ ਪੇਸ਼ ਕੀਤਾ, ਦੇਸ਼ ਭਗਤਾਂ ਅਤੇ ਸ਼ਹੀਦਾਂ ਨੂੰ ਅਤਿਵਾਦੀ ਅਤੇ ਗਦਾਰਾਂ ਨੂੰ ਦੇਸ਼ ਭਗਤ ਬਣਾ ਕੇ ਪੇਸ਼ ਕਰਨ ਦਾ ਯਤਨ ਕੀਤਾ।

ਉੱਤਰੀ ਅਮਰੀਕਾ ਅਤੇ ਯੂਰਪ ਵਿਚ ਵਸਦੇ ਪਰਵਾਸੀ ਭਾਰਤੀਆਂ ਨੇ ਆਪਣੇ ਅਧਿਅਨ ਰਾਹੀਂ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿਚ ਲੜੀਆਂ ਜਾਂਦੀਆਂ ਆਜ਼ਾਦੀ ਦੀਆਂ ਲਹਿਰਾਂ ਤੋਂ ਜੋ ਕੁਝ ਸਿੱਖਿਆ ਸੀ ਉਸ ਦੇ ਅਧਾਰ 'ਤੇ ਹੀ ਦੇਸ਼ ਨੂੰ ਆਜ਼ਾਦ ਕਰਾਉਣ ਦੇ ਦਾਅਪੇਚ ਉਲੀਕੇ ਅਤੇ ਉਨ੍ਹਾਂ ਨੂੰ ਅਮਲ ਵਿਚ ਲਿਆਉਣ ਲਈ ਕੁਰਬਾਨੀਆਂ ਦੇ ਰਸਤੇ 'ਤੇ ਤੁਰ ਪਏ। ਗਦਰ ਪਾਰਟੀ, ਜਿਸ ਦੀ ਸਥਾਪਨਾ 1913 ਵਿਚ ਅਮਰੀਕਾ ਦੇ ਸ਼ਹਿਰ ਸਾਨ ਫਰਾਂਸਿਸਕੋ ਵਿਚ ਕੀਤੀ ਗਈ ਸੀ, ਨੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਹਥਿਆਰਬੰਦ ਲੜਾਈ ਨੂੰ ਆਪਣਾ ਰਸਤਾ ਚੁਣਿਆ। ਹਥਿਆਰਬੰਦ ਰਸਤਾ ਅਖਤਿਆਰ ਕਰਨ ਵਾਲੇ ਇਹ ਗਦਰੀ ਇਕੱਲੇ ਨਹੀਂ ਸਨ ਸਗੋਂ ਭਾਰਤ ਦੇ ਕਈ ਹਿੱਸਿਆਂ ਵਿਚ ਦੇਸ਼ ਭਗਤਾਂ ਨੇ ਇਹ ਰਸਤਾ ਅਖਤਿਆਰ ਕਰ ਲਿਆ ਹੋਇਆ ਸੀ। ਬੰਗਾਲ, ਮਹਾਂਰਾਸ਼ਟਰ, ਮਦਰਾਸ ਅਤੇ ਰਾਜਸਥਾਨ ਵਿਚ ਯੁਗਾਂਤਰ ਪਾਰਟੀ, ਅਭਿਨਵ ਸਭਾ ਤੇ ਅਨੁਸ਼ੀਲਨ ਸੰਮਤੀ ਵਰਗੇ ਸੰਗਠਨਾਂ ਦੇ ਕੇਂਦਰ ਸਥਾਪਤ ਹੋ ਚੁੱਕੇ ਸਨ। ਇਸੇ ਪ੍ਰਕਾਰ ਵਿਦੇਸ਼ਾਂ ਵਿਚ ਕਈ ਥਾਵਾਂ ਉੱਤੇ ਗਰਮ ਵਿਚਾਰਧਾਰਾ ਵਾਲੇ ਦੇਸ਼ ਭਗਤ ਪਰਵਾਸੀ ਭਾਰਤੀਆਂ ਨੇ ਕੇਂਦਰ ਸਥਾਪਤ ਕਰ ਲਏ ਸਨ ਜਿਨ੍ਹਾਂ ਵਿਚ ਲੰਡਨ ਅਤੇ ਪੈਰਿਸ ਦਾ ਨਾਂ ਲਿਆ ਜਾ ਸਕਦਾ ਹੈ।

ਇਨ੍ਹਾਂ ਵਿਚ ਗਦਰ ਪਾਰਟੀ ਹੀ ਅਜਿਹੀ ਸੁਲਝੀ ਹੋਈ ਪਾਰਟੀ ਨਜ਼ਰ ਆਉਂਦੀ ਹੈ ਜਿਸ ਨੇ ਸਿਆਸੀ ਫਲਸਫੇ ਅਤੇ ਆਜ਼ਾਦੀ ਦੀ ਜੰਗ ਦਾ ਠੋਸ ਪ੍ਰੋਗਰਾਮ ਉਲੀਕਿਆ ਸੀ। ਇਹ ਪ੍ਰੋਗਰਾਮ ਹਵਾਈ ਕਿਲ੍ਹਾ ਨਹੀਂ ਸੀ ਸਗੋਂ ਕਦਮ-ਬ-ਕਦਮ ਅੱਗੇ ਵਧਣ ਦੇ ਦਾਓਪੇਚ ਸਨ ਭਾਵੇਂ ਕਿ ਰਸਤਾ ਹਥਿਆਰਬੰਦ ਮਾਰਗ ਦਾ ਹੀ ਸੀ। ਗਦਰੀਆਂ ਨੇ ਕਸ਼ਮੀਰ ਨੂੰ ਆਜ਼ਾਦ ਕਰਵਾ ਕੇ 'ਕਸ਼ਮੀਰ ਗਣਰਾਜ' ਸਥਾਪਤ ਕਰਨ ਦਾ ਨਿਸ਼ਾਨਾ ਮਿਥਿਆ ਸੀ।

ਉਨ੍ਹਾਂ ਦੀ ਇਹ ਪੁਖਤਾ ਸਮਝ ਸੀ ਕਿ ਹਿੰਦੁਸਤਾਨ ਨੂੰ ਇਕੋ ਵੇਲੇ ਆਜ਼ਾਦ ਨਹੀਂ ਕਰਵਾਇਆ ਜਾ ਸਕਦਾ। ਉਹ ਰਿਆਸਤ-ਬ-ਰਿਆਸਤ ਆਜ਼ਾਦ ਕਰਾਉਂਦੇ ਅੱਗੇ ਵਧਦੇ ਜਾਣਗੇ। ਗਦਰੀ ਪਾਰਟੀ ਦੀ ਦਾਅ ਪੇਚਕ ਗਿਣਤੀ ਮਿਣਤੀ ਇਹ ਸੀ ਕਿ 1925 ਤੱਕ ਉਹ ਆਜ਼ਾਦ ਕਸ਼ਮੀਰ ਗਣਰਾਜ ਸਥਾਪਤ ਕਰ ਲੈਣਗੇ ਅਤੇ ਫੇਰ ਅੱਗੇ ਵਧਣਗੇ।

ਉਨ੍ਹਾਂ ਨੇ ਪਾਰਟੀ ਦੇ ਹੈੱਡ ਕੁਆਟਰ (ਸਾਨਫਰਾਂਸਿਸਕੋ) ਵਿਚ ਕੰਧ ਉੱਪਰ ਇਕ ਵੱਡਾ ਨਕਸ਼ਾ ਬਣਾ ਕੇ ਉਸ ਉੱਪਰ ਕਸ਼ਮੀਰ ਗਣਰਾਜ ਦੀ ਹਲਕਾਬੰਦੀ ਲਾਲ ਰੰਗ ਨਾਲ ਕੀਤੀ ਹੋਈ ਸੀ ਜਿਸ ਉੱਪਰ ਲਿਖਿਆ ਹੋਇਆ ਸੀ "ਕਸ਼ਮੀਰ-ਏ-ਰਿਪਬਲਿਕ ਬਾਈ 1925" (ਅਥਵਾ 1925 ਤੱਕ ਕਸ਼ਮੀਰ ਗਣਰਾਜ ਦੀ ਸਥਾਪਨਾ) ਗਦਰੀਆਂ ਦੀ ਇਹ ਯੋਜਨਾ ਜ਼ਮੀਨੀ ਹਕੀਕਤਾਂ ਨਾਲ ਬਿਲਕੁਲ ਮੇਲ ਖਾਣ ਵਾਲੀ ਜਾਪਦੀ ਹੈ। ਆਪਣੀ ਇਸ ਯੋਜਨਾ

ਉੱਪਰ ਗਦਰੀ 1914 ਤੱਕ ਸੰਜ਼ੀਦਗੀ ਨਾਲ ਅਮਲ ਕਰਦੇ ਰਹੇ ਅਤੇ ਅੰਗਰੇਜ਼ ਸਾਮਰਾਜ ਵਿਰੁੱਧ ਲੰਬੀ ਹਥਿਆਰਬੰਦ ਲੜਾਈ ਦੀ ਯੋਜਨਾ ਵਿਚ ਜੁੱਟੇ ਰਹੇ। ਪ੍ਰੰਤੂ 25 ਜੁਲਾਈ 1914 ਨੂੰ ਗਦਰ ਪਾਰਟੀ ਨੇ ਆਪਣਾ ਪ੍ਰੋਗਰਾਮ ਮੁੱਢੋਂ ਸੁੱਢੋਂ ਹੀ ਤਬਦੀਲ ਕਰ ਦਿੱਤਾ। ਹਾਲਾਤ ਬਾਰੇ ਉਨ੍ਹਾਂ ਦੀ ਸਮਝ ਵਿਚ ਬੁਨਿਆਦੀ ਤਬਦੀਲੀ ਆਉਣ ਦੇ ਦੋ ਮੁੱਖ ਕਾਰਨ ਬਣੇ। ਪਹਿਲਾ ਕਾਰਨ ਗਦਰੀਆਂ ਵੱਲੋਂ ਇੰਗਲੈਂਡ ਅਤੇ ਹਿੰਦੁਸਤਾਨ ਭੇਜੇ ਤਿੰਨ ਮੈਂਬਰੀ ਡੈਪੂਟੇਸ਼ਨ ਦੀਆਂ ਸਿਫਾਰਸ਼ਾਂ ਸੀ ਅਤੇ ਦੂਜਾ ਕਾਰਨ ਯੂਰਪ ਵਿਚ ਦੂਜੇ ਮਹਾਂ ਯੁੱਧ ਦਾ ਛਿੜ ਜਾਣਾ ਸੀ। ਇਹ ਦੋਵੇਂ ਹੀ ਕਾਰਨ ਲਗਭਗ ਨਾਲੋ ਨਾਲ ਹੀ ਵਿਕਸਤ ਹੋਏ ਜਿਨ੍ਹਾਂ ਨੇ ਗਦਰੀ ਆਗੂਆਂ ਅੰਦਰ ਇਸ ਸੋਚ ਨੂੰ ਜਨਮ ਦਿੱਤਾ ਕਿ ਦਹਾਕਿਆਂ ਲੰਬੀ ਹਥਿਆਰਬੰਦ ਜੰਗ ਲੜਨ ਤੋਂ ਬਿਨਾਂ ਇਕੋ ਹਥਿਆਰਬੰਦ ਬਗਾਵਤ ਨਾਲ ਦੇਸ਼ ਆਜ਼ਾਦ ਕਰਾਉਣ ਦੇ ਹਾਲਾਤ ਪੈਦਾ ਹੋ ਗਏ ਹਨ। ਉਨ੍ਹਾਂ ਨੇ ਅੰਗਰੇਜ਼ ਸਾਮਰਾਜ ਦੀਆਂ ਫੌਜਾਂ ਵਿਚ ਭਰਤੀ ਹਿੰਦੁਸਤਾਨੀ ਫੌਜੀਆਂ ਨੂੰ ਬਗਾਵਤ ਲਈ ਪ੍ਰੇਰਨ; ਅੱਗੇ ਆਉਣ ਅਤੇ ਲੋਕਾਂ ਨੂੰ ਜਾਗਰਤ ਕਰਕੇ ਲਾਮਬੰਦ ਕਰਨ ਦਾ ਰਸਤਾ ਅਖਤਿਆਰ ਕਰ ਲਿਆ ਪ੍ਰੰਤੂ ਬਦਕਿਸਮਤੀ ਨਾਲ ਉਨ੍ਹਾਂ ਦੇ ਦੋਵੇਂ ਵਿਸ਼ਲੇਸ਼ਣ, ਜਿਨ੍ਹਾਂ ਨੂੰ ਬਗਾਵਤ ਦੀਆਂ ਸੰਭਾਵਨਾਵਾਂ ਦਾ ਅਧਾਰ ਬਣਾਇਆ ਗਿਆ ਸੀ, ਹਕੀਕਤ ਤੋਂ ਕੋਹਾਂ ਦੂਰ ਨਿਕਲੇ ਅਤੇ ਨਤੀਜੇ ਆਸਾਵਾਂ ਅਨੁਸਾਰ ਨਾ ਨਿਕਲੇ।

ਉੱਤਰੀ ਅਮਰੀਕਾ ਵਿਚ ਵਸਦੇ ਪਰਵਾਸੀ ਭਾਰਤੀ ਆਪਣੀਆਂ ਆਰਥਿਕ ਲੜਾਈਆਂ ਲੜਦੇ ਅਤੇ ਸਰਕਾਰੀ ਜਬਰ ਦਾ ਸਾਹਮਣਾ ਕਰਦੇ ਹੋਏ ਸਿਆਸੀ ਰਣ ਵਿਚ ਕੁੱਦੇ ਸਨ। ਦੇਸ਼ ਦੀ ਆਜ਼ਾਦੀ ਲਈ ਸੰਗਰਾਮ ਵਿੱਢਣ ਵਾਸਤੇ ਉਨ੍ਹਾਂ ਨੂੰ ਕੇਵਲ ਤਕਰੀਰਾਂ ਜਾਂ ਪ੍ਰਚਾਰ ਨਾਲ ਹੀ ਤਿਆਰ ਨਹੀਂ ਸੀ ਕਰ ਲਿਆ ਗਿਆ। ਸਿਆਸਤ ਵਿਚ ਕੁੱਦਣਾ ਉਨ੍ਹਾਂ ਦੇ ਨਿਰੰਤਰ ਸੰਘਰਸ਼ ਦਾ ਅਗਲਾ ਪੜਾਅ ਸੀ। ਉਨ੍ਹਾਂ ਦੇ ਇਸ ਸੰਘਰਸ਼ ਦਾ ਹੀ ਇਕ ਰੂਪ ਸੀ ਜਦੋਂ ਤਿੰਨ ਮੈਂਬਰੀ ਡੈਪੂਟੇਸ਼ਨ ਲੰਡਨ ਅਤੇ ਭਾਰਤ ਰਵਾਨਾ ਕੀਤਾ ਗਿਆ ਸੀ। ਮਾਰਚ 1913 ਨੂੰ ਭੇਜੇ ਗਏ ਇਸ ਡੈਪੂਟੇਸ਼ਨ ਵਿਚ ਭਾਈ ਬਲਵੰਤ ਸਿੰਘ, ਭਾਈ ਨਰਾਇਣ ਸਿੰਘ ਅਤੇ ਇਕ ਵਿਦਿਆਰਥੀ ਨੰਦ ਸਿੰਘ ਸੀਹਰਾ ਸ਼ਾਮਲ ਸਨ। ਇਨ੍ਹਾਂ ਦਾ ਮਨੋਰਥ ਬਰਤਾਨਵੀ ਸਰਕਾਰ ਤੋਂ ਰਿਆਇਤਾਂ ਪ੍ਰਾਪਤ ਕਰਨਾ ਅਤੇ ਭਾਰਤ ਵਿਚ ਵੱਖ ਵੱਖ ਸਿਆਸੀ ਬਣਤਰਾਂ ਨਾਲ ਸੰਪਰਕ ਕਰਕੇ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਬਾਰੇ ਜਾਇਜ਼ਾ ਲੈਣਾ ਸੀ। ਇਸ ਡੈਪੂਟੇਸ਼ਨ ਦਾ ਪਹਿਲਾ ਮਨੋਰਥ ਸਫਲ ਨਾ ਹੋਇਆ ਅਤੇ ਬਰਤਾਨਵੀ ਸਰਕਾਰ ਤੋਂ ਉਨ੍ਹਾਂ ਨੇ ਕੁਝ ਵੀ ਨਾ ਹਥਿਆਇਆ ਪ੍ਰੰਤੂ ਦੂਜੇ ਮਨੋਰਥ ਵਿਚ ਉਨ੍ਹਾਂ ਨੂੰ ਕਾਫੀ ਉਤਸ਼ਾਹ ਮਿਲਿਆ ਜਦੋਂ ਉਨ੍ਹਾਂ ਨੇ ਆਜ਼ਾਦੀ ਸੰਗਰਾਮ ਦੇ ਵੱਖ ਵੱਖ ਆਗੂਆਂ ਅਤੇ ਲੋਕਾਂ ਨਾਲ ਮੀਟਿੰਗਾਂ ਕੀਤੀਆਂ ਜਿਨ੍ਹਾਂ ਨੇ ਕੈਨੇਡਾ ਵਸਦੇ ਭਾਰਤੀਆਂ ਦੀਆਂ ਮੰਗਾਂ ਦਾ ਸਮਰਥਨ ਕੀਤਾ। ਕਾਂਗਰਸ ਦੇ ਕਰਾਚੀ ਅਜਲਾਸ ਨੇਵੀ ਮਤਾ ਪਾਸ ਕੀਤਾ ਅਤੇ ਮੁਸਲਿਮ ਲੀਗ ਨੇ ਵੀ ਹਮਾਇਤ ਦਿੱਤੀ। ਪਰਵਾਸੀ ਭਾਰਤੀਆਂ ਲਈ ਹਰ ਪਾਸੇ ਤੋਂ ਮਿਲੀ ਭਰਪੂਰ ਹਮਾਇਤ

(ਜਿਹੜੀ ਮਤਿਆਂ ਅਤੇ ਯਕੀਨ-ਦਹਾਨੀ ਤੱਕ ਹੀ ਸੀਮਤ ਸੀ) ਤੋਂ ਡੈਪੂਟੇਸ਼ਨ ਨੇ ਲੋੜੋਂ ਵਧੇਰੇ ਉਤਸ਼ਾਹਜਨਕ ਨਤੀਜੇ ਕੱਢੇ। ਇਹ ਡੈਪੂਟੇਸ਼ਨ 14 ਅਪਰੈਲ 1914 ਨੂੰ ਕੈਨੇਡਾ ਵਾਪਸ ਪਰਤਿਆ ਜਿਸ ਨੇ ਆਪਣੀ ਲਿਖਤੀ ਰਿਪੋਰਟ ਵਿਚ ਬਿਆਨਿਆ ਕਿ ਬਰਤਾਨਵੀ ਸਾਮਰਾਜ ਵਿਰੁੱਧ ਭਾਰਤ ਵਿਚ ਬਗਾਵਤ ਅਤੇ ਜਨਤਕ ਉਭਾਰ ਦੀਆਂ ਸੰਭਾਵਨਾਵਾਂ ਉਜਾਗਰ ਹਨ। ਇਹ ਉਨ੍ਹਾਂ ਦੇ ਤਕਰੀਬਨ ਇਕ ਸਾਲ ਦੇ ਅਧਿਅਨ ਦਾ ਨਤੀਜਾ ਸੀ।(ਡੈਪੂਟੇਸ਼ਨ 14 ਮਾਰਚ 1913 ਨੂੰ ਲੰਡਨ ਪੁੱਜਾ ਸੀ)।

ਦੂਜੇ ਪਾਸੇ ਡੈਪੂਟੇਸ਼ਨ ਦੀ ਵਾਪਸੀ ਤੋਂ ਤਿੰਨ ਮਹੀਨੇ ਬਾਅਦ ਜਦੋਂ ਅਜੇ ਗਦਰੀ ਆਗੂ ਨਿਰਣਿਆਂ ਵਿਚ ਜੁੱਟੇ ਹੋਏ ਸਨ, ਜਰਮਨੀ ਨੇ ਸਰਬੀਆ ਉੱਤੇ ਹਮਲਾ ਕਰ ਦਿੱਤਾ। ਇਹ 25 ਜੁਲਾਈ 1914 ਦਾ ਦਿਨ ਸੀ ਅਤੇ ਪਹਿਲੇ ਮਹਾਂਯੁੱਧ ਦਾ ਬਿਗਲ ਵੱਜ ਗਿਆ ਸੀ। ਡੈਪੂਟੇਸ਼ਨ ਦੀ ਰਿਪੋਰਟ ਤੋਂ ਉਤਸ਼ਾਹਤ ਹੋ ਚੁੱਕੇ ਗਦਰੀ ਹਮਲੇ ਤੋਂ ਅਗਲੇ ਦਿਨ 26 ਜੁਲਾਈ ਨੂੰ ਹੀ ਔਕਸਕਾਰਡ ਕਸਬੇ ਵਿਚ ਇਕੱਤਰ ਹੋ ਗਏ। ਜਲਦਬਾਜ਼ੀ ਵਿਚ ਕੀਤੀ ਗਈ ਇਸ ਮੀਟਿੰਗ ਵਿਚ ਹੀ ਆਗੂਆਂ ਨੇ ਐਲਾਨ ਕਰ ਦਿੱਤਾ ਕਿ "ਯੂਰਪ ਵਿਚ ਜੰਗ ਛਿੜ ਗਈ ਹੈ। ਬਰਤਾਨੀਆ ਨੂੰ ਹਿੰਦ ਵਿਚੋਂ ਕੱਢ ਦੇਈਏ ਦੇਸ਼ ਵਿਚ ਜਾ ਕੇ ਫੌਜਾਂ 'ਚ ਬਗਾਵਤ ਕਰਨ ਅਤੇ ਗਦਰ ਮਚਾਉਣ ਦਾ ਬੜਾ ਹੀ ਢੁੱਕਵਾਂ ਵੇਲਾ ਹੱਥ ਆ ਗਿਆ ਹੈ।" ਇਹ ਐਲਾਨ ਸਾਬਤ ਕਰਦਾ ਹੈ ਕਿ ਗਦਰੀਆਂ ਅੰਦਰ ਦੇਸ਼ ਨੂੰ ਆਜ਼ਾਦ ਕਰਾਉਣ ਲਈ ਕਿੰਨਾ ਜਜ਼ਬਾ ਅਤੇ ਕਿੰਨੀ ਤਤਪਰਤਾ ਸੀ। ਇਸ ਉਪਰੰਤ ਉਨ੍ਹਾਂ ਨੇ ਯੁਗਾਂਤਰ ਆਸ਼ਰਮ ਵਿਚ ਇਕ ਬੜੀ ਲੰਬੀ ਮੀਟਿੰਗ ਲਾਈ ਜਿਹੜੀ ਇਕ ਹਫਤਾ ਚੱਲਦੀ ਰਹੀ। ਇਸ ਮੀਟਿੰਗ ਨੇ "ਕਰੋ ਜਾਂ ਮਰੋ" ਦਾ ਫੈਸਲਾ ਲਿਆ। ਪੰਜ ਅਗਸਤ 1914 ਦੇ 'ਗਦਰ' ਅਖਬਾਰ ਵਿਚ 'ਐਲਾਨੇ-ਜੰਗ' ਵੀ ਛਾਪ ਦਿੱਤਾ। ਉਨ੍ਹਾਂ ਦਾ ਨਿਰਣਾ ਸੀ ਕਿ ਜੰਗ ਸਾਮਰਾਜ ਨੂੰ ਕਮਜ਼ੋਰ ਕਰ ਦੇਵੇਗੀ। ਜਿਸ ਕਰਕੇ ਗਦਰ ਰਾਹੀਂ ਆਜ਼ਾਦੀ ਪ੍ਰਾਪਤ ਕਰਨੀ ਸੌਖੀ ਹੋ ਗਈ ਹੈ।

ਸਾਲ 1916 ਤੱਕ ਵੱਖ ਵੱਖ ਦੇਸ਼ਾਂ ਤੋਂ 8000 ਗਦਰੀ, ਕੀਤੀ ਜਾਣ ਵਾਲੀ ਹਥਿਆਰਬੰਦ ਬਗਾਵਤ ਵਿਚ ਹਿੱਸਾ ਲੈਣ ਲਈ ਭਾਰਤ ਪਰਤ ਆਏ ਸਨ। ਇਸ ਤਰ੍ਹਾਂ 'ਕਸ਼ਮੀਰ ਗਣਰਾਜ' ਸਥਾਪਤ ਕਰਨ ਦੀ ਯੋਜਨਾ ਨੇ ਨਵਾਂ ਰੂਪ ਅਖਤਿਆਰ ਕਰ ਲਿਆ ਅਤੇ 'ਗਦਰ' ਉੱਪਰ ਅਮਲ ਸ਼ੁਰੂ ਹੋਇਆ।

ਗਦਰੀਆਂ ਨੇ ਜਦੋਂ ਭਾਰਤ ਪਹੁੰਚ ਕੇ ਆਪਣੀਆਂ ਸਰਗਰਮੀਆਂ ਆਰੰਭ ਕੀਤੀਆਂ ਤਾਂ ਅਨੇਕਾਂ ਹੀ ਹੋਰ ਸਿਰਲੱਥ ਯੋਧੇ ਉਨ੍ਹਾਂ ਦੇ ਸਾਥੀ ਬਣ ਗਏ ਜਿਹੜੇ ਜਾਨ ਤਲੀ 'ਤੇ ਰੱਖ ਕੇ ਲੜੇ ਪ੍ਰੰਤੂ ਆਮ ਲੋਕਾਂ ਦੀ ਸ਼ਮੂਲੀਅਤ ਦਾ ਦੌਰ ਆਰੰਭ ਨਾ ਹੋਇਆ ਜਿਵੇਂ ਕਿ ਉਨ੍ਹਾਂ ਦੀ ਮੁੱਢਲੀ ਯੋਜਨਾ ਵਿਚ ਸ਼ਾਮਲ ਸੀ। ਗਦਰੀਆਂ ਨੇ ਛਾਉਣੀਆਂ ਵਿਚ ਕਾਰਵਾਈਆਂ ਆਰੰਭੀਆਂ ਅਤੇ ਲਹੌਰ ਦੀ ਮੀਆਂ ਮੀਰ ਦੀ ਛਾਉਣੀ ਨੂੰ ਕੇਂਦਰੀ ਕਰਮ ਭੂਮੀ ਬਣਾ ਲਿਆ।

ਕਿਉਂਕਿ ਸਾਰਾ ਕੁਝ ਜਲਦੀ ਜਲਦੀ ਹੀ ਕਰਨ ਦਾ ਇਰਾਦਾ ਸੀ ਜਿਸ ਕਰਕੇ ਗਦਰੀ ਕ੍ਰਾਂਤੀਕਾਰੀ ਦੇਸ਼ ਭਗਤਾਂ ਨੇ ਲੰਬੀ ਜੰਗ ਦੀ ਤਿਆਰੀ ਨਹੀਂ ਕੀਤੀ ਸੀ। ਹਥਿਆਰਬੰਦ ਜੰਗ ਦੀ ਤਿਆਰੀ ਦੇ ਯਤਨਾਂ ਦੌਰਾਨ ਹੀ ਗਦਰੀ ਦੇਸ਼ ਭਗਤ ਗੰਭੀਰ ਆਰਥਿਕ ਤੇ ਸਿਆਸੀ ਸੰਕਟ ਵਿਚ ਫਸ ਗਏ। ਕਿਉਂਕਿ ਉਨ੍ਹਾਂ ਦਾ ਪੱਕਾ ਨਿਸਚਾ ਸੀ ਕਿ ਗਦਰ (ਕ੍ਰਾਂਤੀ) ਦੇ ਹਾਲਾਤ ਪੱਕ ਚੁੱਕੇ ਹਨ। ਆਰਥਿਕ ਲੋੜਾਂ ਦੀ ਪੂਰਤੀ ਲਈ ਉਨ੍ਹਾਂ ਨੇ ਅੰਗਰੇਜ਼ ਪ੍ਰਸਤ ਸ਼ਾਹੂਕਾਰਾਂ ਦੇ ਘਰਾਂ ਵਿਚ ਡਾਕੇ ਮਾਰਨੇ ਆਰੰਭ ਕਰ ਦਿੱਤੇ। ਇਹ ਕਾਰਵਾਈ ਗਦਰੀਆਂ ਨੂੰ ਬਹੁਤੀ ਰਾਸ ਨਾ ਆਈ। ਇਸ ਦੌਰਾਨ ਉਨ੍ਹਾਂ ਨੇ ਲਾਹੌਰ ਅਤੇ ਫਿਰੋਜ਼ਪੁਰ ਦੀਆਂ ਛਾਉਣੀਆਂ ਵਿਚ ਪੈਰ ਵੀ ਜਮਾ ਲਏ ਅਤੇ ਕੁਝ ਹੱਦ ਤੱਕ ਖੁਦ ਨੂੰ ਵੀ ਹਥਿਆਰਬੰਦ ਕਰ ਲਿਆ। ਫਿਰੋਜ਼ਪੁਰ ਵਿਚ 26 ਪੰਜਾਬੀ ਰੈਜਮੈਂਟ, ਮੀਆਂ ਮੀਰ ਛਾਉਣੀ ਦਾ 23ਵਾਂ ਰਸਾਲਾ ਅਤੇ 50 ਨਵੰਬਰ ਤੋਪਖਾਨਾ ਗਦਰੀਆਂ ਦੇ ਪ੍ਰਭਾਵ ਹੇਠ ਸੀ। ਇਸੇ ਪ੍ਰਕਾਰ ਮੇਰਠ ਛਾਉਣੀ ਵਿਚ ਵੀ ਉਨ੍ਹਾਂ ਦਾ ਤਕੜਾ ਪ੍ਰਭਾਵ ਸੀ। ਗਦਰੀਆਂ ਦਾ ਖਿਆਲ ਸੀ ਕਿ ਉਹ ਫਿਰੋਜ਼ਪੁਰ ਅਤੇ ਮੇਰਠ ਛਾਉਣੀਆਂ ਵਿਚ ਦਿੱਲੀ ਅਤੇ ਲਹੌਰ ਵੱਲ ਵਧਣਗੇ।

ਉਨ੍ਹਾਂ ਨੂੰ ਆਪਣੀ ਤਿਆਰੀ ਦੀ ਕਚਿਆਈ ਦਾ ਅਹਿਸਾਸ ਵਾਰ ਵਾਰ ਸਤਾਉਂਦਾ ਰਿਹਾ ਜਿਸ ਕਰਕੇ ਉਨ੍ਹਾਂ ਨੇ ਬਗਾਵਤ ਕਰਨ ਦੀ ਤਰੀਕ ਮਿਥ ਕੇ ਵਾਰ ਵਾਰ ਬਦਲੀ। ਸਭ ਤੋਂ ਪਹਿਲਾਂ ਬਗਾਵਤ ਦੀ ਤਾਰੀਖ 26 ਨਵੰਬਰ ਮਿਥੀ ਗਈ ਸੀ ਪ੍ਰੰਤੂ ਰੱਦ ਕਰ ਦਿੱਤੀ ਗਈ ਸੀ। ਇਸ ਤੋਂ ਬਾਅਦ 21 ਫਰਵਰੀ ਮਿਥੀ ਗਈ। ਉੱਚ ਕੋਟੀ ਦੇ ਸਾਰੇ ਨੇਤਾਵਾਂ ਦੀਆਂ ਡਿਊਟੀਆਂ ਲੱਗ ਗਈਆਂ ਅਤੇ ਦਿੱਲੀ 'ਤੇ ਕਬਜ਼ਾ ਕਰਕੇ ਗਣਰਾਜ ਐਲਾਨ ਕਰਨ ਦਾ ਸਮਾਂ ਮਿਥ ਲਿਆ ਗਿਆ। ਗਣਰਾਜ ਦੇ ਝੰਡੇ ਵਿਚ ਲਾਲ, ਪੀਲਾ ਅਤੇ ਹਰਾ ਰੰਗ ਪਾਉਣ ਦਾ ਵੀ ਫੈਸਲਾ ਕਰ ਲਿਆ ਗਿਆ। ਪ੍ਰੰਤੂ ਤਿਆਰੀ ਦੀ ਕਚਿਆਈ ਦੇ ਅਹਿਸਾਸ ਨਾਲੋਂ ਕਾਹਲੀ ਦਾ ਅਹਿਸਾਸ ਵਧੇਰੇ ਭਾਰੂ ਰਿਹਾ।

ਬਰਤਾਨੀਆ ਸਰਕਾਰ ਦੇ ਸੂਹੀਏ ਕਿਰਪਾਲ ਸਿੰਘ ਨੇ ਬਗਾਵਤ ਸ਼ੁਰੂ ਹੋਣ ਤੋਂ ਪਹਿਲਾਂ ਹੀ ਠੁੱਸ ਕਰਵਾ ਦਿੱਤੀ। ਗਦਰੀਆਂ ਦੀ ਫੜੋ-ਫੜੀ, ਸ਼ਹੀਦੀਆਂ, ਉਮਰ ਕੈਦਾਂ ਤੇ ਭਿੰਨ-ਭਿੰਨ ਜ਼ੁਲਮਾਂ ਦਾ ਦੌਰ ਸ਼ੁਰੂ ਹੋ ਗਿਆ। ਬਗਾਵਤ ਦੇ ਅਸਫਲ ਹੋਣ ਉਪਰੰਤ ਵੀ ਗਦਰੀ ਸੂਰਬੀਰ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿਚ ਅਤੇ ਉਸ ਮਗਰੋਂ ਵੀ ਲੋਕ ਮੁਕਤੀ ਲਈ ਜੂਝਦੇ ਰਹੇ। ਉਹ ਬਦਲਵੇਂ ਹਾਲਾਤ ਵਿਚ ਬਦਲਵੀਆਂ ਲਹਿਰਾਂ ਵਿਚ ਅੱਗੇ ਹੋ ਕੇ ਲੜਦੇ ਗਏ ਅਤੇ ਇਕ ਇਕ ਗਦਰੀ ਅੰਤਿਮ ਸਾਹਾਂ ਤੱਕ ਲੜਿਆ ਅਤੇ ਦੇਸ਼ ਦੇ ਲੇਖੇ ਲੱਗਿਆ।

ਹੁਣ ਏਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਠੇਕੇ 'ਤੇ ਇਤਿਹਾਸ ਲਿਖਣ ਵਾਲਿਆਂ ਨੇ ਕੀ ਕੀਤਾ। ਲਹਿਰਾਂ ਸਫਲ ਵੀ ਹੁੰਦੀਆਂ ਹਨ ਅਤੇ ਅਸਫਲ ਵੀ ਹੁੰਦੀਆਂ ਹਨ। ਦੱਬਦੀਆਂ ਵੀ ਹਨ ਅਤੇ ਫੇਰ ਉੱਠਦੀਆਂ ਹਨ। ਪ੍ਰੰਤੂ ਉਨ੍ਹਾਂ ਨੂੰ ਸਹੀ ਰੂਪ ਵਿਚ ਅੰਕਿਤ

ਨਾ ਕਰਨ ਵਾਲੇ ਇਤਿਹਾਸਕਾਰ ਬੇਈਮਾਨ ਹੁੰਦੇ ਹਨ। ਵਧੇਰੇ ਸਪੱਸ਼ਟਤਾ ਨਾਲ ਆਖੀਏ ਤਾਂ ਗਦਾਰ ਹੁੰਦੇ ਹਨ।

ਜਿਨ੍ਹਾਂ ਸੂਰਬੀਰਾਂ ਨੇ ਦੇਸ਼ ਲਈ ਕੁਰਬਾਨੀਆਂ ਕੀਤੀਆਂ, ਅਕਹਿ ਜ਼ੁਲਮ ਹੰਢਾਏ ਅਤੇ ਖ਼ੂਨ ਦਿੱਤਾ ਉਨ੍ਹਾਂ ਨੂੰ ਅਤੰਕਵਾਦੀ ਕਹਿ ਕੇ ਨਕਾਰਨਾ ਅਤੇ ਇਤਿਹਾਸ ਵਿਚ ਯੋਗ ਸਥਾਨ ਪ੍ਰਦਾਨ ਨਾ ਕਰਨਾ ਘਿਨਾਉਣੀ ਕਮੀਨਗੀ ਹੈ, ਪੱਖਪਾਤ ਹੈ, ਇਤਿਹਾਸ ਨਹੀਂ ਕਾਲੀ ਸਿਆਸਤ ਹੈ। ਸਾਡੇ ਸਮਿਆਂ ਅੰਦਰ ਇਸ ਦੇ ਨੰਗੇ ਚਿੱਟੇ ਦੀਦਾਰ ਹੋ ਰਹੇ ਹਨ। ਅੱਜ ਵੀ ਕਾਮਾਗਾਟਾ ਮਾਰੂ ਜਹਾਜ਼ ਦੇ ਆਜ਼ਾਦੀ ਸੰਗਰਾਮੀਆਂ ਅਤੇ ਸ਼ਹੀਦਾਂ ਨੂੰ ਹਾਕਮਾਂ ਵੱਲੋਂ ਛੁਟਿਆਇਆ ਗਿਆ। ਇਉਂ ਹੀ ਕੂਕਾ ਲਹਿਰ ਦੇ ਸੂਰਮੇ ਸ਼ਹੀਦਾਂ ਨੂੰ ਇਤਿਹਾਸ 'ਚੋਂ ਮਨਫੀ ਕਰਕੇ ਨਿਰਾਦਰ ਕੀਤਾ ਗਿਆ। ਇਸ ਖਿਲਾਫ ਜ਼ਬਰਦਸਤ ਆਵਾਜ਼ ਉੱਠੀ। ਹਾਕਮਾਂ ਨੂੰ ਕੌੜੀ ਘੁੱਟ ਭਰਨੀ ਪਈ। ਕਿੰਨੀਆਂ ਹੀ ਇਨਕਲਾਬੀ ਲਹਿਰਾਂ ਨੂੰ ਅੱਜ ਵੀ ਖੂੰਜੇ ਲਾ ਕੇ ਆਜ਼ਾਦੀ ਸੰਗਰਾਮ ਦੇ ਸੂਹੇ ਪੰਨਿਆਂ ਤੋਂ ਓਹਲੇ ਰੱਖਿਆ ਜਾ ਰਿਹਾ ਹੈ। ਇਹ ਪਾਸਾ ਵਧੇਰੇ ਗੰਭੀਰ ਖੋਜ ਪੜਤਾਲ ਅਤੇ ਇਤਿਹਾਸ ਦੀ ਮੁੜ ਸੁਰਜੀਤੀ ਲਈ ਗੌਰ ਫਿਕਰ ਦੀ ਮੰਗ ਕਰਦਾ ਹੈ। ਦੇਸ਼ ਦੀ ਆਜ਼ਾਦੀ ਦਾ ਇਤਿਹਾਸ ਦੁਬਾਰਾ ਲਿਖਿਆ ਜਾਣਾ ਚਾਹੀਦਾ ਹੈ, ਜਿਸ ਵਿਚ ਵੱਖ ਵੱਖ ਲਹਿਰਾਂ, ਵਿਚਾਰਧਾਰਾਵਾਂ, ਉਦੇਸ਼, ਨਿਸ਼ਾਨਿਆਂ, ਪਾਰਟੀਆਂ, ਗਰੁੱਪਾਂ ਅਤੇ ਆਗੂਆਂ ਵੱਲੋਂ ਨਿਭਾਈ ਭੂਮਿਕਾ ਦੀ ਇਮਾਨਦਾਰ ਸ਼ਨਾਖਤ ਹੋਵੇ ਨਹੀਂ ਤਾਂ ਇਹ ਕੇਵਲ ਸ਼ਹੀਦਾਂ ਤੇ ਦੇਸ਼ ਭਗਤਾਂ ਨਾਲ ਹੀ ਨਹੀਂ ਸਗੋਂ ਸਾਡੀਆਂ ਆਉਣ ਵਾਲੀਆਂ ਨਸਲਾਂ ਦੇ ਸੂਚਨਾ ਅਧਿਕਾਰ ਨਾਲ ਵੀ ਗਦਾਰੀ ਹੋਵੇਗੀ।

*ਭਵਿੱਖ ਲਈ ਚਾਨਣ ਮੁਨਾਰਾ :*

# ਸ਼ਹੀਦ ਭਗਤ ਸਿੰਘ : ਜੀਵਨ ਤੇ ਫਲਸਫਾ

ਹਿੰਦੁਸਤਾਨ ਦੀ ਆਜ਼ਾਦੀ ਦੀ ਲਹਿਰ ਵਿਚ ਹਜ਼ਾਰਾਂ ਤਾਰਿਆਂ ਨੇ ਆਪਣੇ-ਆਪਣੇ ਹਿੱਸੇ ਦਾ ਆਕਾਸ਼ ਰੁਸ਼ਨਾਇਆ। ਪਰ ਧਰੂ-ਤਾਰੇ ਵਾਂਗ ਸਦੀਵੀ ਚਮਕ ਨਾਲ ਜੋ ਸਭ ਤੋਂ ਤੇਜ਼ ਚਮਕਦਾ ਹੈ ਉਹ ਨਾਮ ਹੈ ਅਮਰ ਸ਼ਹੀਦ ਭਗਤ ਸਿੰਘ। ਸ਼ਹੀਦ ਭਗਤ ਸਿੰਘ,ਜਿਸ ਨੇ ਮੌਤ 'ਚੋਂ ਜੀਵਨ ਨੂੰ ਖੋਜਿਆ ਤੇ ਪਾਇਆ ਅਤੇ ਉਹ ਭਾਰਤੀ ਨੌਜਵਾਨਾਂ ਦੀਆਂ ਕਈ ਪੀੜ੍ਹੀਆਂ ਦਾ ਰਾਹ-ਦਰਸਾਵਾ ਬਣਿਆ ਅਤੇ ਅੱਗੋਂ ਬਣਦਾ ਰਹੇਗਾ। ਉਸ ਦੀ ਜੀਵਨ-ਗਾਥਾ ਸੈਂਕੜੇ ਵਾਰ ਲਿਖੀ ਗਈ, ਗਾਈ ਗਈ, ਸੁਣਾਈ ਗਈ! ਪਰ ਇਹ ਅਜਿਹੀ ਗਾਥਾ ਹੈ ਜੋ ਸਦੀਆਂ ਮਘਦੀ ਤੇ ਜਗਦੀ ਰਹੇਗੀ ਤੇ ਹਰ ਦੱਬੇ-ਕੁਚਲੇ, ਸਾਹ-ਸਤਹੀਣ ਮਨੁੱਖ ਦਾ ਸਹਾਰਾ ਬਣੇਗੀ। ਆਪਣੀ ਬਹੁਤ ਛੋਟੀ ਉਮਰ ਵਿਚ ਸ਼ਹੀਦ ਭਗਤ ਸਿੰਘ ਇਕ ਮਨੁੱਖ ਨਹੀਂ, ਸਗੋਂ ਇਕ ਵਰਤਾਰਾ ਸਾਬਤ ਹੋਇਆ। ਸ਼ਹੀਦ ਭਗਤ ਸਿੰਘ ਦੀ ਉਸ ਸਮੇਂ ਦੇ ਦ੍ਰਿਸ਼ ਤੇ ਹਾਜ਼ਰੀ ਨੇ ਉਸ ਦੇ ਸੰਪਰਕ 'ਚ ਆਉਣ ਵਾਲਿਆਂ ਨੂੰ ਸਵੈ-ਮਾਣ ਤੇ ਅਨੁਸ਼ਾਸਤ ਢੰਗ ਨਾਲ ਆਪਣੇ ਨਿਸ਼ਾਨੇ ਵੱਲ ਵਧਣਾ ਸਿਖਾਇਆ।

ਬਾਬਾ ਅਰਜਨ ਸਿੰਘ ਥੋੜ੍ਹਾ ਪੜ੍ਹੇ ਹੋਏ ਸਨ ਜਿਨ੍ਹਾਂ ਵੈਦਗੀ ਸਿੱਖ ਕੇ, ਜਨ ਸਾਧਾਰਨ ਦੀ ਸੇਵਾ ਦਵਾਈ ਦਾ ਸਿਰਫ ਮੁੱਲ ਲੈ ਕੇ ਕੀਤੀ। ਉਨ੍ਹਾਂ ਦੇ ਤਿੰਨ ਪੁੱਤਰ ਹੋਏ। ਸ. ਕਿਸ਼ਨ ਸਿੰਘ ਦੇ ਘਰ ਮਾਤਾ ਵਿਦਿਆਵਤੀ ਦੀ ਕੁੱਖੋਂ 28 ਸਤੰਬਰ 1907 ਨੂੰ ਬੰਗੇ, ਚੱਕ ਨੰਬਰ 105, ਜ਼ਿਲਾ ਲਾਇਲਪੁਰ ਵਿਖੇ ਸ. ਭਗਤ ਸਿੰਘ ਦਾ ਜਨਮ ਹੋਇਆ। ਸ. ਅਰਜਣ ਸਿੰਘ ਦੇ ਇਕ ਵੱਡੇ ਭਰਾ ਸ. ਜਗਤ ਸਿੰਘ ਵੀ ਸਨ ਜੋ 11 ਸਾਲ ਦੀ ਉਮਰ ਵਿਚ ਚਲਾਣਾ ਕਰਗਏ ਸਨ। ਇਸ ਪਰਿਵਾਰ ਦਾ ਜੱਦੀ ਪਿੰਡ ਖਟਕੜ ਕਲਾਂ, ਜ਼ਿਲਾ ਜਲੰਧਰ (ਅੱਜਕਲ੍ਹ ਜ਼ਿਲਾ ਨਵਾਂਸ਼ਹਿਰ) ਵਿਚ ਸੀ।

1907 ਵਿਚ ਹੀ 1857 ਦੇ ਗਦਰ ਦੀ ਪੰਜਾਹ ਸਾਲਾ ਵਰ੍ਹੇ ਗੰਢ ਮਨਾਈ ਜਾ ਰਹੀ ਸੀ ਅਤੇ 1907 ਵਿਚ ਹੀ ਪੰਜਾਬੀ ਕਿਸਾਨ ਦੀ ਨਿੱਘਰ ਰਹੀ ਹਾਲਤ ਪ੍ਰਤੀ ਚੇਤੰਨਤਾ ਲਿਆਉਣ ਲਈ 'ਪਗੜੀ ਸੰਭਾਲ ਜੱਟਾ' ਲਹਿਰ ਚੱਲੀ ਸੀ। ਇਨ੍ਹਾਂ ਲਹਿਰਾਂ ਵਿਚ ਭਗਤ ਸਿੰਘ ਦਾ ਪਰਿਵਾਰ ਖਾਸ ਤੌਰ 'ਤੇ ਉਨ੍ਹਾਂ ਦੇ ਚਾਚਾ ਅਜੀਤ ਸਿੰਘ ਪੂਰੀ ਤਰ੍ਹਾਂ ਸਰਗਰਮ ਸਨ। ਪੂਰੇ ਦੇਸ਼ ਵਿਚ ਅੰਗਰੇਜ਼ਾਂ ਪ੍ਰਤੀ "ਬੰਗ-ਭੰਗ" ਦੇ ਕਾਰਨ ਬਹੁਤ ਗੁੱਸਾ ਸੀ। ਬੰਗਾਲ ਦੇ

"ਯੁਗਾਂਤਰ", "ਸੰਧਿਆ" ਅਤੇ "ਬੰਦੇ ਮਾਤਰਮ" ਆਦਿ ਇਨਕਲਾਬੀ ਸਮਾਚਾਰ ਪੱਤਰਾਂ ਨੇ ਪੂਰਨ-ਸਵਰਾਜ ਅਤੇ ਰਾਸ਼ਟਰਵਾਦ ਦੇ ਪ੍ਰਚਾਰ ਦੀ ਧੁੰਮ ਮਚਾ ਰੱਖੀ ਸੀ। ਅਲੀਪੁਰ ਤੇ ਢਾਕਾ ਜੈਸੇ ਸਾਜ਼ਿਸ਼ ਕੇਸ ਚੱਲ ਰਹੇ ਸਨ। ਕਾਂਗਰਸ ਦੇ ਇਕ ਹਿੱਸੇ ਨੂੰ ਇਹ ਮਹਿਸੂਸ ਹੋਣ ਲੱਗ ਪਿਆ ਸੀ ਕਿ ਆਜ਼ਾਦੀ ਰਾਜਨੀਤਕ ਭਿੱਖਿਆ ਨਹੀਂ ਹੈ। ਇਸ ਨੂੰ ਸੰਘਰਸ਼ ਨਾਲ ਪ੍ਰਾਪਤ ਕਰਨਾ ਪੈਣਾ ਹੈ। ਬਾਲ-ਪਾਲ-ਲਾਲ ਦੀ ਤਿੱਕੜੀ ਦੇਸ਼ ਭਗਤੀ ਦਾ ਚਿੰਨ੍ਹ ਬਣ ਚੁੱਕੀ ਸੀ। ਵਿਦੇਸ਼ਾਂ ਵਿਚ ਵੀ ਮੈਡਮ ਕਾਮਾ ਅਤੇ ਰਾਣਾ ਵਰਗੇ ਦੇਸ਼ ਭਗਤ ਆਜ਼ਾਦੀ ਲਈ ਸੰਘਰਸ਼ਸ਼ੀਲ ਸਨ। ਬਹੁਤ ਥਾਵਾਂ 'ਤੇ ਹਥਿਆਰਬੰਦ ਕਾਰਵਾਈਆਂ ਦੀਆਂ ਖਬਰਾਂ ਵੀ ਸਨ। ਪੰਜਾਬ ਖਾਸ ਤੌਰ 'ਤੇ ਆਜ਼ਾਦੀ ਅੰਦੋਲਨ ਨਾਲ ਧੜਕ ਰਿਹਾ ਸੀ। ਇਥੇ ਭਗਤ ਸਿੰਘ ਦੇ ਦਾਦਾ ਜੀ, ਪਿਤਾ, ਚਾਚੇ, ਸਭ ਲਾਲਾ ਲਾਜਪਤ ਰਾਏ ਅਤੇ ਸੂਫੀ ਅੰਬਾ ਪ੍ਰਸ਼ਾਦ ਆਦਿ ਨਾਲ ਮੋਢੇ ਨਾਲ ਮੋਢਾ ਡਾਹ ਕੇ ਚੱਲ ਰਹੇ ਸਨ ਅਤੇ ਪੰਜਾਬ 'ਚ ਚੱਲ ਰਹੀਆਂ ਇਨਕਲਾਬੀ ਲਹਿਰਾਂ 'ਚ ਮੋਹਰੀ ਸਨ। ਪੂਰੇ ਦੇਸ਼ ਦੇ ਪੱਧਰ 'ਤੇ ਅਸ਼ਾਂਤੀ ਦਾ ਮਾਹੌਲ ਸੀ ਤੇ ਲੋਕਾਂ ਵਿਚ ਦੇਸ਼ ਭਗਤੀ ਦੀ ਭਾਵਨਾ ਅਤੇ ਅੰਗਰੇਜ਼ਾਂ ਪ੍ਰਤੀ ਗੁੱਸਾ ਆਪਣੇ ਪੂਰੇ ਜਲਾਲ ਵਿਚ ਸੀ।

ਬਿਨਾਂ ਸ਼ੱਕ ਸਮਕਾਲੀ ਹਾਲਾਤ ਦਾ ਕਿਸੇ ਦੇ ਵਿਅਕਤੀਤਵ ਦੇ ਵਿਕਾਸ ਵਿਚ ਨਿਰਣਾਇਕ ਹੱਥ ਹੁੰਦਾ ਹੈ। ਅਜਿਹਾ ਹੀ ਸ. ਭਗਤ ਸਿੰਘ ਨਾਲ ਵੀ ਹੋਇਆ। ਉਨ੍ਹਾਂ ਨੇ ਸਿੱਖ ਪਰਿਵਾਰ ਵਿਚ ਜਨਮ ਲਿਆ ਜਿਸ ਦਾ ਪਿਛੋਕੜ ਆਰੀਆ ਸਮਾਜ ਵੱਲ ਰੁੱਚਿਤ ਸੀ। ਮੁਢਲੀ ਉਮਰ ਤੋਂ ਹੀ ਉਨ੍ਹਾਂ ਨੇ ਅਨਿਆਂ ਖਿਲਾਫ ਵਿਦਰੋਹ, ਤਰਕ, ਆਜ਼ਾਦ ਸੋਚਣੀ ਵਰਗੇ ਗੁਣ ਪਰਿਵਾਰ 'ਚੋਂ ਗ੍ਰਹਿਣ ਕੀਤੇ। ਉਨ੍ਹਾਂ ਦੇ ਦਾਦਾ ਜੀ ਸਮਾਜ ਸੇਵੀ ਦੇ ਨਾਲ-ਨਾਲ ਰਾਜਨੀਤੀ ਵਿਚ ਵੀ ਦਿਲਚਸਪੀ ਰੱਖਦੇ ਸਨ। ਸ. ਭਗਤ ਸਿੰਘ ਦੇ ਪਿਤਾ ਸ. ਕਿਸ਼ਨ ਸਿੰਘ ਕਾਂਗਰਸ ਦੀ ਗਰਮ ਖਿਆਲ ਰਾਜਨੀਤੀ ਦੇ ਪੱਖੀ ਸਨ। ਉਨ੍ਹਾਂ ਦਾ ਵਾਹ ਸ਼ਚਿੰਦਰ ਨਾਥ ਸਾਨਿਆਲ, ਰਾਸ ਬਿਹਾਰੀ ਬੋਸ ਤੋਂ ਬਿਨਾਂ ਕਰਤਾਰ ਸਿੰਘ ਸਰਾਭਾ ਵਰਗੇ ਗਦਰੀਆਂ ਨਾਲ ਵੀ ਸੀ। ਸ. ਭਗਤ ਸਿੰਘ ਦੇ ਚਾਚਾ ਸ. ਅਜੀਤ ਸਿੰਘ ਆਪਣੇ ਸਮੇਂ ਦੇ ਸਿਰਕੱਢ ਆਜ਼ਾਦੀ ਘੁਲਾਟੀਏ ਸਨ, ਜਿਨ੍ਹਾਂ ਨੂੰ ਦੇਸ਼ ਦੀ ਆਜ਼ਾਦੀ ਲਈ 40 ਸਾਲ ਦੇ ਕਰੀਬ ਸਮੇਂ ਲਈ ਘਰ-ਘਾਟ ਛੱਡਣਾ ਪਿਆ। ਇਸ ਤਰ੍ਹਾਂ ਸ. ਭਗਤ ਸਿੰਘ ਦੇ ਛੋਟੇ ਚਾਚਾ ਜੀ ਸ. ਸਵਰਨ ਸਿੰਘ ਵੀ ਕਿਸੇ ਤੋਂ ਪਿੱਛੇ ਨਹੀਂ ਸਨ। ਅਜਿਹਾ ਸੀ ਪੂਰਾ ਖਾਨਦਾਨ, ਜਿਸ ਵਿਚ ਸ. ਭਗਤ ਸਿੰਘ ਨੇ ਜਨਮ ਲਿਆ ਅਤੇ ਪਲ ਕੇ ਵੱਡੇ ਹੋਏ। ਉਹ ਮੁੱਢ ਤੋਂ ਆਮ ਬੱਚਿਆਂ ਦੀ ਨਿਸਬਤ ਜ਼ਿਆਦਾ ਚੇਤਨ, ਸਪੱਸ਼ਟਵਾਦੀ ਅਤੇ ਨਿਡਰ ਸਨ। ਅਜਿਹੇ ਮਾਹੌਲ ਵਿਚ ਇਕ ਮਹਾਨ ਕੁਰਬਾਨੀ ਦੀਆਂ ਨੀਹਾਂ ਪੱਕੀਆਂ ਹੋ ਰਹੀਆਂ ਸਨ ਜਿਸ ਦੀ ਮਿਸਾਲ ਭਾਰਤ ਦੇ ਇਤਿਹਾਸ ਵਿਚ ਘੱਟ ਹੀ ਮਿਲਦੀ ਹੈ।

ਗਦਰ ਪਾਰਟੀ ਦੇ ਨੌਜਵਾਨ ਸ਼ਹੀਦ ਸ. ਕਰਤਾਰ ਸਿੰਘ ਸਰਾਭਾ ਨੂੰ ਆਪਣਾ ਆਦਰਸ਼ ਮੰਨਦੇ ਸਨ ਅਤੇ ਉਸ ਦੀ ਫੋਟੋ ਆਪਣੀ ਜੇਬ ਵਿਚ ਰੱਖਦੇ ਸਨ।

13 ਅਪਰੈਲ, 1919 ਦੇ ਜਲ੍ਹਿਆਂਵਾਲਾ ਬਾਗ ਦੇ ਕਾਂਡ ਨੇ ਜਿਥੇ ਸਾਰੇ ਦੇਸ਼ ਦੀ ਰੂਹ ਕੰਬਾ ਦਿੱਤੀ ਉਥੇ 12 ਸਾਲ ਦੇ ਭਗਤ ਸਿੰਘ ਦੇ ਕੋਮਲ ਹਿਰਦੇ 'ਤੇ ਵੀ ਅਮਿੱਟ ਛਾਪ ਛੱਡੀ। ਬ੍ਰਿਟਿਸ਼ ਸਾਮਰਾਜੀਆਂ ਦਾ ਜ਼ੁਲਮ ਤੇ ਕਰੂਰ ਚਿਹਰਾ ਸਭ ਦੇ ਸਾਹਮਣੇ ਨੰਗਾ ਹੋ ਗਿਆ ਸੀ। ਸਕੂਲ ਪੜ੍ਹਦੇ ਸਮੇਂ ਹੀ ਮਹਾਤਮਾ ਗਾਂਧੀ ਦੇ ਨਾ-ਮਿਲਵਰਤਣ ਅੰਦੋਲਨ ਵਿਚ ਸ਼ਾਮਿਲ ਹੋ ਕੇ ਸ਼ਹੀਦ ਭਗਤ ਸਿੰਘ ਨੇ ਰਾਜਨੀਤੀ ਪ੍ਰਤੀ ਛੋਟੀ ਉਮਰ ਤੋਂ ਹੀ ਸੰਵੇਦਨਸ਼ੀਲ ਹੋਣ ਦਾ ਪ੍ਰਮਾਣ ਦਿੱਤਾ। ਉਨ੍ਹਾਂ ਦੀ 14 ਸਾਲ ਦੀ ਉਮਰ ਵਿਚ ਆਪਣੇ ਪਿਤਾ ਜੀ ਨੂੰ ਲਿਖੀ ਚਿੱਠੀ ਵਿਚ ਰੇਲਵੇ ਹੜਤਾਲ ਦਾ ਜ਼ਿਕਰ ਇਸ ਗੱਲ ਨੂੰ ਹੋਰ ਵੀ ਪੱਕਿਆਂ ਕਰਦਾ ਹੈ। ਨਾ-ਮਿਲਵਰਤਣ ਅੰਦੋਲਨ ਜਦੋਂ ਪੂਰਾ ਭਖ ਗਿਆ ਤਾਂ ਉਸ ਸਮੇਂ ਇਸ ਅੰਦੋਲਨ ਨੂੰ ਗਾਂਧੀ ਜੀ ਦੁਆਰਾ ਵਾਪਸ ਲੈਣ ਨੇ ਸ. ਭਗਤ ਸਿੰਘ ਦੇ ਮਨ ਨੂੰ ਉਸੇ ਤਰ੍ਹਾਂ ਠੇਸ ਪੁਚਾਈ, ਜਿਵੇਂ ਹੋਰ ਇਨਕਲਾਬੀ ਨੌਜਵਾਨਾਂ ਨੂੰ ਨਿਰਾਸ਼ ਵੀ ਕੀਤਾ ਅਤੇ ਅਗਲੇ ਰਾਹਾਂ ਬਾਰੇ ਸੋਚਣ ਵੱਲ ਵੀ ਸਵੈ-ਨਿਰਭਰ ਹੋਣ ਦਾ ਅਮਲ ਤੇਜ਼ ਹੋਇਆ।

ਇਨ੍ਹਾਂ ਸਮਿਆਂ ਵਿਚ ਗਦਰੀਆਂ ਨੂੰ ਫਾਂਸੀਆਂ ਅਤੇ ਹੋਰ ਸਖਤ ਸਜ਼ਾਵਾਂ, ਜਲ੍ਹਿਆਂ ਵਾਲਾ ਬਾਗ ਕਾਂਡ, ਰੋਲਟ ਐਕਟ 1917 ਵਿਚ ਆਇਆ ਰੂਸੀ ਇਨਕਲਾਬ ਅਤੇ ਨਾ-ਮਿਲਵਰਤਣ ਲਹਿਰ ਦੀ ਅਸਫਲਤਾ ਦੀਆਂ ਘਟਨਾਵਾਂ ਨੇ ਸ. ਭਗਤ ਸਿੰਘ ਦੇ ਇਨਕਲਾਬੀ ਚਰਿੱਤਰ ਨੂੰ ਘੜਨ ਵਿਚ ਮੁੱਖ ਭੂਮਿਕਾ ਨਿਭਾਈ।

ਨੈਸ਼ਨਲ ਕਾਲਜ ਲਾਹੌਰ ਵਿਚ ਦਾਖਲਾ ਲੈਣ ਵਿਚ ਭਾਵੇਂ ਨਾ-ਮਿਲਵਰਤਣ ਲਹਿਰ ਦੌਰਾਨ ਨੌਵੀਂ 'ਚ ਛੱਡੀ ਪੜ੍ਹਾਈ ਨੇ ਅੜਿੱਕਾ ਪਾਇਆ ਪਰ ਪ੍ਰੋ. ਭਾਈ ਪਰਮਾਨੰਦ ਨੇ ਸ. ਭਗਤ ਸਿੰਘ ਦੀ ਪ੍ਰਤਿਭਾ ਨੂੰ ਪਹਿਚਾਣ ਕੇ ਦਾਖਲਾ ਕਰਵਾ ਦਿੱਤਾ। ਇਸੇ ਕਾਲਜ ਵਿਚ ਸ. ਭਗਤ ਸਿੰਘ ਨੂੰ ਸੁਖਦੇਵ, ਯਸ਼ਪਾਲ ਅਤੇ ਭਗਵਤੀ ਚਰਣ ਵੋਹਰਾ ਜਿਹੇ ਇਨਕਲਾਬੀਆਂ ਦਾ ਸਾਥ ਮਿਲਿਆ ਤੇ ਜੈ ਚੰਦ ਵਿਦਿਆਲੰਕਾਰ ਅਤੇ ਭਾਈ ਪਰਮਾਨੰਦ ਜਿਹੇ ਅਧਿਆਪਕ ਮਿਲੇ ਜਿਨ੍ਹਾਂ ਨੇ ਇਤਿਹਾਸ, ਰਾਜਨੀਤੀ, ਅਰਥ ਸ਼ਾਸਤਰ ਅਤੇ ਸਾਹਿਤ ਦੇ ਨਾਲ-ਨਾਲ ਕ੍ਰਾਂਤੀ ਅਤੇ ਵਿਆਪਕ ਗਿਆਨ ਦਾ ਪਾਠ ਵੀ ਪੜ੍ਹਾਇਆ। 'ਨੈਸ਼ਨਲ ਨਾਟਕ ਕਲੱਬ', ਬਣਾਇਆ ਗਿਆ ਜਿਸ ਨੇ 'ਰਾਣਾਪ੍ਰਤਾਪ', 'ਭਾਰਤ-ਦੁਰਦਸ਼ਾ', 'ਸਮਰਾਟ ਚੰਦਰ ਗੁਪਤ' ਆਦਿ ਨਾਟਕ ਖੇਡੇ ਜਿਨ੍ਹਾਂ ਵਿਚ ਸ. ਭਗਤ ਸਿੰਘ ਨੇ ਪ੍ਰਭਾਵਸ਼ਾਲੀ ਭੂਮਿਕਾਵਾਂ ਨਿਭਾਈਆਂ। 'ਸਮਰਾਟ ਚੰਦਰ ਗੁਪਤ' 'ਚ ਭਗਤ ਸਿੰਘ ਵੱਲੋਂ ਕੀਤੇ ਰੋਲ ਤੋ ਪ੍ਰਭਾਵਤ ਹੋ ਕੇ ਪ੍ਰੋ. ਪਰਮਾਨੰਦ ਨੇ ਸਟੇਜ 'ਤੇ ਹੀ ਭਗਤ ਸਿੰਘ ਨੂੰ ਸੀਨੇ ਨਾਲ ਲਾ ਲਿਆ ਅਤੇ ਪਿਆਰ ਨਾਲ ਕਿਹਾ, "ਮੇਰਾ ਭਗਤ ਸਿੰਘ ਸੱਚਮੁੱਚ ਹੀ ਭਵਿੱਖ ਵਿਚ ਸ਼ਸ਼ੀ ਗੁਪਤ ਸਿੱਧ ਹੋਊਗਾ।" ਕਾਲਜ ਦਾ ਮਾਹੌਲ ਪੂਰੀ ਤਰ੍ਹਾਂ ਰਾਜਨੀਤਕ ਅਤੇ ਇਨਕਲਾਬੀ ਸੀ। ਸ. ਭਗਤ ਸਿੰਘ ਤੇ ਉਹਦੇ ਸਾਥੀਆਂ ਦਾ ਝੁਕਾਅ ਇਨਕਲਾਬੀ ਲਹਿਰ ਵੱਲ ਨੂੰ ਹੁੰਦਾ ਗਿਆ। ਨਾ-ਮਿਲਵਰਤਣ ਲਹਿਰ ਦੇ ਫੇਲ੍ਹ ਹੋਣ ਤੋਂ ਬਾਦ ਤਾਂ ਉਨ੍ਹਾਂ ਨੂੰ ਨਿਸ਼ਚਾ ਹੋ ਗਿਆ ਸੀ ਕਿ ਭਾਰਤ ਦੀ ਰਾਜਨੀਤਕ ਸਮੱਸਿਆ

ਦਾ ਹੱਲ ਤਾਂ ਇਨਕਲਾਬ ਹੀ ਹੋ ਸਕਦਾ ਹੈ। ਦੇਸ਼ ਵਿਦੇਸ਼ ਦੇ ਇਨਕਲਾਬੀ ਸਾਹਿਤ ਦਾ ਅਧਿਐਨ, 1917 ਦਾ ਰੂਸੀ ਇਨਕਲਾਬ ਤੇ ਭਾਰਤੀ ਕਾਂਗਰਸ ਪਾਰਟੀ ਵੱਲੋਂ ਚਲਾਏ ਜਾ ਰਹੇ ਅੰਦੋਲਨ ਦੀਆਂ ਕਮਜ਼ੋਰੀਆਂ ਨੇ ਇਨਕਲਾਬ ਵਿਚ ਨਿਸ਼ਠਾ ਨੂੰ ਪੱਕਿਆਂ ਕੀਤਾ। ਸਾਨਿਆਲ ਦੀ ਚਿੱਠੀ ਲੈ ਕੇ ਕਾਨ੍ਹਪੁਰ ਗਣੇਸ਼ ਚੰਦਰ ਵਿਦਿਆਰਥੀ ਨੂੰ ਮਿਲੇ। ਕੁਝ ਦਿਨ ਅਖਬਾਰ ਵੇਚ ਕੇ ਰੋਟੀ ਪਾਣੀ ਦਾ ਪ੍ਰਬੰਧ ਕੀਤਾ, ਫਿਰ 'ਪ੍ਰਤਾਪ' ਅਖਬਾਰ ਦੇ ਸੰਪਾਦਕੀ ਅਮਲੇ ਵਿਚ ਸ਼ਾਮਿਲ ਹੋ ਗਏ। ਉਥੇ ਉਨ੍ਹਾਂ 'ਬਲਵੰਤ ਸਿੰਘ' ਦੇ ਨਾਂ 'ਤੇ ਕੰਮ ਕੀਤਾ।

ਕਾਨ੍ਹਪੁਰ ਵਿਚ ਸ. ਭਗਤ ਸਿੰਘ ਦੀ ਮੁਲਾਕਾਤ ਯੋਗੇਸ਼ ਚੰਦਰ ਚੈਟਰਜੀ, ਸੁਰੇਸ਼ ਚੰਦਰ ਭੱਟਾਚਾਰੀਆ, ਬੀ.ਕੇ. ਦੱਤ, ਵਿਜੇ ਕੁਮਾਰ ਸਿਨਹਾ ਅਤੇ ਅਜੈ ਘੋਸ਼ ਆਦਿ ਨਾਲ ਹੋਈ। ਹੁਣ ਸ. ਭਗਤ ਸਿੰਘ ਪੂਰੀ ਤਰ੍ਹਾਂ ਕ੍ਰਾਂਤੀਕਾਰੀ ਗਤੀਵਿਧੀਆਂ ਵਿਚ ਖੁੱਭ ਗਏ ਸਨ। ਪੁਲੀਸ ਨਿਗਰਾਨੀ ਸ਼ੁਰੂ ਹੋ ਗਈ। ਇਸ ਤੋਂ ਬਚਾਉਣ ਲਈ ਗਣੇਸ਼ ਚੰਦਰ ਵਿਦਿਆਰਥੀ ਨੇ ਸ. ਭਗਤ ਸਿੰਘ ਨੂੰ ਅਲੀਗੜ੍ਹ ਜ਼ਿਲੇ ਦੇ ਖੈਰ ਤਹਿਸੀਲ ਵਿਚ ਪੈਂਦੇ ਸ਼ਾਦੀਪੁਰ ਪਿੰਡ ਦੇ ਸਕੂਲ ਦਾ ਹੈਡਮਾਸਟਰ ਲਵਾ ਦਿੱਤਾ। ਆਪਣੀਆਂ ਗਤੀਵਿਧੀਆਂ ਕਾਰਨ ਪੁਲੀਸ ਦੀ ਨਿਗਰਾਨੀ 'ਚ ਆ ਗਏ ਅਤੇ ਦਿੱਲੀ ਜਾ ਕੇ 'ਅਰਜੁਨ' ਅਖਬਾਰ ਵਿਚ ਬਲਵੰਤ ਸਿੰਘ ਦੇ ਨਾਂ 'ਤੇ ਕੰਮ ਕਰਨ ਲੱਗੇ।

1924 ਦੇ ਅਸੈਂਬਲੀ ਚੋਣਾਂ 'ਚ ਖੜ੍ਹਾ ਹੋਣ ਅਤੇ ਕੱਟੜ ਹਿੰਦੂਤਵਵਾਦੀ ਸੋਚ ਅਪਣਾ ਲੈਣ ਕਾਰਨ ਲਾਲਾ ਲਾਜਪਤ ਰਾਏ ਦੀ ਸ. ਭਗਤ ਸਿੰਘ ਅਤੇ ਉਨ੍ਹਾਂ ਦੇ ਗਰੁੱਪ ਨੇ ਆਲੋਚਨਾ ਵੀ ਕੀਤੀ ਅਤੇ ਵਿਰੋਧ ਵਿਚ ਇਸ਼ਤਿਹਾਰ ਵੀ ਕੱਢਿਆ। ਇਹ ਮਦਨ ਮੋਹਨ ਮਾਲਵੀਆ ਦੀ ਇਕ ਸਭਾ ਵਿਚ ਹੋਇਆ। ਕਾਕੋਰੀ ਸਾਜ਼ਿਸ਼ ਕੇਸ 'ਚ ਫਸੇ ਰਾਮ ਪ੍ਰਸਾਦ ਬਿਸਮਿਲ ਨੂੰ ਜੇਲ੍ਹ 'ਚੋਂ ਛੁਡਾਉਣ ਲਈ ਸ. ਭਗਤ ਸਿੰਘ ਫਿਰ ਕਾਨ੍ਹਪੁਰ ਆ ਗਏ ਅਤੇ ਸ਼ਿਵ ਵਰਮਾ, ਜੈਦੇਵ ਕਪੂਰ, ਸੁਰਿੰਦਰ ਪਾਂਡੇ ਅਤੇ ਵਿਜੇ ਕੁਮਾਰ ਸਿਨਹਾ ਨਾਲ ਯੋਜਨਾ ਤਿਆਰ ਕੀਤੀ ਪਰ ਪੁਲੀਸ ਨੇ ਇਸਨੂੰ ਸਿਰੇ ਨਾ ਚੜ੍ਹਨ ਦਿੱਤਾ। 1926 ਵਿਚ ਸ. ਭਗਤ ਸਿੰਘ, ਭਗਵਤੀ ਚਰਣ ਵੋਹਰਾ, ਸੁਖਦੇਵ, ਯਸ਼ਪਾਲ, ਅਹਿਸਾਨ ਇਲਾਹੀ ਅਤੇ ਧਨਵੰਤਰੀ ਆਦਿ ਨੇ ਮਿਲ ਕੇ ਨੌਜਵਾਨ ਭਾਰਤ ਸਭਾ ਖੜ੍ਹੀ ਕੀਤੀ। ਸ. ਭਗਤ ਸਿੰਘ ਇਸ ਦੇ ਜਨਰਲ ਸਕੱਤਰ ਅਤੇ ਵੋਹਰਾ ਪ੍ਰਚਾਰ ਸਕੱਤਰ ਬਣੇ। ਇਸ ਸਭਾ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਵਸ ਖੁੱਲ੍ਹੇਆਮ ਮਨਾਇਆ। ਨੌਜਵਾਨ ਭਾਰਤ ਸਭਾ ਨੇ ਆਪਣਾ ਮੈਨੀਫੈਸਟੋ ਵੀ ਜਾਰੀ ਕੀਤਾ। ਜਿਸ ਵਿਚ ਦੇਸ਼ ਦੀ ਸੰਪਰਦਾਇਕ ਸਥਿਤੀ, ਕਾਂਗਰਸ ਦੇ ਚਰਿੱਤਰ ਤੇ ਦੇਸ਼ ਦੀ ਆਰਥਿਕ ਮੰਦਹਾਲੀ ਬਾਰੇ ਭਰਪੂਰ ਢੰਗ ਨਾਲ ਲਿਖਣ ਦੇ ਨਾਲ-ਨਾਲ ਆਪਣਾ ਆਦਰਸ਼ ਤੇ ਉਦੇਸ਼ ਵੀ ਦੱਸਿਆ ਗਿਆ।

ਸ. ਭਗਤ ਸਿੰਘ ਹੁਰਾਂ ਦੀਆਂ ਕ੍ਰਾਂਤੀਕਾਰੀ ਗਤੀਵਿਧੀਆਂ ਵਧਣ ਤੇ ਸਰਕਾਰ ਇਸ ਆੜ 'ਚ ਸੀ ਕਿ ਉਨ੍ਹਾਂ ਨੂੰ ਕਦੋਂ ਤੇ ਕਿਵੇਂ ਜਲਦੀ ਜੇਲ੍ਹ 'ਚ ਸੁੱਟ ਸਕੇ। 1927 'ਚ ਲਾਹੌਰ

ਦੇ ਦੁਸਹਿਰੇ ਵਿਚ ਇਕ ਬੰਬ ਵਿਸਫੋਟ ਹੋਇਆ ਜਿਸ ਨਾਲ ਇਨਕਲਾਬੀਆਂ ਦਾ ਕੋਈ ਵਾਸਤਾ ਨਹੀਂ ਸੀ। ਪਰ ਪੁਲੀਸ ਭਗਤ ਸਿੰਘ ਨੂੰ ਫੜ ਕੇ ਲੈ ਗਈ, ਜਦੋਂ ਕੋਈ ਠੋਸ ਮੁਕੱਦਮਾ ਨਾ ਬਣ ਸਕਿਆ ਤਾਂ ਉਨ੍ਹਾਂ ਦੀ ਜ਼ਮਾਨਤ ਦੋ ਹਫਤੇ ਬਾਅਦ ਹੀ ਹੋ ਗਈ। ਉਨ੍ਹਾਂ ਇਹ ਦੋ ਹਫਤੇ ਲਾਹੌਰ ਜੇਲ੍ਹ 'ਚ ਬਿਤਾਏ। ਸ. ਭਗਤ ਸਿੰਘ ਅੱਗੇ ਵਧ ਕੇ ਗੋਰੇ ਹਾਕਮਾਂ ਨੂੰ ਕਾਂਬਾ ਛੇੜਨ ਵਾਲੀਆਂ ਇਨਕਲਾਬੀ ਕਾਰਵਾਈਆਂ ਕਰਨੀਆਂ ਚਾਹੁੰਦੇ ਸਨ ਪਰ ਪੰਜਾਬ ਵਿਚ ਜੈ ਚੰਦਰ ਵਿਦਿਆਲੰਕਾਰ ਅਤੇ ਉੱਤਰ ਪ੍ਰਦੇਸ਼ ਵਿਚ ਸਚਿੰਦਰ ਨਾਥ ਸਾਨਿਆਲ ਅਜਿਹਾ ਕਰਨ ਤੋਂ ਰੋਕਦੇ ਸਨ।

1928 ਵਿਚ ਦਿੱਲੀ ਦੇ ਫਿਰੋਜ਼ ਸ਼ਾਹ ਕੋਟਲਾ ਦੇ ਖੰਡਰਾਂ 'ਚ ਕੀਤੀ ਇਕ ਮੀਟਿੰਗ ਵਿਚ ਸ. ਭਗਤ ਸਿੰਘ ਹੁਰਾਂ ਨੇ ਆਪਣੇ ਦਲ ਨੂੰ ਸਮਾਜਵਾਦੀ ਸਰੂਪ ਪ੍ਰਦਾਨ ਕੀਤਾ ਤਾਂ ਕਿ ਇਹ ਭਾਰਤੀ ਸਮਾਜ ਅਤੇ ਸਮੇਂ ਮੁਤਾਬਕ ਉਨ੍ਹਾਂ ਦੀਆਂ ਇੱਛਾਵਾਂ 'ਤੇ ਪੂਰਾ ਉਤਰ ਸਕੇ। ਹੁਣ ਤੱਕ ਸਾਰੇ ਕ੍ਰਾਂਤੀਕਾਰੀਆਂ ਦੀ ਮਾਨਸਿਕਤਾ ਸਮਾਜਵਾਦੀ ਬਣ ਚੁੱਕੀ ਸੀ। ਇਸ ਬੈਠਕ ਦੇ ਮੁੱਖ ਨੇਤਾ ਤੇ ਵਕਤਾ ਸ. ਭਗਤ ਸਿੰਘ ਹੀ ਸਨ। ਇਥੇ ਸਰਬਸੰਮਤੀ ਨਾਲ ਚੰਦਰ ਸ਼ੇਖਰ ਆਜ਼ਾਦ ਨੂੰ ਆਪਣਾ 'ਕਮਾਂਡਰ ਇਨ ਚੀਫ' ਬਣਾਇਆ ਗਿਆ।

ਇਸ ਸਮੇਂ ਸਾਈਮਨ ਕਮਿਸ਼ਨ ਦੇ ਭਾਰਤ ਆਉਣ ਦਾ ਸਾਰੇ ਭਾਰਤ ਵਿਚ ਵਿਰੋਧ ਹੋਇਆ। ਲਾਹੌਰ ਵਿਚ ਹੋਏ ਵਿਰੋਧ ਪ੍ਰਦਰਸ਼ਨ ਮੌਕੇ ਲਾਠੀਚਾਰਜ ਵਿਚ ਲਾਲਾ ਲਾਜਪਤ ਰਾਏ ਜ਼ਖਮੀ ਹੋ ਗਏ ਤੇ ਕੁਝ ਦਿਨਾਂ ਬਾਅਦ ਚਲਾਣਾ ਕਰ ਗਏ। ਇਸ ਕੌਮੀ ਅਪਮਾਨ ਦਾ ਬਦਲਾ ਸ. ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਸਾਂਡਰਸ ਦਾ ਕਤਲ ਕਰਕੇ ਲਿਆ ਤੇ ਭੇਸ ਬਦਲ ਕੇ ਸਾਫ ਬਚ ਨਿਕਲੇ। ਕਲਕੱਤੇ ਪਹੁੰਚ ਕੇ ਜਤਿੰਦਰ ਨਾਥ ਨਾਲ ਮੁਲਾਕਾਤ ਹੋਈ। ਉਸ ਤੋਂ ਬੰਬ ਬਣਾਉਣੇ ਸਿੱਖਣ ਲਈ ਉਸ ਨੂੰ ਆਗਰੇ ਲੈ ਆਏ। ਆਗਰੇ ਨੂੰ ਸਭ ਗਤੀਵਿਧੀਆਂ ਦਾ ਕੇਂਦਰ ਬਣਾ ਕੇ ਸ. ਭਗਤ ਸਿੰਘ ਦੇਸ਼ ਵਿਆਪੀ ਦੌਰੇ ਕਰਨ ਲੱਗੇ।

ਪਬਲਿਕ ਸੇਫਟੀ ਬਿਲ ਅਤੇ ਟਰੇਡ ਡਿਸਪਿਊਟਸ ਬਿਲ ਦੇ ਵਿਰੋਧ ਵਿਚ 8 ਅਪਰੈਲ 1928 ਨੂੰ ਸ. ਭਗਤ ਸਿੰਘ ਅਤੇ ਬੀ.ਕੇ. ਦੱਤ ਨੇ ਕੇਂਦਰੀ ਅਸੈਂਬਲੀ 'ਚ ਬੰਬ ਸੁੱਟਿਆ। ਦੋਵਾਂ ਨੇ ਆਤਮ-ਸਮਰਪਣ ਕੀਤਾ। ਇਹ ਕਾਰਜ ਕਰਨ ਵਿਚ ਸ. ਭਗਤ ਸਿੰਘ ਫਰਾਂਸ ਦੇ ਅਰਾਜਕਤਾਵਾਦੀ ਦਲਾਂ ਤੋਂ ਪ੍ਰਭਾਵਤ ਸਨ ਤੇ ਉਹੀ ਸ਼ਬਦ ਕਿ 'ਬੋਲੇ ਕੰਨਾਂ ਨੂੰ ਸੁਨਾਉਣ ਲਈ ਧਮਾਕੇ ਦੀ ਜ਼ਰੂਰਤ ਹੁੰਦੀ ਹੈ' ਆਦਿ ਪਰਚਿਆਂ 'ਤੇ ਛਪਵਾ ਕੇ ਸੁੱਟੇ।

ਅਦਾਲਤਾਂ ਵਿਚ ਡੱਟ ਕੇ ਬਿਆਨ ਦਿੱਤੇ ਤੇ ਆਪਣਾ ਸੁਨੇਹਾ ਜਨਤਾ ਤੱਕ ਪਹੁੰਚਾਉਣ ਵਿਚ ਕਾਮਯਾਬ ਹੋਏ। ਜੇਲ੍ਹ ਵਿਚ ਤਿੰਨ ਮਹੀਨੇ ਲੰਬੀ ਭੁੱਖ ਹੜਤਾਲ ਕੀਤੀ ਜਿਸ ਦੌਰਾਨ ਜਤਿੰਦਰ ਨਾਥ ਸ਼ਹੀਦੀ ਪਾ ਗਏ। ਰਾਜਸੀ ਕੈਦੀਆਂ ਨੂੰ ਕਿਤਾਬਾਂ ਪੜ੍ਹਨ, ਨੋਟਿਸ ਬਣਾਉਣ ਅਤੇ ਲਿਖਣ ਦਾ ਹੱਕ ਮਿਲਿਆ। ਇਸੇ ਸਮੇਂ ਦੌਰਾਨ ਹੀ ਸ਼ਹੀਦ ਭਗਤ ਸਿੰਘ ਬਹੁਤ ਕੁਝ

ਲਿਖ ਸਕੇ। ਆਪਣੇ ਬਿਆਨਾਂ ਰਾਹੀਂ ਉਹ ਬਹੁਤ ਕੁਝ ਆਪਣੇ ਸਮਾਜਵਾਦ ਦੇ ਮਨੋਰਥ ਬਾਰੇ ਕਹਿ ਗਏ। ਉਹ ਹਮੇਸ਼ਾਂ ਮੁਕੱਦਮੇ ਪ੍ਰਤੀ ਲਾਪ੍ਰਵਾਹ ਰਹੇ ਪਰ ਆਪਣੀ ਗੱਲ ਕਹਿਣ ਦਾ ਮੌਕਾ ਕਦੇ ਨਾ ਖੁੰਝਾਇਆ। ਉਨ੍ਹਾਂ ਨੇ ਜਾਣ ਲਿਆ ਸੀ ਕਿ ਇਹ ਉਨ੍ਹਾਂ ਲਈ ਜ਼ਿੰਦਗੀ ਦੀ ਸਿਖਰ ਹੈ ਤੇ ਇਥੋਂ ਹੀ ਆਉਣ ਵਾਲੀਆਂ ਪੀੜ੍ਹੀਆਂ ਲਈ ਰੋਲ-ਮਾਡਲ ਬਣਿਆ ਜਾ ਸਕਦਾ ਹੈ। ਇਹ ਗੱਲ ਉਨ੍ਹਾਂ ਨੇ ਆਪਣੇ ਜੇਲ੍ਹ ਸਾਥੀਆਂ ਨੂੰ ਆਪਣੇ ਆਖਰੀ ਦਿਨ ਲਿਖੇ ਪੱਤਰ ਵਿਚ ਵੀ ਪ੍ਰਗਟ ਕੀਤੀ ਹੈ। ਪ੍ਰਾਣ ਨਾਥ ਮਹਿਤਾ ਤੋਂ ਮੰਗਵਾਈ ਸੀ। ਉਨ੍ਹਾਂ ਗਵਰਨਰ ਨੂੰ ਲਿਖ ਭੇਜਿਆ ਸੀ ਕਿ ਉਨ੍ਹਾਂ ਨਾਲ ਜੰਗੀ ਕੈਦੀਆਂ ਵਾਲਾ ਸਲੂਕ ਕੀਤਾ ਜਾਵੇ। ਫਾਂਸੀ ਦੇਣ ਦੀ ਬਜਾਏ ਗੋਲੀ ਮਾਰੀ ਜਾਵੇ। ਜੇਲ੍ਹ ਅਧਿਕਾਰੀਆਂ ਦੇ ਅੜੀਅਲ ਵਤੀਰੇ ਕਾਰਨ ਪਰਿਵਾਰ ਆਖਰੀ ਮੁਲਾਕਾਤ ਨਾ ਕਰ ਸਕਿਆ। ਪ੍ਰਾਣ ਨਾਥ ਮਹਿਤਾ ਮੁਤਾਬਕ ਜਦੋਂ ਸ਼ਹੀਦ ਭਗਤ ਸਿੰਘ ਨੂੰ ਪੁੱਛਿਆ ਕਿ ਦੇਸ਼ ਵਾਸੀਆਂ ਲਈ ਆਖਰੀ ਸੰਦੇਸ਼ ਤਾਂ ਉਨ੍ਹਾਂ ਕਿਹਾ, "ਸਾਮਰਾਜਵਾਦ ਮੁਰਦਾਬਾਦ! ਇਨਕਲਾਬ-ਜ਼ਿੰਦਾਬਾਦ!!" ਪ੍ਰੋਲੇਤਾਰੀ-ਜ਼ਿੰਦਾਬਾਦ!!

ਸ਼ਹੀਦ ਭਗਤ ਸਿੰਘ ਦਾ ਇਹ ਸਪੱਸ਼ਟ ਮੰਨਣਾ ਸੀ ਕਿ ਇਕ ਵਾਸਤਵਿਕ ਸਿਆਸੀ ਕਾਰਕੁਨ ਦਾ ਇਕ ਵਧੀਆ ਪਾਠਕ ਹੋਣਾ ਜ਼ਰੂਰੀ ਹੈ ਤੇ ਹਰੇਕ ਪਾਠਕ ਦਾ ਇਕ ਸਪੱਸ਼ਟ ਉਦੇਸ਼, ਇਸ ਅਧਿਐਨ ਦੇ ਸਮਝਣ ਤੇ ਵਿਸ਼ਲੇਸ਼ਣ ਲਈ, ਉਸ ਦੀ ਨਿਰਦੇਸ਼ਕ ਨੀਤੀ ਵਜੋਂ ਕੰਮ ਕਰਦਾ ਹੋਣਾ ਚਾਹੀਦਾ ਹੈ। ਸ਼ਹੀਦ ਭਗਤ ਸਿੰਘ ਨੇ ਆਪਣੇ ਸਮੁੱਚੇ ਅਧਿਐਨ ਲਈ ਇਸ ਨੀਤੀ 'ਤੇ ਅਮਲ ਕੀਤਾ। ਜਦੋਂ ਉਹ ਫਾਇਰਬਾਖ ਬਾਰੇ ਮਾਰਕਸ ਦੀ ਇਹ ਪ੍ਰਸਿੱਧ ਟਿੱਪਣੀ ਦਾ ਨੋਟ ਲੈਂਦੇ ਹਨ ਕਿ "ਦਾਰਸ਼ਨਿਕਾਂ ਨੇ ਵੱਖ-ਵੱਖ ਢੰਗਾਂ ਨਾਲ ਇਸ ਸੰਸਾਰ ਦੀ ਵਿਆਖਿਆ ਕੀਤੀ ਹੈ, ਅਸਲ ਗੱਲ, ਲੇਕਿਨ ਇਸ ਸੰਸਾਰ ਨੂੰ ਬਦਲਣ ਦੀ ਹੈ।" ਤਾਂ ਆਪਣੇ ਅਧਿਐਨ ਦੇ ਸੰਕਲਪ ਨੂੰ ਸਪੱਸ਼ਟ ਕਰਦੇ ਹਨ। ਜਦੋਂ ਵੀ ਵਕਤ ਮਿਲਿਆ ਉਨ੍ਹਾਂ ਨੇ ਅਥਾਹ ਅਧਿਐਨ ਕੀਤਾ। ਇਸ ਦਾ ਆਪਣੇ ਨਜ਼ਰੀਏ ਤੋਂ ਵਿਸ਼ਲੇਸ਼ਣ ਕੀਤਾ, ਲਿਖਿਆ, ਟਿੱਪਣੀਆਂ ਤੇ ਨੋਟ ਲਏ, ਬਹਿਸਾਂ ਕੀਤੀਆਂ, ਚਿੱਠੀ ਪੱਤਰਾਂ ਦੇ ਵਟਾਂਦਰੇ ਕੀਤੇ। ਇਸ ਸਭ ਵਿਚੋਂ ਉਨ੍ਹਾਂ ਦਾ ਇਕ ਸਪੱਸ਼ਟ ਫਲਸਫਾ, ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ ਬਾਰੇ ਨਿਖਰ ਕੇ ਸਾਹਮਣੇ ਆਇਆ। ਸਾਡੀ ਖੁਸ਼ਕਿਸਮਤੀ ਹੈ ਕਿ ਸ਼ਹੀਦ ਭਗਤ ਸਿੰਘ ਨੇ ਆਪਣੀ ਕਲਮ ਦੀ ਕਾਫੀ ਵਰਤੋਂ ਕੀਤੀ ਤੇ ਸਾਡੀਆਂ ਪੀੜ੍ਹੀਆਂ ਨੂੰ ਉਨ੍ਹਾਂ ਦੀਆਂ ਲਿਖਤਾਂ ਇਕ ਧਰੋਹਰ ਦੇ ਰੂਪ ਵਿਚ ਪ੍ਰਾਪਤ ਹੋਈਆਂ। ਬੇਸ਼ੱਕ ਉਨ੍ਹਾਂ ਦੀਆਂ ਕੁਝ ਵਡਮੁੱਲੀਆਂ ਲਿਖਤਾਂ ਜਿਵੇਂ 1 ਆਤਮਕਥਾ, 2. ਮੌਤ ਦੇ ਦਰਵਾਜ਼ੇ, 3. ਸਮਾਜਵਾਦ ਦਾ ਅਰਥ, 4. ਭਾਰਤ ਵਿਚ ਕ੍ਰਾਂਤੀਕਾਰੀ ਅੰਦੋਲਨ ਆਦਿ ਛਪਣ ਤੋਂ ਪਹਿਲਾਂਹੀ ਵੀਹਵੀਂ ਸਦੀ ਦੇ ਪੰਜਵੇਂ ਦਹਾਕੇ ਦੀ ਸਮਾਜਿਕ ਰਾਜਨੀਤਕ ਉਥਲ-ਪੁਥਲ ਵਿਚ ਨਸ਼ਟ ਹੋ ਗਈਆਂ ਪਰ ਫਿਰ ਵੀ ਉਨ੍ਹਾਂ ਦੁਆਰਾ ਰਚਿਤ ਕਾਫੀ ਲਿਖਤਾਂ ਅੱਜ ਸਾਡੇ ਪਾਸ ਮੌਜੂਦ ਹਨ ਜੋ ਸਾਡੀ ਨੌਜਵਾਨ ਪੀੜ੍ਹੀ ਦਾ ਰਾਹ ਰੁਸ਼ਨਾਉਣ ਲਈ ਮਹੱਤਵਪੂਰਨ ਭੂਮਿਕਾ ਨਿਭਾਅ ਰਹੀਆਂ ਹਨ। ਸ਼ਹੀਦ ਭਗਤ ਸਿੰਘ ਦੀ ਗਿਆਨ ਦੀ

ਭੁੱਖ,ਅਮਲ ਪ੍ਰਤੀ ਉਨ੍ਹਾਂ ਦੀ ਖਿੱਚ ਅਤੇ ਮਨੁੱਖੀ ਅਨੁਭਵ ਦੀ ਅਥਾਹ ਦੌਲਤ ਦਾ ਉਨ੍ਹਾਂ ਦਾ ਆਲੋਚਨਾਤਮਕ ਮੁਲਾਂਕਣ, ਉਨ੍ਹਾਂ ਲੋਕਾਂ ਲਈ ਉਤਸ਼ਾਹ ਤੇ ਪ੍ਰੇਰਣਾ ਦਾ ਸਰੋਤ ਬਣਨਾ ਚਾਹੀਦਾ ਹੈ ਜਿਹੜੇ ਨਾ-ਬਰਾਬਰੀ, ਲੁੱਟ-ਖਸੁੱਟ ਤੇ ਜ਼ੁਲਮ ਖਿਲਾਫ ਅੱਜ ਵੀ ਆਪਣਾ ਰੋਜ਼ਾਨਾ ਸੰਘਰਸ਼ ਚਲਾ ਰਹੇ ਹਨ। ਹੇਠਾਂ ਅਸੀਂ ਵੱਖ-ਵੱਖ ਵਿਸ਼ਿਆਂ ਅਤੇ ਪਹਿਲੂਆਂ ਉੱਪਰ ਸ਼ਹੀਦ ਭਗਤ ਸਿੰਘ ਦੇ ਵਿਚਾਰ ਉਨ੍ਹਾਂ ਦੀਆਂ ਲਿਖਤਾਂ ਬਿਆਨਾਂ ਆਦਿ 'ਚੋਂ ਦੇ ਰਹੇ ਹਨ ਜਿਹੜੇ ਉਨ੍ਹਾਂ ਦੇ ਫਲਸਫੇ ਨੂੰ ਪੂਰਨ ਤੌਰ 'ਤੇ ਉਜਾਗਰ ਕਰਦੇ ਹਨ।

**ਅਧਿਐਨ ਕਿਵੇਂ ਕਰੀਏ**: ਨਿਰਾ ਅੰਧ ਵਿਸ਼ਵਾਸ ਖਤਰਨਾਕ ਹੈ। ਇਸ ਨਾਲ ਮਨ-ਮਸਤਿਕ ਕੁੰਠਿਤ ਹੋ ਜਾਂਦਾ ਹੈ ਅਤੇ ਆਦਮੀ ਪ੍ਰਤੀਕਿਰਿਆਵਾਦੀ ਹੋ ਜਾਂਦਾ ਹੈ। ਅੱਖਾਂ ਮੁੰਦ ਕੇ ਨਾ ਪੜ੍ਹੋ ਤੇ ਇਹ ਨਾ ਸਮਝੋ ਕਿ ਇਸ ਵਿਚ ਜੋ ਲਿਖਿਆ ਹੈ ਉਹ ਸਹੀ ਹੈ। ਇਸ ਨੂੰ ਪੜ੍ਹੋ ਇਸ ਦੀ ਆਲੋਚਨਾ ਕਰੋ ਤੇ ਇਸ ਦੇ ਆਧਾਰ 'ਤੇ ਆਪਣੇ ਵਿਚਾਰ ਬਣਾਉਣ ਦੀ ਕੋਸ਼ਿਸ਼ ਕਰੋ।

**ਸੁਤੰਤਰ ਵਿਚਾਰ ਅਤੇ ਕ੍ਰਾਂਤੀਕਾਰੀ** : ਸੁਤੰਤਰ ਵਿਚਾਰ ਅਤੇ ਆਲੋਚਨਾ ਕਿਸੇ ਕ੍ਰਾਂਤੀਕਾਰੀ ਦੇ ਲਾਜ਼ਮੀ ਗੁਣ ਹਨ। ਜੋ ਆਦਮੀ ਪ੍ਰਗਤੀ ਲਈ ਸੰਘਰਸ਼ ਕਰਦਾ ਹੈ ਉਸ ਨੂੰ ਪੁਰਾਣੇ ਵਿਸ਼ਵਾਸਾਂ ਦੀ ਇਕ-ਇਕ ਗੱਲ ਦੀ ਆਲੋਚਨਾ ਕਰਨੀ ਹੋਵੇਗੀ। ਉਸ ਨੂੰ ਚੁਣੌਤੀ ਦੇਣੀ ਹੋਵੇਗੀ। ਪੁਰਾਣੇ ਵਿਸ਼ਵਾਸ ਦੇ ਇਕੋ ਇਕ ਕੋਨੇ ਵਿਚ ਝਾਕ ਕੇ ਉਸ ਨੂੰ ਵਿਵੇਕਪੂਰਨ ਸਮਝਣਾ ਹੋਵੇਗਾ। ਜੋ ਆਦਮੀ ਆਪਣੇ ਪੈਰਾਂ 'ਤੇ ਖੜ੍ਹਾ ਹੋਣ ਦੀ ਕੋਸ਼ਿਸ਼ ਕਰਦਾ ਹੈ ਅਤੇ ਯਥਾਰਥਵਾਦੀ ਹੋ ਜਾਂਦਾ ਹੈ ਉਸ ਨੂੰ ਧਾਰਮਿਕ ਵਿਸ਼ਵਾਸ ਨੂੰ ਇਕ ਪਾਸੇ ਰੱਖ ਕੇ, ਜਿਨ੍ਹਾਂ ਮੁਸੀਬਤਾਂ ਵਿਚ ਉਸ ਨੂੰ ਪ੍ਰਸਥਿਤੀਆਂ ਨੇ ਪਾ ਦਿੱਤਾ ਹੈ, ਉਨ੍ਹਾਂ ਦਾ ਮਰਦਾਨਗੀ ਨਾਲ ਸਾਹਮਣਾ ਕਰਨਾ ਚਾਹੀਦਾ ਹੈ।

**ਸੰਪਰਦਾਇਕਤਾ** : ਧਾਰਮਿਕ ਅੰਧ ਵਿਸ਼ਵਾਸ ਅਤੇ ਕੱਟੜਤਾ ਸਾਡੀ ਤਰੱਕੀ ਵਿਚ ਬਹੁਤੇ ਵੱਡੇ ਅੜਿੱਕੇ ਹਨ। ਇਹ ਸਾਡੀ ਪ੍ਰਗਤੀ ਵਿਚ ਰੋੜੇ ਸਾਬਤ ਹੋਏ ਹਨ ਅਤੇ ਸਾਨੂੰ ਉਨ੍ਹਾਂ ਤੋਂ ਹਰ ਹਾਲਤ ਵਿਚ ਛੁਟਕਾਰਾ ਪਾ ਲੈਣਾ ਚਾਹੀਦਾ ਹੈ। ਜੋ ਚੀਜ਼ ਆਜ਼ਾਦ ਵਿਚਾਰਾਂ ਨੂੰ ਬਰਦਾਸ਼ਤ ਨਹੀਂ ਕਰਦੀ ਉਸ ਨੂੰ ਖਤਮ ਹੋ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ ਦੀਆਂ ਬਹੁਤ ਸਾਰੀਆਂ ਕਮਜ਼ੋਰੀਆਂ ਹਨ ਜਿਨ੍ਹਾਂ 'ਤੇ ਅਸੀਂ ਜਿੱਤ ਪ੍ਰਾਪਤ ਕਰਨੀ ਹੈ।

**ਵਰਗ ਚੇਤਨਾ ਦੀ ਜ਼ਰੂਰਤ** : ਲੋਕਾਂ ਨੂੰ ਪਰਸਪਰ ਲੜਨ ਤੋਂ ਰੋਕਣ ਲਈ ਵਰਗ-ਚੇਤਨਾ ਦੀ ਲੋੜ ਹੈ। ਸੰਸਾਰ ਦੇ ਸਭ ਗਰੀਬਾਂ ਦੇ ਚਾਹੇ ਉਹ ਕਿਸੇ ਜਾਤ, ਰੰਗ, ਧਰਮ ਜਾਂ ਰਾਸ਼ਟਰ ਦੇ ਹੋਣ, ਅਧਿਕਾਰ ਇਕ ਹੀ ਹੋਣ...। ਭਲਾਈ ਇਸੇ ਵਿਚ ਹੀ ਹੈ ਕਿ ਤੁਸੀਂ ਧਰਮ, ਰੰਗ, ਨਸਲ, ਰਾਸ਼ਟਰੀਅਤਾ ਅਤੇ ਦੇਸ਼ ਦੇ ਭੇਦ ਭਾਵ ਮਿਟਾ ਕੇ ਇਕਜੁੱਟ ਹੋ ਜਾਓ।

**ਜੜ੍ਹਤਾ ਕਿਵੇਂ ਤੋੜੀਏ** : ਜਦੋਂ ਗਤੀਰੋਧ ਦੀ ਸਥਿਤੀ ਲੋਕਾਂ ਨੂੰ ਆਪਣੇ ਸ਼ਿਕੰਜੇ ਵਿਚ ਜਕੜ ਲੈਂਦੀ ਹੈ ਤਾਂ ਕਿਸੇ ਵੀ ਪ੍ਰਕਾਰ ਦੀ ਤਬਦੀਲੀ ਤੋਂ ਉਹ ਹਿਚਕਚਾਉਂਦੇ ਹਨ। ਇਸ

ਜੜ੍ਹਤਾ ਅਤੇ ਨਸ਼ਕਿਰਿਆ ਨੂੰ ਤੋੜਨ ਲਈ ਇਕ ਕ੍ਰਾਂਤੀਕਾਰੀ ਭਾਵਨਾਦੀ ਜ਼ਰੂਰਤ ਹੁੰਦੀ ਹੈ। ਵਰਨਾ ਪੱਤਣ ਅਤੇ ਬਰਬਾਦੀ ਦਾ ਵਾਤਾਵਰਣ ਛਾਅ ਜਾਂਦਾ ਹੈ। ਲੋਕਾਂ ਨੂੰ ਗੁੰਮਰਾਹ ਕਰਨ ਵਾਲੀਆਂ ਪ੍ਰਤੀਕਿਰਿਆਵਾਦੀ ਸ਼ਕਤੀਆਂ ਜਨਤਾ ਨੂੰ ਗਲਤਰਾਹ 'ਤੇ ਲੈ ਜਾਣ ਵਿਚ ਸਫਲ ਸਾਬਤ ਹੋ ਜਾਂਦੀਆਂ ਹਨ। ਇਸ ਨਾਲ ਇਨਸਾਨ ਦੀ ਪ੍ਰਗਤੀ ਰੁਕ ਜਾਂਦੀ ਹੈ ਤੇ ਉਸ ਵਿਚ ਗਤੀਰੋਧ ਆ ਜਾਂਦਾ ਹੈ। ਇਸ ਸਥਿਤੀ ਨੂੰ ਬਦਲਣ ਵਾਸਤੇ ਇਹ ਜ਼ਰੂਰੀ ਹੈ ਕਿ ਕ੍ਰਾਂਤੀ ਦੀ ਭਾਵਨਾ ਤਾਜ਼ਾ ਕੀਤੀ ਜਾਵੇ ਤਾਂ ਕਿ ਇਨਸਾਨੀਅਤ ਦੀ ਰੂਹ ਵਿਚ ਇਹ ਹਰਕਤ ਪੈਦਾ ਹੋਵੇ।

**ਈਸ਼ਵਰ ਅਤੇ ਧਰਮ :** (ਫਣੀਂਦਰਨਾਥ ਘੋਸ਼ ਨਾਲ ਸੰਵਾਦਾਂ ਦਾ ਅੰਸ਼) : (ਪਰਮਾਤਮਾ ਨੂੰ ਮੰਨਣ ਦਾ) ਤੁਹਾਡਾ ਰਸਤਾ ਅਕਰਮਣੀਅਤਾ ਦਾ ਰਸਤਾ ਹੈ। ਨਿਸ਼ਕਾਮ ਕਰਨ ਦੀ ਆੜ ਵਿਚ ਭਾਗਵਾਦ ਦੀ ਗੁੜ੍ਹਤੀ ਦੇ ਕੇ ਦੇਸ਼ ਦੇ ਨੌਜਵਾਨਾਂ ਨੂੰ ਸੁਲਾਉਣ ਦਾ ਰਸਤਾ ਹੈ। ਜੋ ਲੋਕ ਇਸ ਜਗਤ ਨੂੰ ਮਿੱਥਿਆ ਮੰਨਦੇ ਹਨ, ਇਸ ਦੇਸ਼ ਨੂੰ ਅਤੇ ਇਸ ਵਿਚ ਰਹਿਣ ਵਾਲਿਆਂ ਨੂੰ ਪ੍ਰਛਾਈਂ ਜਾਂ ਮਾਇਆਜਾਲ ਦੱਸਦੇ ਹਨ। ਉਹ ਕਦੇ ਵੀ ਦੁਨੀਆਂ ਦੀ ਭਲਾਈ ਜਾਂ ਇਸ ਦੇਸ਼ ਦੀ ਆਜ਼ਾਦੀ ਲਈ ਇਮਾਨਦਾਰੀ ਨਾਲ ਕੰਮ ਨਹੀਂ ਕਰ ਸਕਦੇ। ਜੋ ਮਿੱਥਿਆ ਹੈ, ਪਰਛਾਵਾਂ ਹੈ ਉਸ ਦੇ ਲਈ ਸੰਘਰਸ਼ ਕੈਸਾ ? ਮੈਂ ਇਸ ਜਗਤ ਨੂੰ ਮਿੱਥਿਆ ਨਹੀਂ ਮੰਨਦਾ। ਮੇਰਾ ਦੇਸ਼ ਨਾ ਪ੍ਰਛਾਈਂ ਹੈ ਨਾ ਮਾਇਆ ਜਾਲ। ਇਹ ਇਕ ਜੀਵੰਤ ਵਾਸਤਵਿਕਤਾ ਹੈ, ਹੁਸੀਨ ਹਕੀਕਤ ਹੈ ਅਤੇ ਮੈਂ ਇਸ ਨੂੰ ਪਿਆਰ ਕਰਦਾ ਹਾਂ। ਮੇਰੇ ਲਈ ਇਸ ਧਰਤੀ ਤੋਂ ਅਲੱਗ ਕੋਈ ਦੂਸਰੀ ਦੁਨੀਆਂ ਜਾਂ ਸਵਰਗ ਨਹੀਂ ਹੈ। ਇਹ ਸੱਚ ਹੈ ਕਿ ਥੋੜ੍ਹੇ ਜਿਹੇ ਵਿਅਕਤੀਆਂ ਨੇ ਆਪਣੇ ਸਵਾਰਥ ਲਈ ਇਸ ਧਰਤੀ ਨੂੰ ਨਰਕ ਬਣਾ ਦਿੱਤਾ ਹੈ। ਲੇਕਿਨ ਇਤਨੇ ਨਾਲ ਹੀ, ਇਸ ਨੂੰ ਮਿੱਥਿਆ ਐਲਾਨ ਕੇ ਭੱਜਣ ਨਾਲ ਕੰਮ ਨਹੀਂ ਚੱਲੇਗਾ। ਲੁਟੇਰਿਆਂ ਤੇ ਦੂਸਰਿਆਂ ਨੂੰ ਗੁਲਾਮ ਬਣਾ ਕੇ ਰੱਖਣ ਵਾਲਿਆਂ ਨੂੰ ਖਤਮ ਕਰਕੇ ਸਾਨੂੰ ਇਸ ਪਵਿੱਤਰ ਭੂਮੀ 'ਤੇ ਫਿਰ ਤੋਂ ਸਵਰਗ ਦੀ ਸਥਾਪਨਾ ਕਰਨੀ ਹੋਵੇਗੀ।

ਅੱਗੇ ਹੋਰ ਤੁਸੀਂ ਸਰਵਸ਼ਕਤੀਮਾਨ ਈਸ਼ਵਰ ਦੀ ਗੱਲ ਕਰਦੇ ਹੋ। ਮੈਂ ਪੁੱਛਦਾ ਹਾਂ ਕਿ ਸਰਵਸ਼ਕਤੀਮਾਨ ਹੋ ਕੇ ਵੀ ਤੁਹਾਡਾ ਭਗਵਾਨ ਅਨਿਆਇ, ਅੱਤਿਆਚਾਰ, ਭੁੱਖ, ਗਰੀਬੀ, ਸ਼ੋਸ਼ਣ, ਅਸਮਾਨਤਾ, ਦਾਸਤਾਂ, ਮਹਾਂਮਾਰੀ, ਹਿੰਸਾ ਅਤੇ ਯੁੱਧ ਨੂੰ ਕਿਉਂ ਨਹੀਂ ਖਤਮ ਕਰਦਾ ? ਇਨ੍ਹਾਂ ਸਭ ਨੂੰ ਸਮਾਪਤ ਕਰਨ ਦੀ ਸ਼ਕਤੀ ਰੱਖਦੇ ਹੋਏ ਵੀ ਜੇ ਉਹ ਮਾਨਵਤਾ ਨੂੰ ਇਨ੍ਹਾਂ ਸਰਾਪਾਂ ਤੋਂ ਮੁਕਤ ਨਹੀਂ ਕਰਦਾ ਤਾਂ ਨਿਸ਼ਚੇ ਹੀ ਉਸ ਨੂੰ ਅੱਛਾ ਭਗਵਾਨ ਨਹੀਂ ਕਿਹਾ ਜਾ ਸਕਦਾ। ਅਗਰ ਉਸ ਵਿਚ ਇਨ੍ਹਾਂ ਨੂੰ ਖਤਮ ਕਰਨ ਦੀ ਸ਼ਕਤੀ ਨਹੀਂ ਹੈ ਤਾਂ ਉਹ ਸਰਵਸ਼ਕਤੀਮਾਨ ਨਹੀਂ ਹੈ। ਅਗਰ ਉਹ ਇਹ ਸਭ ਕੁਝ ਖੇਲ ਦੇ ਤੌਰ 'ਤੇ ਆਪਣੀ ਲੀਲ੍ਹਾ ਦਿਖਾਉਣ ਲਈ ਕਰਦਾ ਹੈ ਤਾਂ ਫਿਰ ਇਹੀ ਕਹਿਣਾ ਪਊਗਾ ਕਿ ਉਹ ਬੇਸਹਾਰਾ ਵਿਅਕਤੀ ਨੂੰ ਤੜਪਾ ਕੇ ਮਜ਼ਾ ਲੈਣ ਵਾਲੀ ਨਿਰਦਈ ਤੇ ਕਰੂਰ ਸਤਹ ਹੈ ਅਤੇ ਉਸ ਦਾ ਜਨਹਿਤ

ਲਈ, ਜਲਦੀ ਤੋਂ ਜਲਦੀ ਸਮਾਪਤ ਹੋ ਜਾਣਾ ਬਿਹਤਰ ਹੈ। ਮਾਇਆਵਾਦ, ਭਾਗਵਾਦ,ਈਸ਼ਵਰਵਾਦ ਆਦਿ ਨੂੰ ਮੈਂ ਚੰਦ ਸੱਤਾਧਾਰੀ ਸ਼ੋਸ਼ਕਾਂ ਦੁਆਰਾ ਜਨ ਸਧਾਰਨ ਨੂੰ ਭੁਲਾਵੇ ਵਿਚ ਪਾਉਣ ਲਈ ਈਜ਼ਾਦ ਕੀਤੀ ਗਈ ਜ਼ਹਿਰੀਲੀ ਗੁੜ੍ਹਤੀ ਤੋਂ ਵੱਧ ਨਹੀਂ ਮੰਨਦਾ।

ਮੇਰਾ ਵਿਸ਼ਵਾਸ ਹੈ ਕਿ ਜਿਨ੍ਹਾਂ ਅਰਥਾਂ ਵਿਚ ਇਹ ਸ਼ਬਦ (ਧਰਮ) ਇਸਤੇਮਾਲ ਹੁੰਦਾ ਆਇਆ ਹੈ...ਹੁਣ ਤੱਕ ਦੇ ਸਭ ਧਰਮਾਂ ਨੇ ਮਨੁੱਖ ਨੂੰ ਇਕ ਦੂਜੇ ਤੋਂ ਦੂਰ ਕੀਤਾ ਹੈ।ਆਪਸ ਵਿਚ ਲੜਾਇਆ ਹੈ।ਦੁਨੀਆਂ ਵਿਚ ਹੁਣ ਤੱਕ ਜਿੰਨਾ ਰਕਤਪਾਤ ਧਰਮ ਦੇ ਨਾਂ ’ਤੇ ਧਰਮ ਦੇ ਠੇਕੇਦਾਰਾਂ ਨੇ ਕੀਤਾ ਹੈ।ਓਨਾ ਸ਼ਾਇਦ ਹੀ ਕਿਸੇ ਨੇ ਕੀਤਾ ਹੋਵੇ।ਸੱਚੀ ਗੱਲ ਤਾਂ ਇਹ ਹੈ ਕਿ ਇਸ ਧਰਤੀ ਦਾ ਸਵਰਗ, ਧਰਮ ਦੀ ਆੜ ਵਿਚ ਹੀ ਉਜਾੜਿਆ ਗਿਆ ਹੈ ਅਤੇ ਜੋ ਧਰਮ ਇਨਸਾਨ ਨੂੰ ਇਨਸਾਨ ਤੋਂ ਦੂਰ ਕਰੇ, ਮੁਹੱਬਤ ਦੀ ਥਾਂ ਉਨ੍ਹਾਂ ਨੂੰ ਇਕ ਦੂਜੇ ਨਾਲ ਨਫਰਤ ਕਰਨੀ ਸਿਖਾਵੇ, ਅੰਧ ਵਿਸ਼ਵਾਸਾਂ ਨੂੰ ਉਤਸ਼ਾਹਤ ਕਰਕੇ ਲੋਕਾਂ ਦੇ ਬੌਧਿਕ ਵਿਕਾਸ ਵਿਚ ਰੁਕਾਵਟ ਬਣੇ ਦਿਮਾਗਾਂ ਨੂੰ ਕੁੰਦ ਕਰੇ, ਉਹ ਕਦੇ ਵੀ ਮੇਰਾ ਧਰਮ ਨਹੀਂ ਹੋ ਸਕਦਾ।ਮੇਰੇ ਲਈ ਹਰ ਕਦਮ ’ਤੇ ਇਨਸਾਨ ਨੂੰ ਸੁਖੀ ਬਣਾ ਸਕੇ।ਸਮਤਾ ਸਮਰਿਧੀ ਅਤੇ ਭਾਈਚਾਰੇ ਦੇ ਰਸਤੇ ’ਤੇ ਉਸ ਨੂੰ ਇਕ ਕਦਮ ਅੱਗੇ ਲੈ ਜਾ ਸਕੇ, ਉਹੀ ਧਰਮ ਹੈ।ਦੋ ਸ਼ਬਦਾਂ ’ਚ ਕਹਾਂ ਤਾਂ ਇਹ ਧਰਤੀ ਅਤੇ ਇਸ ਧਰਤੀ ਤੇ ਭਾਰਤ ਦੀ ਪਵਿੱਤਰ ਭੂਮੀ ਮੇਰਾ ਸਵਰਗ ਹੈ, ਇਥੇ ਵਿਚਰਣ ਵਾਲਾ ਹਰ ਵਿਅਕਤੀ, ਹਰ ਇਨਸਾਨ ਮੇਰਾ ਦੇਵਤਾ ਹੈ, ਮੇਰਾ ਭਗਵਾਨ ਹੈ ਅਤੇ ਭਗਵਾਨ ਨੂੰ ਭਗਵਾਨ ਨਾਲ ਲੜਾ ਕੇ ਮੇਰੇ ਸਵਰਗ ਨੂੰ ਨਰਕ ਬਣਾਉਣ ਵਾਲੀਆਂ ਸ਼ਕਤੀਆਂ ਨੂੰ ਸਮਾਪਤ ਕਰਕੇ ਇਨਸਾਨ ਨੂੰ ਵਰਗਹੀਣ ਸਮਾਜ ਦੀ ਤਰਫ ਅੱਗੇ ਵਧਾਉਣ ਵਾਲੀ ਹਰ ਕੋਸ਼ਿਸ਼, ਹਰ ਕਦਮ ਮੇਰਾ ਧਰਮ ਹੈ।ਫਨੀਂਦਾ! ਹੋ ਸਕਦਾ ਹੈ ਮੇਰੀ ਜ਼ਿੰਦਗੀ ਚਾਰ ਦਿਨ ਦੀ ਹੀ ਹੋਵੇ।ਲੇਕਿਨ ਮੇਰੇ ਹੌਸਲੇ ਆਖਰੀ ਸਵਾਸ ਤੱਕ ਮੇਰਾ ਸਾਥ ਨਹੀਂ ਛੱਡਣਗੇ, ਇਸ ਦਾ ਮੈਨੂੰ ਵਿਸ਼ਵਾਸ ਹੈ ਅਤੇ ਕੱਲ੍ਹ ਨੂੰ ਜੇ ਮੈਂ ਨਾ ਵੀ ਰਿਹਾ ਤਾਂ ਵੀ ਮੇਰੇ ਹੌਸਲੇ ਦੇਸ਼ ਦੇ ਹੌਸਲੇ ਬਣ ਕੇ ਸਾਮਰਾਜਵਾਦੀ ਲੁਟੇਰਿਆਂ ਦਾ ਅੰਤ ਤੱਕ ਪਿੱਛਾ ਕਰਦੇ ਰਹਿਣਗੇ।ਮੈਨੂੰ ਆਪਣੇ ਦੇਸ਼ ਦੇ ਭਵਿੱਖ ’ਤੇ ਯਕੀਨ ਹੈ।ਮੈਂ ਵਿਸ਼ਵ ਦੀ ਮਾਨਵਤਾ ਨੂੰ ਕਰਵਟ ਲੈਂਦੇ ਦੇਖ ਰਿਹਾ ਹਾਂ, (ਪਰ) ਤੁਸੀਂ ਦੇਖ ਨਹੀਂ ਪਾ ਰਹੇ ਮੈਨੂੰ ਮਨੁੱਖ ਦੇ ਅਮਲ ਅਤੇ ਬਾਹੂਬਲ ’ਤੇ ਵਿਸ਼ਵਾਸ ਹੈ, ਇਸ ਲਈ ਮੈਂ ਆਸ਼ਾਵਾਦੀ ਹਾਂ।ਤੁਸੀਂ ਹਰੇਕ ਗੱਲ ਲਈ ਭਗਵਾਨ ਵੱਲ ਵੇਖਦੇ ਹੋ, ਇਸ ਲਈ ਤੁਸੀਂ ਭਾਗਵਾਦੀ ਹੋ, ਨਿਰਾਸ਼ਵਾਦੀ ਹੋ ਭਾਗਵਾਦ ਕਿਸਮਤਵਾਦ ਕਰਮ ਤੋਂ ਭੱਜਣ ਦਾ ਇਕ ਰਸਤਾ ਹੈ।ਨਿਰਬਲ-ਕਾਇਰ, ਪਲਾਇਨਵਾਦੀ ਵਿਅਕਤੀਆਂ ਦੀ ਅੰਤਿਮ ਪਨਾਹ ਹੈ।.... ਅੱਜ ਦਾ ਨਵਾਂ ਇਨਸਾਨ ਹਵਾ ਵਿਚ ਮਹਿਲ ਨਹੀਂ ਖੜ੍ਹੇ ਕਰਨਾ ਚਾਹੁੰਦਾ।ਉਸ ਨੇ ਆਪਣੇ ਸਵਰਗ ਦੀ ਨੀਂਹ, ਇਸੇ ਧਰਤੀ ’ਚ ਖੋਦਣੀ ਸ਼ੁਰੂ ਕਰ ਦਿੱਤੀ ਹੈ।ਅੱਜ ਦਾ ਹਰ ਇਨਸਾਨ ਮਸੀਹਾ ਹੈ ਅਤੇ ਇਸੇ ਲਈ ਮੈਨੂੰ ਉਸ ਵਿਚ ਵਿਸ਼ਵਾਸ ਹੈ।(ਫਨੀਂਦਰਨਾਥ ਘੋਸ਼ ਨਾਲ ਈਸ਼ਵਰ ਤੇ ਧਰਮ ਬਾਰੇ ਸੰਵਾਦ ਸ਼ਿਵ ਵਰਮਾ ਦੇ ਹਵਾਲੇ ਨਾਲ ਹਨ)।

**ਕ੍ਰਾਂਤੀ ਦਾ ਅਰਥ** : ਕ੍ਰਾਂਤੀ ਦਾ ਅਰਥ ਜਨਤਾ ਦੇ ਹਿੱਤ ਵਿਚ ਜਨਤਾ ਦੁਆਰਾ, ਦੂਸਰੇ ਸ਼ਬਦਾਂ ਵਿਚ 98 ਫੀਸਦੀ ਲੋਕਾਂ ਲਈ ਸਵਰਾਜ ਜਨਤਾ ਦੁਆਰਾ ਪ੍ਰਾਪਤ ਨਹੀਂ ਬਲਕਿ ਜਨਤਾ ਲਈ ਵੀ। ਆਪਣੇ ਉਦੇਸ਼ ਦੀ ਪੂਰਤੀ ਲਈ ਰੂਸੀ ਨੌਜਵਾਨਾਂ ਵਾਂਗ ਸਾਡੇ ਹਜ਼ਾਰਾਂ ਸੂਝਵਾਨ ਨੌਜਵਾਨਾਂ ਨੂੰ ਆਪਣਾ ਕੀਮਤੀ ਜੀਵਨ ਪਿੰਡਾਂ 'ਚ ਬਿਤਾਉਣਾ ਪਵੇਗਾ ਅਤੇ ਲੋਕਾਂ ਨੂੰ ਸਮਝਾਉਣਾ ਪਏਗਾ ਕਿ ਭਾਰਤੀ ਕ੍ਰਾਂਤੀ ਵਾਸਤਵ ਵਿਚ ਕੀ ਹੋਵੇਗੀ। ਉਨ੍ਹਾਂ ਨੂੰ ਦੱਸਣਾ ਪਏਗਾ ਕਿ ਆਉਣ ਵਾਲੀ ਕ੍ਰਾਂਤੀ ਸਿਰਫ ਮਾਲਕਾਂ ਦੀ ਤਬਦੀਲੀ ਹੀ ਨਹੀਂ ਹੋਵੇਗੀ। ਕ੍ਰਾਂਤੀ ਦਾ ਅਰਥ ਹੋਊਗਾ ਨਵੀਂ ਵਿਵਸਥਾ ਦਾ ਜਨਮ-ਇਕ ਨਵੀਂ ਰਾਜਸੱਤਾ। ਇਹ ਇਕ ਦਿਨ ਜਾਂ ਇਕ ਸਾਲ ਦਾ ਕੰਮ ਨਹੀਂ ਹੈ। ਕਈ ਦਹਾਕਿਆਂ ਦੇ ਲਾਸਾਨੀ ਬਲੀਦਾਨ ਹੀ ਜਨਤਾ ਨੂੰ ਇਸ ਮਹਾਨ ਕਾਰਜ ਲਈ ਤੱਤਪਰ ਕਰ ਸਕਣਗੇ ਅਤੇ ਇਸ ਕਾਰਜ ਨੂੰ ਕੇਵਲ ਕ੍ਰਾਂਤੀਕਾਰੀ ਤੋਂ ਮਤਲਬ, ਚਿਹਰਾ ਰਹਿਤ ਇਕ ਬੰਬ ਤੇ ਇਕ ਪਿਸਤੌਲ ਵਾਲਾ ਆਦਮੀ ਨਹੀਂ ਹੈ। ਕ੍ਰਾਂਤੀ ਲਈ ਖੂਨੀ ਸੰਘਰਸ਼ ਜ਼ਰੂਰੀ ਨਹੀਂ ਹੈ ਅਤੇ ਨਾ ਹੀ ਇਸ ਵਿਚ ਵਿਅਕਤੀਗਤ ਮੋੜਵੀਂ ਹਿੰਸਾ ਲਈ ਕੋਈ ਸਥਾਨ ਹੈ। ਇਹ ਬੰਬ ਤੇ ਪਿਸਤੌਲ ਦੀ ਸੰਸਕ੍ਰਿਤੀ ਨਹੀਂ ਹੈ। ਕ੍ਰਾਂਤੀ ਤੋਂ ਸਾਡਾ ਭਾਵ ਵਰਤਮਾਨ ਵਿਵਸਥਾ, ਜੋ ਜ਼ਾਹਰਾ ਤੌਰ 'ਤੇ ਅਨਿਆਏ 'ਤੇ ਟਿਕੀ ਹੋਈ ਹੈ, ਬਦਲਣੀ। ਪਿਸਤੌਲ ਅਤੇ ਬੰਬ ਇਨਕਲਾਬ ਨਹੀਂ ਲਿਆਉਂਦੇ ਬਲਕਿ ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ 'ਤੇ ਤੇਜ਼ ਹੁੰਦੀ ਹੈ।

**ਮਿਹਨਤਕਸ਼ਾਂ ਦੀ ਸਥਿਤੀ** : ਸਮਾਜ ਦਾ ਪ੍ਰਮੁੱਖ ਅੰਗ ਹੁੰਦੇ ਹੋਏ ਵੀ, ਮਜ਼ਦੂਰਾਂ ਨੂੰ ਉਨ੍ਹਾਂ ਦੇ ਮੁਢਲੇ ਅਧਿਕਾਰ ਤੋਂ ਵਿਰਵਾ ਰੱਖਿਆ ਜਾ ਰਿਹਾ ਹੈ ਅਤੇ ਉਨ੍ਹਾਂ ਦੀ ਗਾੜ੍ਹੀ ਕਮਾਈ ਦਾ ਸਾਰਾ ਧਨ ਸ਼ੋਸ਼ਕ ਪੂੰਜੀਪਤੀ ਹੜੱਪ ਜਾਂਦੇ ਹਨ। ਦੂਸਰਿਆਂ ਦੇ ਅੰਨਦਾਤਾ ਕਿਸਾਨ ਅੱਜ ਆਪਣੇ ਪਰਿਵਾਰ ਲਈ ਦਾਣੇ-ਦਾਣੇ ਨੂੰ ਮੁਹਤਾਜ ਹਨ। ਦੁਨੀਆਂ ਭਰ ਦੇ ਬਾਜ਼ਾਰਾਂ ਨੂੰ ਕੱਪੜਾ ਮੁਹੱਈਆ ਕਰਨ ਵਾਲਾ ਬੁਣਕਰ ਅੱਜ ਆਪਣੇ ਅਤੇ ਆਪਣੇ ਬੱਚਿਆਂ ਲਈ ਤਨ ਢਕਣ ਨੂੰ ਕੱਪੜੇ ਤੋਂ ਮੁਹਤਾਜ ਹੈ। ਸੁੰਦਰ ਮਹਿਲਾਂ ਦਾ ਨਿਰਮਾਣ ਕਰਨ ਵਾਲੇ ਰਾਜਗੀਰ, ਲੋਹਾਰ, ਤਰਖਾਣ, ਖੁਦ ਗੰਦੇ ਵਾੜਿਆਂ 'ਚ ਰਹਿ ਕੇ ਹੀ ਆਪਣੀ ਜੀਵਨ ਲੀਲਾ ਸਮਾਪਤ ਕਰ ਜਾਂਦੇ ਹਨ। ਇਸ ਦੇ ਉਲਟ ਸਮਾਜ ਦੀਆਂ ਜੋਕਾਂ, ਸ਼ੋਸ਼ਕ ਪੂੰਜੀਪਤੀ ਜ਼ਰਾ ਜਿੰਨੀ ਬਾਤ 'ਤੇ ਲੱਖਾਂ ਖਰਚਦੇ ਹਨ।

**ਪ੍ਰੀਵਰਤਨ ਅਤੇ ਮਾਰਕਸਵਾਦ** : ਦੇਸ਼ ਨੂੰ ਮੁਢਲੇ ਪ੍ਰੀਵਰਤਨ ਦੀ ਲੋੜ ਹੈ ਅਤੇ ਜੋ ਲੋਕ ਇਸ ਗੱਲ ਨੂੰ ਮਹਿਸੂਸ ਕਰਦੇ ਹਨ ਉਨ੍ਹਾਂ ਦਾ ਫਰਜ਼ ਹੈ ਸਾਮਵਾਦੀ ਸਿਧਾਂਤਾਂ ਤੇ ਸਮਾਜ ਦਾ ਪੁਨਰਗਠਨ ਕਰਨ। ਜਦੋਂ ਤੱਕ ਇਹ ਨਹੀਂ ਕੀਤਾ ਜਾਂਦਾ ਅਤੇ ਮਨੁੱਖ ਦੁਆਰਾ ਮਨੁੱਖ ਦੀ ਅਤੇ ਇਕ ਰਾਸ਼ਟਰ ਦੁਆਰਾ ਦੂਸਰੇ ਰਾਸ਼ਟਰ ਦੀ ਲੁੱਟ ਜਿਸ ਨੂੰ ਸਾਮਰਾਜਵਾਦ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਸਮਾਪਤ ਨਹੀਂ ਕਰ ਦਿੱਤੀ ਜਾਂਦੀ ਤਦ ਤੱਕ ਮਾਨਵਤਾ ਨੂੰ ਉਸ ਦੇ ਕਲੇਸ਼ਾਂ ਤੋਂ ਛੁਟਕਾਰਾ ਮਿਲਣਾ ਅਸੰਭਵ ਹੈ। ਕ੍ਰਾਂਤੀ ਮਾਨਵਜਾਤੀ ਦਾ ਜਨਮਜਾਤ ਅਧਿਕਾਰ

ਹੈ। ਜਿਸ ਦਾ ਅਪਹਰਣ ਨਹੀਂ ਕੀਤਾ ਜਾ ਸਕਦਾ। ਸਵਤੰਤਰਤਾ ਹਰੇਕ ਮਨੁੱਖ ਦਾ ਜਨਮ ਸਿੱਧ ਅਧਿਕਾਰ ਹੈ। ਮਿਹਨਤਕਸ਼ ਵਰਗ ਹੀ ਸਮਾਜ ਦਾ ਅਸਲ ਪਾਲਣਹਾਰ ਹੈ। ਜਨਤਾ ਦੀ ਸਰਵੋਪਰੀਸੱਤਾ ਦੀ ਸਥਾਪਨਾ ਮਿਹਨਤਕਸ਼ ਵਰਗ ਦਾ ਅੰਤਿਮ ਨਿਸ਼ਾਨਾ ਹੈ।

**ਅਛੂਤਾਂ ਦੀ ਮੁਕਤੀ ਦਾ ਮਾਰਗ** : ਅਛੂਤਾਂ ਨੂੰ ਸੰਬੋਧਨ ਕਰਦੇ ਹੋਏ, 'ਤੁਸੀਂ ਅਸਲ ਸਰਵਹਾਰਾ ਹੋ। ਸੰਗਠਤਬੱਧ ਹੋ ਜਾਉ। ਤੁਹਾਡਾ ਕੋਈ ਵੀ ਨੁਕਸਾਨ ਨਹੀਂ ਹੋਵੇਗਾ। ਬੱਸ ਗੁਲਾਮੀ ਦੀਆਂ ਜੰਜ਼ੀਰਾਂ ਕੱਟ ਜਾਣਗੀਆਂ। ਉੱਠੋ ਅਤੇ ਵਰਤਮਾਨ ਵਿਵਸਥਾ ਖਿਲਾਫ ਬਗਾਵਤ ਖੜ੍ਹੀ ਕਰ ਦਿਓ। ਹੌਲੀ-ਹੌਲੀ ਹੋਣ ਵਾਲੇ ਸੁਧਾਰਾਂ ਨਾਲ ਕੁਝ ਨਹੀਂ ਬਣਨ ਵਾਲਾ। ਸਮਾਜਿਕ ਅੰਦੋਲਨ ਨਾਲ ਕ੍ਰਾਂਤੀ ਪੈਦਾ ਕਰ ਦਿਓ ਅਤੇ ਰਾਜਨੀਤਕ, ਆਰਥਿਕ ਕ੍ਰਾਂਤੀ ਲਈ ਕਮਰ ਕੱਸ ਲਵੋ। ਤੁਸੀਂ ਹੀ ਦੇਸ਼ ਦਾ ਮੁੱਖ ਆਧਾਰ ਹੋ ਵਾਸਤਵਿਕ ਸ਼ਕਤੀ ਹੋ। ਸੁੱਤੇ ਹੋਏ ਸ਼ੇਰ ਹੋ, ਉੱਠੋ ਅਤੇ ਬਗਾਵਤ ਖੜ੍ਹੀ ਕਰ ਦਿਓ।'

**ਇਤਿਹਾਸ ਦੀ ਗਵਾਹੀ** : ਅਸੀਂ ਇਤਿਹਾਸ ਦੇ ਇਕ ਸਬਕ 'ਤੇ ਜ਼ੋਰ ਦੇਣਾ ਚਾਹੁੰਦੇ ਹਾਂ ਕਿ 'ਪਰੀਚੈ-ਪੱਤਰ ਅਤੇ ਵੈਸਟਾਈਲ ਵਰਗੀ ਫਰਾਂਸ ਦੀ ਜੇਲ੍ਹ ਜਿਥੇ ਰਾਜਨੀਤਕ ਕੈਦੀਆਂ ਨੂੰ ਘੋਰ ਤਸੀਹੇ ਦਿੱਤੇ ਜਾਂਦੇ ਸਨ, ਵੀ ਫਰਾਂਸ ਦੀ ਕ੍ਰਾਂਤੀ ਦੇ ਅੰਦੋਲਨ ਨੂੰ ਕੁਚਲਣ ਲਈ ਸਮਰੱਥ ਨਹੀਂ ਹੋਏ ਸਨ। ਫਾਂਸੀ ਦੇ ਫੰਦੇ ਅਤੇ ਸਾਇਬੇਰੀਆ ਦੀਆਂ ਖਾਣਾਂ, ਰੂਸੀ ਕ੍ਰਾਂਤੀ ਦੀ ਅੱਗ ਨੂੰ ਬੁਝਾ ਨਹੀਂ ਸਕੀਆਂ ਸਨ ਤਾਂ ਫਿਰ ਕੀ ਆਰਡੀਨੈਂਸ ਜਾਂ ਪਬਲਿਕ ਸੇਫਟੀ ਬਿੱਲ ਵਰਗੇ ਕਾਲੇ ਕਾਨੂੰਨ ਭਾਰਤ ਦੀ ਆਜ਼ਾਦੀ ਦੀ ਲੋਅ ਨੂੰ ਬੁਝਾ ਸਕਣਗੇ ?

**ਭਵਿੱਖ ਦਾ ਸੰਕੇਤ** : ਸਾਡੀ ਫਾਂਸੀ ਲੱਗਣ ਦੇ ਪੰਦਰਾਂ ਕੁ ਸਾਲ ਬਾਅਦ ਅੰਗਰੇਜ਼ ਇਥੋਂ ਚਲੇ ਜਾਣਗੇ ਕਿਉਂਕਿ ਉਨ੍ਹਾਂ ਦੀਆਂ ਜੜ੍ਹਾਂ ਖੋਖਲੀਆਂ ਹੋ ਚੁੱਕੀਆਂ ਹਨ। ਪਰ ਉਨ੍ਹਾਂ ਦੇ ਚਲੇ ਜਾਣ ਤੋਂ ਬਾਅਦ ਜੋ ਰਾਜ ਹੋਵੇਗਾ ਉਹ ਲੁੱਟ, ਸਵਾਰਥ ਅਤੇ ਗੁੰਡਾਗਰਦੀ ਦਾ ਰਾਜ ਹੋਵੇਗਾ। ਪੰਦਰਾਂ ਸਾਲ ਤੱਕ ਲੋਕ ਸਾਨੂੰ ਭੁੱਲ ਜਾਣਗੇ। ਫਿਰ ਸਾਡੀ ਯਾਦ ਤਾਜ਼ਾ ਹੋਣੀ ਸ਼ੁਰੂ ਹੋਵੇਗੀ। ਲੋਕ ਸਾਡੇ ਵਿਚਾਰਾਂ ਨੂੰ ਪਰਖਣਗੇ ਅਤੇ ਵਾਸਤਵਿਕ ਸਮਾਜ ਦੀ ਸਿਰਜਣਾ ਲਈ ਮਿਹਨਤਕਸ਼ ਅਤੇ ਇਮਾਨਦਾਰ ਲੋਕ ਇਕੱਠੇ ਹੋਣਗੇ। ਇਹੋ ਜਿਹੇ ਲੋਕਾਂ ਦਾ ਸਮੂਹ ਹੀ ਮਿਹਨਤਕਸ਼ ਲੋਕਾਂ ਨੂੰ ਮਿਹਨਤ ਦਾ ਫਲ ਚਖਾਏਗਾ।

(ਸਵੈ ਸਾਚੀ ਦੇ 'ਉਤਰਾਰਧ' 33-34 'ਤੇ ਅਧਾਰਤ)

# "ਮਾਰਦਾ ਦਮਾਮੇ ਜੱਟ..." ਕਿੱਥੇ ਹੈ ?

ਭਾਰਤ ਖੇਤੀ ਪ੍ਰਧਾਨ ਦੇਸ਼ ਹੈ। ਉੱਤਰੀ ਭਾਰਤ ਤਾਂ ਹੈ ਹੀ ਅੰਨ ਭੰਡਾਰ। ਇਸ ਉੱਤਰੀ ਖੇਤਰ ਵਿਚੋਂ ਵੀ ਪੰਜਾਬੀਆਂ ਨੇ ਤਾਂ ਆਪਣੀ ਮਿਹਨਤ, ਲਗਨ ਅਤੇ ਸਿਰੜ ਨਾਲ ਖੇਤੀਬਾੜੀ ਰਾਹੀਂ ਦੁਨੀਆਂ ਭਰ ਵਿਚ ਨਾਂ ਕਮਾਇਆ ਹੈ।

ਪੰਜਾਬ ਦਾ ਸਮੁੱਚਾ ਸੱਭਿਆਚਾਰ ਹੀ ਖੇਤੀ ਕਿੱਤੇ ਦੁਆਲੇ ਘੁੰਮਦਾ ਹੈ। ਜਿਵੇਂ ਸਭ ਦੇਸ਼ਾਂ, ਖੰਡਾਂ ਅਤੇ ਖੇਤਰਾਂ ਦੇ ਤਿਓਹਾਰ ਵੀ ਉਨ੍ਹਾਂ ਖੇਤਰਾਂ ਦੇ ਕਿੱਤਿਆਂ ਨਾਲ ਕਿਸੇ ਨਾ ਕਿਸੇ ਰੂਪ ਵਿਚ ਜੁੜੇ ਹੁੰਦੇ ਹਨ, ਉਵੇਂ ਪੰਜਾਬੀਆਂ ਦਾ ਹਰਮਨ ਪਿਆਰਾ ਤਿਓਹਾਰ ਵਿਸਾਖੀ ਵੀ ਹਾੜ੍ਹੀ ਦੀ ਫਸਲ ਦੀ ਵਾਢੀ, ਸਾਂਭ ਸੰਭਾਲ ਅਤੇ ਲੈਣ-ਦੇਣ ਸਮੇਟ ਕੇ ਵਿਹਲੇ ਹੋਏ ਕਿਸਾਨਾਂ ਦੀ ਖੁਸ਼ੀ ਦਾ ਤਿਓਹਾਰ ਹੈ। ਉਹ ਵੀ ਦਿਨ ਸਨ ਜਦੋਂ ਲਾਲਾ ਧਨੀ ਰਾਮ ਚਾਤ੍ਰਿਕ ਨੇ ਲਿਖਿਆ ਸੀ-

*"ਤੂੜੀ ਤੰਦ ਸਾਂਭ, ਹਾੜ੍ਹੀ ਵੇਚ ਵੱਟ ਕੇ*
*ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ*
*ਪੱਗ ਝੱਗਾ ਚਾਦਰ ਨਵਾਂ ਸੰਵਾਇ ਕੇ*
*ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾਇ ਕੇ*
*ਕੱਛੇ ਮਾਰ ਵੰਝਲੀ ਆਨੰਦ ਛਾ ਗਿਆ*
*ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।"*

ਕਿਸਾਨਾਂ ਨਾਲ ਜੁੜੇ ਇਸ ਤਿਓਹਾਰ ਦੀ ਇਤਿਹਾਸਕ ਮਹੱਤਤਾ ਉਦੋਂ ਸਿਖਰਾਂ ਛੂਹ ਗਈ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜਣ ਦੇ ਇਕ ਨਵੇਂ ਨਕੋਰ ਸੰਕਲਪ ਨੂੰ ਸੰਪੂਰਨ ਕਰਨ ਲਈ 1699 ਈਸਵੀ ਦੇ ਵਿਸਾਖੀ ਦਿਹਾੜੇ ਨੂੰ ਹੀ ਚੁਣਿਆ। ਇਸ ਦਿਨ ਉਨ੍ਹਾਂ ਨੇ ਭਰੇ ਦੀਵਾਨ ਵਿਚ ਪੰਜ ਸਿੱਖਾਂ ਤੋਂ ਸੀਸ ਮੰਗ ਕੇ, ਇਕੱਤਰ ਜਨ ਸਮੂਹ ਨੂੰ ਇਹ ਦ੍ਰਿੜ ਕਰਵਾਇਆ ਕਿ 'ਸ਼ੁਭ ਕਰਮਨ' ਵਾਸਤੇ ਸੀਸ ਵਾਰਨਾ ਸਿੰਘ ਲਈ ਇਕ ਕਰਤੱਵ ਹੈ, ਮੁਕਤੀ ਹੈ ਅਤੇ ਖੇਡ ਹੈ। ਭਾਰਤ ਦੇ ਵੱਖ ਵੱਖ ਹਿੱਸਿਆਂ ਤੋਂ ਆਏ ਭਿੰਨ ਭਿੰਨ ਜਾਤਾਂ-ਗੋਤਾਂ ਦੇ ਪੰਜ ਸਿੰਘਾਂ ਨੂੰ ਇਕੋ ਬਾਟੇ ਵਿਚ ਅੰਮ੍ਰਿਤ ਛਕਾ ਕੇ, ਭਾਰਤੀ-ਸੰਸਕ੍ਰਿਤੀ ਵਿਚ ਸਦੀਆਂ ਤੋਂ ਤਣੇ ਫੈਲਾਅ ਚੁੱਕੇ ਜਾਤੀ ਪਾਤੀ ਪ੍ਰਬੰਧ ਦੀ ਜੜ੍ਹ 'ਤੇ ਕੁਹਾੜੇ ਦਾ ਟੱਕ ਮਾਰਿਆ। ਫਿਰ

ਉਨ੍ਹਾਂ ਪੰਜਾਂ ਤੋਂ ਆਪ ਅੰਮ੍ਰਿਤ ਛਕ ਕੇ, ਨਿੱਜ ਦੀ ਪੂਜਾ ਦਾ ਸੰਕਲਪ ਤੋੜਿਆ ਤੇ ਪੰਚ ਪ੍ਰਧਾਨੀ ਸਮਾਜੀ ਪ੍ਰਬੰਧ ਨੂੰ ਉੱਤਮਤਾ ਤੇ ਵਡਿਆਈ ਬਖਸ਼ੀ।

ਇਸੇ ਵਿਸਾਖੀ ਦੇ ਦਿਹਾੜੇ ਨੂੰ ਇਤਿਹਾਸ ਦੀਆਂ ਕਿਤਾਬਾਂ ਵਿਚ ਮੁੜ ਆਪਣੇ ਖ਼ੂਨ ਨਾਲ ਲਿਖਿਆ, 1919 ਈਸਵੀ ਵਿਚ ਜਲ੍ਹਿਆਂ ਵਾਲੇ ਬਾਗ (ਅੰਮ੍ਰਿਤਸਰ) ਵਿਚ ਆਜ਼ਾਦੀ ਲਈ ਇਕੱਤਰ ਹੋਏ ਹਜ਼ਾਰਾਂ ਪੰਜਾਬੀਆਂ ਨੇ ਅਤੇ ਸੁਨਹਿਰੀ ਕਿਨਾਰੀ ਨਾਲ ਸ਼ਿੰਗਾਰਿਆ ਸੁਨਾਮ ਦੇ ਊਧਮ ਸਿੰਘ (ਸ਼ਹੀਦ) ਨੇ।

ਇਸ ਤਰ੍ਹਾਂ ਇਹ ਵਿਸਾਖੀ ਦਾ ਦਿਹਾੜਾ ਖੇਤੀ ਦੀ ਭਰਪੂਰਤਾ ਦੇ ਆਰਥਿਕ ਪਹਿਲੂ ਦੇ ਤਿਓਹਾਰ ਦੇ ਨਾਲ ਨਾਲ ਸਾਨੂੰ ਸਾਡੀਆਂ ਨਰੋਈਆਂ 'ਤੇ ਮਾਣ ਭਰਪੂਰ ਧਾਰਮਿਕ, ਰਾਜਨੀਤਕ ਤੇ ਸਮਾਜਿਕ ਕਦਰਾਂ ਕੀਮਤਾਂ ਦੀ ਯਾਦ ਵੀ ਤਾਜ਼ਾ ਕਰਵਾਉਂਦਾ ਹੈ।

ਅੱਜ ਦੀ ਸਥਿਤੀ ਮੁਤਾਬਕ ਜੇ ਅਸੀਂ ਇਸ ਤਿਓਹਾਰ ਦੇ ਮੁੱਢ ਕਦੀਮੀ ਨਾਇਕ 'ਜੱਟ' (ਜਾਣੀ ਕਿਸਾਨ) ਬਾਰੇ ਹੀ ਗੱਲ ਕਰੀਏ, ਜਿਸ ਬਾਰੇ ਉਪਰੋਕਤ ਗੀਤ ਕਦੇ ਲਾਲਾ ਧਨੀ ਰਾਮ ਚਾਤ੍ਰਿਕ ਨੇ ਝੂਮ ਝੂਮ ਕੇ ਪੰਜਾਬ ਦੀ ਸਮੁੱਚੀ ਫਿਜ਼ਾ ਵਿਚ ਖੁਸ਼ਬੂ ਵਾਂਗ ਬਖੇਰਿਆ ਸੀ।

ਅੱਜ ਕਿਸਾਨ ਦੀ ਤਰਸਯੋਗ ਹਾਲਤ ਏਥੇ ਦੇ ਮੌਜੂਦਾ ਹਾਕਮ ਤੇ ਹੋਣ ਜਾ ਰਹੇ ਨਵੇਂ ਹਾਕਮਾਂ ਸਮੇਤ ਸਭ ਜਾਣਦੇ ਹਨ। ਇਸ ਪਤਲੀ ਹਾਲਤ ਦਾ ਇਕ ਅਤਿ ਨਿਰਾਸ਼ਾਜਨਕ ਤੇ ਘਾਤਕ ਵਰਤਾਰਾ, ਕਿਸਾਨਾਂ ਵੱਲੋਂ ਖੁਦਕੁਸ਼ੀਆਂ ਦੇ ਰੂਪ ਵਿਚ ਸਾਹਮਣੇ ਆਇਆ ਹੈ। ਕਿਸਾਨੀ ਦੀ ਮੰਦੀ ਹਾਲਤ ਨੂੰ ਕੁਝ ਲੋਕ ਜੱਟਾਂ ਵੱਲੋਂ ਕੀਤੀ ਜਾਂਦੀ ਕਥਿਤ ਫਜ਼ੂਲ ਖਰਚੀ, ਨਸ਼ੇ, ਵਿਖਾਵਾ, ਰੀਸੋ-ਰੀਸ ਖਰੀਦੀ ਮਹਿੰਗੀ ਮਸ਼ੀਨਰੀ ਆਦਿ ਸਿਰ ਜ਼ਿੰਮੇਵਾਰੀ ਮੜ੍ਹ ਕੇ ਇਸ ਦੇ ਪਰਦੇ ਹੇਠ ਢਕਣ ਦੀ ਕੋਸ਼ਿਸ਼ ਕਰਦੇ ਹਨ। ਅਸਲੀ ਮੁੱਦੇ ਤੋਂ ਪਰ੍ਹਾ ਜਾਣ ਦੀ ਚਤੁਰਾਈ ਦਿਖਾਉਂਦੇ ਹਨ। ਉਪਰੋਕਤ ਕਾਰਨ ਇੱਕਾ-ਦੁੱਕਾ ਕਿਸਾਨਾਂ ਲਈ ਸੱਚ ਹੋ ਸਕਦੇ ਹਨ, ਸਮੁੱਚੇ ਤੌਰ 'ਤੇ ਨਹੀਂ। ਆਮ ਕਿਸਾਨ ਪੀੜ੍ਹੀਆਂ ਤੋਂ, ਮੂੰਹ ਹਨ੍ਹੇਰੇ ਖੇਤ ਜਾਣ ਅਤੇ ਤਾਰਿਆਂ ਦੀ ਛਾਵੇਂ ਵਾਪਸ ਆਉਣ ਦੇ ਬਾਵਜੂਦ ਜੇ ਅੱਜ ਵੀ ਕਰਜ਼ਾ ਲਏ ਬਿਨਾਂ ਵਿਆਹ, ਮਕਾਨ, ਮਸ਼ੀਨਰੀ, ਬੱਚਿਆਂ ਦੀ ਪੜ੍ਹਾਈ ਵਰਗੇ ਕੰਮ ਜੇ ਕਰਨਯੋਗ ਨਹੀਂ ਰਹਿਣ ਦਿੱਤੇ ਤਾਂ ਇਸ ਦੇ ਕਾਰਨ ਚਲਾਕ ਜਮਾਤਾਂ ਜਾਹਰ ਹੋਣ ਹੀ ਨਹੀਂ ਦਿੰਦੀਆਂ। ਇਕ ਅਜਿਹਾ ਮੱਕੜ ਜਾਲ ਬਣਾ ਦਿੱਤਾ ਗਿਆ ਹੈ ਜਿਸ ਵਿਚ ਫਸ ਕੇ ਕਿਸਾਨੀ ਦਮ ਤੋੜਨ ਦੇ ਕੰਢੇ ਪਹੁੰਚ ਗਈ ਹੈ। ਮਲਾਈ ਛਕ ਗਏ ਹਨ, ਰਾਜ ਭਾਗ ਦੇ ਹਿੱਸੇਦਾਰ ਤੇ ਉਨ੍ਹਾਂ ਦਾ ਜੋਟੀਦਾਰ ਵਪਾਰੀ ਵਰਗ। 'ਜੱਟਾਂ ਦੇ ਕਾਰਾਂ 'ਤੇ ਚੜ੍ਹਨ' ਨੂੰ ਇਕ ਗੁਨਾਹ ਵਾਂਗ ਪ੍ਰਚਾਰਦੇ ਹਨ। ਇਹ ਲੋਕ ਇਹ ਵੀ ਜਾਣਦੇ ਹਨ ਕਿ ਜਿਹੜੇ ਕਿਸਾਨ ਖੁਦਕੁਸ਼ੀ ਤੱਕ ਪਹੁੰਚਦੇ ਹਨ, ਉਹ ਆਪਣੀ ਕਾਰ ਖਰੀਦਣ ਵਾਲੇ ਤਾਂ ਕੀ ਉਹ ਤਾਂ ਕਾਰ ਦੀ ਸਵਾਰੀ ਵੀ ਜ਼ਿੰਦਗੀ ਵਿਚ ਉਦੋਂ ਹੀ ਕਰ ਸਕੇ ਸਨ ਜਦੋਂ ਉਨ੍ਹਾਂ ਨੂੰ ਹੱਥਕੜੀ ਲਗਾ ਕੇ ਲਿਜਾਇਆ ਜਾਂਦਾ ਰਿਹਾ ਹੈ।

ਪਿਛਲੇ ਸਾਢੇ ਤਿੰਨ ਦਹਾਕਿਆਂ ਤੋਂ ਕਿਸਾਨੀ ਨੂੰ ਸਰਕਾਰੀ ਨੀਤੀਆਂ ਘੁਣ ਵਾਂਗ ਖਾ ਚੁੱਕੀਆਂ ਹਨ। ਰਹਿੰਦੀ-ਖੂੰਹਦੀ ਕਸਰ ਹੁਣ ਵਿਸ਼ਵ ਵਪਾਰ ਸੰਗਠਨ, ਵਿਸ਼ਵੀਕਰਨ, ਉਦਾਰੀਕਰਨ, ਨਿੱਜੀਕਰਨ ਅਤੇ ਅਮਰੀਕਾ ਵਰਗੇ ਸਾਮਰਾਜੀ ਮੁਲਕਾਂ ਨਾਲ ਯਾਰੀ ਨੇ ਕੱਢ ਦੇਣੀ ਹੈ। ਇਹ ਉਹੀ ਅਮਰੀਕਾ ਹੈ ਜਿਹੜਾ ਭਾਰਤੀ ਕਿਸਾਨ ਨੂੰ ਸਬਸਿਡੀ ਬੰਦ ਕਰਵਾਉਣ ਦਾ ਦਬਾਅ ਪਾਉਣ ਦੇ ਨਾਲ ਨਾਲ ਆਪਣੇ ਕਿਸਾਨ ਨੂੰ ਇਕ ਦਿਨ ਵਿਚ ਓਨੀ ਸਬਸਿਡੀ ਦੇਈ ਜਾ ਰਿਹਾ ਹੈ, ਜਿੰਨੀ ਭਾਰਤੀ ਕਿਸਾਨ ਨੂੰ ਪੂਰੇ ਸਾਲ ਵਿਚ ਵੀ ਨਹੀਂ ਮਿਲਦੀ।

ਜੱਟ ਦੀ ਸਵੈ-ਮਾਣ ਭਰੀ ਜ਼ਿੰਦਗੀ ਦੀ ਨਿਰਮਲ ਧਾਰਾ, ਖੁਦਕੁਸ਼ੀਆਂ ਵਰਗੀ ਅਤਿ ਨਿਰਾਸ਼ਤਾ ਭਰੀ ਡੂੰਘੀ ਖਾਈ ਵੱਲ ਨੂੰ ਕਿਵੇਂ ਵਗ ਤੁਰੀ, ਇਸ ਪਿੱਛੇ ਵੀ ਸੱਤਾ 'ਤੇ ਕਾਬਜ਼ ਸ਼ਕਤੀਆਂ ਦੀ ਮਿਲੀਭੁਗਤ ਹੀ ਕੰਮ ਕਰਦੀ ਹੈ। ਨਿਰਾਸ਼ਤਾ ਦੇ ਆਲਮ ਵਿਚ ਇਨਸਾਨ ਲੁਟੇਰਿਆਂ ਨੂੰ ਚੁਣੌਤੀ ਨਹੀਂ ਬਣਦਾ। ਅੱਜ ਪੰਜਾਬ ਦੇ ਜੁਝਾਰੂ ਵਿਰਸੇ ਦਾ ਮਾਨਸਿਕ ਠੁੰਮ੍ਹਣਾ ਤੋੜਨ ਲਈ ਕੋਈ ਰੜਕ ਨਹੀਂ ਛੱਡੀ ਜਾ ਰਹੀ। ਅਖੌਤੀ ਸਾਧ ਸੰਤਾਂ ਵੱਲੋਂ ਸੁਨਹਿਰੀ ਲੜੀਆਂ ਵਾਲੇ ਚੋਗੇ, ਰਫਲਾਂ, ਪਿਸਤੌਲ ਨਾਲ ਲੈ ਕੇ ਤੇ ਲੰਮੀਆਂ ਲੰਮੀਆਂ ਵਿਦੇਸ਼ੀ ਕਾਰਾਂ ਵਿਚ ਘੁੰਮਦੇ ਹੋਏ ਜੋ ਪ੍ਰਚਾਰ ਕਰਨ ਦਾ ਢੌਂਗ ਰਚਿਆ ਜਾ ਰਿਹਾ ਹੈ। ਇਹ ਪੇਂਡੂ ਕਿਸਾਨੀ ਵਿਚ ਹੀਣ ਭਾਵਨਾ ਨੂੰ ਹੋਰ ਡੂੰਘੇਰਾ ਕਰਦਾ ਹੈ। ਇਨ੍ਹਾਂ ਕਦੇ ਇਹ ਪ੍ਰਚਾਰ ਨਹੀਂ ਕੀਤਾ ਕਿ ਪੰਜਾਬ ਦੇ ਲੋਕੋ ! ਤੁਹਾਡਾ ਵਿਰਸਾ ਚਿੜੀਆਂ ਤੋਂ ਬਾਜਾਂ ਨੂੰ ਹੱਥ ਪਾ ਲੈਣ ਵਾਲਾ ਹੈ, ਗਿੱਦੜ ਬਣ ਖੁਦਕੁਸ਼ੀਆਂ ਕਰਨ ਦਾ ਨਹੀਂ, ਸਗੋਂ ਸ਼ੇਰ ਬਣ ਕੇ ਲੁਟੇਰੇ ਦੀ ਸ਼ਾਹ-ਰਗ 'ਤੇ ਪੰਜਾ ਖੋਭਣ ਵਾਲਾ ਹੈ। ਇਹ ਅਜਿਹਾ ਪ੍ਰਚਾਰ ਕਿਉਂ ਕਰਨ ? ਇਨ੍ਹਾਂ ਨੂੰ ਤਾਂ ਆਪ ਗਿੱਦੜ ਤੇ ਭੇਡਾਂ ਵਰਗੇ ਲੋਕ ਹੀ ਜ਼ਿਆਦਾ ਸੁਖਾਉਂਦੇ ਹਨ। ਇਨ੍ਹਾਂ ਲੋਕਾਂ ਨੇ ਪੰਜਾਬ ਦੇ ਮਹੌਲ ਵਿਚੋਂ ਮਾਨਸਿਕ-ਸਹਾਇਕ-ਤਾਣਾ-ਬਾਣਾ, ਜੋ ਅਸਾਡੇ ਵਿਰਸੇ ਵਿਚ ਸੀ, ਉਹ ਤੋੜ ਦਿੱਤਾ ਹੈ। ਜੱਟ 'ਵਿਚਾਰੇ' ਬਣਾ ਰੱਖੇ ਹਨ। ਕੀ ਕਦੇ ਕਿਸੇ ਨੇ ਇਨ੍ਹਾਂ ਦੇ ਪ੍ਰਚਾਰ ਵਿਚ ਕਿਸਾਨਾਂ ਲਈ ਕੋਈ ਹੌਸਲਾ ਵਧਾਊ ਜਾਂ ਇਨਕਲਾਬੀ ਸ਼ਬਦ ਸੁਣਿਆ ਹੈ ? ਗੁਰੂ ਗੋਬਿੰਦ ਸਿੰਘ ਜੀ ਦਾ ਮੱਤ ਸੀ ਕਿ-

*'ਕੋਹ ਕੋਹੂੰ ਕੋ ਰਾਜ ਨ ਦੇ ਹੈ*
*ਜੋ ਲੇ ਹੈ ਨਿੱਜ ਬਲ ਸੇ ਲੇ ਹੈ।'*

ਇਨ੍ਹਾਂ ਲੋਕਾਂ ਦਾ ਇਕੋ ਇਕ ਨਿਸ਼ਾਨਾ ਹੈ ਲੋਕਾਂ ਵਿਚ ਇਹ 'ਨਿੱਜ ਬਲ' ਪੈਦਾ ਨਾ ਹੋ ਜਾਏ, ਵਰਨਾ ਵਿਹਲੜ, ਨਿਕੰਮੇ ਤੇ ਲੁਟੇਰੇ ਲੋਕਾਂ ਲਈ ਐਸ਼ ਦਾ ਰਾਹ ਬੰਦ ਹੋ ਜਾਏਗਾ। ਅੱਜ ਹਰ ਥਾਂ ਹਰ ਕਿਸਮ ਦੇ ਮੀਡੀਆ ਰਾਹੀਂ 'ਅੰਧ ਵਿਸ਼ਵਾਸ' ਦੀ 'ਹੈਵੀ ਡੋਜ਼' ਪਰੋਸੀ ਜਾ ਰਹੀ ਹੈ। ਪੰਜਾਬੀਆਂ ਨੂੰ ਅੱਜ ਦੇ ਸ਼ੁਭ ਦਿਹਾੜੇ 'ਤੇ ਇਸ ਨਿੱਜ ਬਲ ਦਾ, ਨਿਤਾਣਿਆਂ ਲਈ ਤਾਣ ਦਾ, ਨਿਮਾਣਿਆਂ ਲਈ ਮਾਣ ਦਾ ਸੰਕਲਪ ਲੈਣਾ ਚਾਹੀਦਾ ਹੈ। ਤੁਸੀਂ ਹੀ ਉਹ ਲੋਕ ਹੋ ਜਿਨ੍ਹਾਂ ਨੇ ਖੈਬਰ ਦੇ ਦਰੇ ਬੰਦ ਕੀਤੇ ਸਨ। ਕੀ ਉਸੇ ਫਲਸਫੇ ਤੋਂ ਸਹਾਰਾ ਲੈ ਕੇ ਖੁਦਕੁਸ਼ੀਆਂ

ਕਰਨਾ ਹੈ ? ਕੀ ਇਕ ਪਾਏਦਾਰ-ਸਮਾਜਿਕ ਸਿਸਟਮ ਨਹੀਂ ਸਿਰਜਿਆ ਜਾ ਸਕਦਾ ਤਾਂ ਕਿ ਕੋਈ ਕਿਸਾਨ ਏਨੇ ਮਾਨਸਿਕ ਨਿਘਾਰ ਵਿਚ ਨਾ ਆਵੇ ਕਿ ਉਹ ਖੁਦਕੁਸ਼ੀ ਨੂੰ ਹੀ ਆਖਰੀ ਹੱਲ ਸਮਝੇ। ਕੀ ਉਸ ਅੰਦਰ ਉਹੀ ਪੁਰਾਣੀ ਸ਼ੇਰ ਦੀ ਭਬਕ ਪੈਦਾ ਨਹੀਂ ਕੀਤੀ ਜਾ ਸਕਦੀ ਤਾਂ ਕਿ ਕੁੱਤੀ ਚੋਰਾਂ ਨਾਲ ਨਾ ਰਲੇ। (ਜਿਵੇਂ ਹੁਣੇ ਬਰਨਾਲੇ ਇਲਾਕੇ ਦੇ ਪਿੰਡਾਂ ਵਿਚ ਕਿਸਾਨਾਂ ਨਾਲ ਹੋਇਆ ਤੇ ਹੋ ਰਿਹਾ ਹੈ) ਬਰਨਾਲੇ ਦੇ ਤਿੰਨ ਪਿੰਡਾਂ ਦੇ ਪਰਿਵਾਰਾਂ ਦੀ ਜ਼ਮੀਨ ਇਕ ਵਪਾਰੀ ਪਰਿਵਾਰ ਨੂੰ ਸਰਕਾਰ ਵੱਲੋਂ ਰੋਕ ਕੇ ਦੇ ਦਿੱਤੀ ਗਈ ਹੈ। ਵਪਾਰੀ ਸ਼ਰ੍ਹੇਆਮ ਕਹਿ ਰਿਹਾ ਹੈ ਕਿ ਜੇਕਰ ਸਾਰੀਆਂ ਰਾਜਨੀਤਕ ਪਾਰਟੀਆਂ ਕਹਿ ਦੇਣ ਕਿ ਜ਼ਮੀਨ ਵਾਪਸ ਕਰਦੇ, ਮੈਂ ਜ਼ਮੀਨ ਵਾਪਸ ਕਰ ਦਿਆਂਗਾ। ਅੱਜ ਉਹ ਕਿਸਾਨ ਜੋ ਵੱਟ ਵੱਢਣ ਪਿੱਛੋਂ ਕਤਲਾਂ ਤੱਕ ਪਹੁੰਚ ਜਾਂਦਾ ਸੀ, ਏਨਾ ਨਿਤਾਣਾ ਬਣਾ ਦਿੱਤਾ ਗਿਆ ਹੈ ਕਿ ਉਸ ਨੂੰ ਉਸ ਦੀ ਬੱਚਿਆਂ ਵਾਂਗ ਪਾਲੀ ਕਣਕ ਨਹੀਂ ਵੱਢਣ ਦਿੱਤੀ ਜਾ ਰਹੀ, ਪਸ਼ੂਆਂ ਲਈ ਪੱਠੇ ਨਹੀਂ ਵੱਢਣ ਦਿੱਤੇ ਜਾ ਰਹੇ ਤੇ ਕਿਰਸਾਂ, ਮਿਹਨਤਾਂ ਕਰਕੇ, ਕਰਜ਼ੇ ਲੈ ਕੇ ਲਾਏ ਬੋਰ, ਮੋਟਰਾਂ, ਬੰਬੀਆਂ, ਸੁਰੱਖਿਆ ਫੋਰਸਾਂ ਦੇ ਸਹਾਰੇ ਖੋਹ ਲਏ ਗਏ ਹਨ। ਅਖੇ! ਸਨਅਤ ਲੱਗੇਗੀ, ਰੁਜ਼ਗਾਰ ਮਿਲੇਗਾ। ਜੇਕਰ ਗੰਨਾ ਮਿੱਲ ਲਾਉਣੀ ਹੈ ਤਾਂ ਪਹਿਲੀਆਂ ਸਰਕਾਰੀ ਗੰਨਾ ਮਿੱਲਾਂ ਕਿਉਂ ਵੇਚ ਦਿੱਤੀਆਂ ? ਰੁਜ਼ਗਾਰ ਪੱਖੋਂ ਦੇਖਿਆ ਜਾਵੇ ਤਾਂ ਸਵੈਮਾਣ ਨਾਲ ਭਰਪੂਰ ਪੰਜਾਬੀ ਲੇਬਰ ਦੀ ਥਾਂ ਗਰੀਬੀ ਨਾਲ ਭੰਨੀ ਦੱਖਣ-ਪੂਰਬੀ ਭਾਰਤ ਦੀ ਲੇਬਰ, ਜੋ ਅੱਧੀ ਮਜ਼ਦੂਰੀ 'ਤੇ ਵੀ ਕੰਮ ਕਰਨ ਲਈ ਮਜਬੂਰ ਹੈ, ਹੀ ਲਾਈ ਜਾਵੇਗੀ। ਗੰਨਾ ਮਿੱਲ ਲਈ ਤਾਂ 17 ਏਕੜ ਹੀ ਜ਼ਮੀਨ ਚਾਹੀਦੀ ਹੈ, 400 ਏਕੜ ਕਿਸ ਲਈ ਹੈ ? ਅਸਲ ਵਿਚ ਇਹ ਸ਼ੁਰੂਆਤ ਹੈ। ਅਜੋਕੇ ਪ੍ਰਬੰਧ ਦੀਆਂ ਸੇਵਾਦਾਰ ਸਭ ਪਾਰਟੀਆਂ ਦੇ ਆਪਣੇ ਆਪਣੇ ਚਹੇਤੇ ਸਨਅਤਕਾਰ ਹਨ। ਉਨ੍ਹਾਂ ਲਈ ਰਾਹ ਖੁੱਲ੍ਹ ਰਿਹਾ ਹੈ।

ਅੱਜ ਪੂੰਜੀ ਦਾ ਖੂੰਖਾਰ ਦੈਂਤ, ਕਿਸਾਨੀ, ਜੋ ਕਿ ਭਾਰਤੀ ਲੋਕਾਂ ਦੀ ਤਿੰਨ ਚੌਥਾਈ ਆਬਾਦੀ ਦਾ ਜੱਦੀ ਪੁਸ਼ਤੀ ਰੁਜ਼ਗਾਰ ਤੇ ਕਲਚਰ ਹੈ, ਨੂੰ ਪੈ ਨਿਕਲਿਆ ਹੈ। ਗਿੱਦੜ ਬਣ ਕੇ, ਖੁਦਕੁਸ਼ੀਆਂ ਕਰਕੇ ਇਸ ਨੂੰ ਨਕੇਲ ਨਹੀਂ ਪਾਈ ਜਾਣੀ।

ਇਸ ਵਿਸਾਖੀ ਦੇ ਦਿਹਾੜੇ, ਵਿਰਸੇ ਨੂੰ ਯਾਦ ਕਰਦੇ ਹੋਏ ਸੰਕਲਪ ਲਓ ਕਿ ਹਾਰ ਕੇ ਨਹੀਂ ਬਹਿਣਾ। 'ਕਰਤਾ ਪੁਰਖ' ਹਾਰਿਆ ਨਹੀਂ ਕਰਦੇ। ਉਹ ਨਿਰਭਉ ਹਨ। ਇਹ ਸਭ ਤੁਹਾਡਾ ਹੀ ਬਣਾਇਆ ਹੋਇਆ ਹੈ। ਕੀ ਤੁਸੀਂ ਇਸ ਨੂੰ ਢਹਿੰਦਾ ਦੇਖ ਲਓਗੇ ? ਕਿਸਾਨੋ! ਤੁਹਾਡੀ ਸਹਾਇਤਾ ਲਈ ਕੋਈ ਅੰਬਰੋਂ ਨਹੀਂ ਆਏਗਾ। ਤੁਹਾਨੂੰ ਇਕ ਦੂਜੇ ਦਾ ਹੁੰਗਾਰਾ ਅਤੇ ਸਹਾਰਾ ਬਣਨਾ ਪਵੇਗਾ। 'ਸ਼ੁਭ ਕਰਮਨ' ਨਾਲੋਂ ਸਰੀਰ ਮਹਿੰਗਾ ਨਹੀਂ ਹੈ। ਜਾਗਰੂਕ ਹੋਵੋ, ਜਾਗਰੂਕ ਕਰੋ। ਇਸ ਸ਼ੁਭ ਦਿਹਾੜੇ 'ਤੇ ਹਰ ਵੰਨਗੀ ਦੀ ਗੁਲਾਮੀ ਦੀਆਂ ਜੰਜ਼ੀਰਾਂ ਤੋੜਨ ਦਾ ਪ੍ਰਣ ਲਓ। ਅੱਜ ਇਹ ਸਫਰ ਧਨੀ ਰਾਮ ਚਾਤ੍ਰਿਕ ਦੇ ਉਸ ਗੀਤ 'ਮਾਰਦਾ ਦਮਾਮੇ ਜੱਟ...' ਤੇ ਲਾਲਾ ਬਾਂਕੇ ਦਿਆਲ ਦੇ 'ਪਗੜੀ ਸੰਭਾਲ ਜੱਟਾ...' 'ਤੇ ਪਹੁੰਚ ਗਿਆ ਹੈ। ਜੱਟ ਦੀ ਪੱਗ ਪੰਜਾਬ ਦੀ ਪੱਗ ਹੈ....ਭਾਰਤ ਦੀ ਪੱਗ ਹੈ।

*ਘਰ ਬਣੇ ਸ਼ਮਸ਼ਾਨ :*

# ਕਰਜ਼ਿਆਂ ਮਾਰੀ ਵਿਸਾਖੀ

ਪੰਜਾਬ ਵਿੱਚ ਗੁਰੂਆਂ, ਪੀਰਾਂ, ਫਕੀਰਾਂ, ਪੈਗੰਬਰਾਂ, ਸ਼ਹੀਦਾਂ, ਭਗਤਾਂ ਤੇ ਸਿਰਲੱਥ ਸੂਰਮਿਆਂ ਦੀ ਯਾਦ 'ਚ ਆਏ ਦਿਨ ਮੇਲੇ ਲਗਦੇ ਹਨ ਪਰ ਵਿਸਾਖੀ ਦੀ ਖਾਸ ਮਹੱਤਤਾ ਹੈ। ਜੇਕਰ 13 ਅਪ੍ਰੈਲ 1699 ਦੀ ਵਿਸਾਖੀ ਨੂੰ ਧਾਰਮਿਕ ਪੱਖ ਨਾਲ ਜੋੜੀਏ ਤਾਂ 1919 ਦੀ ਉਹ 13 ਅਪ੍ਰੈਲ ਵੀ ਕਿਸੇ ਨੂੰ ਭੁੱਲੀ ਨਹੀਂ ਜਦੋਂ ਜਨਰਲ ਡਾਇਰ ਨੇ ਅੰਮ੍ਰਿਤਸਰ ਦੇ ਜਲ੍ਹਿਆਂ ਵਾਲੇ ਬਾਗ 'ਚ ਹਜ਼ਾਰਾਂ ਬੇਦੋਸ਼ਿਆਂ ਤੇ ਗੋਲੀਆਂ ਚਲਾ ਕੇ ਇਸ ਇਤਿਹਾਸ ਤੇ ਪਵਿੱਤਰ ਦਿਹਾੜੇ ਨੂੰ ਲਾਲੋ ਲਾਲ ਕਰ ਦਿੱਤਾ ਸੀ। ਦੂਜੇ ਪਾਸੇ ਇਹ ਇੱਕੋ-ਇੱਕ ਵਿਸਾਖੀ ਦਾ ਦਿਹਾੜਾ ਹੀ ਹੈ ਜੋ ਸਿੱਧੇ ਤੌਰ 'ਤੇ ਕਿਸਾਨੀ ਨਾਲ ਜੁੜਿਆ ਹੋਇਆ ਹੈ।

ਜੇਕਰ ਕਿਸਾਨੀ ਦੇ ਸੰਕਟ 'ਤੇ ਝਾਤ ਮਾਰੀਏ ਤਾਂ ਇੰਝ ਲਗਦਾ ਹੀ ਨਹੀਂ ਕਿ ਧਨੀ ਰਾਮ ਚਾਤ੍ਰਿਕ ਦੀ ਕਵਿਤਾ ਅਨੁਸਾਰ ਕਿਸਾਨ ਕਦੇ ਕਰਜ਼ੇ ਉਤਾਰ ਕੇ ਤੇ ਫਸਲਾਂ 'ਚੋਂ ਮੁਨਾਫੇ ਕਮਾ ਕੇ ਨੱਚਦਾ ਹੋਇਆ ਵਿਸਾਖੀ ਦੇ ਮੇਲੇ 'ਤੇ ਗਿਆ ਹੋਵੇਗਾ, ਉਹ ਇਕ ਕਲਪਨਾ ਹੀ ਜਾਪਦੀ ਹੈ। ਅੱਜ ਦਾ ਕਿਸਾਨ ਤਾਂ ਸ਼ਾਹੂਕਾਰਾਂ ਦੇ ਕਰਜ਼ੇ ਤੋਂ ਮੁਕਤ ਨਹੀਂ ਹੋ ਰਿਹਾ। ਕਵਿਤਾ ਦਾ ਪਾਤਰ ਦਮਾਮੇ ਮਾਰਦਾ ਹੋਇਆ ਜੱਟ (ਕਿਸਾਨ) ਅੱਜ ਖ਼ੁਦਕੁਸ਼ੀਆਂ ਦੇ ਰਾਹ ਪਿਆ ਹੋਇਆ ਹੈ। ਇੱਕ ਅਰਬ ਦੀ ਅਬਾਦੀ ਵਾਲੇ ਦੇਸ਼ ਦੇ ਲੋਕਾਂ ਦਾ ਢਿੱਡ ਭਰਨ ਵਾਲੇ ਪੰਜਾਬ ਦੇ ਜਾਇਆਂ ਨੂੰ ਅੱਜ ਕਰਜ਼ੇ ਦੀ ਬੋਝਲ ਪੰਡ ਨੇ ਐਨਾ ਦਬੋਚ ਲਿਆ ਹੈ ਕਿ ਹੁਣ ਉਹ ਆਪਣੇ ਸੁਭਾਅ ਤੋਂ ਉਲਟ ਖੁਦਕੁਸ਼ੀਆਂ ਦਾ ਰਸਤਾ ਅਖਤਿਆਰ ਕਰਨ ਲਈ ਮਜਬੂਰ ਹਨ। ਪੰਜਾਬ ਦੀ ਆਰਥਿਕਤਾ ਮੁੱਖ ਤੌਰ 'ਤੇ ਖੇਤੀਬਾੜੀ 'ਤੇ ਹੀ ਅਧਾਰਿਤ ਰਹੀ ਹੈ। ਭਾਂਵੇਂ ਪੋਹ ਮਾਘ ਦੇ ਮਹੀਨੇ ਦੀਆਂ ਠੰਡੀਆਂ ਰਾਤਾਂ ਹੋਣ ਜਾਂ ਜੇਠ-ਹਾੜ੍ਹ ਦੇ ਦੁਪਹਿਰ, ਕਿਸਾਨ ਦਾ ਪਸੀਨਾ ਖੇਤ 'ਚ ਹੀ ਵਿਹਾ। ਜਦੋਂ ਖੇਤੀ ਮਾਹਿਰਾਂ ਨੇ 'ਦੱਬ ਕੇ ਵਾਹ ਤੇ ਰੱਜ ਕੇ ਖਾਹ' ਦਾ ਨਾਅਰਾ ਦਿੱਤਾ ਤਾਂ ਪੰਜਾਬ ਦੇ ਕਿਸਾਨ ਨੇ ਹਜ਼ਾਰਾਂ ਏਕੜ ਬੰਜਰ ਭੋਇੰ ਨੂੰ ਵਾਹੀਯੋਗ ਬਣਾਇਆ। ਖੇਤੀਬਾੜੀ ਯੂਨੀਵਰਸਿਟੀ ਦੇ ਹੋਂਦ 'ਚ ਆਉਣ, ਖੇਤੀ ਵਿਗਿਆਨੀਆਂ ਦੀਆਂ ਨਵੀਆਂ ਤਕਨੀਕਾਂ ਅਤੇ ਕਿਸਾਨਾਂ ਦੀ ਮਿਹਨਤ ਏਨਾ ਰੰਗ ਲਿਆਈ ਕਿ ਪੰਜਾਬ ਦੇ ਕਿਸਾਨ ਦੀ ਹਿੰਦੋਸਤਾਨ 'ਚ ਹੀ ਨਹੀਂ ਸੱਤ ਸਮੁੰਦਰੋਂ ਪਾਰ ਵੀ ਬੱਲੇ-ਬੱਲੇ ਹੋਣ ਲੱਗੀ। ਸਿੱਟੇ ਵਜੋਂ ਦੇਸ਼ 'ਚ ਹਰੀ ਕ੍ਰਾਂਤੀ ਆਈ ਤੇ ਖੇਤੀਬਾੜੀ ਦੇ ਕਿੱਤੇ ਦਾ ਪੂਰਨ ਤੌਰ 'ਤੇ ਮਸ਼ੀਨੀਕਰਨ ਹੋ ਗਿਆ। ਖੇਤੀਬਾੜੀ 'ਚ ਆਏ ਇਸ ਨਵੇਂ ਇਨਕਲਾਬ ਸਦਕਾ ਕਣਕ ਅਤੇ ਝੋਨੇ ਦੀਆਂ

ਫਸਲਾਂ 'ਚ ਰਿਕਾਰਡ ਵਾਧਾ ਹੋਇਆ। ਵੇਖਦਿਆਂ-ਵੇਖਦਿਆਂ ਕੇਂਦਰ ਸਰਕਾਰ ਦੇ ਤਿਆਰ ਕੀਤੇ ਵੱਡੇ-ਵੱਡੇ ਅਨਾਜ ਭੰਡਾਰ ਨੱਕੋ-ਨੱਕ ਭਰ ਗਏ। ਸਿੱਟੇ ਵਜੋਂ ਸਥਿਤੀ ਇਹ ਪੈਦਾ ਹੋ ਗਈ ਹੈ ਕਿ ਅਨਾਜ ਨੂੰ ਸਾਂਭਣਾ ਮੁਸ਼ਕਲ ਹੋ ਗਿਆ ਹੈ।

ਇਸ ਦਾ ਨਤੀਜਾ ਤਾਂ ਇਹ ਚਾਹੀਦਾ ਸੀ ਕਿ ਅਜੇਹਾ ਕ੍ਰਿਸ਼ਮਾ ਕਰਨ ਵਾਲਿਆਂ ਦੇ ਵਿਹੜੇ ਖੁਸ਼ੀਆਂ ਭਰੀਆਂ ਧਮਾਲਾਂ ਪੈਂਦੀਆਂ ਪਰ ਹੋਇਆ ਇਹ ਕਿ ਪੰਜਾਬ ਦੀ ਕਿਸਾਨੀ ਇਸ ਵੇਲੇ ਗੰਭੀਰ ਆਰਥਿਕ ਸੰਕਟ 'ਚੋਂ ਗੁਜਰ ਰਹੀ ਹੈ। ਵਧ ਰਿਹਾ ਆਰਥਿਕ ਸੰਕਟ ਕਿਸਾਨੀ ਦੀਆਂ ਵੱਖ-ਵੱਖ ਪਰਤਾਂ ਤੇ ਭਾਰੀ ਅਸਰ ਪਾ ਰਿਹਾ ਹੈ। ਪੰਜਾਬ ਅੰਦਰ ਕਰਜ਼ੇ ਦੀ ਮਾਰ ਹੇਠ ਆਏ ਕਿਸਾਨਾਂ ਵੱਲੋਂ ਆਏ ਦਿਨ ਕੀਤੀਆਂ ਜਾ ਰਹੀਆਂ ਆਤਮ-ਹੱਤਿਆਵਾਂ ਨੇ ਖੇਤੀ ਖੇਤਰ ਵਿੱਚ ਗਹਿਰੇ ਹੋ ਰਹੇ ਸੰਕਟ ਨੂੰ ਹੋਰ ਵੀ ਉਘਾੜ ਕੇ ਸਾਹਮਣੇ ਲਿਆਂਦਾ ਹੈ। ਆਂਧਰਾ ਪ੍ਰਦੇਸ਼ ਦੇ ਵਾਰੰਗਲ ਜ਼ਿਲ੍ਹੇ ਦੇ ਕਿਸਾਨਾਂ ਦੀਆਂ ਆਤਮ-ਹੱਤਿਆਵਾਂ ਤੋਂ ਉੱਭਰ ਕੇ ਸਾਹਮਣੇ ਆਇਆ ਇਹ ਸਿਲਸਿਲਾ ਅਜੇ ਬੇਰੋਕ-ਟੋਕ ਜਾਰੀ ਹੈ। ਜਮਹੂਰੀ ਅਧਿਕਾਰ ਸਭਾ ਪੰਜਾਬ ਵੱਲੋਂ 8 ਕੁ ਸਾਲ ਪਹਿਲਾਂ ਸੂਬੇ ਦੇ ਚਾਰ ਜ਼ਿਲ੍ਹਿਆਂ ਪਟਿਆਲਾ, ਸੰਗਰੂਰ, ਬਠਿੰਡਾ ਅਤੇ ਮਾਨਸਾ ਦੇ 29 ਪਿੰਡਾਂ ਦੇ ਉਹਨਾਂ 79 ਪਰਿਵਾਰਾਂ (ਜਿਨ੍ਹਾਂ ਪਰਿਵਾਰਾਂ ਦੇ ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ) ਦੇ ਕੀਤੇ ਸਰਵੇ ਮੁਤਾਬਕ ਇਨ੍ਹਾਂ ਕਿਸਾਨਾਂ ਦੀਆਂ ਆਤਮ-ਹੱਤਿਆਵਾਂ ਪਿੱਛੇ ਮੁੱਖ ਕਾਰਨ ਕਰਜ਼ਾ ਹੀ ਹੈ। ਕਈ ਲੋਕ ਇਹਨਾਂ ਆਤਮ-ਹੱਤਿਆਵਾਂ ਦੇ ਕਾਰਨ ਘਰੇਲੂ ਕਲੇਸ਼ ਤੇ ਮਹਿਜ ਕੁਦਰਤੀ ਕਰੋਪੀ ਕਾਰਨ ਫਸਲਾਂ ਦੀ ਹੋਈ ਤਬਾਹੀ ਦੱਸ ਰਹੇ ਹਨ ਜਾਂ ਫਿਰ ਕਿਸਾਨਾਂ ਨੂੰ ਦੋਸ਼ੀ ਠਹਿਰਾਉਂਦੇ ਹਨ ਕਿ ਉਨ੍ਹਾਂ ਨੇ ਕਣਕ/ ਚੌਲਾਂ ਦੇ ਫ਼ਸਲੀ ਚੱਕਰ 'ਚ ਵਿਭਿੰਨਤਾ ਨਹੀਂ ਲਿਆਂਦੀ ਜਾਂ ਕਿਸਾਨਾਂ ਨੇ ਕਰਜ਼ਿਆਂ ਦਾ ਵੱਡਾ ਹਿੱਸਾ ਗੈਰ ਉਪਜਾਊ ਕੰਮਾਂ (ਵਿਆਹ ਸ਼ਾਦੀਆਂ ਆਦਿ) ਉੱਪਰ ਖਰਚ ਕੀਤਾ। ਇਸ ਤਰ੍ਹਾਂ ਅਜੋਕੇ ਸੰਕਟ ਦੇ ਹੱਲ ਲਈ ਕਦੇ ਫਸਲੀ ਚੱਕਰ 'ਚ ਵਿਭਿੰਨਤਾ ਲਿਆਉਣ, ਕਦੇ ਸਹਾਇਕ ਧੰਦੇ ਅਪਨਾਉਣ, ਇੱਕ ਹੋਰ ਚਿੱਟਾ ਇਨਕਲਾਬ ਲਿਆਉਣ ਇਜਰਾਈਲੀ ਗਊਆਂ ਪਾਲਣ ਅਤੇ ਕਦੇ ਕਿਸਾਨਾਂ ਨੂੰ ਫਸਲੀ ਬੀਮਾਂ ਜਾਂ ਕਰਜ਼ਾ ਕਾਰਡ ਦਾ ਲੁਭਾਉਣਾ ਨਾਅਰਾ ਦਿੱਤਾ ਜਾਂਦਾ ਹੈ। ਅਜਿਹਾ ਸਭ ਕੁੱਝ ਕਰਕੇ ਹਰੇ ਇਨਲਾਬ ਤਹਿਤ ਅਪਣਾਈਆਂ ਉਹਨਾਂ ਨੀਤੀਆਂ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਜਿਨ੍ਹਾਂ ਨੀਤੀਆਂ ਦੀ ਬਦੌਲਤ ਸਾਮਰਾਜੀ ਬਹੁਕੌਮੀ ਕੰਪਨੀਆਂ ਤੇ ਉਹਨਾਂ ਦੇ ਯਾਰ ਭਾਰਤੀ ਦਲਾਲ ਸਰਮਾਏਦਾਰਾਂ ਤੇ ਸੂਦਖੋਰਾਂ ਪੂੰਜੀ ਦੀ ਬੇਰੋਕ ਲੁੱਟ ਨੇ ਹਰੇ ਇਨਕਲਾਬ ਵਾਲੇ ਖਿੱਤਿਆਂ ਦੇ ਕਿਸਾਨਾਂ ਵੱਲੋਂ ਕੀਤੀ ਬੇਅਥਾਹ ਪੈਦਾਵਾਰ ਦੇ ਸਾਰੇ ਫਲਾਂ ਨੂੰ ਹੜੱਪ ਲਿਆ।

1960 ਤੋਂ 1990 ਤੱਕ ਖੇਤੀ ਲਾਗਤਾਂ 'ਚ ਵਾਧਾ 10 ਫੀਸਦੀ ਦੀ ਦਰ ਨਾਲ ਹੋਇਆ ਜਦੋਂ ਕਿ ਖੇਤੀ ਉਤਾਪਦਨ ਦੀਆਂ ਕੀਮਤਾਂ 'ਚ 4.04 ਫੀਸਦੀ ਦੀ ਦਰ ਨਾਲ ਹੀ ਹੋਇਆ। ਇਸ ਤਰ੍ਹਾਂ ਖੇਤੀ ਖਰਚੇ ਅਤੇ ਖੇਤੀ ਆਮਦਨ ਵਿੱਚ ਪਾੜਾ ਪੈਂਦਾ ਗਿਆ। ਖੇਤੀ ਨੂੰ ਚੱਲਦਾ ਰੱਖਣਾ ਅਤੇ ਇਸ ਖੱਪੇ ਨੂੰ ਪੂਰਾ ਕਰਨ ਲਈ ਕਿਸਾਨ ਕੋਲ ਇੱਕੋ ਰਾਸਤਾ ਹੈ। ਇਸ

ਤਰ੍ਹਾਂ ਹਰਾ ਇਨਕਲਾਬ ਸਾਡੀ ਖੇਤੀ ਦੇ ਵਿਕਾਸ ਦਾ ਸਾਧਨ ਨਾ ਬਣ ਕੇ ਸਾਮਰਾਜੀ ਤੇ ਉਸ ਦੇ ਦਲਾਲ ਭਾਰਤੀ ਸਰਮਾਏਦਾਰਾਂ ਤੇ ਜਗੀਰੂ ਲੁੱਟ ਦਾ ਸੰਦ ਸਾਬਤ ਹੋਇਆ।

1992-93 ਦੇ ਅੰਕੜਿਆਂ ਮੁਤਾਬਕ ਸੂਬੇ ਦੇ ਕੁੱਲ ਪੈਦਾਵਾਰ ਦਾ 47 ਫੀਸਦੀ ਹਿੱਸਾ ਖੇਤੀ ਵਿੱਚੋਂ ਆਉਂਦਾ ਹੈ। ਮੈਨੂਫੈਕਚਰਿੰਗ ਦਾ ਹਿੱਸਾ ਸਿਰਫ 17. 4 ਫੀਸਦੀ ਹੈ। ਜਦਕਿ ਭਾਰਤ ਵਿੱਚ ਔਸਤਨ ਇਸ ਦਾ ਹਿੱਸਾ 20. 6 ਫੀਸਦੀ ਹੈ। ਇਨ੍ਹਾਂ ਕਾਰਨਾਂ ਕਰਕੇ ਹੀ ਪੰਜਾਬ ਦੀ 70 ਫੀਸਦੀ ਆਬਾਦੀ ਜੋ ਪੇਂਡੂ ਹੈ ਗੰਭੀਰ ਬੇਰੋਜ਼ਗਾਰੀ ਦਾ ਸਾਹਮਣਾ ਕਰ ਰਹੀ ਹੈ। ਇਸ ਲਈ ਹਰੇ ਇਨਕਲਾਬ ਦੀ ਬਦੌਲਤ ਪੈਦਾ ਹੋਏ ਸਰਮਾਏ ਨੂੰ ਬੈਂਕਾਂ ਅਤੇ ਸਟਾਕ ਮਾਰਕੀਟ ਦੇ ਜਰੀਏ ਭਾਰਤੀ ਵੱਡੇ ਸਰਮਾਏਦਾਰ ਤੇ ਸਾਮਰਾਜੀਆਂ ਨੇ ਨਿਚੋੜ ਲਿਆ ਹੈ ਜਾਂ ਫਿਰ ਕਿਸਾਨ ਦਾ ਖੂਨ ਨਿਚੋੜਨ ਲਈ ਸੂਦਖੋਰੀ ਪੂੰਜੀ ਬਣ ਗਿਆ ਹੈ। ਅੱਜ ਜਦੋਂ ਭਾਰਤੀ ਹਾਕਮ ਸਾਡੀ ਸੰਕਟਗ੍ਰਸਤ ਖੇਤੀ ਆਰਥਿਕਤਾ ਨੂੰ ਸੰਸਾਰ ਵਪਾਰ ਸੰਸਥਾ ਦੀਆਂ ਨੀਤੀਆਂ ਨਾਲ ਬੰਨ ਰਹੇ ਹਨ ਤਾਂ ਕੀ ਇਹ ਨੀਤੀਆਂ ਭਾਰਤੀ ਹਾਕਮਾਂ ਦੇ ਵਾਅਦਿਆਂ ਦੇ ਉਲਟ ਸਾਡੀ ਖੇਤੀ ਆਰਥਿਕਤਾ ਵਿੱਚ ਤਬਾਹੀ ਨਹੀਂ ਲਿਆਉਣਗੀਆਂ।

ਪੰਜਾਬ ਦੇ ਸਹਿਕਾਰਤਾ ਵਿਭਾਗ ਵੱਲੋਂ ਦਹਾਕਾ ਪਹਿਲਾਂ ਕਰਵਾਏ ਇੱਕ ਸਰਵੇ ਮੁਤਾਬਕ ਪੰਜ ਏਕੜ ਤੱਕ ਦੀ ਮਾਲਕੀ ਵਾਲੇ ਕਿਸਾਨ ਸਿਰ ਕੁੱਲ ਕਰਜ਼ਾ 80000 ਦੇ ਕਰੀਬ ਸੀ ਤੇ ਇਹ ਕਰਜ਼ਾ ਪ੍ਰਤੀ ਏਕੜ 16 ਹਜ਼ਾਰ ਦੇ ਲਗਭਗ ਬਣਦਾ ਸੀ। ਇਸ ਤੋਂ ਅੱਗੇ 5 ਏਕੜ ਤੋਂ 10 ਏਕੜ ਜ਼ਮੀਨ ਦੀ ਮਾਲਕੀ ਵਾਲਾ ਕਿਸਾਨ ਇਸ ਸਮੇਂ 40000 ਰੁਪਏ ਦਾ ਲਗਭਗ ਦਾ ਕਰਜ਼ਾਈ ਸੀ ਇਸ ਦੀ ਔਸਤਨ ਪ੍ਰਤੀ ਏਕੜ 6000 ਤੋਂ ਵੱਧ ਬਣਦੀ ਹੈ। ਇਸੇ ਤਰ੍ਹਾਂ 10 ਤੋਂ 15 ਏਕੜ ਜ਼ਮੀਨ ਦੀ ਮਾਲਕੀ ਵਾਲੇ ਕਿਸਾਨ ਸਿਰ ਤਕਰੀਬਨ 85 ਹਜ਼ਾਰ ਤੋਂ ਵਧੇਰੇ ਦਾ ਕਰਜ਼ਾ ਸੀ ਜਿਸ ਦੀ ਔਸਤ ਪ੍ਰਤੀ ਏਕੜ 4 ਹਜ਼ਾਰ ਦੇ ਕਰੀਬ ਬਣਦੀ ਸੀ। 15 ਏਕੜ ਤੋਂ ਵਧੇਰੇ ਜ਼ਮੀਨ ਵਾਲੇ ਕਿਸਾਨ ਸਿਰ ਤਕਰੀਬਨ ਪੌਣੇ ਦੋ ਲੱਖ ਰੁਪਏ ਦੇ ਕਰੀਬ ਦਾ ਕਰਜ਼ਾ ਹੈ ਤੇ ਇਸ ਕਰਜ਼ੇ ਦੀ ਔਸਤ ਪ੍ਰਤੀ ਏਕੜ 4000 ਤੋਂ ਵੱਧ ਬਣਦੀ ਸੀ। ਇਨ੍ਹਾਂ ਅੰਕੜਿਆਂ ਤੋਂ ਇੱਕ ਗੱਲ ਸਪੱਸ਼ਟ ਹੈ ਕਿ ਕਿਸਾਨੀ ਦਾ ਕੋਈ ਵੀ ਵਰਗ ਕਰਜ਼ੇ ਦੀ ਮਾਰ ਤੋਂ ਨਹੀਂ ਬਚ ਸਕਿਆ। ਕਿਸਾਨਾਂ ਸਿਰ ਚੜ੍ਹੇ ਕੁੱਲ 6000 ਕਰੋੜ ਦੇ ਕਰਜ਼ੇ 'ਚੋਂ 47 ਫੀਸਦੀ ਕਰਜ਼ਾ ਸ਼ਾਹੂਕਾਰਾਂ ਤੇ ਆੜ੍ਹਤੀਆਂ ਦਾ ਹੀ ਹੈ। 27. 14 ਫੀਸਦੀ ਸਹਿਕਾਰੀ ਸਭਾਵਾਂ ਤੇ ਬੈਂਕਾਂ ਅਤੇ 19. 42 ਫੀਸਦੀ ਵਪਾਰਕ ਬੈਂਕਾਂ ਦਾ ਕਰਜ਼ਾ ਸੀ। ਅਜੋਕੇ ਸਮੇਂ 'ਚ ਕਿਸਾਨੀ ਸਿਰ ਕੁੱਲ ਕਰਜ਼ੇ ਦਾ ਭਾਰ 25000 ਕਰੋੜ ਤੱਕ ਪਹੁੰਚ ਗਿਆ ਹੈ।

ਇਸ ਆਰਥਿਕ ਵਰਤਾਰੇ ਨੇ ਪੇਂਡੂ ਲੋਕਾਂ ਦੇ ਆਪਸੀ ਭਾਈਚਾਰੇ ਨੂੰ ਵੀ ਕਾਫੀ ਸੱਟ ਮਾਰੀ ਹੈ। ਇੱਕ ਦੂਜੇ ਨਾਲ ਜੋ ਮੋਹ ਸੀ ਹੁਣ ਘਟ ਗਿਆ ਹੈ। ਇਸ ਦੀ ਥਾਂ ਨਿੱਜਵਾਦ ਅਤੇ ਮੁਕਾਬਲੇ ਨੇ ਲੈ ਲਈ ਹੈ। ਇਸ ਆਰਥਿਕ ਦੌੜ ਵਿੱਚ ਜੋ ਪਿੱਛੇ ਰਹਿ ਜਾਂਦਾ ਹੈ ਹੁਣ ਭਾਈਚਾਰਾ ਉਸ ਦੀ ਮਦਦ ਨਹੀਂ ਕਰਦਾ। ਹਰ ਵਿਅਕਤੀ ਨੂੰ ਆਪਣੇ ਆਪ ਨੂੰ ਖੁਦ ਹੀ ਸੰਭਾਲਣਾ

ਪੈਂਦਾ ਹੈ। ਪੁਰਾਣੇ ਸਮੇਂ ਵਿੱਚ ਜੋ ਸੀਰੀ ਕਿਸੇ ਕਿਸਾਨ ਨਾਲ ਕੰਮ ਕਰਦਾ ਸੀ ਉਸ ਦੇ ਨਕਾਰਾ ਹੋਣ ਜਾਂ ਬਿਮਾਰ ਹੋ ਜਾਣ 'ਤੇ ਕਿਸਾਨ ਉਸ ਦਾ ਧਿਆਨ ਰੱਖਣਾ ਆਪਣਾ ਫਰਜ਼ ਸਮਝਦਾ ਸੀ। ਹੁਣ ਮਾਲਕ ਦਾ ਮੁੱਖ ਧਿਆਨ ਪੈਸੇ ਦੇ ਕੇ ਕੰਮ ਕਰਾਉਣ ਵੱਲ ਹੈ। ਜਦੋਂ ਕੋਈ ਨੌਕਰ ਕੰਮ ਕਰਨ ਜੋਗਾ ਨਹੀਂ ਰਹਿੰਦਾ ਤਾਂ ਉਸ ਦੀ ਥਾਂ ਹੋਰ ਕਾਮਾ ਲੱਭ ਲਿਆ ਜਾਂਦਾ ਹੈ। ਇਕੱਲੇਪਣ ਦਾ ਹੀ ਫਿਕਰ ਕਿਸਾਨੀ ਦੇ ਵੱਡੇ ਹਿੰਸੇ ਨੂੰ ਅਤੇ ਖੇਤ ਮਜ਼ਦੂਰਾਂ ਨੂੰ ਖਾਈ ਜਾ ਰਿਹਾ ਹੈ। ਉਹ ਆਪਣੇ ਆਪ ਨੂੰ ਸੰਕਟ 'ਚ ਫਸਿਆ ਮਹਿਸੂਸ ਕਰ ਰਹੇ ਹਨ। ਅੱਜ ਸੰਕਟ 'ਚ ਫਸਿਆ ਕਿਸਾਨ ਆਪਣੀ ਜ਼ਮੀਨ ਜਿਸ ਨੂੰ ਕਦੇ ਉਹ ਆਪਣੀ ਮਾਂ ਦਾ ਦਰਜਾ ਦਿੰਦਾ ਸੀ, ਕੌਡੀਆਂ ਦੇ ਭਾਅ ਵੇਚਣ ਲਈ ਮਜ਼ਬੂਰ ਹੋਇਆ ਪਿਆ ਹੈ। ਮਿਹਨਤਕਸ਼ ਵਰਗ ਦੀ ਜ਼ਮੀਨ ਹੁਣ ਧਨਾਢ ਕਿਸਾਨਾਂ, ਆੜ੍ਹਤੀਆਂ, ਸੂਦਖੋਰਾਂ, ਵੱਡੀਆਂ ਕੰਪਨੀਆਂ ਅਫ਼ਸਰਸ਼ਾਹੀ ਤੇ ਸਿਆਸੀ ਜੀਵਨ ਹੰਢਾਉਂਦੇ ਚੌਧਰੀਆਂ ਤੇ ਦੋ ਨੰਬਰ ਦੀ ਕਮਾਈ ਕਰਦੇ ਰਿਸ਼ਵਤਖੋਰਾਂ ਦੇ ਹੱਥ 'ਚ ਜਾ ਰਹੀ ਹੈ।

ਕਿਸਾਨਾਂ ਵੱਲੋਂ ਸੀਰੀ ਰੱਖਣ ਦਾ ਰੁਝਾਨ ਮੁੱਢ ਕਦੀਮੀਓਂ ਹੀ ਚਲਿਆ ਆ ਰਿਹਾ ਹੈ। ਪਿਛਲੇ ਸਮਿਆਂ 'ਚ ਸੀਰੀ ਕਿਸਾਨ ਦੇ ਪਰਿਵਾਰਕ ਮੈਂਬਰ ਨਾਲੋਂ ਵੀ ਵੱਧ ਕੇ ਸੀ ਕਿਉਂਕਿ ਜਿਹੜੇ ਦੁੱਖ ਕਿਸਾਨ ਸੀਰੀ ਨਾਲ ਸਾਂਝੇ ਕਰਦਾ ਸੀ ਉਹ ਪੁੱਤਾਂ ਧੀਆਂ ਕੋਲ ਵੀ ਨਹੀਂ ਸੀ ਫਰੋਲਦਾ। ਅੱਜ ਜੇ ਕਿਸਾਨ ਕਰਜ਼ਾਈ ਹੈ ਤਾਂ ਉਸ ਦਾ ਸੀਰੀ ਵੀ ਕਰਜ਼ੇ ਦੀ ਮਾਰ ਤੋਂ ਬਚਿਆ ਨਹੀਂ। ਅੱਜ ਖੇਤਾਂ ਦੇ ਬੰਨਿਆਂ ਤੇ ਜੱਟਾਂ ਦੇ ਹਾਸੇ ਨਹੀਂ ਖਿੜਦੇ ਸਿਰਫ ਮੁਰਝਾਏ ਹੋਏ ਚਿਹਰਿਆਂ ਦੀਆਂ ਝੁਰੜੀਆਂ, ਉਦਾਸੀ ਦਾ ਪ੍ਰਛਾਵਾਂ ਹਨ। ਅੱਜ ਮੋਟਰਾਂ, ਟਰੈਕਟਰਾਂ ਅਤੇ ਹੋਰ ਸਾਧਨਾਂ ਨੂੰ ਵੇਖਦਿਆਂ ਕਿਸਾਨ ਬੜਾ ਅਮੀਰ ਲੱਗਦਾ ਹੈ ਪਰ ਇਸ ਦੇ ਪੱਲੇ ਕੱਖ ਨਹੀਂ ਹੈ ਜੇ ਹੈ ਤਾਂ ਕਰਜ਼ੇ ਦੀ ਭਾਰੀ ਪੰਡ। ਅੱਜ ਪੰਜਾਬ ਦੀ ਧਰਤੀ ਦਾ ਸਮਾਜੀ ਯਥਾਰਥ ਇਹ ਬਣ ਗਿਆ ਹੈ ਕਿ

*ਆਈ ਵਿਸਾਖੀ, ਹਾਏ ਵਿਸਾਖੀ!*
*ਕਣਕਾਂ ਦੀ ਥਾਂ ਦਾਤੀ ਮੇਰੇ ਪੁੱਤਰਾਂ ਦੇ ਗਲ ਪਈ*
*ਵੇ ਮੈਂ ਵਸਦੀ ਉੱਜੜ ਗਈ!!*

ਕਰਜ਼ਿਆਂ ਦੇ ਭੰਨੇ ਖੁਦਕੁਸ਼ੀਆਂ ਕਰ ਰਹੇ ਚਾਰ ਸੂਬਿਆਂ (ਜਿਸ 'ਚ ਪੰਜਾਬ ਨੂੰ ਸ਼ਾਮਲ ਨਹੀਂ ਕੀਤਾ) ਦੇ 31 ਜ਼ਿਲ੍ਹਿਆਂ ਲਈ 2717 ਕਰੋੜ ਦੀ ਰਕਮ ਐਲਾਨੀ ਗਈ। ਨਤੀਜਾ ਇਹ ਨਿਕਲਿਆ ਕਿ ਖੁਦਕੁਸ਼ੀਆਂ ਦਾ ਸਿਲਸਿਲਾ ਜਾਰੀ ਹੈ। ਜਦੋਂ ਕਿ ਪੰਜਾਬ ਦੇ ਹੀ ਕਰਜ਼ੇ ਦੀ ਕੁੱਲ ਰਕਮ 25,000 ਕਰੋੜ ਰੁਪਏ ਬਣਦੀ ਹੈ। ਕੇਂਦਰ ਸਰਕਾਰ ਨੇ ਕਿਸੇ ਕਿਸਮ ਦਾ ਰਾਹਤ ਪੈਕੇਜ ਦੇਣ ਤੋਂ ਪੱਲਾਂ ਝਾੜ ਦਿੱਤਾ। ਉਲਟਾ ਕੁਰਕੀਆਂ ਕਰਨ ਲਈ ਹਾਕਮ ਝੁੱਟੀਆਂ ਲੈ ਲੈ ਪੈਂਦੇ ਹਨ। ਜਥੇਬੰਦ ਕਿਸਾਨ ਤਾਕਤ ਦੇ ਜ਼ੋਰ ਕਿੰਨੇ ਹੀ ਥਾਵਾਂ ਤੋਂ ਕੁਰਕੀ ਕਰਨ ਆਈਆਂ ਹਕੂਮਤੀ ਪਲਟਣਾਂ ਨੂੰ ਪਿਛਲਖੁਰੀ ਮੋੜਿਆ ਗਿਆ।

*ਲੱਗੀ ਨਜ਼ਰ ਪੰਜਾਬ ਨੂੰ :*

# ਕਿਉਂ ਦੁੱਲਾ ਜੱਟ ਪੰਜਾਬ ਦਾ, ਪੈ ਗਿਆ ਖੁਦਕੁਸ਼ੀਆਂ ਦੇ ਰਾਹ

ਅੱਜ ਤੋਂ ਲੱਗਭਗ ਦਹਾਕਾ ਪਹਿਲਾਂ ਪਿੰਡਾਂ 'ਚ ਨੇੜੇ ਹੋ ਕੇ ਕਿਸਾਨੀ ਸੰਕਟ ਦੇ ਕੀਤੇ ਸਰਵੇਖਣ ਮੁਤਾਬਕ ਇਹ ਲੇਖ ਲਿਖਿਆ। ਇਸ ਨੂੰ ਉਸ ਸਮੇਂ ਦੇ ਪਰਸੰਗ 'ਚ ਹੀ ਪੜ੍ਹਨ, ਸਮਝਣ ਦੀ ਲੋੜ ਹੈ। ਅੱਜ ਇਸ ਦੀ ਮਹੱਤਤਾ ਇਹ ਹੈ ਕਿ ਉਸ ਵੇਲੇ ਖੁਦਕੁਸ਼ੀਆਂ ਦੇ ਬਹੁਤ ਹੀ ਸਤਹੀ ਕਾਰਨ ਟਿੱਕੇ ਜਾ ਰਹੇ ਸਨ। ਇਥੇ ਹੀ ਬੱਸ ਨਹੀਂ ਸਗੋਂ ਉਲਟਾ ਕਿਸਾਨੀ ਨੂੰ ਹੀ ਕਰਜ਼ੇ ਦਾ ਜ਼ਿੰਮੇਵਾਰ ਠਹਿਰਾਇਆ ਜਾਂਦਾ ਸੀ। ਇਸ ਦੀ ਲੱਗ-ਲਬੇੜ ਅਜੇ ਤੱਕ ਵੀ ਕਈ 'ਵਿਦਵਾਨਾਂ' ਦੇ ਨਤੀਜਿਆਂ ਦਾ ਆਧਾਰ ਬਣਦੀ ਹੈ, ਜਿਹੜੇ ਤੱਥ-ਵਿਹੂਣੇ ਸਿੱਟੇ ਕੱਢ ਕੇ ਕਿਸਾਨੀ ਨੂੰ ਐਸ਼ੋ ਇਸ਼ਰਤ, ਵਿਆਹ-ਸ਼ਾਦੀਆਂ ਤੇ ਅੱਡੀਆਂ ਚੁੱਕ ਕੇ ਖਰਚੇ ਕਰਨ ਦੀ ਦੋਸ਼ੀ ਗਰਦਾਨਦੇ ਹਨ। ਫਸਲੀ ਵਿਭਿੰਨਤਾ ਨਾ ਅਪਨਾਉਣ ਲਈ ਕੋਸਦੇ ਹਨ। ਜਿਹੜੇ ਮਰਜ਼ ਦੇ ਅਸਲ ਕਾਰਨਾਂ ਉੱਤੇ ਉਂਗਲ ਨਹੀਂ ਧਰਦੇ। ਸੂਦਖੋਰਾਂ, ਬੈਂਕਾਂ ਦੇ ਕਰਜ਼ੇ, ਮਹਿੰਗੀ ਖਾਦ, ਤੇਲ, ਮਸ਼ੀਨਰੀ, ਬੀਜ ਕੀਟ ਅਤੇ ਨਦੀਨ ਨਾਸ਼ਕ ਦਵਾਈਆਂ ਦੀਆਂ ਅੰਬਰ ਚੋਂਹਦੀਆਂ ਕੀਮਤਾਂ ਜਿਨ੍ਹਾਂ ਦੀ ਐਨਕ ਵਿਚੀਂ ਪੜ੍ਹੀਆਂ ਨਹੀਂ ਜਾਂਦੀਆਂ। ਜਿਨ੍ਹਾਂ ਨੂੰ ਖੇਤਾਂ, ਮੰਡੀਆਂ 'ਚ ਰੁਲਦੀਆਂ ਅਤੇ ਕੌਡੀਆਂ ਦੇ ਭਾਅ ਲੁੱਟੀਆਂ ਜਾਂਦੀਆਂ ਧਾਹਾਂ ਮਾਰਦੀਆਂ ਜਿਣਸਾਂ ਦੀ ਗਾਥਾ ਸੁਣਾਈ ਨਹੀਂ ਦਿੰਦੀ। ਅੱਜ ਕੋਠੇ ਚੜ੍ਹ ਕੇ ਬੋਲਦੀਆਂ ਹਕੀਕਤਾਂ ਨੇ ਤਾਂ ਸਭ ਕੁਝ ਸਾਹਮਣੇ ਲੈ ਆਂਦਾ ਹੈ ਕਿ ਕਿਸਾਨ ਦੀ ਕੰਗਾਲੀ ਦਾ ਦੋਸ਼ੀ ਅਸਲ 'ਚ ਅਜੋਕਾ ਰਾਜ ਪ੍ਰਬੰਧ ਹੈ। ਕਿਸਾਨੀ ਦੇ 'ਸੰਜਮ' ਨਾਲ ਜੁੜਦੇ ਪੱਖ ਦੋਮ ਕਰਜ਼ੇ ਦਾ ਸਥਾਨ ਹੀ ਰੱਖਦੇ ਹਨ। ਉਨ੍ਹਾਂ 'ਚ ਕਫਾਇਤ ਅਤੇ ਵਿਉਂਤਬੰਦੀ ਦੀ ਤਰਤੀਬ ਵੀ ਅਸਾਵੇਂ ਆਰਥਕ-ਸਮਾਜਕ ਪ੍ਰਬੰਧ ਦੇ ਕਜ਼ ਦੂਰ ਕਰਨ ਦੀ ਡੋਰ ਨਾਲ ਜੁੜੀ ਹੋਈ ਹੈ।

ਇਸ ਲੇਖ 'ਚ ਪਿੰਡ-ਪਿੰਡ ਖੁਦਕੁਸ਼ੀਆਂ ਕਰ ਗਏ ਕਿਸਾਨਾਂ ਦੀ ਲਿਸਟ ਦਾ ਵੇਰਵਾ ਅੱਜ ਲੰਮਾ ਜਾਂ ਕਿਸੇ ਹੱਦ ਤੱਕ ਪੁਰਾਣਾ, ਬੇਲੋੜਾ ਜਾਪ ਸਕਦਾ ਹੈ ਪਰ ਉਸ ਵੇਲੇ ਸਰਕਾਰ, ਪ੍ਰਸ਼ਾਸਨ, ਕਈ ਹਕੂਮਤੀ ਬੋਲੀ ਬੋਲਦੇ ਅਰਥ ਸ਼ਾਸਤਰੀਆਂ ਲਈ ਵੀ ਅਜੇਹੇ ਸ਼ੀਸ਼ੇ ਦੀ ਲੋੜ ਸੀ। ਕਿਉਂਕਿ ਉਨ੍ਹਾਂ ਦਿਨਾਂ 'ਚ ਕਿਸਾਨਾਂ ਦੀ ਖੁਦਕੁਸ਼ੀ ਨੂੰ ਪਰਿਵਾਰਕ ਰੱਟੇ ਕਲੇਸ਼, ਝਗੜੇ ਜਾਂ ਮਾਨਸਿਕ ਰੋਗਾਂ ਦੇ ਖਾਤੇ ਚਾੜ੍ਹ ਕੇ ਆਈ ਗਈ ਕਰਨ ਦੀ ਪ੍ਰਵਿਰਤੀ ਵੀ ਜ਼ੋਰਾਂ 'ਤੇ ਸੀ। ਅਜੇਹੇ ਧੁੰਦਲਕੇ 'ਚ ਤੱਥ ਭਰੀਆਂ ਰਿਪੋਰਟਾਂ 'ਤੇ ਅਧਾਰਤ ਲਿਖੇ ਇਸ ਲੇਖ ਨੇ ਕਿਸਾਨੀ

ਕਰਜ਼ੇ ਦੀ ਦਰਦ ਪਰੁੰਨੀ ਵਿਥਿਆ ਨੂੰ ਬਹੁਤ ਦੂਰ-ਅੰਦੇਸ਼ੀ ਨਾਲ ਭਾਂਪਣ ਦਾ ਯਤਨ ਕੀਤਾ ਗਿਆ।

"ਲੱਗੀ ਨਜ਼ਰ ਪੰਜਾਬ ਨੂੰ ਕੋਈ ਨਜ਼ਰ ਉਤਾਰੋ, ਲੈ ਕੇ ਮਿਰਚਾਂ ਕੌੜੀਆਂ ਇਹਦੇ ਸਿਰ ਤੋਂ ਵਾਰੋ" ਪੰਜਾਬੀ ਦੇ ਪ੍ਰਸਿੱਧ ਸ਼ਾਇਰ ਸੁਰਜੀਤ ਪਾਤਰ ਦੀਆਂ ਇਹ ਸਤਰਾਂ ਪੰਜਾਬ ਦੀ ਮੌਜੂਦਾ ਤ੍ਰਾਸਦੀ ਦੀ ਸ਼ਾਹਦੀ ਭਰਦੀਆਂ ਹਨ। ਤਕਰੀਬਨ ਡੇਢ ਦਹਾਕਾ ਅੱਤਵਾਦ ਦੀ ਭੱਠੀ 'ਚ ਭੁੱਜਣ ਤੋਂ ਬਾਅਦ ਪੰਜਾਬ ਅੱਜ ਫਿਰ ਬੜੇ ਹੀ ਖ਼ਤਰਨਾਕ ਮੋੜ 'ਤੇ ਖੜ੍ਹਾ ਹੈ। ਅੱਜ ਸਭਨਾਂ ਦੇ ਮਨਾਂ 'ਤੇ ਇਕੋ ਸਵਾਲ ਹੈ ਕਿ ਦੇਸ਼ ਦੇ ਅੰਨਦਾਤੇ ਦਾ ਕੀ ਬਣੇਗਾ। ਕੁਦਰਤ ਦੀ ਅਜੀਬ ਹੋਣੀ ਦੇਖੋ ਜਿਹੜੀ ਕੌਮ ਨੇ ਅਹਿਮਦ ਸ਼ਾਹ ਅਬਦਾਲੀ ਵਰਗੇ ਜ਼ਾਲਮਾਂ ਦੇ ਹਮਲਿਆਂ ਨੂੰ ਪਛਾੜਿਆ ਤੇ ਅੱਜ ਮੌਤ ਨੂੰ ਗਲ ਲਾ ਰਹੇ ਹਨ। ਕਰਜ਼ੇ ਦੀ ਪੰਡ ਭਾਰੀ ਹੋਣ ਕਰਕੇ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਪੰਜਾਬ ਦੇ ਇੱਕ ਵਿਸ਼ੇਸ਼ ਖਿੱਤੇ ਦੇ ਪਿੰਡ ਤਾਂ ਇਓਂ ਖਾਲੀ ਹੋ ਰਹੇ ਹਨ ਜਿਵੇਂ ਕੋਈ ਪਲੇਗ ਦੀ ਬਿਮਾਰੀ ਪੈ ਗਈ ਹੋਵੇ। ਇਹਨਾਂ ਪਿੰਡਾਂ 'ਚ ਅੱਜ ਸ਼ਮਸ਼ਾਨ ਭੂਮੀ ਵਰਗੀ ਚੁੱਪ ਪਸਰੀ ਹੋਈ ਹੈ। ਅਨੇਕਾਂ ਪਰਿਵਾਰਾਂ ਦਾ ਨਾਮੋ ਨਿਸ਼ਾਨ ਮਿਟ ਗਿਆ ਤੇ ਅਣਗਿਣਤ ਪਰਿਵਾਰ ਅਜਿਹੇ ਹਨ ਜਿੰਨ੍ਹਾਂ ਦੇ ਸਿਰਾਂ 'ਤੇ ਮੌਤ ਦੇ ਕਾਲੇ ਬੱਦਲ ਮੰਡਰਾ ਰਹੇ ਹਨ। ਬਥੇਰੀਆਂ ਖੋਜਾਂ ਹੋਈਆਂ ਅਰਥ ਸ਼ਾਸ਼ਤਰੀਆਂ ਨੇ ਮੱਥਾ ਮਾਰਿਆ। ਸਮਾਜ ਸੇਵੀ ਸੰਸਥਾਵਾਂ ਨੇ ਵੀ ਕਿਸਾਨਾਂ ਦੀ ਆਵਾਜ ਸਰਕਾਰ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਪਰ ਹੁਕਮਰਾਨਾਂ ਦੇ ਕੰਨੀਂ ਅਜੇ ਤਾਈਂ ਜੂੰ ਨਹੀਂ ਸਰਕੀ। ਪੰਜਾਬ ਦੇ ਕਿਸਾਨ ਦੀ ਪਤਲੀ ਪੈ ਚੁੱਕੀ ਆਰਥਿਕ ਹਾਲਤ ਅਤੇ ਕਰਜ਼ਿਆਂ ਦੀ ਪੰਡ ਭਾਰੀ ਹੋਣ ਕਰਕੇ ਔਸਤਨ ਹਰ ਦੂਜੇ ਤੀਜੇ ਦਿਨ ਇੱਕ ਕਿਸਾਨ ਖੁਦਕੁਸ਼ੀ ਕਰ ਰਿਹਾ ਹੈ। ਬਹੁਤੀਆਂ ਖੁਦਕੁਸ਼ੀਆਂ ਤਾਂ ਕਿਸੇ ਰਿਕਾਰਡ 'ਚ ਹੀ ਨਹੀਂ ਆਉਂਦੀਆਂ ਜੋ ਸਾਹਮਣੇ ਆਉਂਦੀਆਂ ਹਨ ਉਹਨਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਸਰਕਾਰ ਵੱਲੋਂ ਸਿਰਫ ਇਹੀ ਕਹਿ ਕੇ ਟਾਲਿਆ ਜਾ ਰਿਹਾ ਹੈ ਕਿ ਇਹ ਮੌਤਾਂ ਕਰਜਿਆਂ ਕਰਕੇ ਨਹੀਂ ਬਲਕਿ ਹੋਰ ਕਾਰਨਾਂ ਕਾਰਨ ਹੋਈਆਂ ਹਨ।

ਆਤਮ ਹੱਤਿਆਵਾਂ ਵਿਚ ਪੰਜਾਬ ਦਾ ਸਭ ਤੋਂ ਮੋਹਰੀ ਜ਼ਿਲ੍ਹਾ ਸੰਗਰੂਰ ਹੈ। ਗੁਆਂਢੀ ਰਾਜ ਹਰਿਆਣਾ ਦੀ ਹੱਦ ਨਾਲ ਲਗਦੇ ਇਲਾਕਿਆਂ ਲਹਿਰਾਗਾਗਾ ਅਤੇ ਅਨਦਾਨਾਂ ਦੇ ਅਣਗਿਣਤ ਪਿੰਡਾਂ ਵਿਚ ਹੁਣ ਤੱਕ ਇੱਕ ਹਜਾਰ ਦੇ ਕਰੀਬ ਆਤਮ ਹੱਤਿਆਵਾਂ ਦੇ ਮਾਮਲੇ ਸਾਹਮਣੇ ਆ ਚੁੱਕੇ ਹਨ। ਇਸ ਖੇਤਰ ਦੇ ਪਿੰਡਾਂ ਚੋਟੀਆਂ, ਬੰਗਾਂ, ਮੂਣਕ, ਲੇਹਲ ਕਲਾਂ, ਬਖੋਰਾ ਕਲਾਂ, ਚੂੜਲ ਕਲਾਂ, ਚੂੜਲ ਖੁਰਦ, ਬੁਸੈਹਰਾ, ਖਨੌਰੀ, ਸੰਗਤਪੁਰਾ, ਆਲਮਪੁਰ, ਬਾਦਲਗੜ੍ਹ, ਡੂਡੀਆਂ, ਘੋੜਾਨਬ, ਹਰਿਆਊ, ਲਹਿਰਾਗਾਗਾ, ਮਹਾਂ ਸਿੰਘ ਵਾਲਾ, ਮਨਿਆਣਾ, ਰਾਏਧਰਾਣਾ, ਰਾਜਲਹੇੜੀ, ਰਾਮਪੁਰਾ ਜਵਾਹਰਵਾਲਾ, ਸੰਗਤੀਵਾਲਾ, ਠਸਕਾ, ਬਖੋਰਾ ਖੁਰਦ, ਚੱਠਾ ਗੋਬਿੰਦਪੁਰਾ, ਗੰਢੂਆਂ, ਖਨੌਰੀ ਖੁਰਦ, ਲਦਾਲ, ਫਤਿਹਗੜ੍ਹ, ਕਾਲ ਬਨਜਾਰਾ, ਢੀਂਡਸਾ, ਬਾਹਮਣੀਵਾਲਾ, ਰੋਗਲਾ, ਖੋਖਰ, ਰੋੜੇਵਾਲਾ ਆਦਿ ਵਿਚ ਸੈਂਕੜੇ

ਮੌਤਾਂ ਹੋਈਆਂ ਤੇ ਅਜੇ ਵੀ ਹੋ ਰਹੀਆਂ ਹਨ।

ਇਸ ਇਲਾਕੇ ਦਾ ਪਿੰਡ ਬੱਲਰਾਂ ਅਜਿਹਾ ਹੈ ਕਿ ਇੱਥੋਂ ਦੇ ਤਕਰੀਬਨ ਤਿੰਨ ਦਰਜ਼ਨ ਵਿਅਕਤੀ ਸਿਰਫ ਆਰਥਿਕ ਤੰਗੀਆਂ ਤੁਰਸ਼ੀਆਂ ਅਤੇ ਕਰਜ਼ੇ ਕਾਰਨ ਆਤਮ ਹੱਤਿਆਵਾਂ ਕਰ ਗਏ। ਕਈ ਪਰਿਵਾਰਾਂ ਦਾ ਤਾਂ ਨਾਮੋ ਨਿਸ਼ਾਨ ਹੀ ਮਿਟ ਗਿਆ ਹੈ ਤੇ ਕਈ ਅਜੇ ਵੀ ਵਕਤ ਨੂੰ ਧੱਕਾ ਦੇ ਰਹੇ ਹਨ। ਇਸ ਪਿੰਡ ਦੇ ਕਈ ਪਰਿਵਾਰਾਂ ਦੀ ਹਾਲਤ ਦੇਖ ਕੇ ਪੱਥਰ ਦਿਲ ਵੀ ਪਿਘਲ ਕੇ ਮੋਮ ਬਣ ਜਾਂਦਾ ਹੈ ਪਰ ਲੋਕ ਹੈਰਾਨ ਹਨ ਕਿ ਸਰਕਾਰ ਅਜੇ ਤੱਕ ਕਿਉਂ ਨਹੀਂ ਜਾਗੀ। ਬੱਲਰਾਂ ਦੇ ਮਹਿੰਦਰ ਸਿੰਘ ਦੇ ਪਰਿਵਾਰ ਦਾ ਅੱਜ ਪਿੰਡ 'ਚ ਨਾਮੋ ਨਿਸ਼ਾਨ ਹੀ ਨਹੀਂ। ਮਹਿੰਦਰ ਸਿੰਘ ਨੇ ਚਾਈਂ ਚਾਈਂ ਆਪਣੇ ਦੋ ਪੁੱਤਰਾਂ ਜੈਲੇ ਤੇ ਸੀਤੇ ਦੀ ਸ਼ਾਦੀ ਕੀਤੀ ਪਰ ਹੋਣੀ ਮਾਰ ਦੇਖੋ ਜਦੋਂ ਕਰਜੇ ਦੀ ਪੰਡ ਭਾਰੀ ਹੋ ਗਈ ਤਾਂ ਦੋਨੋਂ ਪੁੱਤਰ ਵਾਰੀ ਵਾਰੀ ਆਤਮ ਹੱਤਿਆ ਕਰ ਗਏ ਤੇ ਉਹਨਾਂ ਦੀਆਂ ਪਤਨੀਆਂ ਨੂੰ ਮੁੜ ਆਪਣੇ ਪੇਕੇ ਜਾਣਾ ਪਿਆ। ਸਰਕਾਰ ਕਹਿੰਦੀ ਹੈ ਇਹ ਆਤਮ ਹੱਤਿਆਵਾਂ ਕਰਜ਼ੇ ਕਾਰਨ ਨਹੀਂ ਹੋਈਆਂ ਪਰ ਇਸੇ ਪਿੰਡ ਦੇ ਗੁਰੇ ਦੀ ਕਹਾਣੀ ਸਰਕਾਰ ਨੂੰ ਮੂੰਹ ਚਿੜਾਉਂਦੀ ਹੈ। ਤਿੰਨ ਸਾਲ ਪਹਿਲਾਂ ਗੁਰੇ ਨੇ ਜਦੋਂ ਆਤਮ ਹੱਤਿਆ ਕੀਤੀ ਤਾਂ ਉਹ ਕੂਕ ਕੂਕ ਕੇ ਆਖ ਰਿਹਾ ਸੀ "ਉਏ ਲੋਕੋ ਮੈਂ ਮਰ ਰਿਹੈਂ ਕਿਉਂਕਿ ਮੈਂ 40,000 ਰੁਪਏ ਦਾ ਕਰਜ਼ਾਈ ਹਾਂ ਤੇ ਇਸ ਨੂੰ ਉਤਾਰ ਨਹੀਂ ਸਕਦਾ।" ਇਹੀ ਬਿਆਨ ਗੁਰੇ ਨੇ ਹਸਪਤਾਲ 'ਚ ਜਾ ਕੇ ਡਾਕਟਰਾਂ ਨੂੰ ਦਿੱਤਾ। ਗੁਰੇ ਦਾ ਨਵਾਂ ਨਵਾਂ ਵਿਆਹ ਹੋਇਆ ਸੀ ਤੇ ਉਸ ਦੀ ਮੌਤ ਦੇ ਬਾਅਦ ਅੱਗੇ ਹਨੇਰਾ ਦੇਖ ਪਤਨੀ ਪੇਕੇ ਚਲੀ ਗਈ।

ਬੱਲਰਾਂ ਪਿੰਡ ਦੇ ਹੀ ਬਜ਼ੁਰਗ ਭਾਗ ਸਿੰਘ ਦੇ ਪੁੱਤਰ ਸ਼ੇਰੇ ਦੇ ਘਰ ਵੀ ਅੱਜ ਜਿੰਦਰਾ ਲੱਗ ਚੁੱਕਾ ਹੈ। ਕਰਜੇ ਦੇ ਭਾਰ ਕਾਰਨ ਪਹਿਲਾਂ ਸ਼ੇਰੇ ਨੇ ਆਤਮ ਹੱਤਿਆ ਕਰ ਲਈ ਉਸ ਤੋਂ ਬਾਅਦ ਉਸ ਦੇ 14 ਵਰ੍ਹਿਆਂ ਦੇ ਪੁੱਤਰ ਨੇ ਵੀ ਖੁਦਕੁਸ਼ੀ ਕਰ ਲਈ। ਅਖੀਰ ਜਦੋਂ ਕੋਈ ਸਹਾਰਾ ਨਾ ਰਿਹਾ ਤਾਂ ਸ਼ੇਰੇ ਦੀ ਪਤਨੀ ਨੇ ਵੀ ਮੌਤ ਨੂੰ ਗਲ ਲਾ ਲਿਆ। ਇਸੇ ਪਿੰਡ ਦਾ ਬਜ਼ੁਰਗ ਨਾਇਬ ਸਿੰਘ ਵੀ ਅੱਜ ਦਰ-ਦਰ ਦੀਆਂ ਠੋਕਰਾਂ ਖਾ ਰਿਹਾ ਹੈ। ਪਤਨੀ ਗੁਰਦੇਵ ਕੌਰ ਪਹਿਲਾਂ ਕੈਂਸਰ ਦੀ ਬਿਮਾਰੀ ਨਾਲ ਮਰ ਗਈ ਜਿਸ ਦੇ ਇਲਾਜ ਤੇ ਲੱਖਾਂ ਰੁਪਏ ਰੋਹੜੇ ਉਸ ਤੋਂ ਬਾਅਦ ਚਾਰ ਕੁੜੀਆਂ ਵਿਆਹੀਆਂ ਤਿੰਨ ਏਕੜ ਜ਼ਮੀਨ ਵਿਕੀ ਤੇ ਕਰਜ਼ਾ ਫਿਰ ਵੀ ਬੇਸ਼ੁਮਾਰ ਹੀ ਰਿਹਾ। ਅੰਤ ਇਕਲੌਤਾ ਪੁੱਤਰ ਗੁਰਚਰਨ ਉਰਫ ਕਾਲਾ ਖੁਦਕੁਸ਼ੀ ਕਰ ਗਿਆ। ਨਾਇਬ ਸਿੰਘ ਦਾ ਅੱਜ ਕੋਈ ਸਹਾਰਾ ਨਹੀਂ।

"ਬੇ ਭਾਈ ਬਥੇਰੇ ਅਖਬਾਰਾਂ ਵਾਲੇ ਤੇ ਸਰਕਾਰਾਂ ਵਾਲੇ ਆਉਂਦੇ ਨੇ ਸਾਡੇ ਕੋਲ ਮੇਰੇ ਤਿੰਨ ਪੁੱਤ ਖੁਦਕੁਸ਼ੀ ਕਰ ਗਏ ਤੇ ਹੁਣ ਅਸੀਂ ਬਾਕੀ ਬਚੇ ਜੀ ਜਿੰਦਾ ਲਾਸ਼ਾਂ ਬਣੇ ਫਿਰਦੇ ਹਾਂ।" ਦਿਨ ਨੂੰ ਹਿਲਾਉਣ ਵਾਲੇ ਇਹ ਬੋਲ ਸਨ ਮਾਈ ਮੁਖਤਿਆਰ ਕੌਰ ਦੇ। ਤਿੰਨ ਕੁ ਸਾਲ ਪਹਿਲਾਂ ਇਸ ਪਰਿਵਾਰ ਨੇ ਦਰਸ਼ਨ ਸਿੰਘ ਦਾ ਵਿਆਹ ਰੱਖਿਆ, ਵਿਆਹ ਖਾਤਰ ਜਦੋਂ ਆੜ੍ਹਤੀਏ ਨੇ ਪੈਸੇ ਨਾ ਦਿੱਤੇ ਤਾਂ ਦਰਸ਼ਨ ਨੇ ਖੁਦਕੁਸ਼ੀ ਕਰ ਲਈ। ਦਰਸ਼ਨ ਦੀ ਮੰਗੇਤਰ ਨੂੰ

ਛੋਟੇ ਭਾਈ ਕਾਕੇ ਨਾਲ ਵਿਆਹ ਦਿੱਤਾ। ਕਬੀਲਦਾਰੀ ਦੇ ਬੋਝ ਨਾਲ ਕਰਜ਼ੇ ਦੀ ਪੰਡ ਭਾਰੀ ਹੋ ਗਈ ਜਿਸ ਨੂੰ ਨਾ ਸਹਿੰਦਾ ਹੋਇਆ ਕਾਕਾ ਵੀ ਖੁਦਕੁਸ਼ੀ ਕਰ ਗਿਆ। ਮੁਖਤਿਆਰ ਕੌਰ ਦਾ ਤੀਜਾ ਪੁੱਤਰ ਨਛੱਤਰ ਇਹਨਾਂ ਦੋਹਾਂ ਤੋਂ ਪਹਿਲਾਂ ਕਰਜ਼ੇ ਕਾਰਨ ਹੀ ਖੁਦਕੁਸ਼ੀ ਕਰ ਗਿਆ ਸੀ। ਹੁਣ ਇਸ ਪਰਿਵਾਰ 'ਚ ਤਿੰਨ ਔਰਤਾਂ ਅਤੇ ਇੱਕ ਮਰਦ ਮੈਂਬਰ ਮੇਵਾ ਸਿੰਘ ਜਿਸ ਦੀ ਵੀ ਦਿਮਾਗੀ ਹਾਲਤ ਠੀਕ ਨਹੀਂ ਇੱਕ ਤਰ੍ਹਾਂ ਨਾਲ ਮੌਤ ਦੇ ਸਾਏ ਹੇਠ ਹੀ ਜਿਓਂ ਰਹੇ ਹਨ। ਇਸ ਪਰਿਵਾਰ ਦੀਆਂ ਔਰਤਾਂ ਨੂੰ ਦਿਨੋਂ ਦਿਨ ਇਹ ਝੋਰਾ ਲੱਗਿਆ ਰਹਿੰਦਾ ਹੈ ਕਿ ਜੇਕਰ ਮੇਵਾ ਵੀ ਖੁਦਕੁਸ਼ੀ ਕਰ ਗਿਆ ਤਾਂ ਸਾਡਾ ਕੀ ਬਣੂ। ਪੰਜ ਏਕੜ ਜ਼ਮੀਨ 'ਚੋਂ ਅੱਧੀ ਵਿਕ ਗਈ ਹੈ। ਕਾਲਾ ਸਿੰਘ ਪੁੱਤਰ ਕਰਨੈਲ ਸਿੰਘ, ਕਰਨੈਲ ਸਿੰਘ ਬਲਵੰਤ ਸਿੰਘ, ਸ਼ਿੱਬੂ ਪੁੱਤਰ ਬਚਨਾ ਸਿੰਘ, ਬਘੇਲ ਸਿੰਘ ਪੁੱਤਰ ਮੋਤੀ ਸਿੰਘ, ਜੰਟਾ ਸਿੰਘ, ਪੁੱਤਰ ਮੋਤੀ ਸਿੰਘ ਅਤੇ ਜੰਟਾ ਸਿੰਘ ਦੀ ਪਤਨੀ ਰੌਸ਼ਨੀ, ਰਾਮਫਲ ਪੁੱਤਰ ਜਨਕ ਸਿੰਘ ਅਤੇ ਮੇਵਾ ਸਿੰਘ ਪੁੱਤਰ ਸੁਖਦੇਵ ਸਿੰਘ ਆਦਿ ਕਿਸਾਨ ਅਤੇ ਖੇਤ ਮਜ਼ਦੂਰ ਪਿੰਡ ਬੱਲਰਾਂ ਦੇ ਉਹ ਹਨ ਜਿੰਨ੍ਹਾਂ ਨੇ ਕਰਜ਼ੇ ਕਾਰਨ ਹੀ ਖੁਦਕੁਸ਼ੀਆਂ ਕੀਤੀਆਂ।

ਜਦੋਂ ਵੀ ਕੋਈ ਸੂਟਡ ਬੂਟਡ ਵਿਅਕਤੀ ਇਹਨਾਂ ਪਿੰਡਾਂ 'ਚ ਜਾਂਦਾ ਹੈ ਤਾਂ ਲੋਕਾਂ ਦੇ ਜ਼ਖ਼ਮ ਹਰੇ ਹੋ ਜਾਂਦੇ ਹਨ ਤੇ ਲੋਕ ਆਖਦੇ ਹਨ ਕਿ ਅੱਜ ਫਿਰ ਕੋਈ ਸਾਡੇ ਜ਼ਖਮਾਂ 'ਤੇ ਨਮਕ ਛਿੜਕਣ ਆ ਗਿਆ ਹੈ। ਕੇਂਦਰ ਦੀਆਂ ਏਜੰਸੀਆਂ ਇੱਥੋਂ ਤੱਕ ਕਿ ਕਈ ਬਾਹਰਲੇ ਦੇਸ਼ਾਂ ਦੀਆਂ ਏਜੰਸੀਆਂ ਵੀ ਇਹਨਾਂ ਪਿੰਡਾਂ ਦੇ ਸਰਵੇ ਕਰ ਚੁੱਕੀਆਂ ਹਨ ਪਰ ਅੱਜ ਤੱਕ ਇਹਨਾਂ ਜ਼ਖ਼ਮੀ ਪਰਿਵਾਰਾਂ 'ਤੇ ਕਿਸੇ ਨੇ ਮਰਹਮ ਪੱਟੀ ਨਹੀਂ ਕੀਤੀ। ਪਿੰਡ ਚੋਟੀਆਂ ਦੀ ਸੱਥ 'ਚ ਬੈਠੇ ਬਜੁਰਗਾਂ ਨਾਲ ਜਦੋਂ ਕਰਜ਼ਈ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਦੀ ਗੱਲ ਛੇੜੀ ਤਾਂ ਕਈਆਂ ਦਾ ਗੱਚ ਭਰ ਆਇਆ ਕਿਉਂਕਿ ਇਹਨਾਂ ਬਜੁਰਗਾਂ 'ਚੋਂ ਕਈਆਂ ਦੇ ਗੱਭਰੂ ਪੁੱਤਾਂ ਨੂੰ ਕਰਜ਼ੇ ਨੇ ਨਿਗਲ ਲਿਆ ਹੈ। ਖੁਦਕੁਸ਼ੀਆਂ ਦਾ ਨਾਂ ਲੈਂਦਿਆਂ ਹੀ ਪਹਿਲਾਂ ਤਾਂ ਇਹ ਲੋਕ ਤ੍ਰਿਬਕ ਜਾਂਦੇ ਹਨ ਕਿ ਕਿਤੇ ਨਵੀਂ ਬਿਪਤਾ ਹੀ ਨਾ ਆਣ ਪਵੇ ਪਰ ਜਦੋਂ ਦੱਸੀਦਾ ਹੈ ਕਿ ਅਸੀਂ ਤਾਂ ਤੁਹਾਡੇ ਦੁੱਖਾਂ ਦਰਦਾਂ ਦੀ ਗੱਲ ਸਰਕਾਰ ਦੇ ਕੰਨੀਂ ਪਾਉਣ ਦੀ ਕੋਸ਼ਿਸ਼ ਕਰਾਂਗੇ ਤਾਂ ਜਾ ਕੇ ਇਹ ਮੂੰਹ ਖੋਲ੍ਹਦੇ ਹਲ। ਸੱਥ 'ਚ ਬੈਠਾ ਗੋਬਿੰਦ ਸਿੰਘ ਨਾਮੀ ਬਜ਼ੁਰਗ ਹੁਬਕੀ ਹੁਬਕੀਂ ਰੋਣ ਲੱਗਾ ਕਿਉਂਕਿ ਥੋੜ੍ਹਾ ਸਮਾਂ ਪਹਿਲਾਂ ਉਸ ਦਾ ਨੌਜਵਾਨ ਪੁੱਤ ਫਾਹਾ ਲੈ ਕੇ ਮਰ ਗਿਆ ਕਿਉਂਕਿ ਉਸ ਦੇ ਸਿਰ ਆੜ੍ਹਤੀਆਂ ਦੇ ਡੇਢ ਲੱਖ ਰੁਪਏ ਦਾ ਕਰਜ਼ਾ ਸੀ।

ਇਸ ਪਿੰਡ ਦੇ ਬਜ਼ੁਰਗ ਮਹਿੰਦਰ ਸਿੰਘ ਦੇ ਘਰ ਦੀ ਕਹਾਣੀ ਵੀ ਦਿਲ ਹਿਲਾਉਣ ਵਾਲੀ ਹੈ। 7 ਏਕੜ ਜ਼ਮੀਨ ਦਾ ਮਾਲਕ ਇਹ ਕਿਸਾਨ, ਪਰ ਜ਼ਮੀਨ ਸਾਰੀ ਗਹਿਣੇ, ਰੋਮ ਰੋਮ ਕਰਜ਼ੇ ਨਾਲ ਵਿੰਨਿਆ। 1996 'ਚ ਨਵਾਂ ਟਰੈਕਟਰ ਲੈ ਲਿਆ ਕਰਜ਼ੇ ਦੀ ਪੰਡ ਹੋਰ ਭਾਰੀ ਹੋ ਗਈ ਤਾਂ ਨੌਜਵਾਨ ਪੁੱਤਰ ਦੁੱਲਾ ਖੁਦਕੁਸ਼ੀ ਕਰ ਗਿਆ ਤਾਂ ਦੁੱਲੇ ਦੀ ਵਿਧਵਾ ਨੂੰ ਛੋਟੇ ਮੁੰਡੇ ਭੱਟੀ ਦੇ ਲੜ ਲਾ ਦਿੱਤਾ ਗਿਆ। ਜ਼ਿੰਦਗੀ ਰੁੜਨ ਲੱਗੀ ਤਾਂ ਤਿੰਨਾਂ ਵਰ੍ਹਿਆਂ ਮਗਰੋਂ 1999

'ਚ ਭੱਟੀ ਨੇ ਵੀ ਕਰਜ਼ਾ ਨਾ ਉੱਤਰਦਾ ਦੇਖ ਆਤਮ ਹੱਤਿਆ ਕਰ ਲਈ ਤੇ ਅੱਜ ਇਹ ਬਜ਼ੁਰਗ ਤੇ ਉਸ ਦੀ ਨੂੰਹ ਘੱਟਾ ਛਾਨਣ ਲਈ ਮਜਬੂਰ ਹਨ। ਪਿੰਡ ਚੋਟੀਆਂ ਦੀ ਹੀ ਇੱਕ ਦਲਿਤ ਔਰਤ ਗੁਰਦਿਆਲ ਕੌਰ ਆਪਣਾ ਦੁੱਖ ਫਰੋਲਦੀ ਹੋਈ ਦਸਦੀ ਹੈ ਕਿ ਮੇਰਾ ਪੁੱਤਰ ਭੋਲਾ ਇਸ ਕਰਕੇ ਖੁਦਕੁਸ਼ੀ ਕਰ ਗਿਆ ਕਿ ਉਸ ਦੇ ਸਿਰ ਡੇਢ ਲੱਖ ਰੁਪਏ ਦਾ ਕਰਜ਼ਾ ਚੜ੍ਹ ਗਿਆ ਸੀ। ਭੋਲੇ ਨੇ ਗੱਡੀ ਹੇਠ ਆ ਕੇ ਜਾਨ ਦਿੱਤੀ। ਇਸੇ ਪਿੰਡ ਦੇ ਗੁਰਦੇਵ ਸਿੰਘ ਦੇ ਇਕਲੌਤੇ ਪੁੱਤਰ ਜਸਵੀਰ ਨੂੰ ਜਦੋਂ ਪਤਾ ਲੱਗਾ ਕਿ ਉਸ ਦੇ ਪਿਤਾ ਸਿਰ ਕਰਜ਼ਾ ਬਹੁਤ ਜ਼ਿਆਦਾ ਹੈ ਅਤੇ ਉੱਤੋਂ ਭੈਣਾਂ ਦੇ ਵਿਆਹ ਕਰਨੇ ਹਨ ਹੋਰ ਕਰਜ਼ਾਈ ਹੋ ਜਾਵਾਂਗੇ ਤਾਂ ਜਸਵੀਰ ਨੇ ਵੀ ਆਤਮ ਹੱਤਿਆ ਵਾਲਾ ਸਿਰੇ ਦਾ ਰਾਹ ਚੁਣਿਆ। ਇਸ ਪਰਿਵਾਰ ਕੋਲ ਜ਼ਮੀਨ ਇਸ ਵੇਲੇ ਸਿਰਫ ਇੱਕ ਏਕੜ ਹੈ ਤੇ ਲੱਖਾਂ ਰੁਪਏ ਸਿਰ ਕਰਜ਼ਾ ਹੈ। ਬਾਬੂ ਰਾਮ ਦੇ ਪੁੱਤਰ ਰੂਪੇ ਨੇ ਵੀ ਆੜ੍ਹਤੀਆਂ ਦਾ ਡੇਢ ਲੱਖ ਤੋਂ ਵਧੇਰੇ ਕਰਜ਼ਾ ਦੇਣਾ ਸੀ ਤੇ ਇਹ ਕਰਜ਼ਾ ਨਾ ਲਹਿੰਦਾ ਦੇਖ ਉਹ ਗੱਡੀ ਹੇਠ ਆ ਕੇ ਆਪਣੀ ਜਾਨ ਦੇ ਗਿਆ ਪਰ ਪਤਨੀ ਤੇ ਦੋ ਬੱਚਿਆਂ ਨੂੰ ਬਿਲਕੁਲ ਹੀ ਰੋਲ ਗਿਆ। ਇਸ ਪਿੰਡ ਦੇ ਸਾਉਣ ਸਿੰਘ ਪੁੱਤਰ ਮੁਨਸ਼ੀ ਸਿੰਘ, ਅਮਰੀਕ ਸਿੰਘ ਪੁੱਤਰ ਬਲਵੰਤ ਸਿੰਘ, ਜਸਵੰਤ ਸਿੰਘ ਪੁੱਤਰ ਪ੍ਰੀਤਮ ਸਿੰਘ, ਰਾਜ ਸਿੰਘ ਪੁੱਤਰ ਹਰੀਆ ਨੇ ਵੀ ਇਸੇ ਅਰਸੇ ਦੌਰਾਨ ਕਰਜ਼ੇ ਕਰਕੇ ਹੀ ਆਤਮ ਹੱਤਿਆਵਾਂ ਕੀਤੀਆਂ। ਕਈ ਪਰਿਵਾਰ ਅਜਿਹੇ ਵੀ ਹਨ ਜੋ ਮੌਤ ਨਾਲੋਂ ਵੀ ਬਦਤਰ ਜਿੰਦਗੀ ਜਿਓਣ ਲਈ ਮਜਬੂਰ ਹਨ ਪਿੰਡ ਬਖੋਰਾ ਕਲਾਂ ਦੇ ਹਰਦੇਵ ਸਿੰਘ ਦਾ ਘਰ ਬਾਰ ਸਭ ਕੁੱਝ ਵਿਕ ਚੁੱਕਾ ਹੈ। ਖੁਦ ਨੂੰ ਮਿਹਨਤ ਮਜ਼ਦੂਰੀ ਮਸਾਂ ਹੀ ਮਿਲਦੀ ਹੈ ਘਰ ਦਾ ਗੁਜ਼ਾਰਾ ਨਾ ਚਲਦਾ ਦੇਖ ਆਪਣੇ ਮਾਸੂਮ ਪੁੱਤਰ ਨੂੰ ਸਕੂਲੋਂ ਹਟਾ ਕੇ ਪਾਲੀ ਰਲਾ ਦਿੱਤਾ।

ਬਰਨਾਲਾ ਉਪ ਮੰਡਲ ਦੇ ਪਿੰਡ ਜੋਧਪੁਰ (ਚੀਮਾ) ਦੇ ਦੋ ਸਕੇ ਭਰਾਵਾਂ ਤੇਜ ਸਿੰਘ ਤੇ ਨਾਇਬ ਸਿੰਘ ਨੇ ਖੁਦਕੁਸ਼ੀ ਕੀਤੀ ਇਹਨਾਂ ਭਰਾਵਾਂ ਨੇ ਪੈਰਾਂ ਸਿਰ ਹੋਣ ਲਈ ਬਥੇਰੇ ਹੱਥ ਪੈਰ ਮਾਰੇ ਪਰ ਸਭ ਵਿਅਰਥ। ਪਿੰਡ ਵਿਚਲੀ ਜੱਦੀ ਪੁਸ਼ਤੀ ਜਮੀਨ ਵੇਚ ਕੇ ਉੱਤਰ ਪ੍ਰਦੇਸ਼ 'ਚ 20 ਏਕੜ ਜ਼ਮੀਨ ਖਰੀਦ ਕੇ ਵਾਹੀ ਕਰਨ ਲੱਗੇ ਪਰ ਕਿਸਮਤ ਨੇ ਉੱਥੇ ਵੀ ਸਾਥ ਨਾ ਦਿੱਤਾ। ਚਾਰ ਵਰ੍ਹਿਆਂ ਬਾਅਦ ਹੀ ਵਾਪਸ ਆਪਣੇ ਪਿੰਡ ਆ ਗਏ। ਕਰਜ਼ੇ ਦੀ ਪੰਡ ਇੰਨੀ ਜਿਆਦਾ ਭਾਰੀ ਹੋ ਗਈ ਕਿ ਆੜ੍ਹਤੀਏ ਨੇ ਯੂ ਪੀ ਵਾਲੀ 20 ਏਕੜ ਜ਼ਮੀਨ ਆਪਣੇ ਨਾਂ ਕਰਵਾ ਲਈ। ਫਿਰ ਵੀ ਕਰਜ਼ਾ ਨਾ ਲਿਹਾ ਤਾਂ ਤੇਜ ਸਿੰਘ ਨੇ ਕੀਟਨਾਸ਼ਕ ਦਵਾਈ ਪੀ ਕੇ ਆਤਮ ਹੱਤਿਆ ਕਰ ਲਈ ਤੇਜ ਦਾ ਅਜੇ ਭੋਗ ਵੀ ਨਹੀਂ ਸੀ ਪਿਆ ਕਿ ਛੋਟੇ ਨਾਇਬ ਨੇ ਵੀ ਸਲਫਾਸ ਦੀਆਂ ਗੋਲੀਆਂ ਖਾ ਲਈਆਂ, ਅੱਜ ਬਜ਼ੁਰਗ ਮੱਲ ਸਿੰਘ ਦਰ ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹੈ ਤੇ ਉਸ ਦਾ ਇੱਕ ਲੜਕਾ ਮਜ਼ਦੂਰੀ ਕਰਦਾ ਹੈ। ਬਰਨਾਲਾ ਨੇੜਲੇ ਹੀ ਪਿੰਡ ਸੁਖਪੁਰਾ ਮੌੜ ਦੇ 29 ਸਾਲਾ ਕਿਸਾਨ ਰਾਜ ਸਿੰਘ ਨੇ ਇਸੇ ਵਰ੍ਹੇ ਦੀ 17 ਜੁਲਾਈ ਨੂੰ ਕੀਟਨਾਸ਼ਕ ਦਵਾਈ ਪੀ ਕੇ ਆਤਮ ਹੱਤਿਆ ਕਰ ਲਈ। ਇਸ ਕਿਸਾਨ ਸਿਰ

ਖੇਤੀਬਾੜੀ ਸਹਿਕਾਰੀ ਬੈਂਕ ਦਾ 85 ਹਜ਼ਾਰ, ਸਹਿਕਾਰੀ ਸੁਸਾਇਟੀ ਦਾ 17000, ਆੜਤੀਆਂ ਅਤੇ ਹੋਰਨਾਂ ਦਾ 1,75,000 ਰੁਪਏ ਕਰਜ਼ਾ ਸੀ। ਸਿਰਫ ਅੱਧਾ ਏਕੜ ਜ਼ਮੀਨ ਦਾ ਮਾਲਕ ਇਹ ਕਿਸਾਨ ਆਪਣੇ ਸਿਰ ਚੜ੍ਹੇ ਤਕਰੀਬਨ ਪੌਣੇ ਤਿੰਨ ਲੱਖ ਦੇ ਕਰਜ਼ੇ ਨੂੰ ਲਾਹੁਣੋਂ ਅਸਮਰੱਥ ਸੀ। ਅਖੀਰ ਆਪਣੇ ਤਿੰਨ ਬੱਚਿਆਂ ਤੇ ਪਤਨੀ ਨੂੰ ਰੋਂਦਿਆਂ ਵਿਲਕਦਿਆਂ ਛੱਡ ਉਹ ਸਦਾ ਦੀ ਨੀਂਦ ਸੌਂ ਗਿਆ। ਇਸ ਪਰਿਵਾਰ ਦੀ ਹੋਣੀ ਦੇਖੋ ਕੇ ਅੱਧੀ ਪਚੱਧੀ ਜ਼ਮੀਨ ਤਾਂ ਭੈਣਾਂ ਦੇ ਵਿਆਹ ਮੌਕੇ ਵਿਕ ਗਈ ਤੇ ਬਾਕੀ ਬਚੀ ਜਮੀਨ ਵੇਚ ਰਾਜ ਸਿੰਘ ਨੇ ਯੂ. ਪੀ. ਦੇ ਹਰਟੋਈ ਜ਼ਿਲ੍ਹੇ 'ਚ 1996 'ਚ ਜ਼ਮੀਨ ਖਰੀਦੀ ਪਰ ਕਿਸਮਤ ਨੇ ਉੱਥੇ ਵੀ ਸਾਥ ਨਾ ਦਿੱਤਾ ਤਾਂ 1998 'ਚ ਪਿੰਡ ਆ ਗਿਆ ਪਰ ਕਰਜ਼ਾ ਅਮਰਵੇਲ ਵਾਂਗ ਵਧਦਾ ਹੀ ਗਿਆ ਜਿੰਦਗੀ 'ਚ ਅੱਗੇ ਹਨੇਰਾ ਦੇਖ ਉਹ ਸਿਰੇ ਦਾ ਕਦਮ ਚੁੱਕਣ ਲਈ ਮਜਬੂਰ ਹੋ ਗਿਆ ਤੇ ਉਸ ਦੇ ਬੱਚਿਆਂ ਦੀ ਜਿੰਦਗੀ ਪਹਿਲਾਂ ਨਾਲੋਂ ਵੀ ਬਦਤਰ ਹੋ ਗਈ ਹੈ।

ਅੱਸੀਵਿਆਂ ਦੇ ਅਖੀਰ ਤੋਂ ਕਰਜ਼ਾਈ ਕਿਸਾਨਾਂ ਵੱਲੋਂ ਆਤਮ ਹੱਤਿਆਵਾਂ ਕਰਨ ਦਾ ਸ਼ੁਰੂ ਹੋਇਆ ਸਿਲਸਿਲਾ ਬਾਦਸਤੂਰ ਜਾਰੀ ਹੈ। 1988 ਤੋਂ 1992 ਤੱਕ ਦੇ ਗਵਰਨਰੀ ਰਾਜ ਅਤੇ 1992 ਤੋਂ 1997 ਤੱਕ ਦੇ ਕਾਂਗਰਸੀ ਰਾਜ ਦੌਰਾਨ ਵੀ ਆਤਮ ਹੱਤਿਆਵਾਂ ਹੋਈਆਂ ਪਰੰਤੂ ਇਹਨਾਂ ਦੀ ਦਰ ਬਹੁਤ ਥੋੜ੍ਹੀ ਸੀ। 1997 ਤੋਂ ਲੈ ਕੇ ਅੱਜ ਤੱਕ ਤਾਂ ਸਾਰੇ ਰਿਕਾਰਡ ਹੀ ਮਾਤ ਪਾ ਦਿੱਤੇ। 1997 ਤੋਂ ਲੈ ਕੇ ਪੰਜਾਬ ਵਿਚ ਕਿਸਾਨ ਦੀ ਹਿਤੈਸ਼ੀ ਸਮਝੀ ਜਾਂਦੀ ਅਕਾਲੀ ਦਲ ਦੀ ਸਰਕਾਰ। ਇਸੇ ਵਰ੍ਹੇ ਦੌਰਾਨ ਪਿਛਲੇ ਤਿੰਨਾਂ ਮਹੀਨਿਆਂ ਦੇ ਵਕਫੇ 'ਚ ਕੁੱਲ 27 ਕਿਸਾਨਾਂ ਨੇ ਆਤਮ ਹੱਤਿਆਵਾਂ ਕੀਤੀਆਂ, ਜਿੰਨ੍ਹਾਂ ਵਿਚ ਅਵਤਾਰ ਸਿੰਘ ਪੁੱਤਰ ਜਗਮੇਲ ਸਿੰਘ, ਜਿਸਦੇ ਪਾਸ ਪੰਜ ਏਕੜ ਜਮੀਨ ਤਿੰਨ ਲੱਖ ਕਰਜ਼ਾ ਇਸ ਨੌਜਵਾਨ ਦਾ ਤਾਜ਼ਾ ਵਿਆਹ ਹੋਇਆ। ਆਲਮਪੁਰ ਪਿੰਡ ਦੇ ਇਸ ਵਿਅਕਤੀ ਨੇ 24 ਜੂਨ ਨੂੰ ਖੁਦਕੁਸ਼ੀ ਕੀਤੀ। ਇਸੇ ਪਿੰਡ ਦੇ ਭੀਮ ਸਿੰਘ ਪੁੱਤਰ ਮੱਘਰ ਸਿੰਘ ਉਮਰ 25 ਸਾਲ ਨੇ 14 ਮਈ 2001 ਨੂੰ ਖੁਦਕੁਸ਼ੀ ਕੀਤੀ। ਭੀਮ ਸਿੰਘ ਸਿਰ 18 ਲੱਖ ਰੁਪਏ ਦਾ ਕਰਜ਼ਾ ਸੀ ਅਤੇ 12 ਏਕੜ ਜ਼ਮੀਨ। ਅਨਦਾਨਾ ਪਿੰਡ ਦੇ ਚਾਂਦੀ ਰਾਮ ਪੁੱਤਰ ਧਰਮਪਾਲ (ਖੇਤ ਮਜ਼ਦੂਰ) ਨੇ 9 ਮਈ 2001 ਨੂੰ ਕੀੜੇਮਾਰ ਦਵਾਈ ਪੀ ਕੇ ਜਾਨ ਦਿੱਤੀ। ਚਾਂਦੀ ਰਾਮ ਸਿਰਫ ਦੋ ਕਨਾਲ ਜ਼ਮੀਨ ਦਾ ਮਾਲਕ ਸੀ ਤੇ ਕਰਜ਼ਾ 3 ਲੱਖ। ਬਾਦਲਗੜ੍ਹ ਪਿੰਡ ਦੇ ਚੰਨਣ ਸਿੰਘ ਪੁੱਤਰ ਦਲੀਪ ਸਿੰਘ ਉਮਰ 70 ਸਾਲ ਨੇ 2 ਜੂਨ 2001 ਨੂੰ ਫਾਹਾ ਲੈ ਲਿਆ। ਇਸ ਬਜ਼ੁਰਗ ਪਾਸ ਚਾਰ ਏਕੜ ਜ਼ਮੀਨ ਤੇ 3 ਲੱਖ ਰੁਪਏ ਕਰਜ਼ਾ ਸੀ। ਬਸਹਿਰਾ ਪਿੰਡ ਦੇ ਬੀਰਾ ਸਿੰਘ ਪੁੱਤਰ ਪੂਰਨ ਸਿੰਘ (ਖੇਤ ਮਜ਼ਦੂਰ) ਨੇ 10 ਮਈ, 2001 ਨੂੰ ਕੀੜੇਮਾਰ ਦਵਾਈ ਪੀ ਲਈ। ਇਸਦੇ ਸਿਰ 2 ਲੱਖ ਰੁਪਏ ਦਾ ਕਰਜ਼ਾ ਸੀ। ਡੂਡੀਆਂ ਪਿੰਡ ਦੇ ਭੋਲਾ ਸਿੰਘ ਪੁੱਤਰ ਸੁਖਦੇਵ ਸਿੰਘ ਉਮਰ 40 ਸਾਲ ਨੇ 26 ਜੂਨ 2001 ਨੂੰ ਕੀੜੇਮਾਰ ਦਵਾਈ ਪੀ ਕੇ ਜਾਨ ਗਵਾਈ। ਇਸ ਵਿਅਕਤੀ ਸਿਰ ਡੇਢ ਲੱਖ ਰੁਪਏ ਦਾ ਕਰਜ਼ਾ ਸੀ। ਇਸੇ ਪਿੰਡ ਦੀ ਰਾਣੀ ਪੁੱਤਰੀ ਲਾਭ ਸਿੰਘ

(ਖੇਤ ਮਜਦੂਰ) ਨੇ ਇਸ ਕਰਕੇ ਖੁਦਕੁਸ਼ੀ ਕਰ ਲਈ ਕਿ ਉਸਦਾ ਪਿਤਾ ਜਿਆਦਾ ਕਰਜ਼ਾਈ ਸੀ ਤੇ ਰਾਣੀ ਦਾ ਵਿਆਹ ਨਹੀਂ ਸੀ ਹੁੰਦਾ। ਪਿੰਡ ਘੋੜੇਨਬ ਦੇ ਮੰਗਲ ਸਿੰਘ ਪੁੱਤਰ ਬੰਤ ਸਿੰਘ ਨੇ 27 ਜੂਨ, 2001 ਨੂੰ ਗੱਡੀ ਥੱਲੇ ਆ ਕੇ ਜਾਨ ਦਿੱਤੀ। ਇਸ ਵਿਅਕਤੀ ਕੋਲ ਤਿੰਨ ਏਕੜ ਜ਼ਮੀਨ ਸੀ ਤੇ ਕਰਜ਼ਾ 240,000। ਬੁਲਾੜੀ ਪਿੰਡ ਦੀ ਮਾਇਆ ਦੇਵੀ ਪੁੱਤਰੀ ਹੁਸ਼ਿਆਰ ਸਿੰਘ ਨੇ ਵੀ 11 ਜੁਲਾਈ, 2001 ਨੂੰ ਘਰੇਲੂ ਤੰਗੀ ਕਰਕੇ ਕੀੜੇਮਾਰ ਦਵਾਈ ਲਈ। ਹਰਿਆਊ ਪਿੰਡ ਦੇ ਕਰਤਾਰ ਸਿੰਘ ਪੁੱਤਰ ਵਸਾਵਾ ਸਿੰਘ ਉਮਰ 55 ਸਾਲ ਨੇ 4 ਜੂਨ 2001 ਨੂੰ ਨਹਿਰ 'ਚ ਛਾਲ ਮਾਰ ਕੇ ਖੁਦਕੁਸ਼ੀ ਕੀਤੀ। ਕਰਤਾਰ ਸਿੰਘ ਪੰਜ ਏਕੜ ਜ਼ਮੀਨ ਦਾ ਮਾਲਕ ਸੀ ਤੇ ਕਰਜ਼ਾ 6 ਲੱਖ ਰੁਪਏ।

ਪਿੰਡ ਲੇਹਲ ਕਲਾਂ ਦੇ ਮੇਲਾ ਸਿੰਘ ਪੁੱਤਰ ਨਿਰੰਜਣ ਸਿੰਘ ਉਮਰ 35 ਸਾਲ ਨੇ 12 ਮਈ 2001 ਨੂੰ ਫਾਹਾ ਲਿਆ। ਮੇਲਾ ਸਿੰਘ ਕੋਲ 6 ਏਕੜ ਜਮੀਨ ਸੀ ਅਤੇ ਕਰਜਾ 4 ਲੱਖ ਰੁਪਏ। ਇਸੇ ਪਿੰਡ ਦੇ ਨਿਰੰਜਣ ਸਿੰਘ ਪੁੱਤਰ ਤ੍ਰਿਲੋਕ ਸਿੰਘ ਉਮਰ 62 ਸਾਲ ਨੇ 17 ਮਈ, 2001 ਨੂੰ ਕੀੜੇਮਾਰ ਦਵਾਈ ਪੀਤੀ। ਇਹ ਕਿਸਾਨ 5 ਏਕੜ ਜਮੀਨ ਦਾ ਮਾਲਕ ਸੀ ਤੇ ਕਰਜ਼ਾ ਸਾਢੇ ਸੱਤ ਲੱਖ ਰੁਪਏ। ਲਹਿਰਾਗਾਗਾ 'ਚ ਇਸ ਦੌਰਾਨ ਤਿੰਨ ਆਤਮ ਹੱਤਿਆਵਾਂ ਹੋਈਆਂ। ਇਹਨਾਂ ਵਿਚ ਸੀਤੋ ਪਤਨੀ ਰਿਖੀ ਰਾਮ ਨੇ 1 ਮਈ 2001 ਨੂੰ ਫਾਹਾ ਲਿਆ। ਛਿੰਦਾ ਪੁੱਤਰ ਮੁਖਤਿਆਰ ਸਿੰਘ ਨੇ 3 ਮਈ ਨੂੰ ਕੀੜੇਮਾਰ ਦਵਾਈ ਪੀਤੀ। ਮੂਰਤੀ ਪਤਨੀ ਭੀਮ ਸਿੰਘ (ਖੇਤ ਮਜਦੂਰ) ਨੇ 11 ਮਈ 2001 ਨੂੰ ਖੁਦਕੁਸ਼ੀ ਕੀਤੀ। ਪਿੰਡ ਮਹਾਂ ਸਿੰਘ ਵਾਲਾ ਦੇ ਸਰਦਾਰਾ ਸਿੰਘ ਪੁੱਤਰ ਹਰਦੇਵ ਸਿੰਘ ਉਮਰ 30 ਸਾਲ ਨੇ 9 ਜੂਨ 2001 ਨੂੰ ਕੀੜੇਮਾਰ ਦਵਾਈ ਪੀ ਕੇ ਆਤਮ ਹੱਤਿਆ ਕੀਤੀ। ਇਸ ਕਿਸਾਨ ਕੋਲ 3 ਏਕੜ ਜਮੀਨ ਅਤੇ 2 ਲੱਖ ਰੁਪਏ ਕਰਜ਼ਾ। ਮਨਿਆਣਾ ਪਿੰਡ ਦੇ ਰੇਸ਼ਮ ਸਿੰਘ ਪੁੱਤਰ ਜਰਨੈਲ ਸਿੰਘ ਉਮਰ 18 ਸਾਲ ਨੇ ਜੂਨ 2001 'ਚ ਸ਼ਰਾਬ ਵਿਚ ਜਹਿਰ ਮਿਲਾ ਕੇ ਪੀ ਲਈ। ਇਹ ਵਿਅਕਤੀ 10 ਕਨਾਲ ਜ਼ਮੀਨ ਦਾ ਮਾਲਕ ਸੀ ਤੇ ਕਰਜ਼ਾ 2 ਲੱਖ ਰੁਪਏ। ਹੋਰ ਜਾਣਕਾਰੀ ਮੁਤਾਬਕ ਇਸ ਵਿਅਕਤੀ ਨੇ 13 ਜੂਨ ਨੂੰ ਪੰਜ ਏਕੜ ਜ਼ਮੀਨ ਵੇਚੀ ਪਰ ਫਿਰ ਵੀ ਕਰਜ਼ਾ ਨਾ ਲਿਹਾ। ਇਸੇ ਪਿੰਡ ਦੀ ਮਹਿੰਦਰ ਕੌਰ ਪਤਨੀ ਅਜਾਇਬ ਸਿੰਘ (ਖੇਤ ਮਜ਼ਦੂਰ) ਨੇ 19 ਅਪ੍ਰੈਲ 2001 ਨੂੰ ਖੂਹ 'ਚ ਛਾਲ ਮਾਰ ਕੇ ਆਪਣੀ ਜਾਨ ਗਵਾਈ। ਇਸੇ ਪਿੰਡ ਦੀ ਪਰਮਜੀਤ ਕੌਰ ਪੁੱਤਰੀ ਰਾਇ ਸਿੰਘ ਨੇ ਆਪਣੇ ਆਪ ਨੂੰ ਅੱਗ ਲਾ ਲਈ। ਪਿੰਡ ਰਾਇਧਰਾਣਾ ਦੇ ਸੁੱਖਾ ਸਿੰਘ ਪੁੱਤਰ ਮੱਲ ਸਿੰਘ ਨੇ 5 ਜੂਨ, 2001 ਨੂੰ ਕੀੜੇਮਾਰ ਦਵਾਈ ਪੀ ਕੇ ਖੁਦਕੁਸ਼ੀ ਕੀਤੀ। ਇਸ ਵਿਅਕਤੀ ਕੋਲ ਸਾਢੇ ਤਿੰਨ ਏਕੜ ਜਮੀਨ ਤੇ ਤਿੰਨ ਲੱਖ ਰੁਪਏ ਕਰਜ਼ਾ ਸੀ। ਇਸੇ ਪਿੰਡ ਦੇ ਸੁਖਦੇਵ ਸਿੰਘ ਪੁੱਤਰ ਸਰਵਨ ਸਿੰਘ (ਖੇਤ ਮਜਦੂਰ) ਨੇ 1 ਮਈ, 2001 ਨੂੰ ਫਾਹਾ ਲੈ ਲਿਆ। ਇਸਦੇ ਸਿਰ 60 ਹਜਾਰ ਰੁਪਏ ਕਰਜ਼ਾ ਸੀ। ਪਿੰਡ ਰਾਜਲਹੇੜੀ ਹਰਜੀਤ ਸਿੰਘ ਪੁੱਤਰ ਜਸਵੰਤ ਸਿੰਘ ਉਮਰ 26 ਸਾਲ ਨੇ 4 ਅਪ੍ਰੈਲ, 2001 ਨੂੰ ਕੀੜੇਮਾਰ ਦਵਾਈ ਪੀ ਕੇ

ਖ਼ੁਦਕੁਸ਼ੀ ਕੀਤੀ। ਇਸ ਕਿਸਾਨ ਸਿਰ 7 ਲੱਖ ਦਾ ਕਰਜ਼ਾ ਸੀ ਤੇ ਜ਼ਮੀਨ 6 ਏਕੜ। ਪਿੰਡ ਰਾਮਪੁਰਾ ਜਵਾਹਾਰਵਾਲਾ ਦੇ ਸ਼ਮਸ਼ੇਰ ਸਿੰਘ ਪੁੱਤਰ ਸਾਧੂ ਸਿੰਘ ਨੇ 4 ਜੁਲਾਈ, 2001 ਨੂੰ ਖ਼ੁਦਕੁਸ਼ੀ ਕੀਤੀ। ਇਸਦੇ ਸਿਰ ਢਾਈ ਲੱਖ ਦਾ ਕਰਜ਼ਾ ਸੀ ਤੇ ਜ਼ਮੀਨ 2 ਏਕੜ। ਪਿੰਡ ਸੰਗਤੀਵਾਲਾ ਦੇ ਅਮਰੀਕ ਸਿੰਘ ਪੁੱਤਰ ਬਚਨ ਸਿੰਘ ਨੇ ਵੀ 12 ਜੂਨ 2001 ਨੂੰ ਅੱਗ 'ਚ ਸੜ ਕੇ ਜਾਨ ਦਿੱਤੀ। ਠਸਕਾ ਪਿੰਡ ਦੇ ਹਰਦਰਸ਼ਨ ਸਿੰਘ ਪੁੱਤਰ ਬੰਤ ਸਿੰਘ ਨੇ 2 ਜੂਨ, 2001 ਨੂੰ ਆਤਮ ਹੱਤਿਆ ਕੀਤੀ। ਇਸ ਸਾਲ ਦੇ ਥੋੜ੍ਹੇ ਜਿਹੀ ਵਕਫੇ ਦੌਰਾਨ ਹੋਈਆਂ ਇਹਨਾਂ ਆਤਮ ਹੱਤਿਆਵਾਂ ਸਬੰਧੀ ਸਾਬਕਾ ਵਿਧਾਇਕ ਸ਼੍ਰੀ ਇੰਦਰਜੀਤ ਸਿੰਘ ਜੇਜੀ ਨੇ ਉਸ ਸਮੇਂ ਦੇ ਮੁੱਖ ਮੰਤਰੀ ਸ਼੍ਰੀ ਪ੍ਰਕਾਸ਼ ਸਿੰਘ ਬਾਦਲ ਅਤੇ ਭਾਰਤ ਦੇ ਰਾਸ਼ਟਪਤੀ ਨੂੰ ਲਿਖਿਆ ਪਰੰਤੂ ਅਜੇ ਤੱਕ ਕੁੱਝ ਨਹੀਂ ਹੋਇਆ। ਇੱਥੋਂ ਤੱਕ ਕਿ 21 ਪਿੰਡਾਂ ਦੀ ਪੰਚਾਇਤਾਂ ਨੇ ਸਰਬ ਸੰਮਤੀ ਨਾਲ ਇਹ ਮਤੇ ਪਾਸ ਕਰ ਦਿੱਤੇ ਕਿ ਸਾਡੇ ਪਿੰਡ ਵਿਚ ਫਲਾਣੇ ਫਲਾਣੇ ਕਿਸਾਨ ਨੇ ਕਰਜ਼ੇ ਦੇ ਬੋਝ ਕਰਕੇ ਆਤਮ ਹੱਤਿਆ ਕੀਤੀ ਪਰੰਤੂ ਫਿਰ ਵੀ ਸਰਕਾਰ ਦਾ ਜ਼ੋਰ ਇਹਨਾਂ ਆਤਮ ਹੱਤਿਆਵਾਂ ਨੂੰ ਕੁਦਰਤੀ ਮੌਤਾਂ ਕਰਾਰ ਦੇਣ 'ਤੇ ਲੱਗਿਆ ਹੋਇਆ ਹੈ। ਐਸ. ਐਸ. ਪੀ. ਸੰਗਰੂਰ ਦਾ ਉਹ ਬਿਆਨ ਜਿਸ ਰਾਹੀਂ ਉਹਨਾਂ ਕਿਹਾ ਕਿ ਜ਼ਿਲ੍ਹਾ ਸੰਗਰੂਰ 'ਚ ਕਿਸੇ ਵੀ ਕਰਜ਼ਾਈ ਕਿਸਾਨ ਨੇ ਆਤਮ ਹੱਤਿਆ ਨਹੀਂ ਕੀਤੀ, ਸਰਕਾਰ ਦੀ ਖੋਟੀ ਨੀਅਤ 'ਤੇ ਉਂਗਲ ਧਰਦਾ ਹੈ।

ਸਾਲ 2000 ਦੌਰਾਨ ਪਿੰਡ ਬਖੋਰਾ ਖੁਰਦ ਦੇ ਜਗਸੀਰ ਸਿੰਘ ਪੁੱਤਰ ਗੁਰਚਰਨ ਸਿੰਘ (ਖੇਤ ਮਜਦੂਰ), ਪਿੰਡ ਖਨੌਰੀ ਖੁਰਦ ਦੇ ਬਲਵਿੰਦਰ ਸਿੰਘ ਪੁੱਤਰ ਨੰਦ ਸਿੰਘ, ਗੰਢੂਆਂ ਪਿੰਡ ਵਿਚ ਲਾਭ ਕੌਰ, ਲੇਹਲ ਕਲਾਂ ਪਿੰਡ ਵਿਚ ਕਾਲਾ ਸਿੰਘ ਪੁੱਤਰ ਨਛੱਤਰ ਸਿੰਘ, ਇਸੇ ਪਿੰਡ ਦੇ ਅਜਾਇਬ ਸਿੰਘ ਪੁੱਤਰ ਲਾਭ ਸਿੰਘ ਅਤੇ ਬਿੱਟੂ ਸਿੰਘ ਦੇ ਲੜਕੇ ਨੇ ਖੁਦਕੁਸ਼ੀਆਂ ਕੀਤੀਆਂ। ਬੱਲਰਾਂ ਦੇ ਤਰਸੇਮਗੀਰ ਪੁੱਤਰ ਰਤੀਆ ਗੀਰ, ਇਸੇ ਪਿੰਡ ਦੇ ਗੇਲੀ ਰਾਮ ਪੁੱਤਰ ਪਿਰਥੀ ਰਾਮ (ਖੇਤ ਮਜਦੂਰ), ਪਿੰਡ ਡੂਡੀਆਂ ਦੇ ਸੁਰਜਾ ਸਿੰਘ ਪੁੱਤਰ ਚੰਦਨ ਸਿੰਘ, ਸੁਖਦੇਵ ਸਿੰਘ ਪੁੱਤਰ ਪ੍ਰੀਤਮ ਸਿੰਘ, ਪਿੰਡ ਲਦਾਲ ਦੇ ਇੱਕ ਵਿਅਕਤੀ ਸਹਿਮੀ, ਪਿੰਡ ਲਹਿਰਾ ਦੇ ਲਾਭ ਸਿੰਘ, ਪਿੰਡ ਫਤਿਹਗੜ੍ਹ ਦੇ ਮੇਜਰ ਸਿੰਘ ਪੁੱਤਰ ਬੰਤ ਸਿੰਘ, ਪਿੰਡ ਚੋਟੀਆਂ ਦੇ ਲਾਭ ਸਿੰਘ ਪੁੱਤਰ ਗੋਬਿੰਦ ਸਿੰਘ , ਸਾਹਿਬਾ (ਬਿੰਦਰ ਕੌਰ) ਪੁੱਤਰੀ ਗੁਰਦੇਵ ਸਿੰਘ, ਪਿੰਡ ਰਾਮ ਪੁਰਾ ਜਵਾਹਰਵਾਲਾ ਦੇ ਭੋਲਾ ਸਿੰਘ ਪੁੱਤਰ ਘੁਮੰਡ ਸਿੰਘ, ਫੂਹੜ ਸਿੰਘ ਪੁੱਤਰ ਮੋਹਨ ਸਿੰਘ (ਖੇਤ ਮਜਦੂਰ), ਪਿੰਡ ਅਨਦਾਨਾ ਦੇ ਮਹਿੰਦਰ ਸਿੰਘ ਪੁੱਤਰ ਰਾਮ ਸਰੂਪ, ਰਾਣਾ ਸਿੰਘ ਪੁੱਤਰ ਜੱਗੂ ਸਿੰਘ, ਪਿੰਡ ਕਾਲ ਬਨਜਾਰਾ ਦੀ ਰਣਜੀਤ ਕੌਰ ਪੁੱਤਰੀ ਰਾਮ ਸਿੰਘ, ਪਿੰਡ ਬਨਾਰਸੀ ਦੇ ਸ਼ਮਸ਼ੇਰ ਸਿੰਘ ਦੀ ਪਤਨੀ, ਸ਼ਮਸ਼ੇਰ ਸਿੰਘ ਪੁੱਤਰ ਫੂਲਾ ਰਾਮ, ਰੁਦਲੂ ਰਾਮ ਪੁੱਤਰ ਗਿਆਨੀ ਰਾਮ, ਪਿੰਡ ਢੀਂਡਸਾ ਦੇ ਇੱਕ ਪਰਿਵਾਰ ਵਿਚ ਪਿਓ ਤੇ ਪੁੱਤਰ ਨੇ, ਸੰਸਾਰ ਸਿੰਘ ਪੁੱਤਰ ਜੰਗ ਸਿੰਘ, ਬਾਹਮਣੀਵਾਲਾ ਦੇ ਕਿਤਾਬਾ ਰਾਮ ਪੁੱਤਰ ਸਿੰਘਾ ਰਾਮ ਅਤੇ ਉਸਦੀ ਪਤਨੀ, ਪਿੰਡ

ਘੋੜਾਨਬ ਦੇ ਨਛੱਤਰ ਸਿੰਘ ਪੁੱਤਰ ਕਾਕਾ ਸਿੰਘ, ਮੁੱਖਣ ਸਿੰਘ ਪੁੱਤਰ ਧੰਨਾ ਸਿੰਘ, ਪਿੰਡ ਖੋਖਰ ਦੇ ਬੰਤਾ ਸਿੰਘ, ਪਿੰਡ ਰੋੜੇਵਾਲਾ ਦੇ ਰਾਜ ਸਿੰਘ ਪੁੱਤਰ ਭੀਮ ਸਿੰਘ ਨੇ ਖੁਦਕੁਸ਼ੀ ਕਰ ਲਈ। ਪਿੰਡ ਬਖੋਰਾ ਕਲਾਂ ਦੇ ਕਰਤਾਰ ਸਿੰਘ ਪੁੱਤਰ ਅਮਰ ਸਿੰਘ, ਕਰਤਾਰ ਸਿੰਘ ਪੁੱਤਰ ਬਚਨ ਸਿੰਘ, ਰਾਮਫਲ ਪੁੱਤਰ ਚੰਨਣ ਸਿੰਘ, ਰਾਮਫਲ ਪੁੱਤਰ ਸਰਦਾਰਾ ਸਿੰਘ, ਭੋਲਾ ਸਿੰਘ ਪੁੱਤਰ ਚੰਦ ਸਿੰਘ, ਪਾਲ ਸਿੰਘ ਪੁੱਤਰ ਜੋਗੀ ਸਿੰਘ ਤੇ ਪਾਲ ਸਿੰਘ ਅਤੇ ਉਸਦੀ ਪਤਨੀ, ਭਿੱਲਾ ਸਿੰਘ ਪੁੱਤਰ ਜਿਓਣ ਸਿੰਘ, ਸੱਜਣ ਸਿੰਘ ਪੁੱਤਰ ਬਚਨਾ ਸਿੰਘ ਆਦਿ ਸਿਰਫ ਖੇਤ ਮਜਦੂਰ ਖੁਦਕੁਸ਼ੀਆਂ ਵਾਲੇ ਸ਼ਾਮਿਲ ਹਨ।

ਇਸੇ ਤਰ੍ਹਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪ੍ਰੋ. ਗੋਪਾਲ ਅੱਈਅਰ ਦੀ ਇੱਕ ਰਿਪੋਰਟ ਮੁਤਾਬਕ ਜ਼ਿਲ੍ਹਾ ਸੰਗਰੂਰ ਦੇ ਵੱਖ ਵੱਖ ਪਿੰਡਾਂ ਵਿਚ ਇਸ ਦੌਰਾਨ 80 ਕਰਜ਼ਾਈ ਕਿਸਾਨਾਂ ਨੇ ਆਤਮ ਹੱਤਿਆਵਾਂ ਕੀਤੀਆਂ। ਜਿੰਨ੍ਹਾਂ ਵਿਚ ਪਿੰਡ ਬਖੋਰਾ ਕਲਾਂ ਦੇ ਭੂਰਾ ਸਿੰਘ ਪੁੱਤਰ ਸ਼ਾਮ ਸਿੰਘ, ਗੁਰਮੇਲ ਸਿੰਘ ਪੁੱਤਰ ਬੰਤ ਸਿੰਘ, ਪਾਲ ਸਿੰਘ ਪੁੱਤਰ ਜੰਗੀ ਸਿੰਘ, ਨਾਇਬ ਸਿੰਘ ਪੁੱਤਰ ਚੰਦਾ ਸਿੰਘ, ਸ਼ਿੰਗਾਰਾ ਸਿੰਘ ਪੁੱਤਰ ਜੋਰਾ ਸਿੰਘ, ਰਾਣੀ ਕੌਰ ਪਤਨੀ ਨਿਰਮਲ ਸਿੰਘ, ਪਿੰਡ ਸੰਗਤਪੁਰਾ ਦੇ ਮਨਜੀਤ ਸਿੰਘ, ਹਰਪ੍ਰੀਤ ਸਿੰਘ, ਸ਼ਾਮ ਲਾਲ, ਬਹਿਲ ਸਿੰਘ, ਪਿੰਡ ਚੂੜਲ ਕਲਾਂ ਦੇ ਚਰਨ ਸਿੰਘ, ਜੀਤ ਸਿੰਘ, ਮੱਘਰ ਸਿੰਘ, ਜਰਨੈਲ ਸਿੰਘ, ਪਿੰਡ ਲਹਿਰ ਖੁਰਦ ਦੇ ਸੰਤਾ ਸਿੰਘ ਸੁਖਦੇਵ ਸਿੰਘ, ਘੀਚਰ ਸਿੰਘ, ਰਾਮ ਸਿੰਘ, ਰਾਜ ਕੁਮਾਰ, ਮਿਲਖਾ ਸਿੰਘ, ਮੇਲਾ ਸਿੰਘ, ਅੰਗਰੇਜ਼ ਕੌਰ, ਜੀਵਨ ਸਿੰਘ, ਬਲਦੇਵ ਸਿੰਘ, ਰਹੱਲਾ ਸਿੰਘ, ਗੁਲਜਾਰ ਸਿੰਘ, ਬੰਤਾ ਸਿੰਘ, ਗੁਰਮੀਤ ਸਿੰਘ, ਪਿੰਡ ਚੂੜਲ ਖੁਰਦ ਦੇ ਬਘੇਲ ਸਿੰਘ, ਭੋਲਾ ਸਿੰਘ, ਗੁਰਚਰਨ ਸਿੰਘ, ਮੇਜਰ ਸਿੰਘ, ਜਗਦੇਵ ਸਿੰਘ, ਕਰਨੈਲ, ਨਰਸੀ ਰਾਮ, ਪਿੰਡ ਚੋਟੀਆਂ ਦੇ ਮਿੱਠੂ ਸਿੰਘ, ਸੰਤ ਰਾਮ, ਮੰਗਾ ਸਿੰਘ, ਮਿੱਠੂ ਸਿੰਘ, ਕਾਲਾ ਖਾਂ, ਅਮਰੀਕਾ ਸਿੰਘ, ਸੁੱਖਾ ਸਿੰਘ, ਮਿੱਠੂ ਸਿੰਘ, ਸੁਖਦੇਵ ਸਿੰਘ, ਪਿੰਡ ਬੱਲਰਾਂ (ਅਨਟਾਨਾਂ) ਦੇ ਮਿਸਰਾ ਸਿੰਘ, ਹਰਨੇਕ ਸਿੰਘ, ਸੁਖਦੇਵ ਸਿੰਘ, ਸੇਸੀ ਸਿੰਘ, ਮਿੱਠੂ ਸਿੰਘ, ਸੁਖਦੀਪ ਕੌਰ, ਕਰਨੈਲ ਸਿੰਘ, ਕਿਰਪਾ ਸਿੰਘ, ਰਾਮ ਰੱਤੀ, ਗੰਤੂਰ ਸਿੰਘ, ਪਾਲਾ ਸਿੰਘ, ਗੁਰਚਰਨ ਸਿੰਘ, ਗੇਜਾ, ਸੀਤਾ, ਪਿੰਡ ਬੰਗਾਂ ਦੇ ਰਤੀਆਂ ਰਾਮ, ਵੀਰਾਂ, ਕਰਨੈਲ ਸਿੰਘ, ਪਿਰਥੀ, ਪਰਮਵੀਰ, ਸਤਵੀਰ ਸਿੰਘ, ਬਲਵੀਰ ਸਿੰਘ, ਮੁਹਿੰਦਰ ਸਿੰਘ, ਬਹੁਰੀ ਦੇਵੀ, ਪਿੰਡ ਧੌਲਾ (ਬਲਾਕ ਬਰਨਾਲਾ) ਦੇ ਬਲਵਿੰਦਰ ਸਿੰਘ, ਗੁਰਮੇਲ ਸਿੰਘ, ਸੁਖਦੇਵ ਸਿੰਘ, ਧਾਬਰ ਸਿੰਘ, ਗੋਰਾ ਸਿੰਘ, ਗੁਰਦੀਪ ਸਿੰਘ, ਗੁਰਮੀਤ ਸਿੰਘ, ਹਰਨਾਮ ਸਿੰਘ, ਹਨੁਮਾਨ ਸਿੰਘ, ਪਿੰਡ ਸੰਤੋਖਪੁਰਾ (ਬਲਾਕ ਬਰਨਾਲਾ) ਦੇ ਗੁਰਦਿਆਲ ਸਿੰਘ, ਵਿਸਾਖਾ ਸਿੰਘ, ਕ੍ਰਿਸ਼ਨ ਸਿੰਘ, ਕ੍ਰਿਸ਼ਨਾ ਦੇਵੀ, ਮੰਗਾ ਅਤੇ ਭੋਲਾ ਸਿੰਘ ਨੇ ਵੀ ਕਾਰਜੇ ਦੇ ਭਾਰ ਕਾਰਨ ਆਤਮ ਹੱਤਿਆ ਕਰ ਲਈ। 2 ਅਕਤੂਬਰ, 2000 ਨੂੰ ਸ਼ਹਿਰ ਬਰਨਾਲਾ ਦੇ ਹੰਡਿਆਇਆ ਰੋਡ 'ਤੇ ਰਹਿੰਦੇ ਇੱਕ ਕਿਸਾਨ ਗਿਆਨ ਸਿੰਘ ਪੁੱਤਰ ਕਰਨੈਲ ਸਿੰਘ ਨੇ ਵੀ 6 ਲੱਖ ਰੁਪਏ ਦਾ ਕਰਜ਼ਾ ਹੋਣ ਕਰਕੇ ਖੁਦਕੁਸ਼ੀ ਕਰ ਲਈ ਸੀ। ਇਸੇ

ਤਰ੍ਹਾਂ ਬਰਨਾਲਾ ਵਿਖੇ ਹੀ ਜੱਗਾ ਸਿੰਘ ਪੁੱਤਰ ਸਨੇਤ ਸਿੰਘ ਨੇ ਵੀ ਆਤਮ ਹੱਤਿਆ ਕੀਤੀ। 27 ਮਈ, 1999 ਨੂੰ ਖੁਦਕੁਸ਼ੀ ਕਰਨ ਵਾਲੇ ਇਸ ਕਿਸਾਨ ਸਿਰ 4 ਲੱਖ ਰੁਪਏ ਦਾ ਕਰਜ਼ਾ ਸੀ। ਬਰਨਾਲਾ ਉਪ ਮੰਡਲ ਦੇ ਪਿੰਡ ਦਾਨਗੜ੍ਹ ਦੇ ਇੱਕ ਕਿਸਾਨ ਨੇ ਵੀ ਅਪ੍ਰੈਲ 2001 ਵਿਚ ਕਰਜ਼ੇ ਕਾਰਨ ਖੁਦਕੁਸ਼ੀ ਕੀਤੀ। ਤਲਵੰਡੀ ਸਾਬੋ ਨੇੜੇ ਦੇ ਪਿੰਡ ਸੰਦੋਹਾ ਦੇ ਕਿਸਾਨ ਮਿੱਠੂ ਸਿੰਘ ਵੱਲੋਂ ਕੀਤੀ ਆਤਮ ਹੱਤਿਆ ਦਾ ਮਾਮਲਾ ਤਾਂ ਪੰਜਾਬ ਭਰ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਮਾਮਲੇ ਨੂੰ ਲੈ ਕੇ ਕਿਸਾਨਾਂ ਨੇ ਸੰਘਰਸ਼ ਵਿੱਢਿਆ ਹੋਇਆ ਹੈ। ਬਠਿੰਡਾ ਜ਼ਿਲ੍ਹੇ ਦੇ ਪਿੰਡ ਮਾਈਸਰਖਾਨਾ ਵਿਚ ਲਾਠੀ ਚਾਰਜ ਵੀ ਇਸੇ ਸੰਘਰਸ਼ ਦੀ ਕੜੀ ਹੈ।

ਜਮਹੂਰੀ ਅਧਿਕਾਰ ਸਭਾ ਪੰਜਾਬ ਨੇ ਇਸ ਇਲਾਕੇ ਦਾ ਸਰਵੇ ਕਰਕੇ ਆਤਮ ਹੱਤਿਆਵਾਂ ਬਾਰੇ ਇੱਕ ਵਿਸ਼ੇਸ਼ ਰਿਪੋਰਟ ਤਿਆਰ ਕੀਤੀ। ਇਸ ਰਿਪੋਰਟ ਮੁਤਾਬਕ ਵੀ ਕਿਸਾਨਾਂ ਵੱਲੋਂ ਕੀਤੀਆਂ ਆਤਮ ਹੱਤਿਆਵਾਂ ਮਗਰਲਾ ਕਾਰਨ ਕਰਜ਼ਾ ਹੀ ਹੈ। ਪੰਜਾਬ ਸਰਕਾਰ ਵੱਲੋਂ ਹਰਜਿੰਦਰ ਸਿੰਘ ਸ਼ੇਰਗਿੱਲ ਦੁਆਰਾ ਕਰਜ਼ੇ ਸਬੰਧੀ ਕਰਵਾਏ ਇੱਕ ਸਰਵੇ ਮੁਤਾਬਕ ਪੰਜਾਬ ਦੇ ਇੱਕ ਕਿਸਾਨ ਸਿਰ 10105 ਰੁਪਏ ਦਾ ਕਰਜ਼ਾ ਹੈ ਪਰੰਤੂ ਜ਼ਿਲ੍ਹਾ ਸੰਗਰੂਰ ਦੇ ਇਹਨਾਂ ਕਿਸਾਨਾਂ ਸਿਰ ਪ੍ਰੋ. ਸ਼ੇਰਗਿੱਲ ਦੇ ਸਰਵੇ ਨਾਲੋਂ ਚਾਰ ਤੋਂ ਪੰਜ ਗੁਣਾ ਜਿਆਦਾ ਹੈ ਭਾਵ 40965 ਰੁਪਏ ਕਰਜਾ ਹੈ। ਜੇਕਰ ਦੇਖਿਆ ਜਾਵੇ ਤਾਂ ਕਿਸਾਨਾਂ ਨੂੰ ਇਸ ਹਾਲਤ ਤੱਕ ਪਹੁੰਚਾਉਣ ਲਈ ਸਰਕਾਰ ਦੀਆਂ ਨੀਤੀਆਂ ਹੀ ਦੋਸ਼ੀ ਹਨ। 1960 ਤੋਂ 1990 ਤੱਕ ਖੇਤੀ ਲਾਗਤਾਂ 'ਚ ਵਾਧਾ 10 ਫੀਸਦੀ ਦੀ ਦਰ ਨਾਲ ਹੋਇਆ ਜਦੋਂ ਕਿ ਖੇਤੀ ਉਤਪਾਦਾਂ ਦੀਆਂ ਕੀਮਤਾਂ 'ਚ ਵਾਧਾ ਸਿਰਫ 4.04 ਫੀਸਦੀ ਦੀ ਦਰ ਨਾਲ ਹੋਇਆ। ਇਸ ਤਰ੍ਹਾਂ ਖੇਤੀ ਖਰਚੇ ਅਤੇ ਖੇਤੀ ਆਮਦਨ ਵਿਚ ਪਾੜਾ ਪੈਂਦਾ ਗਿਆ। ਖੇਤੀ ਨੂੰ ਚਲਦਾ ਰੱਖਣ ਅਤੇ ਇਸ ਖੱਪੇ ਨੂੰ ਪੂਰਾ ਕਰਨ ਲਈ ਕਿਸਾਨ ਕੋਲ ਇਕੋ ਹੀ ਰਸਤਾ ਹੈ ਕਰਜ਼ਾ। ਇਹੀ ਕਾਰਨ ਹੈ ਕਿ ਤਾਜ਼ਾ ਅੰਕੜਿਆਂ ਮੁਤਾਬਕ ਪੰਜਾਬ ਦੇ ਕਿਸਾਨਾਂ ਸਿਰ 10,000 ਕਰੋੜ ਰੁਪਏ ਦੇ ਕਰੀਬ ਦਾ ਕਰਜ਼ਾ ਹੈ। ਹੁਣ ਇੱਕ ਗੱਲ ਬਿਲਕੁਲ ਸਾਫ ਹੋ ਗਈ ਹੈ ਕਿ ਸੀਮਾਂਤ ਕਿਸਾਨ ਦਾ ਕੋਈ ਭਵਿੱਖ ਨਹੀਂ, ਛੋਟੇ ਕਿਸਾਨ ਦੀ ਖੇਤੀ ਉਸ ਨੂੰ ਸਨਮਾਨਯੋਗ ਜੀਵਨ ਪੱਧਰ ਨਹੀਂ ਦੇ ਸਕਦੀ, ਖੇਤ ਮਜ਼ਦੂਰਾਂ ਨੂੰ ਲੋੜੀਂਦੇ ਦਿਨਾਂ ਵਾਸਤੇ ਸਾਲ ਦੇ ਬਹੁਤੇ ਦਿਨ ਕੰਮ ਨਹੀਂ ਮਿਲਦਾ। ਕੋਈ ਸਪੈਸ਼ਲ ਪ੍ਰੋਗਰਾਮ ਉਲੀਕਣ ਦੀ ਬਜਾਇ ਸਰਕਾਰ ਇਹਨਾਂ ਨੂੰ ਐਸੀਆਂ ਨਸੀਹਤਾਂ ਦੇ ਰਹੀ ਹੈ ਜਿਹੜੀਆਂ ਕਿਸਾਨ ਆਪਣਾ ਨਹੀਂ ਸਕਦੇ। ਸਰਕਾਰ ਦੁਆਰਾ ਹੋਕਾ ਦਿੱਤਾ ਜਾ ਰਿਹਾ ਹੈ ਕਿ ਕਿਸਾਨ ਕਣਕ ਝੋਨੇ ਦੀਆਂ ਫਸਲਾਂ ਦੀ ਬਜਾਇ ਸਬਜ਼ੀ, ਫਲ ਅਤੇ ਫੁੱਲ ਆਦਿ ਦੀ ਕਾਸ਼ਤ ਕਰਨ ਪਰ ਇਹਨਾਂ ਦੀ ਮੰਡੀ ਵਿਚ ਖਰੀਦ ਅਤੇ ਕੀਮਤ ਦਾ ਕੋਈ ਪ੍ਰਬੰਧ ਕਰਨ ਤੋਂ ਸਰਕਾਰ ਇਨਕਾਰੀ ਹੈ। ਅਸਲ ਵਿਚ ਕਣਕ ਝੋਨੇ ਦੀ ਖਰੀਦ ਅਤੇ ਘੱਟੋ ਘੱਟ ਕੀਮਤ ਅਦਾ ਕਰਨ ਦੇ ਆਪਣੇ ਵਚਨ ਅਤੇ ਐਲਾਨਾਂ ਨੂੰ ਵੀ ਸਰਕਾਰ ਪੂਰਾ ਨਹੀਂ ਕਰ

ਰਹੀ। ਇਹੋ ਕਾਰਨ ਹੈ ਕਿ ਪਿਛਲੇ ਸਮੇਂ ਤੋਂ ਕਣਕ ਅਤੇ ਝੋਨੇ ਦੀ ਫਸਲ ਮੰਡੀਆਂ ਵਿਚ ਰੁਲਣ ਲੱਗ ਪਈ ਹੈ ਅਤੇ ਕਿਸਾਨਾਂ ਨੂੰ ਸਰਕਾਰ ਵਾਜਬ ਮੁੱਲ ਨਹੀਂ ਦਵਾ ਸਕਦੀ। ਇਸ ਨਾਲ ਖੇਤੀ ਦਾ ਸੰਕਟ ਹੋਰ ਡੂੰਘਾ ਹੋ ਰਿਹਾ ਹੈ। ਸਰਕਾਰ ਕੁੰਭਕਰਨੀ ਨੀਂਦ ਸੌਂ ਰਹੀ ਹੈ ਅਤੇ ਪੇਂਡੂ ਗਰੀਬ ਖੁਦਕੁਸ਼ੀਆਂ ਵੱਲ ਜਾ ਰਹੇ ਹਨ।

ਪੰਜਾਬ ਦੀ ਕਿਸਾਨੀ ਚੌਰਾਹੇ ਟੱਕਰਾਂ ਮਾਰ ਰਹੀ ਹੈ। ਮੁਲਕ ਦੇ ਹੋਰ ਵੀ ਉਨ੍ਹਾਂ ਖਿੱਤਿਆਂ ਅੰਦਰ ਇਸ ਕਦਰ ਦਰਦ ਵਿੰਨ੍ਹੀ ਦਾਸਤਾਂ ਹੈ। ਖਾਸ ਕਰਕੇ ਉੱਥੇ ਜਿਥੇ ਪਹਿਲੇ ਹਰੇ ਇਨਕਲਾਬ ਨੇ ਇਹ ਕਾਲੇ ਦਿਨ ਲਿਆਂਦੇ। ਰਹਿੰਦੀਆਂ ਕਸਰਾਂ ਦੂਜਾ ਹਰਾ ਇਨਕਲਾਬ ਕੱਢ ਦੇਵੇਗਾ।

ਕਿਸਾਨੀ ਦੀ ਬਾਂਹ ਰੰਗ ਬਰੰਗੇ ਹਾਕਮਾਂ ਨਾ ਫੜੀ ਅਤੇ ਨਾ ਹੀ ਫੜਨੀ ਹੈ। ਹਾਕਮ ਧੜਿਆਂ ਅਤੇ ਉਨ੍ਹਾਂ ਦੇ ਸੇਵਾਦਾਰਾਂ ਤੋਂ ਵੀ ਕਿਸਾਨੀ ਦੀ ਬੇੜੀ ਪਾਰ ਲਾਉਣ ਦੀ ਝਾਕ ਨਹੀਂ ਰੱਖੀ ਜਾ ਸਕਦੀ।

ਜਿਥੇ ਵੀ ਕਿਸਾਨ ਜਥੇਬੰਦੀਆਂ ਨੇ ਕਿਸਾਨਾਂ ਦੀ ਸਾਰ ਲਈ ਉਥੇ ਕਿਸਾਨੀ ਜਾ ਰਹੀ ਹੈ। ਜਥੇਬੰਦ ਹੋ ਕੇ ਖੁਦਕੁਸ਼ੀਆਂ ਦੀ ਬਜਾਏ ਸੰਘਰਸ਼ਾਂ ਦੇ ਰਾਹ ਪਈ ਹੈ। ਉਸ ਨੂੰ ਆਸ ਦੀ ਕਿਰਨ ਜਾਪੀ ਹੈ। ਖਾਸ ਕਰਕੇ ਭਾਰਤੀ ਕਿਸਾਨ ਯੂਨੀਅਨ (ਏਕਤਾ) ਨੇ ਕੁਰਕੀਆਂ ਖਿਲਾਫ ਹਿੱਕਾਂ ਡਾਹ ਕੇ ਲੜਾਈ ਦਿੱਤੀ ਹੈ। ਚੱਠੇਵਾਲਾ ਪਿੰਡ 'ਚ ਕੁਰਕੀ ਰੋਕਣ ਲਈ ਲਾਇਆ ਮੋਰਚਾ ਇਸ ਦੀ ਸਿਰਮੌਰ ਉਦਾਹਰਣ ਹੈ। ਅਨੇਕਾਂ ਹੋਰਨਾਂ ਥਾਵਾਂ 'ਤੇ ਵੀ ਜ਼ਮੀਨ, ਘਰ ਅਤੇ ਟਰੈਕਟਰ ਆਦਿ ਜਬਰੀ ਖੋਹਣ ਆਈਆਂ ਧਾੜਾਂ ਨੂੰ ਪਿਛਲਖੋਰੀ ਮੋੜਿਆ ਹੈ। ਵਿਆਪਕ ਜਨਤਕ ਲਹਿਰ ਉਸਾਰੀ। ਟੱਕਰਾਂ ਹੋਈਆਂ। ਗ੍ਰਿਫਤਾਰੀਆਂ ਹੋਈਆਂ ਅਤੇ ਝੂਠੇ ਕੇਸਾਂ 'ਚ ਕਿਸਾਨ ਆਗੂਆਂ ਅਤੇ ਕਾਰਕੁੰਨਾਂ ਨੂੰ ਫਸਾਇਆ ਗਿਆ। ਵੱਡੀ ਪੱਧਰ 'ਤੇ ਹਕੂਮਤੀ ਜਬਰ ਦੇ ਝੱਖੜ ਝੁਲਾਏ ਗਏ। ਇਨ੍ਹਾਂ ਖਿੱਤਿਆਂ ਅੰਦਰ ਲੋਕਾਂ ਨੇ 'ਖੁਦਕੁਸ਼ੀਆਂ ਨਹੀਂ ਸੰਗਰਾਮ' ਦਾ ਨਾਅਰਾ ਬੁਲੰਦ ਕੀਤਾ ਹੈ। ਅਜੇਹੇ ਇਲਾਕਿਆਂ ਅਤੇ ਅਜੇਹੀਆਂ ਜਥੇਬੰਦੀਆਂ ਜਿਵੇਂ ਬੀ.ਕੇ.ਯੂ. ਏਕਤਾ (ਉਗਰਾਹਾਂ), ਕਿਸਾਨ ਸੰਘਰਸ਼ ਕਮੇਟੀ ਅਤੇ ਕਈ ਹੋਰ ਕਿਸਾਨ ਜੱਥੇਬੰਦੀਆਂ ਦੇ ਚੋਣਵੇਂ ਆਗੂਆਂ ਨੂੰ ਜਬਰ ਦਾ ਨਿਸ਼ਾਨਾ ਵੀ ਬਣਾਇਆ ਗਿਆ। ਪੰਜਾਬ ਦੀ ਕਿਸਾਨ ਲਹਿਰ ਦੀ ਤਸਵੀਰ ਇਹ ਦਰਸਾਉਂਦੀ ਹੈ ਕਿ ਇਨ੍ਹਾਂ ਖਿਤਿਆਂ 'ਚ ਮੁਕਾਬਲਤਨ ਖੁਦਕੁਸ਼ੀਆਂ ਦੇ ਵਰਤਾਰੇ ਨੂੰ ਠੱਲ੍ਹ ਪਈ ਹੈ। ਕਿਸਾਨ ਲਹਿਰ ਦਾ ਘੇਰਾ ਵਧਿਆ ਅਤੇ ਮਜ਼ਬੂਤ ਹੋਇਆ ਹੈ। ਬਿਨਾਂ ਸ਼ੱਕ ਅਜੇ ਇਹ ਰੁਝਾਨ, ਹਾਲਾਤ ਅਤੇ ਲੋੜ ਮੁਤਾਬਕ ਊਣਾ ਹੈ ਪਰ ਕਿਸਾਨੀ ਨੂੰ ਢੇਰੀ ਢਾਹ ਕੇ ਬੈਠਣ ਜਾਂ ਖੁਦਕੁਸ਼ੀਆਂ ਕਰਕੇ ਜੀਵਨ ਲੀਲਾ ਖਤਮ ਕਰਨ ਦੀ ਬਜਾਏ ਇਹੀ ਇਸ ਮਾਰਗ ਹੀ ਸਿਰ ਜੋੜ ਕੇ ਕਰਨਾ ਪੈਣਾ ਹੈ ਅਤੇ ਦੁੱਲੇ ਭੱਟੀ ਦੀ ਗਾਥਾ ਨੂੰ ਸਹੀ ਅਰਥ ਦੇਣੇ ਪੈਣੇ ਹਨ।

*ਮੰਡੀ ਟਰੈਕਟਰਾਂ ਦੀ :*

## ਜੋ ਆਏ ਵਿਕਣ ਨੂੰ ਆਏ, ਲੱਭਦਾ ਖਰੀਦਦਾਰ ਨਾ

ਅਜੇ ਕੱਲ੍ਹ ਦੀ ਗੱਲ ਹੈ ਜਦੋਂ ਪਿੰਡਾਂ 'ਚ ਕੋਈ ਟਾਵਾਂ-ਟੱਲਾ ਹੀ ਟਰੈਕਟਰ ਖਰੀਦਿਆ ਕਰਦਾ। ਪਰਿਵਾਰ ਨੂੰ ਵਧਾਈਆਂ ਦਾ ਤਾਂਤਾ ਲੱਗ ਜਾਂਦਾ। ਪਿੰਡ ਦੇ ਲੋਕ ਟਰੈਕਟਰ ਵੇਖਣ ਇਉਂ ਆਉਂਦੇ ਜਿਵੇਂ ਕਦੇ ਉਹ ਬੀਕਾਨੇਰੋਂ ਲਿਆਂਦੇ ਵਹਿੜਕੇ ਦੇਖਣ ਲਈ ਜੁੜਿਆ ਕਰਦੇ। ਟਰੈਕਟਰ ਚਿੰਨ੍ਹ ਬਣਿਆ ਖਾਂਦੀ-ਪੀਂਦੀ ਕਿਸਾਨੀ ਦਾ। ਦੇਖਦੇ ਹੀ ਦੇਖਦੇ ਟਰੈਕਟਰਾਂ ਦੀ ਡਾਰ ਦੀ ਘੂਕਰ ਖੇਤਾਂ ਦੇ ਬੰਨਿਆਂ 'ਤੇ ਪੈਣ ਲੱਗੀ। ਖੇਤੀ ਵਰਤੋਂ ਦੇ ਬਹੁਤੇ ਸੰਦਾਂ ਨੂੰ ਵਰਤੋਂ 'ਚ ਲਿਆਉਣ ਦੀ ਤਾਕਤ ਦੇਣ ਦੀ ਚਾਬੀ ਟਰੈਕਟਰ ਪਾਸ ਆਈ। ਟਰੈਕਟਰ-ਟਰਾਲੀ 'ਜੱਟ ਦਾ ਗੱਡਾ' ਬਣਿਆ। ਬੈਲਾਂ ਦੀ ਜੋੜੀ ਵਾਂਗ ਜੱਟ ਇਸ ਨੂੰ ਸ਼ਿੰਗਾਰਨ ਲੱਗੇ। ਇਸ 'ਤੇ ਆਪਣੀਆਂ ਸਿਫਤਾਂ ਦੇ ਪੁਲ ਬੰਨ੍ਹਦੀਆਂ ਬੋਲੀਆਂ ਲਿਖਵਾਉਣ ਲੱਗੇ। ਸਹਿਜੇ-ਸਹਿਜੇ ਪੱਟਾਂ ਦੀਆਂ ਮੋਰਨੀਆਂ ਟਰੈਕਟਰਾਂ 'ਤੇ ਉੱਕਰੀਆਂ ਜਾਣ ਲੱਗੀਆਂ। ਟਰਾਲੀਆਂ ਪਿੱਛੇ 'ਪੁੱਤ ਜੱਟਾਂ ਦੇ' ਛਾਪੇ ਜਾਣ ਲੱਗੇ। 'ਜੈ ਜਵਾਨ ਜੈ ਕਿਸਾਨ' ਦੇ ਨਾਅਰੇ ਛਪੇ। 'ਸਾਡਾ ਰੁੱਸੇ ਨਾ ਕਲਗੀਆਂ ਵਾਲਾ ਜੱਗ ਭਾਵੇਂ ਸਾਰਾ ਰੁੱਸ ਜਾਏ', 'ਬੁਰੀ ਨਜ਼ਰ ਵਾਲੇ ਤੇਰਾ ਮੂੰਹ ਕਾਲਾ' ਵਕਤ ਦੀਆਂ ਸੂਈਆਂ ਅਤੇ ਸੰਕਟ ਦੇ ਚੱਕਰ ਇਉਂ ਘੁੰਮੇ ਕਿ ਆਰਥਕ ਸੰਕਟ, ਕਰਜ਼ਿਆਂ ਅਤੇ ਮਹਿੰਗਾਈ ਦੇ ਭੰਵਰ ਨੇ ਕਿਸਾਨੀ ਪੱਲੇ ਕੰਗਾਲੀ ਪਾ ਦਿੱਤੀ। ਅੰਨਦਾਤੇ ਨੂੰ ਮੰਗਤਾ ਬਣਾ ਧਰਿਆ। ਦੁੱਧ ਵੇਚਿਆ, ਬਦੇਸੀਂ ਪੁੱਤ ਵੇਚੇ ਪਰ ਸੰਕਟ ਨੇ ਪਿੱਛਾ ਨਾ ਛੱਡਿਆ। ਖੇਤੀਂ ਖੜ੍ਹੇ ਦਰੱਖਤ ਤੱਕ ਵਿਕਣ ਲੱਗੇ। ਫਸਲੀ ਚੱਕਰ ਅਪਣਾਏ ਪਰ ਪੰਜ ਪਾਂਜੇ ਪੂਰੇ ਨਾ ਹੋਏ। ਖੇਤੀ ਸੰਦਾਂ ਨੂੰ ਊਰਜਾ ਦੇਣ ਵਾਲਾ 'ਖੇਤਾਂ ਦਾ ਰਾਜਾ' ਮੰਡੀਏ ਵਿਕਣ ਲਈ ਆ ਖੜ੍ਹਾ ਹੋਇਆ। ਅੱਜ ਤੋਂ ਕੋਈ ਦਸ ਵਰ੍ਹੇ ਪਹਿਲਾਂ ਇਸ ਪੁੰਗਰਦੇ ਨਵੇਂ ਵਰਤਾਰੇ ਦੀ ਅੰਕੁਰ ਨੂੰ ਸਮਝ ਕੇ ਲਿਖਿਆ ਇਹ ਲੇਖ ਉਸ ਵੇਲੇ ਹੀ ਭਵਿੱਖ 'ਚ ਵਿਆਪਕ ਅਤੇ ਭਿਆਨਕ ਰੂਪ ਧਾਰਨ ਵਾਲੇ ਹਾਲਾਤ ਦੀ ਨਬਜ਼ ਫੜਦਾ ਹੈ। ਕਿਸੇ ਘਟਨਾ, ਹਵਾਲੇ ਦਾ ਪਿਛੋਕੜ ਅੱਜ ਭਾਵੇਂ ਪੁਰਾਣਾ ਲੱਗੇ ਕਿਉਂਕਿ ਹੁਣ ਤਾਂ ਕਿੰਨੇ ਹੀ ਸ਼ਹਿਰਾਂ 'ਚ ਜਿਥੇ ਤੱਕ ਨਜ਼ਰ ਘੁੰਮਦੀ ਹੈ ਉਥੇ ਤੱਕ ਟਰੈਕਟਰ ਮੰਡੀਆਂ 'ਚ ਵਿਕਣ ਆਉਂਦੇ ਹਨ ਪਰ ਖਰੀਦਦਾਰ ਨਹੀਂ ਆਉਂਦੇ। ਜਿਸ ਵੇਲੇ ਇਸ ਲੇਖ 'ਤੇ ਕਲਮ ਅਜ਼ਮਾਈ ਉਸ ਵੇਲੇ ਅਜੇ ਪਹਿਲੇ ਕਦਮ ਚੁੱਕਦਾ ਹੈਰਾਨੀਜਨਕ ਵਰਤਾਰਾ ਸੀ ਕਿ ਆਹ! ਕੀ ਹੋਇਆ, ਟਰੈਕਟਰ ਤਾਂ ਅਗਲੇ

ਦੂਰ ਦੂਰ ਤੱਕ ਜਾ ਕੇ ਖਰੀਦ ਕੇ ਲਿਆਇਆ ਕਰਦੇ ਸੀ ਹੁਣ ਪਸ਼ੂਆਂ ਦੀ ਮੰਡੀ ਵਾਂਗ ਇਹ ਬੇਜਾਨ, ਉਦਾਸ ਅਤੇ ਘਰੋਂ ਬੇਘਰ ਅਤੇ ਬੇਕਦਰੇ ਪ੍ਰਤੀਤ ਹੋ ਰਹੇ ਹਨ। ਜਿਨ੍ਹਾਂ ਉੱਪਰ ਪਹਿਲਾਂ ਪਹਿਲਾਂ ਦਿੱਤੀਆਂ ਫੁਲਕਾਰੀਆਂ ਘਰਾਂ 'ਚ ਹੀ ਰੁਦਨ ਕਰ ਰਹੀਆਂ ਹਨ।

ਪੰਜਾਬ ਦੇ ਕਿਸਾਨ ਦੀ ਆਰਥਿਕਤਾ ਅਤਿ ਕਮਜ਼ੋਰ ਹੋ ਕੇ ਰਹਿ ਗਈ ਹੈ। ਪੋਹ-ਮਾਘ ਦੇ ਮਹੀਨੇ ਫਾਕੇ ਕੱਟਦੇ ਇਸ ਮਿਹਨਤਕਸ਼ ਵਰਗ ਦੀ ਤਰਸਯੋਗ ਹਾਲਤ ਨੂੰ ਵੇਖ ਕੇ ਹਕੂਮਤ ਦੇ ਸ਼ਾਹ ਅਸਵਾਰਾਂ ਦਾ ਦਿਲ ਪਤਾ ਨਹੀਂ ਕਿਉਂ ਨਹੀਂ ਪਸੀਜਦਾ। ਕਿਸਾਨਾਂ ਦੀ 90 ਫੀਸਦੀ ਗਿਣਤੀ ਕਰਜ਼ਾਈ ਹੋ ਚੁੱਕੀ ਹੈ। ਉਨ੍ਹਾਂ ਸਿਰ ਕਰਜ਼ੇ ਦਾ ਕੁੱਲ ਬੋਝ 57 ਸੌ ਕਰੋੜ ਰੁਪਏ ਤੋਂ ਵਧੇਰੇ ਬਣਦਾ ਹੈ। ਆੜ੍ਹਤੀਆਂ ਦਾ ਕਰਜ਼ਾ ਕਰੀਬ 50 ਫੀਸਦੀ ਹੈ ਜਿਸ ਲਈ ਕਿਸਾਨਾਂ ਨੂੰ ਬਹੁਤ ਮਹਿੰਗੇ ਦਰ ਦਾ ਵਿਆਜ ਦੇਣਾ ਪੈਂਦਾ ਹੈ। ਜਿਥੇ ਪੰਜਾਬ ਦੇ ਕਿਸਾਨਾਂ ਦੀ ਇਸ ਅਤਿ ਦਿਲ ਕੰਬਾਊ ਤਸਵੀਰ ਨੇ ਸਾਰੇ ਪੰਜਾਬ ਦੀ ਰੂਹ ਨੂੰ ਝੰਜੋੜ ਕੇ ਰੱਖ ਦਿੱਤਾ ਹੈ ਉਥੇ ਇਹ ਸਵਾਲ ਵੀ ਖੜ੍ਹਾ ਕੀਤਾ ਹੈ ਕਿ ਭਾਰਤ ਦਾ ਅੰਨਦਾਤਾ 'ਪੰਜਾਬ ਦਾ ਕਿਸਾਨ' ਕਰਜ਼ਾਈ ਕਿਉਂ ਹੈ ? ਅੱਜ ਦਾ ਕਿਸਾਨ ਕਿਹੋ ਜਿਹੀਆਂ ਆਰਥਿਕ ਪ੍ਰਸਥਿਤੀਆਂ ਵਿਚੋਂ ਗੁਜ਼ਰ ਰਿਹਾ ਹੈ ਇਸ ਦੀ ਮੂੰਹ ਬੋਲਦੀ ਤਸਵੀਰ ਹੈ ਮਾਲਵੇ ਖਿੱਤੇ ਵਿਚ ਲਗਦੀਆਂ ਨਵੇਂ ਨਕੋਰ ਟਰੈਕਟਰਾਂ ਦੀਆਂ ਮੰਡੀਆਂ।

ਕਿਸਾਨ ਦੀ ਆਰਥਿਕਤਾ ਅਤਿ ਸੁਖਾਵੇਂ ਦੌਰ ਵਿਚੋਂ ਗੁਜ਼ਰ ਰਹੀ ਹੈ ਜਿਸ ਕਰਕੇ ਉਸ ਨੂੰ ਆਪਣੀ ਲੋੜਵੰਦ ਮਸ਼ੀਨਰੀ ਵਿਚ ਤਿੰਨ ਵੱਡੀਆਂ ਟਰੈਕਟਰ ਮੰਡੀਆਂ ਕਿਸਾਨ ਦੀ ਮਸ਼ੀਨਰੀ ਵੇਚਣ ਲਈ ਲਾਈਆਂ ਜਾਂਦੀਆਂ ਹਨ ਜਿਨ੍ਹਾਂ ਵਿਚ ਤਲਵੰਡੀ ਸਾਬੋ, ਬਰਨਾਲਾ ਤੇ ਕੋਟਕਪੂਰਾ ਦੀਆਂ ਮੰਡੀਆਂ ਮਸ਼ਹੂਰ ਹਨ। ਇਨ੍ਹਾਂ ਮੰਡੀਆਂ ਵਿਚ ਕਿਸਾਨ ਆਪਣੇ ਨਵੇਂ ਨਕੋਰ ਟਰੈਕਟਰ, ਟਰਾਲੀਆਂ, ਥਰੈਸ਼ਰ, ਕਲਟੀਵੇਟਰ ਅਤੇ ਹੋਰ ਖੇਤੀਬਾੜੀ ਦੇ ਸੰਦ-ਸੰਦੇੜ ਵੇਚਣ ਲਈ ਲਿਆਉਂਦੇ ਹਨ। 60-70 ਹਜ਼ਾਰ ਰੁਪਏ ਦੇ ਘਾਟੇ ਨਾਲ ਉਹ ਆਪਣੇ ਇਹ ਟਰੈਕਟਰ ਕਰਜ਼ਾ ਉਤਾਰਨ ਜਾਂ ਆਪਣੀਆਂ ਧੀਆਂ ਦੀਆਂ ਸ਼ਾਦੀਆਂ ਕਰਨ ਲਈ ਵੇਚਦੇ ਹਨ। ਬਰਨਾਲਾ ਵਿਚ ਹਰ ਹਫਤੇ ਸੋਮਵਾਰ ਨੂੰ ਲਗਦੀ ਮੰਡੀ ਵਿਚ ਇਕ ਹਜ਼ਾਰ ਦੇ ਲਗਭਗ ਟਰੈਕਟਰ ਵਿਕਣ ਲਈ ਆਉਂਦੇ ਹਨ ਜਿਨ੍ਹਾਂ ਵਿਚੋਂ ਤਿੰਨ ਫੀਸਦੀ ਟਰੈਕਟਰ ਹੀ ਵਿਕ ਪਾਉਂਦੇ ਹਨ। ਪਹਿਲਾਂ ਪਹਿਲ ਇਹ ਟਰੈਕਟਰ ਕੁਝ ਰੱਜਦੇ ਪੁੱਜਦੇ ਕਿਸਾਨ ਖਰੀਦ ਲੈਂਦੇ ਸਨ ਜਿਹੜੇ ਇਨ੍ਹਾਂ ਨੂੰ ਵਪਾਰ ਵਜੋਂ ਵਰਤਦੇ ਸਨ ਪਰ ਹੁਣ ਸਿਰਫ ਪਟਿਆਲੇ ਅਤੇ ਘੱਗੇ ਦੇ ਕਬਾੜੀਏ ਹੀ ਇਹ ਟਰੈਕਟਰ ਖਰੀਦਦੇ ਹਨ। ਪਹਿਲਾਂ ਕਿਸਾਨ ਸਿਰਫ ਟਰੈਕਟਰ ਵੇਚਣ ਹੀ ਇਨ੍ਹਾਂ ਮੰਡੀਆਂ ਵਿਚ ਲਿਆਉਂਦੇ ਸਨ ਪਰ ਹੁਣ ਉਹ ਆਪਣੇ ਖੇਤੀਬਾੜੀ ਦੇ ਹੋਰ ਸੰਦ ਵੀ ਵੇਚਣ ਲਈ ਮਜਬੂਰ ਹੋ ਗਏ ਹਨ। ਪ੍ਰਾਪਤ ਵੇਰਵਿਆਂ ਮੁਤਾਬਕ ਇਕ ਦਹਾਕਾ ਪਹਿਲਾਂ ਬਰਨਾਲਾ ਮੰਡੀ ਵਿਚ ਟਾਵਾਂ ਟੱਲਾ ਟਰੈਕਟਰ ਹੀ ਵਿਕਣ ਲਈ ਆਉਂਦਾ ਸੀ। ਉਸ ਤੋਂ ਬਾਅਦ ਟਰੈਕਟਰਾਂ ਦੀ ਆਮਦ ਬੜੀ ਤੇਜ਼ੀ ਨਾਲ ਵਧਦੀ ਜਾ ਰਹੀ ਹੈ। ਇਸੇ ਤਰ੍ਹਾਂ ਤਲਵੰਡੀ

ਸਾਬੋ ਦੀ ਮੰਡੀ ਵਿਚ ਹਰ ਹਫਤੇ ਹਜ਼ਾਰਾਂ ਦੀ ਗਿਣਤੀ ਵਿਚ ਟਰੈਕਟਰ ਵਿਕਣ ਲਈ ਆਉਂਦੇ ਹਨ ਜਿਨ੍ਹਾਂ ਵਿਚੋਂ ਸਿਰਫ ਤਿੰਨ ਚਾਰ ਫੀਸਦੀ ਹੀ ਵਿਕ ਪਾਉਂਦੇ ਹਨ। ਪਟਿਆਲੇ ਅਤੇ ਘੱਗੇ ਦੇ ਕਬਾੜੀਆਂ ਦੀਆਂ ਸੱਤ ਅੱਠ ਪਾਰਟੀਆਂ ਹਰ ਹਫਤੇ ਇਥੋਂ ਕਾਫੀ ਮਾਲ ਖਰੀਦ ਕੇ ਲੈ ਜਾਂਦੀਆਂ ਹਨ। ਬਰਨਾਲਾ ਵਿਖੇ ਛੇ ਸਾਲਾਂ ਤੋਂ ਦਲਾਲੀ ਕਰਦੇ ਹਰਬੰਸ ਫੌਜੀ ਨੇ ਦੱਸਿਆ ਕਿ ਕਿਸਾਨਾਂ ਦੀ ਵੱਡੀ ਗਿਣਤੀ ਆਪਣੇ ਟਰੈਕਟਰ ਟਰਾਲੀਆਂ ਵੇਚਣ ਲਈ ਇਸ ਮੰਡੀ ਵਿਚ ਪਿਛਲੇ ਤਿੰਨ ਤਿੰਨ ਮਹੀਨਿਆਂ ਤੋਂ ਚੱਕਰ ਕੱਟ ਰਹੀ ਹੈ। ਇਥੋਂ ਤੱਕ ਕਿ ਬਹੁਤੇ ਕਿਸਾਨ ਤਾਂ ਆਪਣੇ ਟਰੈਕਟਰ ਵਿਕਾਉਣ ਲਈ ਸਾਡੇ ਪੈਰੀਂ ਹੱਥ ਲਾਉਣ ਤੱਕ ਵੀ ਜਾਂਦੇ ਹਨ। ਸ਼ੋਅ ਰੂਮਾਂ ’ਚੋਂ ਨਵੇਂ ਟਰੈਕਟਰ ਵੀ ਮੰਡੀ ’ਚ ਆ ਕੇ ਨਾਲ ਦੀ ਨਾਲ ਭਾਰੀ ਘਾਟੇ ਨਾਲ ਵਿਕਦੇ ਹਨ। ਇਨ੍ਹਾਂ ’ਚੋਂ ਵਧੇਰੇ ਕਰਕੇ ਸੌਦੇ ਗੁਪਤ ਰੂਪ ਵਿਚ ਹੀ ਹੁੰਦੇ ਹਨ ਜਾਂ ਕਰਵਾਏ ਜਾਂਦੇ ਹਨ। ਇਸ ਮੰਡੀ ਵਿਚ ਟਰੈਕਟਰ ਵੇਚ ਕੇ ਮੁੜ ਚੱਲੇ ਇਕ ਕਿਸਾਨ ਸੁਖਦੇਵ ਸਿੰਘ ਨੇ ਦੱਸਿਆ ਕਿ “ਉਸ ਨੇ ਆਪਣੀ ਲੜਕੀ ਦੀ ਸ਼ਾਦੀ ਕਰਨੀ ਹੈ, ਟਰੈਕਟਰ ਟਰਾਲੀ ਵਿਕ ਨਹੀਂ ਰਹੇ ਸਨ ਜਿਸ ਕਰਕੇ ਅੱਜ ਕਬਾੜੀਆਂ ਨੂੰ 50 ਹਜ਼ਾਰ ਰੁਪਏ ਦੇ ਘਾਟੇ ਨਾਲ ਵੇਚ ਕੇ ਆਇਆ ਹਾਂ।” ਇਕ ਹੋਰ ਜ਼ਿਮੀਂਦਾਰ ਦਾ ਕਹਿਣਾ ਸੀ ਕਿ ਉਹ ਆੜ੍ਹਤੀਆਂ ਤੋਂ ਬੈਂਕ ਦੀਆਂ ਕਿਸ਼ਤਾਂ ਉਤਾਰਨ ਲਈ ਟਰੈਕਟਰ ਅਤੇ ਤਵੀਆਂ ਵੇਚਣ ਆਇਆ ਹੈ।

ਕੋਟਕਪੂਰਾ ਦੀ ਮੰਡੀ ਵਿਚ ਦੋਆਬੇ ਅਤੇ ਮਾਝੇ ਤੋਂ ਵੀ ਟਰੈਕਟਰ ਵਿਕਣ ਲਈ ਆਉਂਦੇ ਹਨ। ਇਥੋਂ ਦੇ ਦਲਾਲਾਂ ਦਾ ਕਹਿਣਾ ਸੀ ਕਿ ਗਾਹਕ ਨਾ ਹੋਣ ਕਰਕੇ ਉਨ੍ਹਾਂ ਦਾ ਕਾਰੋਬਾਰ ਠੱਪ ਹੋ ਰਿਹਾ ਹੈ। ਇਸ ਮੰਡੀ ਵਿਚ ਸਿਰਫ ਤਿੰਨ ਚਾਰ ਫੀਸਦੀ ਹੀ ਟਰੈਕਟਰ ਵਿਕਦੇ ਹਨ। ਇਕ ਦਲਾਲ ਨੇ ਦਸਿਆ ਕਿ ਛੋਟੀਆਂ ਟਰੈਕਟਰ ਮੰਡੀਆਂ ਜਿਵੇਂ ਰਾਮਪੁਰਾ, ਸੁਨਾਮ, ਭਦੌੜ, ਮੋਗਾ, ਝੁਨੀਰ ਅਤੇ ਬੁਢਲਾਡਾ ਵਿਚ ਵੀ ਲਗਦੀਆਂ ਹਨ ਪਰ ਕਈ ਵਾਰ ਇਨ੍ਹਾਂ ਮੰਡੀਆਂ ਵਿਚ ਇਕ ਵੀ ਟਰੈਕਟਰ ਨਹੀਂ ਵਿਕਦਾ। ਤਿੰਨਾਂ ਵੱਡੀਆਂ ਮੰਡੀਆਂ ਵਿਚ ਕਿਸਾਨਾਂ ਨਾਲ ਜੋ ਗੱਲਬਾਤ ਹੋਈ ਉਸ ਤੋਂ ਇਹੀ ਸਿੱਟਾ ਨਿਕਲਦਾ ਹੈ ਕਿ ਉਹ ਕਰਜ਼ੇ ਉਤਾਰਨ ਜਾਂ ਆਪਣੀਆਂ ਲੜਕੀਆਂ ਦੇ ਵਿਆਹ ਕਰਨ ਲਈ ਖੇਤੀ ਮਸ਼ੀਨਰੀ ਵੇਚਣ ਲਈ ਮਜਬੂਰ ਹੋਏ ਹਨ। ਪੰਜਾਬ ਦੀ 94 ਫੀਸਦੀ ਜ਼ਮੀਨ ਖੇਤੀ ਦੰਦੇ ਹੇਠ ਹੈ, ਇਸ ਦੀ 80 ਫੀਸਦੀ ਵਜੋਂ ਜ਼ਰਾਇਤੀ ਪੈਦਾਵਾਰ ’ਤੇ ਨਿਰਭਰ ਸਰਕਾਰਾਂ ਵੱਲੋਂ ਕਿਸਾਨ ਨੂੰ ਵੱਧ ਪੈਦਾਵਾਰ ਕਰਨ ਲਈ ਉਤਸ਼ਾਹਤ ਤਾਂ ਕੀਤਾ ਜਾਂਦਾ ਹੈ ਪਰ ਉਸ ਨੂੰ ਆਪਣੇ ਪੁੱਤਾਂ ਵਾਂਗ ਪਾਲੀਆਂ ਜਿਣਸਾਂ ਦਾ ਲਾਹੇਵੰਦ ਭਾਅ ਨਹੀਂ ਮਿਲਦਾ। ਸੰਨ 1967 ਦੇ ਮੁਕਾਬਲੇ ਵਿਚ ਕਿਸਾਨ ਦੀਆਂ ਜਿਣਸਾਂ ਦੇ ਭਾਅ ਅਤੇ ਖੇਤੀ ਨਾਲ ਸਬੰਧਤ ਕੀੜੇਮਾਰ ਦਵਾਈਆਂ, ਬੀਜਾਂ ਤੇ ਖਾਦਾਂ ਆਦਿ ਦੀਆਂ ਕੀਮਤਾਂ ਦੇ ਅਨੁਪਾਤ ਦਾ ਅੱਜ ਬਹੁਤ ਵੱਡਾ ਫਰਕ ਪੈ ਚੁੱਕਾ ਹੈ। ਕਿਸਾਨ ਦੀਆਂ ਜਿਣਸਾਂ ਦੇ ਭਾਅ ਤਕਰੀਬਨ ਨੌਂ ਗੁਣਾਂ ਹੀ ਵਧੇ ਹਨ ਜਦਕਿ ਕੀੜੇਮਾਰ ਦਵਾਈਆਂ, ਬੀਜਾਂ ਤੇ ਖਾਦਾਂ ਦੇ ਭਾਅ 23 ਗੁਣਾਂ ਵਧ ਚੁੱਕੇ ਹਨ। 1967 ਦੇ ਭਾਅ ਨੂੰ ਆਧਾਰ ਮੰਨ ਕੇ

ਜੇਕਰ ਕਿਸਾਨ ਦੀ ਜਿਣਸ ਦੇ ਭਾਅ ਸੂਚਕ ਅੰਕ ਨਾਲ ਜੋੜੇ ਜਾਣ ਤਾਂ ਅੱਜ ਕਿਸਾਨ ਦੀਆਂ ਜਿਣਸਾਂ ਦੇ ਭਾਅ ਕਿਤੇ ਜ਼ਿਆਦਾ ਬਣਦੇ ਹਨ। ਸਰਕਾਰ ਚਾਹੁੰਦੀ ਹੈ ਕਿ ਹੋਰ ਰਾਜਾਂ ਦੇ ਵਰਗਾਂ ਦੀਆਂ ਲੋੜਾਂ ਨੂੰ ਪੰਜਾਬ ਦੀ ਪੈਦਾਵਾਰ ਦੇ ਸਿਰ 'ਤੇ ਪੂਰਾ ਕੀਤਾ ਜਾ ਸਕੇ। ਇਹ ਸਿਲਸਿਲਾ ਉਦੋਂ ਤੋਂ ਚੱਲਦਾ ਆ ਰਿਹਾ ਹੈ ਜਦੋਂ ਦਾ ਦੇਸ਼ ਆਜ਼ਾਦ ਹੋਇਆ ਹੈ। ਸਰਕਾਰ ਦੀਆਂ ਅਜਿਹੀਆਂ ਨੀਤੀਆਂ ਨਾਲ ਦੂਜੇ ਸੂਬਿਆਂ ਵਿਚ ਸੁਧਾਰ ਆਇਆ ਨਹੀਂ ਪਰ ਪੰਜਾਬ ਦਾ ਪੇਂਡੂ ਅਰਥਚਾਰਾ ਤਬਾਹੀ ਦੇ ਕੰਢੇ ਆ ਖਲੋਤਾ ਹੈ।

ਇਥੇ ਇਹ ਵੀ ਵਰਨਣਯੋਗ ਹੈ ਕਿ ਕਿਸਾਨ ਸਿਰਫ ਆਪਣੀ ਮਸ਼ੀਨਰੀ ਵੇਚਣ ਤੱਕ ਹੀ ਸੀਮਤ ਨਹੀਂ ਰਿਹਾ। ਹੁਣ ਉਹ ਆਪਣੀ ਜ਼ਮੀਨ, 'ਜਿਸ ਨੂੰ ਵੇਚਣਾ ਉਹ ਆਪਣਾ ਨੱਕ ਕੱਟੇ ਜਾਣਾ ਮਹਿਸੂਸ ਕਰਦਾ ਸੀ', ਨੂੰ ਵੇਚਣ ਲਈ ਮਜਬੂਰ ਹੋ ਗਿਆ ਹੈ। ਕੁਝ ਇਲਾਕਿਆਂ ਵਿਚ ਕੋਈ ਵੀ ਖਰੀਦਦਾਰ ਨਾ ਹੋਣ ਕਰਕੇ ਕਿਸਾਨ ਕਿਸ਼ਤਾਂ ਉੱਪਰ ਵੀ ਜ਼ਮੀਨਾਂ ਵੇਚਣ ਲਈ ਤਿਆਰ ਹਨ। ਭਲਿਆਂ ਵੇਲੇ ਦੁੱਧ ਨੂੰ ਵੇਚਣਾ ਪੁੱਤ ਦੇ ਵੇਚਣ ਸਮਾਨ ਸਮਝਿਆ ਜਾਂਦਾ ਸੀ ਪਰ ਹੁਣ ਕਿਸਾਨ ਦੁੱਧ ਤਾਂ ਵੇਚਣ ਲਈ ਮਜਬੂਰ ਹੋਇਆ ਹੀ ਹੈ ਪਰ ਉਸ ਦੀ ਜਾਇਦਾਦ ਸਮਝੇ ਜਾਂਦੇ 'ਕਾਲੇ ਧਨ' ਨੂੰ ਵੀ ਮੰਡੀਆਂ ਵਿਚ ਰੁਲਦਾ ਅੱਖੀਂ ਵੇਖਿਆ ਜਾ ਸਕਦਾ ਹੈ। ਟਰਾਲੀਆਂ ਭਰ ਕੇ ਪਸ਼ੂ ਮੰਡੀਆਂ ਵਿਚ ਆਈਆਂ ਮੱਝਾਂ ਦੇ ਖਰੀਦਦਾਰ ਭਾਲਿਆਂ ਵੀ ਨਹੀਂ ਲੱਭਦੇ। ਬਰਨਾਲਾ ਨੇੜੇ ਕਸਬਾ ਧਨੌਲਾ ਵਿਚ ਲਗਦੀ ਪੰਜਾਬ ਦੀ ਸਭ ਤੋਂ ਵੱਡੀ ਮੰਡੀ ਵਿਚ ਲੱਖਾਂ ਦੀ ਗਿਣਤੀ ਵਿਚ ਵਿਕਣ ਆਏ ਪਸ਼ੂ ਵੇਖੇ ਜਾ ਸਕਦੇ ਹਨ। ਤ੍ਰਾਸਦੀ ਇਹ ਹੈ ਕਿ ਬਹੁਤ ਹੀ ਘੱਟ ਮੁੱਲ 'ਤੇ ਵੇਚੇ ਜਾਂਦੇ ਪਸ਼ੂਆਂ ਤੋਂ ਮੁੱਠੀ ਭਰ ਵਪਾਰੀ ਹੀ ਲਾਹਾ ਪ੍ਰਾਪਤ ਕਰਦੇ ਹਨ। ਵਿਚਾਰੇ ਕਿਸਾਨ ਦੇ ਹੱਥ ਪੱਲੇ ਕੁਝ ਨਹੀਂ ਪੈਂਦਾ। ਇਸ ਤੋਂ ਕਰਜ਼ੇ ਹੇਠ ਆਏ ਅਤੇ ਕਿਸਾਨ ਦੀ ਅਸਲੀ ਤਸਵੀਰ ਸਾਫ ਹੋ ਜਾਂਦੀ ਹੈ। ਸੰਵੇਦਨਸ਼ੀਲ ਸੁਭਾਅ ਵਾਲੇ ਕਿਸਾਨ ਆਰਥਿਕ ਸੰਕਟ ਦਾ ਸਾਹਮਣਾ ਕਰਨ ਤੋਂ ਅਸਮਰੱਥ ਹੋਣ ਕਾਰਨ ਆਪਣੀ ਜੀਵਨ ਲੀਲ੍ਹਾ ਹੀ ਖਤਮ ਕਰ ਲੈਂਦੇ ਹਨ। ਬਹੁਤੇ ਕਿਸਾਨ ਆਪਣੇ ਪੁਰਾਣੇ ਕਰਜ਼ੇ ਉਤਾਰਨ ਲਈ ਧੜਾ ਧੜ ਨਵੇਂ ਕਰਜ਼ੇ ਲੈ ਰਹੇ ਹਨ। ਮਜਬੂਰੀ ਵਿਚ ਮਾਰੇ ਮਾਰੇ ਫਿਰ ਰਹੇ ਇਨ੍ਹਾਂ ਕਿਸਾਨਾਂ ਦੀ ਜੇਕਰ ਸਰਕਾਰ ਨੇ ਬਾਂਹ ਨਾ ਫੜੀ ਤਾਂ ਕਿਸੇ ਵੀ ਸਮੇਂ ਕੋਈ ਨਵਾਂ ਵਰਤਾਰਾ ਵਰਤ ਸਕਦਾ ਹੈ। ਬੀਤੇ ਸਮੇਂ ਦੌਰਾਨ ਕਿਸਾਨਾਂ ਵੱਲੋਂ ਕੀਤੀਆਂ ਆਤਮ ਹੱਤਿਆਵਾਂ ਇਸ ਗੱਲ ਦਾ ਸੰਕੇਤ ਹਨ ਕਿ ਪੰਜਾਬ ਦਾ ਖੇਤੀ ਅਰਥਚਾਰਾ ਵਧੇਰੇ ਆਤਮ ਹੱਤਿਆਵਾਂ ਵੱਲ ਵਧ ਰਿਹਾ ਹੈ। ਉਹ ਜੋ ਮਰ ਗਏ ਹਨ ਉਹ ਇਕ ਆਉਣ ਵਾਲੀ ਹੋਣੀ ਦੀ ਦੱਸ ਪਾ ਗਏ ਹਨ। ਇਹ ਮੌਤਾਂ ਮਹਿਜ਼ ਇਕ ਸੰਕੇਤ ਮਾਤਰ ਹਨ। ਅੱਜ ਲੋੜ ਹੈ ਕਿਸਾਨਾਂ ਨੂੰ ਇਸ ਅਤਿ ਮੰਦਹਾਲੀ ਤੇ ਸੰਕਟ ਦੇ ਦੌਰ ਵਿਚੋਂ ਸੁਰੱਖਿਅਤ ਬਾਹਰ ਕੱਢਣ ਦੀ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਕਿਸਾਨਾਂ ਦੀਆਂ ਜਿਣਸਾਂ ਦੇ ਲਾਹੇਵੰਦ ਭਾਅ ਦਿੱਤੇ ਜਾਣ ਤੇ ਸਰਕਾਰ ਵੱਲੋਂ ਵੱਡੀ ਪੱਧਰ 'ਤੇ ਕਿਸੇ ਰਾਹਤ ਦਾ ਫੌਰੀ ਤੌਰ 'ਤੇ ਐਲਾਨ ਕੀਤਾ ਜਾਵੇ।

*ਜ਼ਮੀਨਾਂ ਤੋਂ ਬੇਦਖਲੀ :*

## ਖੇਤਾਂ ਵਾਲਿਆਂ ਦੇ, ਹੋ ਗਏ ਖੇਤ ਬੇਗਾਨੇ

ਖੇਤੀ ਪ੍ਰਧਾਨ ਅਰਥਚਾਰੇ ਕਾਰਨ ਬਦਲੇ ਪਰਿਪੇਖ ਅੰਦਰ ਖੇਤੀ ਉੱਪਰ ਬੋਲੇ ਸਾਮਰਾਜੀ ਹੱਲੇ ਅਤੇ ਵਿਸ਼ਵ ਵਪਾਰ ਸੰਸਥਾ ਨਾਲ ਕੀਤੇ ਸਮਝੌਤੇ ਨੇ ਅਜੇ ਤਬਾਹੀ ਦੀਆਂ ਸੁਨਾਮੀ ਲਹਿਰਾਂ ਦੀਆਂ ਤਰੰਗਾਂ ਹੀ ਛੇੜੀਆਂ ਹਨ। ਖਾਸ ਕਰਕੇ ਖੇਤੀ ਖੇਤਰ ਜੋ ਕਿ ਭਾਰਤੀ ਅਰਥਚਾਰੇ ਦੀ ਰੀੜ੍ਹ ਦੀ ਹੱਡੀ ਹੈ, ਪਹਿਲਾ ਹੱਲਾ ਇਸ ਦਾ ਵਿਨਾਸ਼ ਕਰਨ ਲਈ ਬੋਲਿਆ ਹੈ। ਨਵੀਆਂ ਸਾਮਰਾਜੀ ਆਰਥਿਕ ਨੀਤੀਆਂ ਨੇ ਖੇਤੀ ਕਿੱਤੇ ਅੰਦਰ ਭਖਵੇਂ ਬੁਨਿਆਦੀ ਮੁੱਦਿਆਂ 'ਚ ਜ਼ਮੀਨਾਂ ਬਚਾਉਣ ਦੇ ਸਵਾਲ ਨੂੰ ਹੀ ਪ੍ਰਥਮ ਸਥਾਨ 'ਤੇ ਲੈ ਆਂਦਾ ਹੈ। ਜਿਨ੍ਹਾਂ ਕੋਲੋਂ ਜਬਰੀ ਜ਼ਮੀਨਾਂ ਐਕੁਆਇਰ ਨਹੀਂ ਵੀ ਹੋਣਗੀਆਂ ਉਨ੍ਹਾਂ ਨੂੰ ਸੋਚੀ ਸਮਝੀ ਸਕੀਮ ਤਹਿਤ ਖੇਤੀ ਕਿੱਤੇ 'ਚੋਂ ਹੀ ਬਾਹਰ ਧੱਕ ਕੇ ਵੱਡੀਆਂ ਬਹੁਕੌਮੀ ਕੰਪਨੀਆਂ ਅਤੇ ਕਾਰਪੋਰੇਟ ਅਦਾਰੇ ਜ਼ਮੀਨਾਂ ਆਪਣੇ ਹੱਥ ਕਰਨ ਲਈ ਤਰਲੋਮੱਛੀ ਹੋ ਰਹੇ ਹਨ। ਖੇਤੀ ਵਰਤੋਂ ਦੇ ਸੰਦਾਂ, ਮਸ਼ੀਨਰੀ, ਦਵਾਈਆਂ, ਖਾਦਾਂ, ਤੇਲ, ਬਿਜਲੀ, ਪਾਣੀ, ਮਾਲੀਆ ਆਦਿ ਦੇ ਬੋਝ ਦੇ ਮਾਮਲੇ ਕਿਤੇ ਖੰਭ ਲਾ ਕੇ ਨਹੀਂ ਉੱਡੇ। ਇਹ ਮੁੱਦੇ ਬਿਨਾਂ ਸ਼ੱਕ ਅੱਜ ਵੀ ਕਿਸਾਨੀ ਲਈ ਬੜੇ ਮਹੱਤਵਪੂਰਨ ਹਨ ਪਰ ਕਾਰਪੋਰੇਟ ਸੈਕਟਰ ਦੇ ਇਸ ਧੰਦੇ 'ਚ ਦਾਖਲੇ ਨੇ ਖੇਤੀ ਕਿੱਤੇ ਨੂੰ ਬਚਾਉਣ ਦਾ ਵੱਡਾ ਸਵਾਲ ਖੜ੍ਹਾ ਕਰ ਦਿੱਤਾ ਹੈ। ਅੱਜ ਕਿਸਾਨੀ ਅੱਗੇ ਸਵਾਲ ਇਹੀ ਹੈ ਕਿ ਜੇ ਖੇਤੀ ਧੰਦਾ ਹੀ ਨਾ ਬਚਿਆ ਤਾਂ ਉਹ ਕੀ ਕਰਨਗੇ। ਇਹੀ ਕਾਰਨ ਹੈ ਕਿ ਕਿਸਾਨ ਜਥੇਬੰਦੀਆਂ ਵੀ 'ਜ਼ਮੀਨ ਬਚਾਉ' ਮੁੱਦੇ ਨੂੰ ਆਪਣੇ ਏਜੰਡੇ 'ਚ ਪਹਿਲੇ ਨੰਬਰ 'ਤੇ ਲੈ ਆਈਆਂ ਹਨ।

ਸਿਰਫ ਪੰਜਾਬ ਹੀ ਨਹੀਂ ਮੁਲਕ ਦੇ ਅਨੇਕਾਂ ਖਿੱਤਿਆਂ ਅੰਦਰ ਪਹਿਲਾਂ ਕਿਸਾਨੀ ਧੰਦੇ ਦੇ ਉਜਾੜੇ, ਹੁਣ ਜ਼ਮੀਨਾਂ 'ਤੇ ਜਬਰੀ ਕਬਜ਼ੇ, ਖੁਦਕੁਸ਼ੀਆਂ, ਘਰੇਲੂ ਸਨਅਤ ਦਾ ਭੋਗ ਪੈਣ, ਰੁਜ਼ਗਾਰ ਦੀ ਤਬਾਹੀ, ਮੁਢਲੀਆਂ ਮਨੁੱਖੀ ਜੀਵਨ ਲੋੜਾਂ ਉੱਪਰ ਕਾਟਾ ਮਾਰਨ ਸਿੱਖਿਆ, ਸਿਹਤ, ਪਾਣੀ ਆਦਿ ਦੀ ਫੱਟੀ ਪੋਚਣ, ਸਬਸਿਡੀਆਂ ਛਾਂਗਣ ਵਰਗੇ ਨਤੀਜੇ ਸਭ ਦੇ ਸਾਹਮਣੇ ਹਨ। ਇਹ ਕੋਈ ਸਧਾਰਨ ਚਲੰਤ ਵਰਤਾਰੇ ਦਾ ਇਜ਼ਹਾਰ ਨਹੀਂ। ਇਹ ਤਾਂ ਵਿਸ਼ਵੀਕਰਨ ਦੇ ਮਾਰੂ ਹੱਲੇ ਦੇ ਜੀਵਨ ਦੇ ਹਰ ਖੇਤਰ ਉੱਪਰ ਮੁਕੰਮਲ ਤਬਾਹਕੁਨ ਪੈਣ ਵਾਲੇ ਪ੍ਰਭਾਵ ਦਾ ਅਜੇ ਟਰੇਲਰ ਮਾਤਰ ਹੀ ਹੈ। ਖੇਤੀ ਕਿੱਤੇ 'ਤੇ ਨਿਰਭਰ ਕਿਸਾਨਾਂ, ਖੇਤ ਮਜ਼ਦੂਰਾਂ ਨੂੰ ਚਾਨਣ ਹੋ ਰਿਹਾ ਹੈ ਕਿ ਜਬਰੀ ਜ਼ਮੀਨਾਂ ਐਕੁਆਇਰ ਕਰਨ ਦੀਆਂ ਵਿੱਢੀਆਂ ਮੁਹਿੰਮਾਂ

ਸਾਨੂੰ ਭਵਿੱਖ 'ਚ ਬੰਧੂਆ ਮਜ਼ਦੂਰ ਬਣਾ ਕੇ ਰਹਿਣਗੀਆਂ। ਇਸੇ ਕਰਕੇ ਉਨ੍ਹਾਂ ਨੂੰ ਪ੍ਰਮੁੱਖ ਏਜੰਡੇ 'ਤੇ ਜ਼ਮੀਨ ਬਚਾਓ ਦਾ ਨਾਅਰਾ ਇਉਂ ਹੀ ਬੁਲੰਦ ਕਰਨਾ ਪੈ ਰਿਹਾ ਹੈ ਜਿਵੇਂ 100 ਵਰ੍ਹੇ ਪਹਿਲਾਂ ਇਨ੍ਹਾਂ ਹੀ ਵੱਟਾਂ ਬੰਨ੍ਹਿਆਂ 'ਤੇ 'ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਓਏ' ਦਾ ਨਾਅਰਾ ਗੀਤ ਬਣ ਕੇ ਗੂੰਜਿਆ ਸੀ।

ਪਹਿਲਾਂ ਹਰੇ ਇਨਕਲਾਬ ਨੇ ਖੇਤਾਂ ਦੇ ਪੁੱਤਾਂ ਨੂੰ ਸਾਮਰਾਜੀਆਂ ਦੀ ਮੁਥਾਜ਼ਗੀ ਦੇ ਚੱਕਰਵਿਊ 'ਚ ਪਾ ਕੇ ਕਰਜ਼ਈ ਕੀਤਾ। ਬੈਂਕਾਂ, ਸੂਦਖੋਰਾਂ, ਆੜ੍ਹਤੀਆਂ ਦੇ ਚੁੰਗਲ 'ਚ ਫਸਾਇਆ। ਰਹਿੰਦੀ ਖੂੰਹਦੀ ਕਸਰ ਹੁਣ ਕੱਢ ਦਿੱਤੀ ਜਦੋਂ ਸਾਡੀ ਖੇਤੀ ਦੇ ਜੜ੍ਹੀਂ ਤੇਲ ਦੇ ਕੇ ਬਾਹਰੋਂ ਕਣਕ, ਕਪਾਹ, ਚੀਨੀ ਆਦਿ ਨਿਸੰਗ ਹੋ ਕੇ ਭਾਰਤੀ ਬਾਜ਼ਾਰ 'ਚ ਲਿਆ ਸੁੱਟੀ ਜਿਣਸਾਂ ਦੇ ਭਾਅ ਕਦੇ ਕਦਾਈਂ ਅੱਖਾਂ ਪੂੰਝਣ ਵਾਂਗ ਜੇ ਵਧਾਏ ਵੀ ਪਰ ਉਹ ਖੇਤੀ 'ਤੇ ਲਾਗਤ ਖਰਚਿਆਂ ਦੇ ਨਿਸਬਤ ਕੋਝਾ ਮਜ਼ਾਕ ਬਣ ਕੇ ਰਹਿ ਗਏ। ਅਜੇ ਬਿੱਲੀ ਥੈਲਿਓਂ ਜਲਦੀ ਹੀ ਬਾਹਰ ਆਵੇਗੀ ਜਦੋਂ ਕਿਸੇ ਵੀ ਜਿਣਸ ਦੀ ਘੱਟੋ ਘੱਟ ਕੀਮਤ ਨਿਰਧਾਰਤ ਕਰਨ ਦਾ ਵੀ ਭੋਗ ਪਾਇਆ ਜਾਣਾ ਹੈ। ਗੱਲ ਕੀ ਬਚਦੀ ਖੁਚਦੀ ਗਰੀਬ ਦਰਮਿਆਨੀ ਕਿਸਾਨੀ ਨੂੰ ਕੰਗਾਲ ਕਰਨ ਦੇ ਦਰਵਾਜ਼ੇ ਖੋਲ੍ਹੇ ਜਾ ਰਹੇ ਹਨ।ਅਜਿਹੀ ਮਾਨਸਿਕਤਾ ਤਿਆਰ ਕੀਤੀ ਜਾ ਰਹੀ ਹੈ ਕਿ ਕਿਸਾਨ ਇਹ ਸਮਝੇ ਕਿ ਘਾਟੇਵੰਦਾ ਖੇਤੀ ਧੰਦੇ 'ਚ ਭਲਾ ਕੀ ਧਰਿਆ ਹੈ। ਇਉਂ ਉਹ ਬੇਵੱਸ ਹੋਏ ਜ਼ਮੀਨ ਮਾਫੀਆ ਗਰੋਹਾਂ ਅੱਗੇ ਗੋਡੇ ਟੇਕ ਦੇਣ। ਇਸ ਦਿਸ਼ਾ ਵੱਲ ਕਿਸਾਨੀ ਨੂੰ ਧੱਕਣ ਲਈ ਚੌਤਰਫਾ ਹੱਲਾ ਬੋਲਿਆ ਜਾ ਰਿਹਾ ਹੈ।

ਜ਼ਮੀਨਾਂ ਜਬਰੀ ਖੋਹਣ ਲਈ ਸਨਅਤੀਕਰਨ ਦੇ ਫੋਕੇ ਦਾਅਵੇ ਦੀ ਮੂੰਹ ਬੋਲਦੀਆਂ ਹਕੀਕਤਾਂ ਅੱਗੇ ਕਦੋਂ ਦੀ ਫੂਕ ਨਿਕਲ ਗਈ ਹੈ। ਦੂਰ ਨਹੀਂ ਤਾਂ ਟਰਾਈਡੈਂਟ ਗਰੁੱਪ ਆਫ ਇੰਡਸਟਰੀਜ਼ ਨੂੰ ਹੀ ਤੱਤਕਾਲੀਨ ਪੰਜਾਬ ਸਰਕਾਰ ਵੱਲੋਂ ਐਕੁਆਇਰ ਕਰਕੇ ਦਿੱਤੀ 376 ਏਕੜ ਜ਼ਮੀਨ ਦਾ ਮਾਮਲਾ ਹੀ ਦੇਖ ਲਓ। ਇਸ ਮੁੱਦੇ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਸਮੇਤ ਨੌਂ ਕਿਸਾਨ ਜਥੇਬੰਦੀਆ ਨੇ ਕਰੀਬ ਇਕ ਸਾਲ ਤੋਂ ਸੰਘਰਸ਼ ਵਿੱਢਿਆ ਹੋਇਆ ਹੈ। ਇਸ ਜ਼ਮੀਨ ਬਚਾਓ ਸੰਘਰਸ਼ ਦੌਰਾਨ ਹੁਣ ਤੱਕ ਪੁਲੀਸ ਤਸ਼ੱਦਦ ਦਾ ਸ਼ਿਕਾਰ ਹੁੰਦੇ ਹੋਏ ਇਕ ਹਜ਼ਾਰ ਤੋਂ ਵੱਧ ਕਿਸਾਨਾਂ ਨੂੰ ਜੇਲ੍ਹੀਂ ਡੱਕਿਆ ਜਾ ਚੁੱਕਾ ਹੈ। ਤਿੰਨ ਕਿਸਾਨ ਜਿਨ੍ਹਾਂ 'ਚ ਸੁਰਮੁਖ ਸਿੰਘ ਜੇਠੂਕੇ, ਬਲਵੰਤ ਸਿੰਘ ਦੁਗਲਵਾਲਾ, ਜਗਰੂਪ ਸਿੰਘ ਸ਼ਾਹਪੁਰ (ਲੌਂਗੋਵਾਲ) ਸਮੇਤ ਇਸ ਸੰਘਰਸ਼ ਦੌਰਾਨ ਆਪਣੀਆਂ ਜਾਨਾਂ ਵਾਰ ਚੁੱਕੇ ਹਨ। ਸਰਸਰੀ ਨਜ਼ਰ ਮਾਰਿਆਂ ਪਤਾ ਲੱਗਦਾ ਹੈ ਕਿ ਟਰਾਈਡੈਂਟ ਨੂੰ ਜ਼ਮੀਨ ਐਕੁਆਇਰ ਕਰਕੇ ਦੇਣ ਨਾਲ ਬਰਨਾਲਾ ਨੇੜਲੇ ਤਿੰਨ ਪਿੰਡਾਂ ਫਤਹਿਗੜ੍ਹ ਛੰਨਾਂ, ਸੰਘੇੜਾ ਅਤੇ ਧੌਲਾ ਦੇ ਕੁੱਲ 128 ਕਿਸਾਨ ਖੇਤੀ ਧੰਦੇ ਤੋਂ ਹੱਥ ਧੋਅ ਬੈਠਣਗੇ। ਇਸ ਤੋਂ ਬਿਨਾਂ 50 ਪਰਿਵਾਰ ਤਾਂ ਅਜਿਹੇ ਹਨ ਜਿਨ੍ਹਾਂ ਕੋਲ ਇਕ ਸਿਆੜ ਵੀ ਜ਼ਮੀਨ ਨਹੀਂ ਬਚੀ ਤੇ ਇਨ੍ਹਾਂ ਪਰਿਵਾਰਾਂ ਕੋਲ ਸਿਵਾਏ ਮਜ਼ਦੂਰੀ ਕਰਨ ਤੋਂ ਕੋਈ ਚਾਰਾ ਨਹੀਂ ਰਹਿ ਜਾਣਾ। ਇਵੇਂ ਹੀ ਅੰਮ੍ਰਿਤਸਰ ਜ਼ਿਲੇ ਦੇ ਪਿੰਡਾਂ

ਮਾਨਾਂਵਾਲਾ, ਪੰਡੋਰੀ, ਮਹਿਮਾ, ਝੀਟੇ ਖੁਰਦ, ਝੀਟੇ ਕਲਾਂ ਅਤੇ ਦੋਬੁਰਜੀ ਸਮੇਤ ਹੋਰ ਕਈ ਪਿੰਡ ਹਨ ਜਿਥੋਂ ਦੀ 1218 ਏਕੜ ਜ਼ਮੀਨ ਡੀ.ਐਲ.ਐਫ. ਕੰਪਨੀ ਨੂੰ ਐਕੁਆਇਰ ਕਰਕੇ ਦਿੱਤੀ ਜਾ ਰਹੀ ਹੈ। ਅਜਿਹਾ ਹੋਣ ਨਾਲ ਅੰਮ੍ਰਿਤਸਰ ਜ਼ਿਲੇ ਦੇ 400 ਕਿਸਾਨਾਂ ਦੇ ਧੰਦੇ ਨੂੰ ਜ਼ਬਰਦਸਤ ਸੱਟ ਵੱਜੇਗੀ। ਆਪਣੇ ਧੰਦੇ ਨੂੰ ਬਚਾਉਣ ਲਈ ਕਿਸਾਨਾਂ ਕੋਲ ਕਰੋ ਜਾਂ ਮਰੋ ਦੀ ਲੜਾਈ ਲੜਨ ਤੋਂ ਬਿਨਾਂ ਕੋਈ ਚਾਰਾ ਨਹੀਂ। ਵਿਸ਼ੇਸ਼ ਆਰਥਿਕ ਜ਼ੋਨ ਉਸ ਤੋਂ ਵੀ ਅੱਗੇ ਅਜੇ ਮੈਗਾ ਪ੍ਰੋਜੈਕਟਾਂ ਦੀ ਝੜੀ ਲੱਗਣੀ ਬਾਕੀ ਹੈ। ਬਰਨਾਲਾ ਨੇੜੇ ਟਰਾਈਡੈਂਟ ਅਤੇ ਅੰਮ੍ਰਿਤਸਰ ਜ਼ਿਲੇ 'ਚ ਡੀ.ਐਲ.ਐਫ. ਨੂੰ ਦਿੱਤੀ ਜ਼ਮੀਨ ਦੇ ਮਾਮਲੇ ਨੇ ਹੀ ਕਿਸਾਨੀ ਧੰਦੇ ਨੂੰ ਖਤਰੇ 'ਚ ਪਾ ਦਿੱਤਾ ਹੈ। ਇਸ ਤੋਂ ਇਹ ਵੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਮੈਗਾ ਪ੍ਰੋਜੈਕਟਾਂ ਤੇ ਵਿਸ਼ੇਸ਼ ਆਰਥਿਕ ਜ਼ੋਨਾਂ ਲਈ ਜ਼ਮੀਨਾਂ ਐਕੁਆਇਰ ਕਰਨ ਵੇਲੇ ਹਾਲਤ ਕਿਸ ਕਦਰ ਭਿਆਨਕ ਹੋਣਗੇ।

ਖੇਤੀ ਅਧਾਰਤ ਸਨਅਤ ਦੀ ਯੋਜਨਾ ਦਾ ਪਹਿਲਾਂ ਹੀ ਕਿਤੇ ਨਾਮੋਂ ਨਿਸ਼ਾਨ ਨਹੀਂ, ਨਾ ਹੀ ਹੁਣ ਕੋਈ ਲੋਕ ਪੱਖੀ, ਤਰੱਕੀ-ਪਸੰਦ ਇਹ ਕੋਈ ਖਰੀਆਂ ਅਗਾਂਹਵਧੂ ਤਾਕਤਾਂ ਵੱਲੋਂ ਮੁਲਕ ਨੂੰ ਸਨਅਤੀਕਰਨ ਦੀ ਪਟੜੀ ਉੱਪਰ ਚਾੜ੍ਹੇ ਜਾਣ ਦੇ ਆਰਥਿਕ ਵਰਤਾਰੇ ਦੇ ਨਤੀਜੇ ਵਜੋਂ ਜ਼ਮੀਨਾਂ ਲੈਣਾ ਹੈ। ਨਤੀਜਾ ਵੱਡੀ ਪੱਧਰ 'ਤੇ ਖੇਤ ਮਜ਼ਦੂਰਾਂ ਅਤੇ ਕਿਸਾਨਾਂ ਦੇ ਵਿਹਲੇ ਹੋਏ ਹੱਥਾਂ ਵਾਲੀਆਂ ਤੁਰਦੀ ਫਿਰਦੀ ਅੱਗ ਦੇ ਭਬੂਕੇ ਬਣੀਆਂ ਫੌਜਾਂ ਦੇ ਰੂਪ 'ਚ ਨਿਕਲੇਗਾ। ਲੇਬਰ ਚੌਕਾਂ ਦੀ ਪਹਿਲਾਂ ਹੀ ਦਰਦਨਾਕ ਤਸਵੀਰ ਕਿਸੇ ਵਿਆਖਿਆ ਦੀ ਮੁਥਾਜ ਨਹੀਂ। ਛੋਟੀ ਸਨਅਤ ਦਸਤਕਾਰੀ ਦਾ ਮੁਕੰਮਲ ਤੌਰ 'ਤੇ ਘੋਗਾ ਚਿੱਤ ਕਰਨ ਵਾਲੀਆਂ ਨਵੀਆਂ ਆਰਥਿਕ ਨੀਤੀਆਂ ਨੇ ਸਨਅਤੀ ਕਾਮਿਆਂ ਦੀਆਂ ਪਲਟਣਾ ਅਤੇ ਪਿੰਡਾਂ ਦੇ ਖੇਤ ਮਜ਼ਦੂਰਾਂ ਕਿਸਾਨਾਂ ਵਿਚ ਸਾਂਝੇ ਸੰਗਰਾਮ ਦੀ ਸਾਂਝ ਦਾ ਹੱਥ ਵਧਾਉਣ ਦੀ ਭਵਿੱਖ 'ਚ ਸਿਫਤੀ ਤਬਦੀਲੀ ਲਿਆਉਣੀ ਹੈ। ਕਿਸਾਨੀ ਜਿਵੇਂ ਕਿਵੇਂ ਜ਼ਮੀਨੀ ਆਰਥਿਕ ਰਿਸ਼ਤੇ ਨਾਲ ਸਦੀਵੀ ਤੰਦ ਰੱਖਦੀ ਲਗਾਤਾਰ ਘਾਟੇ ਦੇ ਬਾਵਜੂਦ ਵੀ ਇਸ ਨੂੰ ਵਿਰਾਸਤੀ ਧਰੋਹਰ ਸਮਝਦੀ ਹੈ ਹੁਣ ਜੇ ਇਸ ਨੂੰ ਜ਼ਮੀਨਾਂ ਛੱਡ ਕੇ ਅੱਗੇ ਨਵਾਂ ਨਵੇਲਾ ਤਰੱਕੀ ਦਾ ਮਾਰਗ ਧੂਹ ਪਾ ਰਿਹਾ ਹੋਵੇ ਤਾਂ ਉਹ ਇਸ ਨੂੰ ਅਣਚਾਹੇ ਵੀ ਛੱਡ ਸਕਦੀ ਸੀ ਪਰ ਹੁਣ ਉਹ ਅੱਗੇ ਖੂਹ ਅਤੇ ਪਿੱਛੇ ਖਾਈ ਵਰਗੀ ਪ੍ਰਸਥਿਤੀ 'ਚ ਘਿਰੀ ਹੋਈ ਹੱਥੋਂ ਜ਼ਮੀਨ ਵੀ ਜਾਂਦੀ ਦੇਖ ਕੇ ਜ਼ਿੰਦਗੀ ਮੌਤ ਦਾ ਮਸਲਾ ਸਮਝਦੀ ਇਸ ਨੂੰ ਆਪਣੀ ਮਨੋਵਿਰਤੀ ਸਰਗਰਮੀ ਅੰਦਰ 'ਜੀਆਂਗੇ ਜਾਂ ਮਰਾਂਗੇ ਜ਼ਮੀਨਾਂ ਦੀ ਰਾਖੀ ਕਰਾਂਗੇ', 'ਬੱਚਾ ਬੱਚਾ ਝੋਕ ਦਿਆਂਗੇ-ਜ਼ਮੀਨਾਂ 'ਤੇ ਕਰਜ਼ਾ ਰੋਕ ਦਿਆਂਗੇ' ਵਰਗੇ ਨਾਅਰੇ ਲਾਉਂਦੀ ਪ੍ਰਮੁੱਖ ਸਥਾਨ ਦੇਣ ਦੇ ਨਤੀਜੇ 'ਤੇ ਪਹੁੰਚ ਗਈ ਹੈ।

ਹਾਕਮ ਜੋ ਮਰਜ਼ੀ ਵਿਕਾਸ, ਸਨਅਤੀਕਰਨ, ਦੂਜੇ ਹਰੇ ਇਨਕਲਾਬ, ਪ੍ਰੋਸੈਸਿੰਗ ਪਲਾਂਟ ਆਦਿ ਦੀ ਬੂ ਦੁਹਾਈ ਪਾਈ ਜਾਣ ਪਰ ਲੋਕਾਂ ਨੂੰ ਤਲਖ ਹਕੀਕਤਾਂ ਦੇ ਸਾਫ ਸਾਫ ਦੀਦਾਰ ਹੋ ਗਏ ਹਨ ਕਿ ਉਹ ਧੱਕੇ ਨਾਲ ਜ਼ਮੀਨਾਂ ਸਸਤੀਆਂ ਹਥਿਆ ਕੇ ਮਹਿੰਗੀਆਂ

ਵੇਚਣ ਵਾਲੇ, ਕਲੋਨੀਆਂ ਬਣਾ ਕੇ ਨੋਟਾਂ ਦੀ ਆਪਣੇ ਵਿਹੜੇ ਵਰਖਾ ਕਰਨ ਵਾਲੇ ਭੂ ਮਾਫੀਏ ਹੀ ਹਨ। ਪੰਜਾਬ ਅਤੇ ਦੇਸ਼ ਦੇ ਹੋਰਨਾਂ ਖਿਤਿਆਂ ਅੰਦਰ ਭੇੜੂ ਰੁਖ ਧਾਰਨ ਕਰਦੀ ਕਿਸਾਨ ਲਹਿਰ ਨੇ ਕਰਵਟ ਲਈ ਹੈ। ਉੜੀਸਾ ਦੇ ਜੰਗਲਾਂ ਤੋਂ ਲੈ ਕੇ, ਪੱਛਮੀ ਬੰਗਾਲ, ਉੱਤਰ ਪ੍ਰਦੇਸ਼, ਆਂਧਰਾ ਪ੍ਰਦੇਸ਼, ਹਰਿਆਣਾ ਆਦਿ ਅਨੇਕਾਂ ਥਾਵਾਂ 'ਤੇ ਇਕ ਜਾਂ ਦੂਜੇ ਬਹਾਨੇ ਹੇਠ ਜ਼ਮੀਨਾਂ ਹਥਿਆਉਣ ਖਿਲਾਫ ਕਿਸਾਨ ਜਾਗ ਉੱਠੇ ਹਨ। ਪੰਜਾਬ ਅੰਦਰ ਹਾਕਮ ਧੜੇ ਇਸ ਮੁੱਦੇ ਉੱਪਰ ਜਿਵੇਂ ਮਰਜ਼ੀ ਦੜ ਵੱਟੀ ਰੱਖਣ ਪਰ ਜਿਹੜੀ ਵੀ ਕਿਸਾਨ ਜਥੇਬੰਦੀ ਇਸ ਜ਼ਮੀਨ ਹੇਠਲੇ ਲਾਵੇ ਨੂੰ ਬੁੱਝ ਕੇ ਹੋਰਨਾਂ ਮੰਗਾਂ ਦੇ ਚਾਰਟ 'ਚ ਸਭ ਤੋਂ ਟੀਸੀ 'ਤੇ ਰੱਖੇਗੀ ਉਹੀ ਸਥਿਤੀ ਨੂੰ ਢੁਕਵਾਂ ਹੁੰਗਾਰਾ ਦੇ ਸਕੇਗੀ, ਪੰਜਾਬ 'ਚ ਇਸ ਤਰ੍ਹਾਂ ਦੇ ਸਪੱਸ਼ਟ ਸੰਕੇਤ ਦੇਖੇ ਜਾ ਸਕਦੇ ਹਨ।

*ਨਵਾਂ ਵਰਤਾਰਾ, ਨਵੀਂ ਹੋਣੀ ਦਾ ਸੰਕੇਤ :*

# ਪੁੱਤ ਜੱਟਾਂ ਦੇ ਦਿਹਾੜੀਆਂ ਕਰਦੇ...

ਜੱਟਾਂ ਦੇ ਪੁੱਤਾਂ ਦਾ ਦਿਹਾੜੀਆਂ ਕਰਨ ਲੱਗਣਾ ਆਪਣੇ ਆਪ 'ਚ ਕੋਈ ਮਿਹਣਾ, ਸਮਾਜਕ ਰੁਤਬਾ ਘਟਾਈ ਨਹੀਂ। ਦਿਹਾੜੀ ਕਿਸੇ ਵਿਸ਼ੇਸ਼ ਜਾਤ ਲਈ ਹੀ ਰਾਖਵਾਂ ਮੁੱਦਾ ਵੀ ਨਹੀਂ। ਜੇ ਇਹ ਕਿਰਤ ਦੇ ਪੂਰੇ ਮੁੱਲ ਅਤੇ ਮਾਣ ਸਨਮਾਨ ਭਰੇ ਮਾਹੌਲ ਵਿਚ ਹੋ ਰਿਹਾ ਹੋਵੇ ਤਾਂ ਇਹ ਨਮੋਸ਼ੀ ਦਾ ਕਾਰਨ ਵੀ ਨਹੀਂ ਬਣਦਾ। ਉਦਾਹਰਣ ਵਜੋਂ ਬਾਹਰਲੇ ਮੁਲਕਾਂ ਵਿਚ ਜਾ ਕੇ ਵੀ ਸਾਡੇ ਬਹੁਤੇ ਲੋਕੀ ਨੌਕਰੀ, ਦਿਹਾੜੀ ਕਰਦੇ ਹੀ ਹਨ ਪਰ ਉਥੋਂ ਦੀ ਹਾਲਤਾਂ ਨੂੰ ਇਥੋਂ ਦੇ ਸਮਾਨ ਨਹੀਂ ਸਮਝਿਆ ਜਾਣਾ ਚਾਹੀਦਾ।

ਇਥੇ ਵੀ ਜੇ ਐਗਰੋ ਮੁਹਾਂਦਰੇ ਵਾਲੀ ਸਨਅਤ ਹੋਵੇ ਅਤੇ ਖੇਤੀ ਯੋਜਨਾਬੱਧ ਮੁਨਾਫਾਮੁਖੀ ਹੋਵੇ ਅਤੇ ਖੇਤਾਂ 'ਚੋਂ ਵਾਧੂ ਹੋ ਰਹੀ ਕਿਰਤ ਸ਼ਕਤੀ ਨੂੰ ਅੱਗੇ ਮਾਣ ਸਨਮਾਨ ਵਾਲੇ ਕਿਰਤ ਵਰਤਾਰੇ ਵਿਚ ਸਮੋਇਆ ਜਾਵੇ ਤਾਂ ਲੇਬਰ ਚੌਕਾਂ 'ਚ ਮਨੁੱਖੀ ਮੰਡੀ ਦਾ ਇਹ ਦਰਦ ਵਿੰਨਾ ਦ੍ਰਿਸ਼ ਨਾ ਹੋਵੇ। ਖੇਤੀ ਦੇ ਸਾਮਰਾਜੀ ਮਾਡਲ ਨੇ ਕਿਸਾਨੀ ਧੰਦੇ ਤੋਂ ਛੋਟੀ ਅਤੇ ਦਰਮਿਆਨੀ ਕਿਸਾਨੀ ਨੂੰ ਕਰਜ਼ਿਆਂ ਨਾਲ ਝੰਬ ਕੇ ਬਾਹਰ ਧੱਕ ਮਾਰਿਆ ਹੈ। ਅੱਗੇ ਬਾਹਵਾਂ ਉਲਾਰ ਕੇ ਸੰਭਾਲਣ ਵਾਲੀ ਸਨਅਤ ਨਹੀਂ। ਨਤੀਜਾ ਚੌਂਕਾਂ ਵਿਚ ਖੜ੍ਹੇ ਹੋਣ 'ਚ ਨਿਕਲਿਆ ਹੈ।

ਉਧਰ ਹਾਕਮਾਂ ਨੂੰ ਇਹ ਭਲੀ ਭਾਂਤ ਚਾਨਣ ਹੈ ਕਿ ਸਾਡੇ ਮੁਲਕ ਅੰਦਰ ਕਿਸਾਨ ਬਗਾਵਤਾਂ, ਲਹਿਰਾਂ ਨੇ ਸਮਾਜਿਕ ਉਥਲ ਪੁਥਲ ਨੂੰ ਪਹਿਲਾਂ ਤਿਲੰਗਾਨਾ, ਤਿਭਾਗਾ, ਪੈਪਸੂ ਅਤੇ ਨਕਸਲਬਾੜੀ 'ਚ ਜਨਮ ਦਿੱਤਾ ਇਸ ਕਰਕੇ ਉਨ੍ਹਾਂ ਨੇ ਕਿਸੇ ਵੇਲੇ ਲੈਂਡ ਸੀਲਿੰਗ, ਸਬਸਿਡੀਆਂ, ਘੱਟ ਵਿਆਜ 'ਤੇ ਕਰਜ਼ਿਆਂ ਅਤੇ ਸਹਿਕਾਰੀ ਸਭਾਵਾਂ ਦੇ ਪਰਦੇ ਓਟੇ। ਇਉਂ ਜਿੰਨਾ ਕੁ ਵਕਤ ਟੱਪ ਸਕਦਾ ਸੀ ਟੱਪ ਗਿਆ। ਹੁਣ ਲੈਂਡ ਸੀਲਿੰਗ ਦੀ ਬਜਾਏ ਹਕੂਮਤ ਸਾਰੇ ਪਰਦੇ ਵਗਾਹ ਮਾਰ ਕੇ ਆਪ ਬਹੁਕੌਮੀ ਕੰਪਨੀਆਂ, ਲੈਂਡ ਮਾਫੀਆ ਨੂੰ ਵੱਡੀ ਪੱਧਰ 'ਤੇ ਕਿਸਾਨਾਂ ਕੋਲੋਂ ਜ਼ਮੀਨਾਂ ਧੱਕੇ ਨਾਲ ਖੋਹ ਕੇ ਦੇ ਰਹੀ ਹੈ। ਸਬਸਿਡੀਆਂ, ਕਰਜ਼ਿਆਂ ਦੀਆਂ ਰਿਆਇਤਾਂ ਤੇ ਆਰੀ ਫੇਰ ਰਹੀ ਹੈ। ਸਿੱਟੇ ਵਜੋਂ ਖੇਤੀ ਕਿੱਤੇ ਅਤੇ ਜ਼ਮੀਨਾਂ ਤੋਂ ਹੀ ਇਕ ਵੱਡੀ ਪਰਤ ਬਾਹਰ ਧੱਕੀ ਜਾ ਰਹੀ ਹੈ। ਹਥਲੇ ਲੇਖ 'ਚ ਇਨ੍ਹਾਂ ਪਰਤਾਂ ਦੀ ਲੇਬਰ ਚੌਂਕਾਂ ਦੀ ਤਰਾਸਦੀ ਹੈ। ਜਿਹੜੇ ਕਿਸੇ ਹੱਦ ਤੱਕ ਅਜੇ ਵੀ ਗੀਤਾਂ, ਬੋਲੀਆਂ 'ਚ ਖੱਬੀ ਖਾਨ ਬਣਾ ਕੇ ਪੇਸ਼ ਕੀਤੇ ਜਾ ਰਹੇ ਹਨ ਉਨ੍ਹਾਂ ਦੀ ਅੰਦਰੋਂ ਘੁਣ ਖਾਧੀ ਕਹਾਣੀ ਹੈ। ਜਿੰਨੀ ਛੇਤੀ ਇਹ ਹਿੱਸੇ

ਫੋਕੀ ਸ਼ੋਹਰਤ ਦੀ ਚਾਦਰ ਵਗਾਹ ਮਾਰ ਕੇ ਹਕੀਕਤ ਮੁਖੀ ਹੋ ਕੇ ਆਪਣੀ ਤਕਦੀਰ ਆਪ ਘੜਨ ਅਤੇ ਧੱਕਿਆਂ ਧੋੜਿਆਂ ਖਿਲਾਫ ਡਟ ਜਾਣਗੇ ਓਨਾ ਹੀ ਚੰਗਾ ਹੈ।

ਸਿਆਣੇ ਆਖਦੇ ਹਨ ਕਿ ਕੋਈ ਵੀ ਕੰਮ ਛੋਟਾ-ਵੱਡਾ ਨਹੀਂ ਹੁੰਦਾ। ਸਾਰੇ ਹੀ ਧੰਦੇ ਅਤੇ ਹਰ ਤਰ੍ਹਾਂ ਦੀ ਕਿਰਤ ਇਕੋ ਜਿੰਨਾ ਮੁੱਲ ਰੱਖਦੀ ਹੈ। ਵਿਕਸਤ ਸਮਾਜਾਂ ਵਿਚ ਵੱਖ-ਵੱਖ ਕੰਮਾਂ-ਧੰਦਿਆਂ ਬਾਰੇ ਉਸ ਤਰ੍ਹਾਂ ਦੀ ਊਚ-ਨੀਚ ਦਾ ਵਿਚਾਰ ਨਹੀਂ ਕੀਤਾ ਜਾਂਦਾ, ਜਿਹੋ-ਜਿਹੀ ਸਾਡੇ ਇਥੇ ਚੱਲਦੀ ਹੈ। ਪੰਜਾਬੀ ਸਮਾਜ ਵਿਚ ਮਿਹਨਤ-ਮਜ਼ਦੂਰੀ ਦਾ ਕੰਮ ਉਸ ਤਬਕੇ ਦੇ ਲੋਕ ਹੀ ਕਰਦੇ ਹਨ, ਜਿਸ ਨੂੰ ਜਾਤੀ-ਪਾਤੀ ਸੋਚ ਵਾਲਾ ਸਾਡਾ ਸਮਾਜ ਹੇਠਲੀ ਸ਼੍ਰੇਣੀ ਸਮਝਦਾ ਹੈ। ਪੰਜਾਬ ਦੀ ਜੱਟ ਜਾਤ ਭਾਵੇਂ ਮਨੂ ਸਿਮਰਤੀ ਦੀ ਜਾਤ ਵੰਡ ਵਿਚ ਸਵਰਨ ਜਾਤਾਂ ਵਿਚ ਨਹੀਂ ਗਿਣੀ ਜਾਂਦੀ, ਪਰ ਪੰਜਾਬ ਦੇ ਪਿੰਡਾਂ ਵਿਚ ਕੁਝ ਆਰਥਕ, ਸਮਾਜਕ ਕਾਰਨਾਂ ਕਰਕੇ ਆਮ ਤੌਰ 'ਤੇ ਜੱਟਾਂ ਨੇ ਸਵਰਨ ਜਾਂ ਉੱਚ ਜਾਤੀ ਵਾਲਾ ਦਰਜਾ ਹੀ ਗ੍ਰਹਿਣ ਕਰ ਲਿਆ ਹੈ। ਜਗੀਰੂ ਰੁਚੀਆਂ ਦੇ ਪ੍ਰਭਾਵ ਹੇਠ ਪੰਜਾਬ ਦਾ ਜੱਟ ਮਜ਼ਦੂਰੀ ਕਰਨ ਨੂੰ ਆਪਣੀ ਹੇਠੀ ਸਮਝਦਾ ਹੈ। ਇਸੇ ਵਿਚੋਂ ਇਹ ਧਾਰਨਾਂ ਪੈਦਾ ਹੋਈ ਕਿ ਜੱਟ ਭੁੱਖਾ ਮਰ ਜਾਏਗਾ, ਪਰ ਕੰਮੀਆਂ ਵਾਲਾ ਕੰਮ ਦਿਹਾੜੀ ਨਹੀਂ ਕਰੇਗਾ। ਅਜਿਹੀਆਂ ਗੱਲਾਂ ਜੱਟ ਦੇ ਸੰਸਕਾਰਾਂ ਅਤੇ ਉਸ ਦੀ ਸਮਾਜਕ ਸਥਿਤੀ ਦਾ ਇਕ ਸੰਕੇਤ ਹਨ। ਪੰਜਾਬ ਵਿਚ ਜ਼ਮੀਨਾਂ ਕਿਉਂਕਿ ਜ਼ਿਆਦਾਤਰ ਜੱਟਾਂ ਕੋਲ ਸਨ, ਇਸ ਕਰਕੇ ਉਹ ਦੂਸਰੇ ਵਰਗਾਂ ਨਾਲੋਂ ਆਰਥਕ ਪੱਖੋਂ ਵੱਧ ਤਕੜੇ ਅਤੇ ਸੁਰਖਿਅਤ ਸਨ। ਹਰੀ ਕ੍ਰਾਂਤੀ ਨੇ ਵੀ ਇਕ ਵਾਰ ਜੱਟਾਂ ਦੇ ਉਭਾਰ ਵਿਚ ਬਹੁਤ ਵੱਡਾ ਰੋਲ ਨਿਭਾਇਆ। ਖੇਤੀ ਪੰਜਾਬ ਦੀ ਆਰਥਿਕਤਾ ਦੀ ਕਿਉਂਕਿ ਰੀੜ੍ਹ ਦੀ ਹੱਡੀ ਰਹੀ ਹੈ, ਇਸ ਕਰਕੇ ਜੱਟਾਂ ਨੇ ਵੀ ਪੰਜਾਬ ਦੇ ਆਰਥਕ, ਸਮਾਜਕ, ਰਾਜਨੀਤਕ ਅਤੇ ਸਭਿਆਚਾਰਕ ਜੀਵਨ ਵਿਚ ਇਕ ਧੁਰੇ ਵਾਲਾ ਰੋਲ ਪ੍ਰਾਪਤ ਕਰ ਲਿਆ ਸੀ।

ਸਮੇਂ ਦੀ ਮਾਰ ਦੇਖੋ ਕਿ ਦੇਸ਼ ਦੇ ਅਨਾਜ ਭੰਡਾਰ ਨੂੰ ਨੱਕੋ ਨੱਕ ਭਰਕੇ ਦੇਸ ਦੇ ਕਰੋੜਾਂ ਲੋਕਾਂ ਦਾ ਢਿੱਡ ਭਰਨ ਵਾਲਾ, ਮੌਤ ਨੂੰ ਮਖੌਲਾਂ ਕਰਨ ਵਾਲਾ ਕਿਸਾਨ ਸਰਕਾਰੀ ਨੀਤੀਆਂ ਦਾ ਸ਼ਿਕਾਰ ਹੋ ਹੁਣ ਦੋ ਡੰਗ ਦੀ ਰੋਟੀ ਨੂੰ ਵੀ ਤਰਸਣ ਲੱਗਾ ਹੈ। ਹਾਲਾਤ ਇਹ ਬਣ ਗਏ ਹਨ ਕਿ ਕਿਸਾਨ ਨੂੰ ਆਪਣਾ ਅਤੇ ਆਪਣੇ ਬੱਚਿਆਂ ਦਾ ਢਿੱਡ ਭਰਨ ਲਈ ਦਿਹਾੜੀਆਂ ਤੱਕ ਦੇ ਪਾਪੜ ਵੇਲਣੇ ਪੈ ਰਹੇ ਹਨ। ਪੰਜਾਬ ਦਾ ਕਿਸਾਨ ਅਤੇ ਖੇਤੀ ਅਰਥਚਾਰਾ ਇੱਕ ਹੋਰ ਵੱਡੇ ਦੁਖਾਂਤ 'ਚੋਂ ਗੁਜ਼ਰ ਰਿਹਾ ਹੈ ਜਿਸ ਵੱਲ ਕਿਸੇ ਵੀ ਸਰਕਾਰੀ ਸੰਸਥਾ ਜਾਂ ਸਰਕਾਰ ਦਾ ਧਿਆਨ ਹੀ ਨਹੀਂ ਉਹ ਇਹ ਕਿ ਪੰਜਾਬ ਦਾ ਕਿਸਾਨ ਹੁਣ ਬੇਜ਼ਮੀਨਾਂ ਹੋ ਰਿਹਾ ਹੈ। ਕਿਸਾਨ ਜਿਸ ਜਮੀਨ ਨੂੰ ਆਪਣੀ ਮਾਂ ਸਮਝਦਾ ਸੀ ਹੁਣ ਇਸ ਤੋਂ ਵਿਰਵਾ ਹੋ ਰਿਹਾ ਹੈ। ਸਭ ਤੋਂ ਵੱਡਾ ਦੁਖਾਂਤ ਇਹ ਹੈ ਕਿ ਇਹ ਜ਼ਮੀਨ ਗੈਰ ਕਾਸ਼ਤਕਾਰਾਂ ਭਾਵ ਭੂ ਮਾਫੀਆ ਜਾਂ ਸ਼ਾਹੂਕਾਰਾਂ ਦੇ ਹੱਥਾਂ 'ਚ ਜਾ ਰਹੀ ਹੈ। ਜੇ ਸੱਚਮੁੱਚ ਸਮਾਜ ਮੁਖੀ ਅਤੇ ਵਿਕਾਸਮੁਖੀ ਲੀਹਾਂ 'ਤੇ ਸਨਅਤੀਕਰਨ ਹੁੰਦਾ, ਖੇਤੀ ਅਧਾਰਤ ਸਨਅਤ ਦਾ ਨਿਰਮਾਣ ਹੁੰਦਾ ਅਤੇ ਜ਼ਮੀਨਾਂ ਤੋਂ ਵਿਰਵੇ ਹੋਣ ਵਾਲੇ

ਹਿੱਸੇ ਨੂੰ ਸਮਾਜਕ ਕਿਰਤ ਅੰਦਰ ਢੁਕਵਾਂ, ਬਦਲਵਾਂ ਸਥਾਨ ਹੁੰਦਾ ਤਾਂ ਇਹ ਪੀੜਾ ਇਸ ਕਦਰ ਨਹੀਂ ਸੀ ਹੋਣੀ ਇਥੇ ਤਾਂ ਸਿੱਧਾ ਉਜਾੜਾ, ਬੇਦਖਲੀ ਹੈ। ਕਿਸਾਨ ਪਰਿਵਾਰਾਂ ਦਾ ਵੱਡਾ ਹਿੱਸਾ ਹਰ ਵਰ੍ਹੇ ਬੇਜ਼ਮੀਨਾਂ ਹੋ ਰਿਹਾ ਹੈ ਅਤੇ ਇਹ ਬੇਜ਼ਮੀਨੇ ਕਿਸਾਨ ਹੀ ਅਸਲ 'ਚ ਮਜ਼ਦੂਰ ਜਮਾਤ 'ਚ ਤਬਦੀਲ ਹੋ ਰਹੇ ਹਨ ਜੋ ਪੰਜਾਬੀ ਸਮਾਜ ਦੀ ਨਵੀਂ ਅਣਹੋਣੀ ਦਾ ਸੰਕੇਤ ਹੈ। ਪੰਜਾਬ ਦੇ ਕਿਸਾਨ ਦੀ ਅਸਲ ਦਸ਼ਾ ਅਤੇ ਉਸ ਦੇ ਮਨ ਦੀ ਪੀੜਾ ਬਾਰੇ ਇਹ ਇਕ ਬਹੁਤ ਹੀ ਛੋਟਾ ਜਿਹਾ ਸਰਵੇਖਣ ਹੈ। ਛੋਟੀ ਕਿਸਾਨੀ ਦੇ ਬੇਚੈਨ ਮੁੰਡਿਆਂ ਅੰਦਰ ਕੀ ਬੇਚੈਨੀ ਰਿੱਝ ਰਹੀ ਹੈ, ਉਸ ਨੂੰ ਉਹ ਰਾਜਨੀਤਕ ਜਮਾਤ ਨਹੀਂ ਸਮਝ ਸਕਦੀ, ਜਿਹੜੀ ਸਮਝਦੀ ਹੈ ਕਿ ਸਿਰਫ ਟਿਊਬਵੈਲਾਂ ਦੀ ਬਿਜਲੀ ਮੁਆਫੀ ਦੀ ਆਕਸੀਜਨ ਦੇ ਕੇ ਜਾਂ ਹੋਰ ਡੰਗ ਟਪਾਊ ਲਾਲਚ ਨਾਲ ਹੀ ਕਿਸਾਨਾਂ ਨੂੰ ਖੁਸ਼ ਕੀਤਾ ਜਾ ਸਕਦਾ ਹੈ।

ਇਹ ਗੱਲ ਇਕ ਵਿਆਪਕ ਅਤੇ ਸਥਾਪਤ ਤੱਥ ਦੇ ਰੂਪ ਵਿਚ ਸਾਹਮਣੇ ਆ ਰਹੀ ਹੈ ਕਿ ਪੰਜਾਬ ਦੇ ਪਿੰਡਾਂ ਵਿਚੋਂ ਜੱਟਾਂ ਦੇ ਮੁੰਡੇ ਵੀ ਵੱਡੀ ਗਿਣਤੀ ਵਿਚ ਆ ਕੇ ਸ਼ਹਿਰਾਂ ਦੇ ਲੇਬਰ ਚੌਂਕਾਂ ਵਿਚ ਖੜ੍ਹਦੇ ਹਨ ਅਤੇ ਦਿਹਾੜੀਆਂ ਕਰਦੇ ਹਨ। ਬਹੁਤੇ ਹਾਲੇ ਵੀ ਆਪਣੀ ਪਛਾਣ ਛੁਪਾ ਕੇ ਰੱਖਦੇ ਹਨ ਅਤੇ ਕਈਆਂ ਨੇ ਇਸ ਗੱਲ ਨੂੰ ਹੁਣ ਸਵੀਕਾਰ ਹੀ ਲਿਆ ਹੈ। ਉਹ ਆਪਣੀ ਵਿਥਿਆ ਸੁਣਾਉਣ ਵਿਚ ਕੋਈ ਝਿਜਕ ਮਹਿਸੂਸ ਨਹੀਂ ਕਰਦੇ। ਕਈ ਹਾਲੇ ਵੀ ਨਹੀਂ ਚਾਹੁੰਦੇ ਕਿ ਕਿਸੇ ਨੂੰ ਇਹ ਪਤਾ ਲੱਗੇ ਕਿ ਉਹ ਜ਼ਮੀਨਾਂ ਵਾਲੇ ਜੱਟ ਹਨ। ਅਜਿਹੇ ਸੰਕਟ ਤੋਂ ਪੰਜਾਬ ਦਾ ਮਾਲਵਾ ਖੇਤਰ ਸਭ ਤੋਂ ਵੱਧ ਪੀੜਤ ਹੈ। ਸੰਗਰੂਰ, ਮਾਨਸਾ ਅਤੇ ਬਠਿੰਡਾ ਆਦਿ ਜ਼ਿਲਿਆਂ ਵਿਚ ਪੈਂਦਾ ਖਿੱਤਾ ਕਿਸਾਨ ਖੁਦਕੁਸ਼ੀਆਂ ਦੀ ਰਾਜਧਾਨੀ ਹੈ। ਇਸ ਖਿੱਤੇ ਵਿਚ ਪੈਂਦੇ ਲੇਬਰ ਚੌਂਕਾਂ 'ਤੇ ਖੜ੍ਹਨ ਵਾਲੇ ਮਜ਼ਦੂਰਾਂ ਵਿਚ ਕਿਸਾਨੀ ਪਿਛੋਕੜ ਵਾਲੇ ਲੋਕਾਂ ਦੀ ਗਿਣਤੀ 25 ਫੀਸਦੀ ਦਾ ਅੰਕੜਾ ਪਾਰ ਕਰ ਚੁੱਕੀ ਹੈ। ਲਾਗਲੇ ਪਿੰਡਾਂ ਦੇ ਬੇਕਾਰ ਕਿਸਾਨ ਪੁੱਤਰ ਪੋਣੇ ਵਿਚ ਰੋਟੀ ਅਤੇ ਸਿਰ 'ਤੇ ਪਰਨਾ ਬੰਨ੍ਹ ਕੇ ਚੌਂਕਾਂ ਵਿਚ ਆ ਕੇ ਖੜ੍ਹ ਜਾਂਦੇ ਹਨ ਪਰ ਇਸ ਨਾਲ ਵੀ ਉਨ੍ਹਾਂ ਦਾ ਭੁੱਖਮਰੀ ਤੱਕ ਪਹੁੰਚ ਚੁੱਕੀ ਗਰੀਬੀ ਤੋਂ ਛੁਟਕਾਰਾ ਨਹੀਂ ਮਿਲਦਾ। ਸਰਵੇ ਮੁਤਾਬਿਕ ਬਹੁਤਿਆਂ ਨੂੰ ਮਹੀਨੇ ਵਿਚ ਮਸਾਂ 10-15 ਦਿਨ ਹੀ ਕੰਮ ਮਿਲਦਾ ਹੈ। ਸਭ ਤੋਂ ਦਰਦਨਾਕ ਹਾਲਤ ਉਦੋਂ ਹੁੰਦੀ ਹੈ ਜਦੋਂ ਉਨ੍ਹਾਂ ਦੇ ਨਾਲ ਹੀ ਖੜ੍ਹੇ ਉਤਰ ਪ੍ਰਦੇਸ਼ ਜਾਂ ਬਿਹਾਰ ਦੇ ਮਜ਼ਦੂਰ ਨੂੰ ਸਸਤੇ ਹੋਣ ਕਾਰਨ ਕੋਈ ਲੈ ਜਾਂਦਾ ਹੈ ਅਤੇ ਉਹ ਖੜ੍ਹੇ ਰਹਿ ਜਾਂਦੇ ਹਨ। ਹਿੰਦੀ ਬੈਲਟ ਤੋਂ ਆਉਣ ਵਾਲੇ ਮਜ਼ਦੂਰ ਸਾਡੇ ਇਥੋਂ ਦੇ 'ਜ਼ਿਮੀਂਦਾਰ ਮਜ਼ਦੂਰਾਂ' ਨਾਲੋਂ ਸਸਤੇ ਵਿਚ ਕੰਮ ਕਰਨ ਲਈ ਤਿਆਰ ਹੋ ਜਾਂਦੇ ਹਨ। ਸਾਲ 2006 ਦੌਰਾਨ ਪੰਜਾਬ ਦੇ ਕੁੱਝ ਸ਼ਹਿਰਾਂ ਵਿੱਚ ਲੇਬਰ ਚੌਂਕਾਂ 'ਚ ਬੜੇ ਹੀ ਸਨਸਨੀਖੇਜ ਤੱਥ ਸਾਹਮਣੇ ਆਏ।

ਬਰਨਾਲਾ ਦੇ ਲੇਬਰ ਚੌਂਕ ਵਿਚ ਆਸ-ਪਾਸ ਦੇ ਪਿੰਡਾਂ ਹੰਡਿਆਇਆ, ਸੰਘੇੜਾ, ਸ਼ਹਿਣਾ, ਚੁਹਾਣਕੇ, ਚੁਹਾਣਕੇ ਖੁਰਦ, ਖੇੜੀ ਕਲਾਂ, ਸੇਖਾ, ਹਮੀਦੀ, ਰਾਏਸਰ, ਠੀਕਰੀਵਾਲਾ,

ਗੁਰਮ, ਗੁੰਮਟੀ ਆਦਿ ਤੋਂ ਵੱਡੀ ਗਿਣਤੀ ਵਿਚ ਕਿਸਾਨਾਂ ਦੇ ਮੁੰਡੇ ਦਿਹਾੜੀ-ਦੱਪੇ ਦੀ ਭਾਲ ਵਿਚ ਆ ਖਲੋਂਦੇ ਹਨ। ਬਹੁਤ ਵੱਡੀ ਗਿਣਤੀ ਅਜਿਹੇ ਕਿਸਾਨਾਂ ਦੀ ਵੀ ਹੈ ਜਿਹੜੇ ਇਹ ਕੰਮ ਚੋਰੀ ਛਿਪੇ ਵੀ ਕਰਦੇ ਹਨ। ਬਰਨਾਲਾ ਦੇ ਲੇਬਰ ਚੌਂਕ ਵਿਚ ਇਕ ਸੇਠ ਸੰਜੀਵ ਕੁਮਾਰ ਕੋਈ ਮਜ਼ਦੂਰ ਲੈਣ ਆਇਆ। ਸੰਗਦਾ ਸੰਗਾਉਂਦਾ ਪਿੰਡ ਖੇੜੀ ਦਾ ਇਕ ਕਿਸਾਨ ਉਸ ਦੇ ਅੱਗੇ ਅੱਗੇ ਹੋਣ ਲੱਗਾ। ਸੰਜੀਵ ਕੁਮਾਰ ਨੇ ਪੁੱਛਿਆ ਕਿ ਕੀ ਦਿਹਾੜੀ ਲਏਂਗਾ। "ਬਾਬੂ ਜੀ ਜੋ ਮਰਜ਼ੀ ਦੇ ਦੇਣਾ, ਘਰੇ ਤਾਂ ਆਟਾ ਵੀ ਮੁੱਕਿਆ ਹੈ।" ਸਦੀਆਂ ਤੋਂ ਕਿਸਾਨ ਦੀ ਜੱਟ ਹਉਂ ਐਨੇ ਪੀੜਾਦਾਇਕ ਤਰੀਕੇ ਨਾਲ ਪਿਘਲੀ ਕਿ ਮੌਸਮ ਵਿਚ ਉਦਾਸੀ ਘੁਲ ਗਈ। ਉਸ ਨੇ ਦੱਸਿਆ ਕਿ ਦੋ ਕੁ ਸਾਲ ਤੋਂ ਉਹ ਇਸ ਕੰਮ ਵਿਚ ਪਿਆ ਹੈ। ਉਸ ਕੋਲ ਆਪਣੀ 2 ਕਿੱਲੇ ਜੱਦੀ ਜ਼ਮੀਨ ਸੀ ਤੇ ਬਾਕੀ ਉਹ ਠੇਕੇ 'ਤੇ ਲੈ ਲੈਂਦਾ ਸੀ। ਗੁਜ਼ਾਰਾ ਹੋ ਜਾਂਦਾ ਸੀ। ਪਰ ਪਿਛਲੇ ਕੁਝ ਸਾਲਾਂ ਤੋਂ ਨਿਘਰਦੇ-ਨਿਘਰਦੇ ਇਨ੍ਹਾਂ ਚੌਂਕਾਂ ਵਿਚ ਆ ਖਲੋਂਤੇ ਹਾਂ। ਉਸ ਦੇ ਸਿਰ ਲੱਖ ਰੁਪਏ ਦਾ ਕਰਜ਼ਾ ਹੈ। ਪਿੰਡ ਚੁਹਾਣਕੇ ਖੁਰਦ ਦਾ ਦਲਵਾਰਾ ਸਿੰਘ ਵੀ ਇੰਜ ਹੀ ਕਿਸਾਨ ਤੋਂ ਮਜ਼ਦੂਰ ਬਣਿਆ ਹੈ। ਰਾਏਸਰ ਪਿੰਡ ਦੇ ਬੰਤ ਸਿੰਘ ਦੀ ਕਹਾਣੀ ਵੀ ਐਨੀ ਹੀ ਦਰਦਨਾਕ ਹੈ। ਉਸ ਨੇ ਲਗਾਤਾਰ 15 ਸਾਲ ਆਪਣੀ ਖੇਤੀ ਨੂੰ ਹੀ ਸੁਧਾਰਨ ਲਈ ਹੱਥ ਪੱਲੇ ਮਾਰੇ। ਕਈ ਸਹਾਇਕ ਧੰਦੇ ਅਪਣਾਏ। ਦੁੱਧ ਦਾ ਕੰਮ ਸ਼ੁਰੂ ਕੀਤਾ। ਪਰ ਰੇਤਲੀ ਬਰਸਾਤੀ ਨਦੀ ਵਿਚ ਖਲੋਤੇ ਆਦਮੀ ਵਾਂਗ ਲਗਾਤਾਰ ਉਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਗਈ ਤੇ ਅੰਤ ਉਹ ਇਸ ਮੰਡੀ ਦੀ ਲਾਚਾਰੀ ਵਿਚ ਆਣ ਡਿੱਗਿਆ ਹੈ। ਪਿੰਡ ਗੁਰਮ ਦਾ ਦਰਸ਼ਨ ਸਿੰਘ ਕਹਿੰਦਾ ਹੈ ਕਿ ਲੋਕੀਂ ਮਿਹਣੇ ਮਾਰਦੇ ਹਨ ਕਿ ਤੂੰ ਜੱਟ ਹੋ ਕੇ ਦਿਹਾੜੀਆਂ ਕਰਦਾ ਹੈਂ। ਪਰ ਮੈਂ ਉਨ੍ਹਾਂ ਨੂੰ ਪੁੱਛਦਾ ਹਾਂ ਕਿ ਨਿਆਣਿਆਂ ਦਾ ਢਿੱਡ ਭਰਨ ਲਈ ਕੀ ਹੁਣ ਡਾਕੇ-ਚੋਰੀਆਂ ਦੇ ਰਾਹ ਪਵਾਂ ? ਉਸ ਤੋਂ ਘਰ ਦੀ ਬਿਜਲੀ ਦਾ ਬਿੱਲ ਵੀ ਨਹੀਂ ਭਰਿਆ ਗਿਆ। ਬਿਜਲੀ ਵਾਲੇ ਕੁਨੈਕਸ਼ਨ ਕੱਟ ਗਏ। ਹੁਣ ਘਰੇ ਦੀਵਾ ਬਲਦਾ ਹੈ। ਗੁਰਮ ਦਾ ਹੀ ਗੁਰਮੁਖ ਸਿੰਘ ਅਤੇ ਹੰਡਿਆਇਆ ਦਾ ਬਜ਼ੁਰਗ ਕਿਸਾਨ ਜੋਗਿੰਦਰ ਸਿੰਘ ਆਪਣੇ ਮੁੰਡਿਆਂ ਨੂੰ ਵੀ ਨਾਲ ਲੈ ਆਉਂਦੇ ਹਨ ਅਤੇ ਮਨ 'ਤੇ ਪਿਆ ਸਦੀਆਂ ਦਾ ਬੋਝ ਝਲਦੇ ਹੋਏ ਗਾਹਕਾਂ ਦੀ ਉਡੀਕ ਕਰਦੇ ਹਨ। (ਕਿਸਾਨਾਂ ਵੱਲੋਂ ਇਤਰਾਜ਼ ਕਰਨ 'ਤੇ ਕਈ ਨਾਮ ਬਦਲਕੇ ਲਿਖੇ ਗਏ ਹਨ)

ਮਾਲਵੇ ਦੇ ਇਸ ਖੇਤਰ ਅੰਦਰ ਹੀ ਕਿਸਾਨਾਂ ਨੇ ਸਭ ਤੋਂ ਵੱਧ ਆਤਮ ਹੱਤਿਆਵਾਂ ਕੀਤੀਆਂ ਹਨ। ਜ਼ਿਲਾ ਸੰਗਰੂਰ ਦੇ ਮੂਣਕ, ਲਹਿਰਾਗਾਗਾ, ਬਰਨਾਲਾ ਅਤੇ ਭਵਾਨੀਗੜ੍ਹ ਬਲਾਕਾਂ ਦੇ ਦਰਜਨਾਂ ਕਿਸਾਨ ਖੁਦਕੁਸ਼ੀਆਂ ਦੇ ਰਾਹੇ ਪੈ ਚੁੱਕੇ ਹਨ। ਪ੍ਰੋਫੈਸਰ ਗੋਪਾਲ ਅਈਅਰ ਅਤੇ ਡਾ. ਮਿਹਰ ਸਿੰਘ ਮਾਣਕ ਵੱਲੋਂ ਕੀਤੇ ਇਕ ਸਰਵੇਖਣ ਮੁਤਾਬਕ ਸਾਲ 1998-99 ਵਿਚ ਇਸ ਜ਼ਿਲੇ ਦੇ ਕਿਸਾਨਾਂ ਨੇ ਕਰਜ਼ੇ ਦੇ ਭਾਰ ਹੇਠ ਦੱਬੇ ਹੋਣ ਕਾਰਨ ਨਰਕ ਅਤੇ ਨਮੋਸ਼ੀ ਦੇ ਜੀਵਨ ਨੂੰ ਫਤਹਿ ਬੁਲਾ ਦਿੱਤੀ। ਇੰਦਰਜੀਤ ਸਿੰਘ ਜੇਜੀ ਵੀ ਉਨ੍ਹਾਂ ਸਮਾਜ ਸੁਧਾਰਕਾਂ 'ਚੋਂ ਇੱਕ ਹਨ ਜਿਨ੍ਹਾਂ ਕਿਸਾਨਾਂ ਦੀਆਂ ਖੁਦਕੁਸ਼ੀਆਂ ਦਾ ਮਾਮਲਾ ਚੁੱਕਿਆ ਹੋਇਆ ਹੈ

ਉਨ੍ਹਾਂ ਤਾਂ ਇਸ ਮਾਮਲੇ 'ਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਰਿੱਟ ਪਟੀਸ਼ਨ ਦਾਇਰ ਕਰਕੇ ਖੁਦਕੁਸ਼ੀਆਂ ਕਰ ਚੁੱਕੇ ਕਿਸਾਨਾਂ ਦੇ ਪਰਿਵਾਰਾਂ ਲਈ ਮਾਲੀ ਰਾਹਤ ਅਤੇ ਮੁੜ ਵਸੇਬੇ ਦੇ ਪ੍ਰਬੰਧ ਕਰਨ ਦੀ ਮੰਗ ਵੀ ਕੀਤੀ ਜਿਸ ਤੋਂ ਬਾਅਦ ਸਰਕਾਰ ਨੇ ਪਹਿਲੀ ਵਾਰ ਕਰਜ਼ੇ ਦੇ ਬੋਝ ਕਾਰਨ ਕਿਸਾਨਾਂ ਵੱਲੋਂ ਕੀਤੀਆਂ ਖੁਦਕੁਸ਼ੀਆਂ ਦੇ ਪੂਰੇ ਮਾਮਲੇ ਦੀ ਜਾਂਚ ਕਰਾਉਣ ਦੀ ਗੱਲ ਮੰਨੀ ਸੀ ਉਹ ਗੋਂਗਲੂਆਂ ਤੋਂ ਮਿੱਟੀ ਝਾੜਨ ਦੇ ਤੁੱਲ ਹੀ ਸਾਬਤ ਹੋਈ ਹੈ। ਇੰਦਰਜੀਤ ਸਿੰਘ ਜੇਜੀ ਦਾ ਮੰਨਣਾ ਹੈ ਕਿ ਪੂਰੇ ਪੰਜਾਬ ਵਿੱਚ ਪਿਛਲੇ ਡੇਢ ਕੁ ਦਹਾਕੇ ਦੌਰਾਨ ਕਰਜ਼ੇ ਨੇ ਪੰਜ ਹਜਾਰ ਤੋਂ ਵੱਧ ਕਿਸਾਨਾਂ ਦੀਆਂ ਜਾਨਾਂ ਲਈਆਂ ਹਨ। ਇਕ ਅਧਿਐਨ ਮੁਤਾਬਕ ਇਕੱਲੇ ਸੰਗਰੂਰ ਜ਼ਿਲੇ ਦੇ ਕਿਸਾਨਾਂ ਸਿਰ ਹੀ ਕਰੀਬ ਪੰਦਰਾਂ ਸੌ ਕਰੋੜ ਰੁਪਏ ਦਾ ਕਰਜ਼ਾ ਹੈ (ਇਹ ਆਂਕੜਾ ਅੱਠ-ਨੌਂ ਸਾਲ ਪੁਰਾਣਾ ਹੈ) ਇਸ ਅਧਿਐਨ ਮੁਤਾਬਕ 600 ਕਰੋੜ ਬੈਂਕਾਂ ਅਤੇ ਸਰਕਾਰੀ ਵਿੱਤੀ ਅਦਾਰਿਆਂ ਦਾ ਹੈ ਅਤੇ 900 ਕਰੋੜ ਕਰੋੜ ਤੋਂ ਵਧੇਰੇ ਸ਼ਾਹੂਕਾਰਾਂ ਅਤੇ ਆੜ੍ਹਤੀਆਂ ਦਾ ਕਰਜ਼ਾ ਹੈ। ਮਾਲਵੇ ਦੇ ਜਿਲਾ ਸੰਗਰੂਰ ਦੇ ਕਿਸਾਨਾਂ ਦੀ ਤਾਂ ਉਕਤ ਹਾਲਤ ਇੱਕ ਉਦਾਹਰਨ ਮਾਤਰ ਹੀ ਹੈ। ਬਠਿੰਡਾ, ਮਾਨਸਾ, ਫਰੀਦਕੋਟ,ਅਤੇ ਸਰਹੱਦੀ ਜਿਲੇ ਫਿਰੋਜਪੁਰ ਦੇ ਕਿਸਾਨਾਂ ਦੀ ਹਾਲਤ ਇਸ ਤੋਂ ਵੀ ਬਦਤਰ ਹੈ।

ਮਾਲਵੇ ਦੇ ਕਿਸਾਨਾਂ ਦੀ ਮੰਦੀ ਆਰਥਿਕ ਹਾਲਤ ਦਾ ਤਾਂ ਹੁਣ ਚਾਰੇ ਪਾਸੇ ਪਾਜ ਉੱਘੜ ਚੁੱਕਾ ਹੈ ਪਰੰਤੂ ਪ੍ਰਵਾਸੀ ਭਾਰਤੀਆਂ ਦੀ ਰਾਜਧਾਨੀ ਵਜੋਂ ਪ੍ਰਸਿੱਧ ਦੋਆਬਾ ਖੇਤਰ ਦੇ ਕਿਸਾਨਾਂ ਦੀ ਜੇ ਹਾਲਤ ਦੇਖੀ ਜਾਵੇ ਤਾਂ ਉਹ ਵੀ ਕੋਈ ਬਹੁਤੀ ਸੁਖਾਵੀਂ ਨਹੀਂ ਸਾਲ 2005 ਦਿਨੀਂ ਤੁਸੀਂ ਦੇਖਿਆ ਹੀ ਹੈ ਕਿ ਪੰਜਾਬ ਦੇ ਇਤਿਹਾਸ 'ਚ ਜੇ ਦਾਣਾ ਮੰਡੀ 'ਚ ਕਿਸੇ ਕਿਸਾਨ ਨੇ ਖੁਦਕੁਸ਼ੀ ਕੀਤੀ ਹੈ ਤਾਂ ਉਹ ਦੋਆਬੇ ਦੇ ਕਪੂਰਥਲਾ ਜਿਲੇ ਦੀ ਨਡਾਲਾ ਮੰਡੀ ਸੀ ਜਿਸ ਨੇ ਦੋਆਬੇ ਦੇ ਕਿਸਾਨਾਂ ਦੀ ਹਾਲਤ ਬਿਆਨ ਕਰ ਦਿੱਤੀ ਹੈ। ਦੋਆਬੇ ਦਾ ਜਲੰਧਰ ਜ਼ਿਲਾ ਪੰਜਾਬ ਦਾ ਸਭ ਤੋਂ ਖੁਸ਼ਹਾਲ ਜ਼ਿਲਿਆਂ ਵਿਚ ਗਿਣਿਆ ਜਾਂਦਾ ਹੈ। ਬੁਨਿਆਦੀ ਤੌਰ 'ਤੇ ਇਹ ਭਾਵੇਂ ਬਹੁਤ ਛੋਟੀ-ਛੋਟੀ ਖੇਤੀ ਵਾਲੇ ਕਿਸਾਨਾਂ ਦਾ ਇਲਾਕਾ ਸੀ, ਵਿਦੇਸ਼ ਜਾਣ ਦੀ ਖਿੱਚ ਤਾਂ ਇਸ ਖਿੱਤੇ ਦੇ ਲੋਕਾਂ 'ਚ ਭਾਵੇਂ ਆਜ਼ਾਦੀ ਤੋਂ ਪਹਿਲਾਂ ਵੀ ਰਹੀ ਹੈ ਪਰ ਸੱਤਰਵਿਆਂ ਦੇ ਦਹਾਕੇ ਵਿਚ ਇਸ ਖਿੱਤੇ ਦੇ ਲੋਕਾਂ 'ਚ ਵਿਦੇਸ਼ਾਂ ਵਿਚ ਜਾਣ ਦੀ ਖਿੱਚ ਜਿਆਦਾ ਹੀ ਵਧ ਗਈ।

ਵਿਦੇਸ਼ੀ ਪੈਸੇ ਨਾਲ ਇਸ ਖਿੱਤੇ ਦੀ ਕਿਸੇ ਹੱਦ ਤੱਕ ਕਾਇਆ ਪਲਟੀ ਹੋ ਗਈ ਪਰ ਵਿਦੇਸ਼ੀ ਧਰਤੀਆਂ ਤੱਕ ਵੀ ਸਭ ਦੀ ਪਹੁੰਚ ਨਹੀਂ ਹੋ ਸਕਦੀ। ਜਿਹੜੇ ਇਥੇ ਰਹਿ ਕੇ ਖੇਤੀ 'ਤੇ ਹੀ ਨਿਰਭਰ ਰਹਿ ਰਹੇ ਹਨ, ਉਨ੍ਹਾਂ ਦੀ ਹਾਲਤ ਵੀ ਦਿਨ ਬਦਿਨ ਪਤਲੀ ਹੋਣੀ ਸ਼ੁਰੂ ਹੋ ਗਈ ਹੈ। ਦੋਆਬੇ ਦੀ ਕਿਰਸਾਨੀ ਦੀ ਇੱਕ ਇਹ ਵੀ ਤਰਾਸਦੀ ਹੈ ਕਿ ਇਸ ਖਿੱਤੇ ਦੇ ਕਿਸਾਨਾਂ ਕੋਲ ਮਾਝੇ ਅਤੇ ਮਾਲਵੇ ਦੇ ਕਿਸਾਨਾਂ ਦੇ ਮੁਕਾਬਲਤਨ ਜਮੀਨਾਂ ਬਹੁਤ ਹੀ ਘੱਟ ਹਨ। ਇੱਥੇ ਜਿਆਦਾ ਜ਼ਮੀਨਾਂ ਵਾਲੇ ਕਿਸਾਨਾਂ ਦੀ ਗਿਣਤੀ ਆਟੇ 'ਚ ਲੂਣ ਮਾਤਰ ਹੀ ਹੈ।

ਇਸ ਜ਼ਿਲੇ ਵਿਚ ਪਿਛਲੇ ਸਾਲਾਂ ਦੌਰਾਨ ਹੋਏ ਖੇਤੀ ਸਰਵੇਖਣ ਅਨੁਸਾਰ ਛੋਟੇ ਕਿਸਾਨਾਂ ਦੀ ਗਿਣਤੀ ਲਗਾਤਾਰ ਘਟ ਰਹੀ ਸੀ। ਬਹੁਤ ਛੋਟੀਆਂ ਜੋਤਾਂ ਵਾਲੇ ਖੇਤੀਬਾੜੀ 'ਤੇ ਨਿਰਭਰਤਾ ਛੱਡ ਕੇ ਦੁੱਧ, ਸਬਜ਼ੀਆਂ ਆਦਿ ਦੇ ਹੋਰ ਨਿੱਕੇ-ਮੋਟੇ ਧੰਦੇ ਅਪਣਾਉਣ ਲਈ ਮਜਬੂਰ ਹੋ ਰਹੇ ਹਨ। ਪਰ ਬਹੁਤਿਆਂ ਦੇ ਅਜਿਹੇ ਧੰਦਿਆਂ ਵਿਚ ਵੀ ਪੈਰ ਨਹੀਂ ਲੱਗੇ। ਉਹ ਖਿਸਕਦੇ ਖਿਸਕਦੇ ਹੌਲੀ-ਹੌਲੀ 'ਦਿਹਾੜੀਦਾਰ ਮਜ਼ਦੂਰਾਂ' ਵਿਚ ਪਲਟ ਗਏ। ਦੋਆਬੇ ਦੇ ਖਾਸਕਰ ਸਤਲੁਜ ਅਤੇ ਬਿਆਸ ਦਰਿਆ ਨਾਲ ਲਗਦੇ ਪਿੰਡਾਂ ਦੇ ਕਿਸਾਨਾਂ ਦੀ ਹਾਲਤ ਤਾਂ ਦਿਹਾੜੀਦਾਰ ਦਲਿਤਾਂ ਨਾਲੋਂ ਵੀ ਮਾੜੀ ਹੈ। ਫਸਲਾਂ ਦਰਿਆ ਦੇ ਪਾਣੀ ਦੀ ਭੇਂਟ ਚੜ੍ਹਨ ਅਤੇ ਕਰਜ਼ੇ ਦੀ ਪੰਡ ਭਾਰੀ ਹੋਣ ਕਾਰਨ ਇਨ੍ਹਾਂ ਪਿੰਡਾਂ ਦੇ ਕਿਸਾਨਾਂ ਨੇ ਵੀ ਮੌਤ ਨੂੰ ਗਲ ਲਾਇਆ ਪਰ ਇਹ ਸਭ ਕੁੱਝ ਖੁੱਲ੍ਹੇ ਰੂਪ 'ਚ ਸਾਹਮਣੇ ਨਹੀਂ ਆ ਸਕਿਆ ਸ਼ਾਇਦ ਇਸ ਲਈ ਕਿ ਅਰਥ ਸ਼ਾਸ਼ਤਰੀ ਅਤੇ ਸਰਕਾਰ ਇਸੇ ਭੁਲੇਖੇ 'ਚ ਹਨ ਕਿ ਡਾਲਰਾਂ ਅਤੇ ਪੌਂਡਾਂ ਨੇ ਸਮੁੱਚੇ ਦੋਆਬੇ ਦੇ ਕਿਸਾਨਾਂ ਦੇ ਦੁੱਖ ਤੋੜ ਦਿੱਤੇ ਹਨ।

ਜਲੰਧਰ ਦੇ ਲੇਬਰ ਚੌਂਕ ਵਿਚ ਖਲੋਤਾ ਇਕ 'ਜੱਟ ਦਿਹਾੜੀਦਾਰ' ਆਪਣੇ ਮਨ ਦੀ ਡਾਵਾਂਡੋਲ ਅਵਸਥਾ ਨੂੰ ਛੁਪਾ ਨਹੀਂ ਸੀ ਪਾ ਰਿਹਾ। ਜੀਵਨ ਦੀਆਂ ਬੇਬਸੀਆਂ ਨੇ ਉਸ ਨੂੰ ਬੌਂਦਲਾਇਆ ਹੋਇਆ ਸੀ। ਉਥੇ ਹੀ ਖੜ੍ਹੇ ਇਕ ਹੋਰ 'ਜੱਟ ਦਿਹਾੜੀਦਾਰ' ਨੇ ਦੱਸਿਆ ਕਿ ਉਹਦੇ ਮੁੰਡੇ ਤਾਂ ਸ਼ਹਿਰ 'ਚ ਕਿਸੇ ਸੇਠ ਦੀ ਦੁਕਾਨ 'ਤੇ ਨੌਕਰ ਲੱਗ ਗਏ ਹਨ ਪਰ ਉਮਰ ਦੇ ਅਖੀਰਲੇ ਪੜਾਅ ਵਿਚ ਆ ਕੇ ਉਸ ਨੂੰ ਆਪ ਦਿਹਾੜੀ ਕਰਨੀ ਪੈ ਰਹੀ ਹੈ। ਜਿਊਣ ਔਖਾ ਹੀ ਔਖਾ ਹੁੰਦਾ ਜਾ ਰਿਹਾ ਹੈ। ਪੰਜਾਬ ਦੀ ਛੋਟੀ ਕਿਸਾਨੀ ਦੀ ਅਜਿਹੀ ਦਸ਼ਾ ਸੱਚਮੁੱਚ ਹੀ ਬਹੁਤ ਚਿੰਤਾਜਨਕ ਹੈ। ਪੰਜਾਬ ਬਿਹਾਰ ਬਣਨ ਵੱਲ ਵਧ ਰਹਾ ਹੈ। ਜੁਰਮ ਵੀ ਵਧਣ ਲੱਗਿਆ ਹੈ। ਲੇਬਰ ਚੌਂਕ ਵਿਚ ਖਲੋਤੇ ਇਕ ਕਿਸਾਨ ਦੀਦਾਰ ਸਿੰਘ ਨੇ ਟਿੱਪਣੀ ਕੀਤੀ, "ਸਰਕਾਰ ਨੇ ਉਨ੍ਹਾਂ ਕਿਸਾਨਾਂ ਦੀ ਬਿਜਲੀ ਮੁਆਫ ਕੀਤੀ ਹੈ, ਜਿਨ੍ਹਾਂ ਕੋਲ 10-15 ਏਕੜ ਤੋਂ ਵੱਧ ਜ਼ਮੀਨ ਹੈ ਤੇ ਟਿਊਬਵੈਲ ਲੱਗੇ ਹੋਏ ਹਨ। ਅਸੀਂ ਟਿਊਬਵੈਲਾਂ ਵਾਲਿਆਂ ਤੋਂ ਮੁੱਲ ਪਾਣੀ ਲੈਂਦੇ ਹਾਂ।" ਪੰਜਾਬ ਦਾ ਕਿਸਾਨ ਬੁਰੇ ਤੋਂ ਬੁਰੇ ਹਾਲਾਤ ਵਿਚ ਵੀ ਹਾਰ ਨਾ ਮੰਨਣ ਲਈ ਜਾਣਿਆ ਜਾਂਦਾ ਹੈ। ਖੁਦਕੁਸ਼ੀਆਂ ਤੇ ਬੇਬਸੀ ਪੰਜਾਬੀ ਕਿਸਾਨ ਦੀ ਫਿਤਰਤ ਨਹੀਂ ਰਹੀ। ਬਰਨਾਲੇ ਹਲਕੇ ਦੇ ਇਕ ਕਿਸਾਨ ਤੋਂ ਜਦੋਂ ਇਸ ਨਿਰਾਸ਼ਾ ਦਾ ਕਾਰਨ ਪੁੱਛਿਆ ਤਾਂ ਉਹ ਬੋਲਿਆ, "ਸਾਨੂੰ ਉਨ੍ਹਾਂ ਨੇ ਮਾਰਿਐ, ਜਿਹੜੇ ਸਾਡਾ ਦਮ ਭਰਦੇ ਤੀ। ਮੌਜੂਦਾ ਨਿਜ਼ਾਮ ਵਿਚ ਜੋ ਸਾਡੀ ਗਤ ਬਣੀ ਹੈ, ਐਨੀ ਤਾਂ ਪਹਿਲਾਂ ਕਦੇ ਵੀ ਨਹੀਂ ਸੀ ਹੋਈ।" ਇਸ ਕਿਸਾਨ ਦੀ ਪੀੜ ਖਾਸੀ ਚੁਭਣਹਾਰੀ ਸੀ ਕਹਿੰਦਾ "ਜੱਟਾਂ ਦੇ ਪੱਲੇ ਤਾਂ ਹੁਣ ਫੂੰ ਫਾਂ ਈ ਰਹਿ ਗਈ ਏ, ਵਿਚੋਂ ਤਾਂ ਜਮਾਂ ਖੋਖਲੇ ਹੋਏ ਪਏ ਹਾਂ ਬਾਈ"।

1997 'ਚ ਜਦੋਂ ਅਕਾਲੀ ਭਾਜਪਾ ਸਰਕਾਰ ਹੋਂਦ 'ਚ ਆਈ ਤਾਂ ਇਸ ਸਰਕਾਰ ਦੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਕੈਲੀਫੋਰਨੀਆਂ ਬਣਾਉਣ ਦੇ ਦਾਅਵੇ ਕੀਤੇ।

ਪਰੰਤੂ ਕਿਸਾਨਾਂ ਦੀ ਇਨ੍ਹਾਂ ਪੰਜਾਂ ਵਰ੍ਹਿਆਂ ਦੌਰਾਨ ਜੋ ਦੁਰਗਤੀ ਹੋਈ ਉਹ ਸਭ ਦੇ ਸਾਹਮਣੇ ਹੈ। ਬਾਦਲ ਸਰਕਾਰ ਨੇ ਜਦੋਂ 1996 ਵਿੱਚ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਦਾ ਸਰਵੇ ਕਰਾਇਆ ਸੀ ਤਾਂ ਉਸ ਵੇਲੇ ਸਮੁੱਚੇ ਕਿਸਾਨਾਂ ਸਿਰ 6500 ਕਰੋੜ ਰੁਪਏ ਦਾ ਕਰਜ਼ਾ ਸੀ ਪਰੰਤੂ ਕਰਜ਼ੇ ਦੀ ਇਹ ਪੰਡ ਭਾਰੀ ਹੁੰਦੀ ਹੁੰਦੀ ਹੁਣ 25000 ਕਰੋੜ ਰੁਪਏ ਦਾ ਅੰਕੜਾ ਪਾਰ ਚੁੱਕੀ ਹੈ। ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਵੀ ਖੇਤੀ ਵਿਭਿੰਨਤਾ ਦੇ ਬੜੇ ਸਬਜ਼ਬਾਗ ਦਿਖਾਏ ਪਰੰਤੂ ਇਹ ਸਰਕਾਰ ਵੀ ਕਿਸਾਨਾਂ ਨੂੰ ਹਨੇਰੀ ਸੁਰੰਗ 'ਚੋਂ ਬਾਹਰ ਨਹੀਂ ਕੱਢ ਸਕੀ। ਕਰਜ਼ੇ ਕਾਰਨ ਕਿਸਾਨਾਂ ਦੀਆਂ ਖੁਦਕੁਸ਼ੀਆਂ ਅਤੇ ਮਜ਼ਦੂਰੀ 'ਤੇ ਉੱਤਰ ਆਉਣਾ ਪੰਜਾਬ ਦੀ ਨਵੀਂ ਹੋਣੀ ਦਾ ਸੰਕੇਤ ਹੈ।

*ਸ਼ਾਹੂਕਾਰਾਂ ਦਾ ਸਨਮਾਨ :*

## ਜਨਤਕ ਸਰੋਕਾਰਾਂ ਦਾ ਅਪਮਾਨ

ਉੱਘੇ ਮੈਨੇਜਮੈਂਟ ਗੁਰੂ ਚਾਰੂ ਗੰਗਣੇਕਰ ਨੇ ਇਕ ਵਾਰੀ ਕਿਹਾ ਸੀ, 'ਕਿਸਾਨ ਦੁਨੀਆਂ ਦੀ ਸਭ ਤੋਂ ਵੱਡੀ ਪੂੰਜੀ ਹੈ। ਉਹ ਆਪਣੀ ਜ਼ਮੀਨ ਲਈ ਕਿਸੇ ਦੀ ਜਾਨ ਲੈਣ ਤੋਂ ਵੀ ਕੰਨੀ ਨਹੀਂ ਕਤਰਾਉਂਦਾ।' ਪੰਜਾਬ ਸਮੇਤ ਦੇਸ਼ ਦੇ ਕਈ ਸੂਬਿਆਂ ਵਿਚ ਸਰਕਾਰਾਂ ਵੱਲੋਂ 'ਜਨਤਕ ਹਿਤ' 'ਚ ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਤੋਂ ਬੇਦਖਲ ਕਰਨ ਦੇ ਫੁਰਮਾਨ ਅੱਜ ਕਲ੍ਹ ਗੰਭੀਰ ਰੁਖ ਅਖਤਿਆਰ ਕਰਦੇ ਜਾ ਰਹੇ ਹਨ। ਬ੍ਰਿਟਿਸ਼ ਹਕੂਮਤ ਵੱਲੋਂ ਸਾਲ 1984 ਵਿਚ ਬਣਾਇਆ ਲੈਂਡ ਐਕੁਆਇਰਮੈਂਟ ਐਕਟ ਕਹਿਣ ਨੂੰ ਭਾਵੇਂ ਮੁਆਵਜ਼ਾ ਅਤੇ ਮੁੜ ਵਸੇਬੇ ਪ੍ਰਦਾਨ ਕਰਦਾ ਹੈ ਪਰ ਅਸਲ ਵਿਚ ਇਹ ਐਕਟ ਲੋਕ ਹਿੱਤਾਂ ਦੀ ਤਰਜਮਾਨੀ ਨਹੀਂ ਕਰਦਾ ਸਗੋਂ ਸਰਕਾਰਾਂ ਅਤੇ ਜ਼ਮੀਨਾਂ ਹਾਸਲ ਕਰਨ ਵਾਲਿਆਂ ਦਾ ਹੀ ਪੱਖ ਪੂਰਦਾ ਹੈ। ਬੇਸ਼ੱਕ ਕਈ ਵਾਰ ਇਹ ਗੱਲ ਵੀ ਕਹੀ ਜਾਂਦੀ ਹੈ ਕਿ ਹਰ ਵਾਰੀ ਸਰਕਾਰ ਦੀ ਗਲਤੀ ਨਹੀਂ ਹੁੰਦੀ। ਪਰ ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਸਰਕਾਰੀ ਫੈਸਲਿਆਂ ਦੇ ਮੰਦੇ ਨਤੀਜੇ ਅਕਸਰ ਲੋਕਾਂ ਨੂੰ ਹੀ ਭੁਗਤਣੇ ਪੈਂਦੇ ਹਨ। ਕਿਉਂਕਿ ਅਕਸਰ ਹੀ ਦੇਖਣ 'ਚ ਆ ਰਿਹੈ ਕਿ 'ਡਾਢਿਆਂ ਦੀ ਚੱਲੇ ਸਰਦਾਰੀ, ਵਿਚ ਦਰਬਾਰਾਂ ਦੇ।'

ਕੌਮੀ ਸਲਾਹਕਾਰ ਕੌਂਸਲ ਦੀ ਤਤਕਾਲੀ ਚੇਅਰਪਰਸਨ ਤੇ ਕਾਂਗਰਸੀ ਪ੍ਰਧਾਨ ਸੋਨੀਆ ਗਾਂਧੀ ਦੀ ਪ੍ਰਧਾਨਗੀ ਹੇਠ ਸਾਲ 2006 ਦੇ ਆਰੰਭ 'ਚ ਹੋਈ ਇਕ ਮੀਟਿੰਗ ਨੇ ਉਕਤ ਕਾਨੂੰਨ ਵਿਚ ਸੋਧ ਦੇ ਖਰੜੇ ਨੂੰ ਪਿੱਛੇ ਜਿਹੇ ਮਨਜ਼ੂਰੀ ਦਿੱਤੀ ਸੀ। ਇਸ ਖਰੜੇ ਮੁਤਾਬਕ ਜਦੋਂ ਕਦੇ ਵੀ ਸਰਕਾਰ ਨੇ ਕਿਸਾਨਾਂ ਦੀਆਂ ਜ਼ਮੀਨਾਂ ਹਾਸਲ ਕਰਨੀਆਂ ਹੋਣ ਤਾਂ ਉਹ ਪਹਿਲਾਂ ਜਨਤਕ ਹਿਤ ਵਿਚਾਰੇ। ਯੋਜਨਾ ਕਮਿਸ਼ਨ ਦੀ ਇਕ ਰਿਪੋਰਟ ਵੀ ਕਹਿੰਦੀ ਹੈ ਕਿ ਸਰਕਾਰ ਵੱਲੋਂ ਜ਼ਮੀਨ ਐਕੁਆਇਰ ਕਰਨ ਸਮੇਂ ਹੁੰਦਾ ਜਨ ਵਿਰੋਧ ਦੇਸ਼ ਦੀ ਤਰੱਕੀ ਲਈ ਵੱਡੀ ਰੁਕਾਵਟ ਬਣਦਾ ਹੈ। ਯੋਜਨਾ ਕਮਿਸ਼ਨ ਦੇ ਉਪ ਚੇਅਰਮੈਨ ਮੋਨਟੇਕ ਸਿੰਘ ਆਹਲੂਵਾਲੀਆ ਨੇ ਸਤੰਬਰ 2005 ਵਿਚ ਦਿੱਤੇ ਇਕ ਬਿਆਨ 'ਚ ਕਿਹਾ ਸੀ, "ਅਸੀਂ ਜ਼ਮੀਨ ਐਕੁਆਇਰ ਕਰਨ ਦੇ ਮਾਮਲੇ ਵਿਚ ਇਕ ਅਜਿਹੀ ਨੀਤੀ ਅਖਤਿਆਰ ਕਰ ਰਹੇ ਹਾਂ ਜਿਸ ਦੇ ਤਹਿਤ ਪ੍ਰੋਜੈਕਟ ਸ਼ੁਰੂ ਹੋਣ ਤੋਂ ਪਹਿਲਾਂ ਪੀੜਤ ਨੂੰ ਮੁਆਵਜ਼ਾ ਦਿੱਤਾ ਜਾਵੇਗਾ ਅਤੇ ਜੇਕਰ ਕਿਸੇ ਕਾਰਨ ਵਸ ਦੇਰੀ ਹੁੰਦੀ ਹੈ ਤਾਂ ਕਿਸਾਨਾਂ ਦੇ ਹਿੱਤਾਂ ਦਾ ਵੀ ਖਿਆਲ ਰੱਖਿਆ ਜਾਵੇਗਾ।"

ਅਜਿਹੇ ਬਿਆਨਾਂ ਦੇ ਬਾਵਜੂਦ ਜ਼ਮੀਨਾਂ ਹਾਸਲ ਕਰਨ ਵੇਲੇ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਜੋ ਹੱਥਕੰਡੇ ਅਪਣਾਏ ਉਹ ਐਕਟ ਅਤੇ ਸਰਕਾਰੀ ਦਾਅਵਿਆਂ ਦੀਆਂ ਧੱਜੀਆਂ ਉਡਾਉਂਦੇ ਹਨ। ਉਨ੍ਹਾਂ ਵਿਚ ਜਨਤਕ ਹਿੱਤ ਦੀ ਥਾਂ ਬਹੁਕੌਮੀ ਕੰਪਨੀਆਂ, ਲੈਂਡ ਮਾਫੀਆ ਦਾ ਨਿਰੋਲ ਹਿਤ ਸਾਫ ਝਲਕਦਾ ਹੈ।

ਸਭ ਤੋਂ ਪਹਿਲਾਂ ਪੰਜਾਬ ਦੀ ਹੀ ਗੱਲ। ਇਥੇ ਇਕ ਪਾਸੇ ਪੰਜਾਬ ਦੇ ਤਤਕਾਲੀਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਰਿਲਾਇੰਸ ਅਤੇ ਟਰਾਈਡੈਂਟ ਆਦਿ ਕੰਪਨੀਆਂ ਨੂੰ ਜ਼ਮੀਨਾਂ ਦੇ ਕੇ ਰਾਜ ਨੂੰ ਵਿਕਾਸ ਦੀਆਂ ਬੁਲੰਦੀਆਂ 'ਤੇ ਪਹੁੰਚਾਉਣ ਦੇ ਦਾਅਵੇ ਕਰਦੇ ਹਨ, ਦੂਜੇ ਪਾਸੇ ਕਿਸਾਨ ਯੂਨੀਅਨਾਂ, ਜਨਤਕ ਜਥੇਬੰਦੀਆਂ ਤੇ ਸਾਧਾਰਨ ਕਿਸਾਨਾਂ, ਮਜ਼ਦੂਰਾਂ ਨੇ ਸਰਕਾਰ ਦੇ ਫੈਸਲੇ ਵਿਰੁੱਧ ਕਮਰਕੱਸੇ ਕੀਤੇ ਹੋਏ ਹਨ। ਜ਼ਿਲਾ ਸੰਗਰੂਰ ਦੇ ਬਰਨਾਲਾ ਇਲਾਕੇ ਵਿਚ ਇਕ ਉਦਯੋਗਿਕ ਘਰਾਣੇ ਨੂੰ ਜ਼ਮੀਨ ਦੇਣ ਦੇ ਸਰਕਾਰੀ ਫੈਸਲੇ ਦਾ ਵਿਰੋਧ ਕਰਦੇ 670 ਕਿਸਾਨਾਂ ਨੂੰ ਸਿਰਫ ਜੇਲ੍ਹ 'ਚ ਹੀ ਨਹੀਂ ਸੁੱਟਿਆ, ਸਗੋਂ ਬਠਿੰਡਾ ਜ਼ਿਲੇ ਦੇ ਪਿੰਡ ਜੇਠੂਕੇ ਦੇ ਇਕ ਕਿਸਾਨ ਸਰਮੁਖ ਸਿੰਘ ਦੀ ਜੇਲ੍ਹ ਵਿਚ ਹੀ ਮੌਤ ਹੋ ਗਈ। ਬਰਨਾਲਾ ਇਲਾਕੇ ਦੇ ਸੰਘੇੜਾ, ਧੌਲਾ, ਫਤਹਿਗੜ੍ਹ ਛੰਨਾ ਪਿੰਡਾਂ ਦੇ ਕਿਸਾਨਾਂ ਦੀ ਅਸਲ ਹਾਲਤ ਨੂੰ ਦੇਖਿਆ ਜਾਵੇ ਤਾਂ ਸਰਕਾਰੀ ਫੈਸਲਾ ਉਜਾੜਾ ਹੀ ਜਾਪਦਾ ਹੈ।

ਇਨ੍ਹਾਂ ਪਿੰਡਾਂ ਦੇ ਉਜੜਨ ਜਾ ਰਹੇ 200 ਤੋਂ ਵਧੇਰੇ ਪਰਿਵਾਰਾਂ 'ਚੋਂ ਵਧੇਰੇ ਪਰਿਵਾਰ ਅਜਿਹੇ ਹਨ ਜਿਨ੍ਹਾਂ ਪਾਸ ਇਕ ਸਿਆੜ ਵੀ ਜ਼ਮੀਨ ਨਹੀਂ ਬਚੀ। ਇਸੇ ਕਰਕੇ ਕਿਸਾਨ 'ਕਰੋ ਜਾਂ ਮਰੋ' ਦੀ ਨੀਤੀ 'ਤੇ ਉੱਤਰ ਆਏ ਹਨ। ਸਭ ਤੋਂ ਹੈਰਾਨੀ ਦੀ ਗੱਲ ਇਹ ਹੈ ਕਿ ਸਾਰੀਆਂ ਹੀ ਰਾਜਨੀਤਕ ਪਾਰਟੀਆਂ (ਸਮੇਤ ਖੱਬੇ ਪੱਖੀ ਰਵਾਇਤੀ ਲੀਡਰਸ਼ਿਪ) ਨੇ ਸਿਵਾਏ ਬਿਆਨਬਾਜ਼ੀ ਤੋਂ ਕੱਖ ਵੀ ਨਹੀਂ ਕੀਤਾ। ਜਦੋਂ ਕਿ ਕਿਸਾਨਾਂ ਦੀ ਬਾਂਹ ਫੜ ਕੇ ਰੱਖਣ ਲਈ ਕੁਝ ਕਿਸਾਨ ਜਥੇਬੰਦੀਆਂ ਨੇ ਸਿਰ ਧੜ ਦੀ ਬਾਜ਼ੀ ਲਾਈ ਹੈ।

ਅੱਜ ਉਹ ਕਿਸਾਨ ਜੋ ਵੱਟ ਵੱਢਣ ਪਿੱਛੇ ਵੀ ਕਤਲਾਂ ਤੱਕ ਪਹੁੰਚ ਜਾਂਦਾ ਸੀ, ਏਨਾ ਨਿਤਾਣਾ ਬਣਾ ਦਿੱਤਾ ਗਿਆ ਹੈ ਕਿ ਉਸ ਨੂੰ ਬੱਚਿਆਂ ਵਾਂਗ ਪਾਲੀ ਕਣਕ ਵੀ ਨਹੀਂ ਵੱਢਣ ਦਿੱਤੀ ਗਈ, ਪਸ਼ੂਆਂ ਲਈ ਪੱਠੇ ਨਹੀਂ ਵੱਢਣ ਦਿੱਤੇ ਜਾ ਰਹੇ ਅਤੇ ਕਿਰਸਾਂ ਮਿਹਨਤਾਂ ਕਰ ਕੇ ਤੇ ਕਰਜ਼ੇ ਲੈ ਕੇ ਲਾਏ ਬੋਰ, ਸੁਰੱਖਿਆ ਬਲਾਂ ਦੀ ਮਦਦ ਨਾਲ ਖੋਹ ਲਏ ਗਏ ਹਨ। ਸਰਕਾਰ ਦਾ ਦਾਅਵਾ ਫੋਕਾ ਹੈ ਕਿ ਸਨਅਤ ਲੱਗੇਗੀ ਤੇ ਰੁਜ਼ਗਾਰ ਮਿਲੇਗਾ। ਜੇਕਰ ਸਬੰਧਤ ਸਨਅਤੀ ਗਰੁੱਪ ਨੇ ਗੰਨਾ ਮਿੱਲ ਹੀ ਲਾਉਣੀ ਹੈ ਤਾਂ ਪਹਿਲੀਆਂ ਗੰਨਾ ਮਿੱਲਾਂ ਕਿਉਂ ਵੇਚੀਆਂ ਜਾ ਰਹੀਆਂ ਹਨ ? ਰੁਜ਼ਗਾਰ ਪੱਖੋਂ ਦੇਖਿਆ ਜਾਵੇ ਤਾਂ ਸਵੈਮਾਣ ਨਾਲ ਭਰਪੂਰ ਪੰਜਾਬੀ ਲੇਬਰ ਦੀ ਥਾਂ ਗਰੀਬੀ ਨਾਲ ਭੰਨੀ ਦੱਖਣ ਪੂਰਬੀ ਭਾਰਤ ਦੀ ਲੇਬਰ, ਜੋ ਅੱਧੀ ਮਜ਼ਦੂਰੀ 'ਤੇ ਵੀ ਕੰਮ ਕਰਨ ਲਈ ਤਿਆਰ ਹੈ, ਲਾਈ ਜਾਵੇਗੀ। ਗੰਨਾ ਮਿੱਲ ਲਈ ਤਾਂ

ਮਹਿਜ਼ 20 ਕੁ ਏਕੜ ਜ਼ਮੀਨ ਹੀ ਕਾਫੀ ਹੈ, ਫਿਰ 400 ਏਕੜ ਜ਼ਮੀਨ ਕਾਹਦੇ ਲਈ ? ਜਦੋਂ ਕਿ ਗਿੱਲ ਆਦਿ ਦਾ ਸ਼ੋਰ ਲੰਗੜਾ ਬਹਾਨਾ ਹੈ। ਇਹ ਨੰਗਾ ਚਿੱਟਾ ਧਾਵਾ ਅਤੇ ਉਜਾੜਾ ਹੈ। ਅਸਲ ਵਿਚ ਇਹ ਸ਼ੁਰੂਆਤੀ ਟਰੇਲਰ ਹੈ। ਹਾਕਮ ਧੜਿਆਂ ਦੀਆਂ ਸਭ ਪਾਰਟੀਆਂ ਦੇ ਆਪੋ ਆਪਣੇ ਚਹੇਤੇ ਸਨਅਤਕਾਰ ਹਨ। ਉਨ੍ਹਾਂ ਲਈ ਰਾਹ ਖੁੱਲ੍ਹ ਰਿਹਾ ਹੈ।

ਪੰਜਾਬ ਤੋਂ ਬਾਹਰ ਉਤਰਾਂਚਲ ਵਿਚ ਅਜਿਹਾ ਉਜਾੜਾ ਵਾਪਰ ਚੁੱਕਾ ਹੈ। ਉਸ ਰਾਜ ਦੀ ਕਾਂਗਰਸ ਸਰਕਾਰ ਨੇ ਐਸਕੌਰਟ ਕੰਪਨੀ ਦੀਆਂ ਜ਼ਮੀਨਾਂ ਖਾਲੀ ਕਰਵਾਉਣ ਦੇ ਨਾਂ ਹੇਠ ਕਿਸਾਨਾਂ ਨੂੰ ਜ਼ਮੀਨਾਂ ਤੋਂ ਉਜਾੜਨ ਦੀ ਸਿਰਫ ਕੋਸ਼ਿਸ਼ ਨਹੀਂ ਕੀਤੀ ਸਗੋਂ ਉਨ੍ਹਾਂ ’ਤੇ ਤਸ਼ੱਦਦ ਵੀ ਢਾਹਿਆ। ਇਸ ਕਿਸਾਨ ਉਜਾੜਾ ਅਪਰੇਸ਼ਨ ਦਾ ਸ਼ਿਕਾਰ ਹੋਣ ਵਾਲੇ ਜ਼ਿਆਦਾਤਰ ਕਿਸਾਨ ਪੰਜਾਬੀ ਹੀ ਸਨ, ਜਲਦੀ ਹੀ ਇਹ ਮੁੱਦਾ ਕੌਮੀ ਪੱਧਰ ’ਤੇ ਤੂਲ ਫੜ ਗਿਆ ਤਾਂ ਰਾਜਨੀਤਕ ਪਾਰਟੀਆਂ ਨੇ ਵੀ ਆਪਣੀਆਂ ਸਿਆਸੀ ਰੋਟੀਆਂ ਸੇਕੀਆਂ। ਅਖੀਰ ਇਹ ਮੁੱਦਾ ਸੁਪਰੀਮ ਕੋਰਟ ’ਚ ਗਿਆ।

ਇਸੇ ਤਰ੍ਹਾਂ ਉੜੀਸਾ ਦੇ ਕਾਲਿੰਗ ਨਗਰ ਦੇ ਕਿਸਾਨ ਆਪਣੀਆਂ ਜ਼ਮੀਨਾਂ ਉੱਪਰ ਸਟੀਲ ਪਲਾਂਟ ਨਾ ਲੱਗਣ ਦੇਣ ਲਈ ਸੰਘਰਸ਼ ਦੇ ਰਾਹ ਪਏ ਹੋਏ ਸਨ। ਕਿਸਾਨਾਂ ਦਾ ਸੰਘਰਸ਼ ਖਾੜਕੂ ਰੂਪ ਧਾਰਨ ਕਰ ਗਿਆ ਤਾਂ ਪੁਲੀਸ ਨੇ ਆਦਿਵਾਸੀ ਕਿਸਾਨਾਂ ਉੱਪਰ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ, ਜਿਸ ਦੇ ਨਤੀਜੇ ਵਜੋਂ ਕਰੀਬ 12 ਆਦਿਵਾਸੀ ਪੁਲੀਸ ਦੀ ਗੋਲੀ ਨਾਲ ਮੌਤ ਦੇ ਮੂੰਹ ’ਚ ਪਏ। ਆਂਧਰਾ ਪ੍ਰਦੇਸ਼ ਸਰਕਾਰ ਨੇ ਹੈਦਰਾਬਾਦ ਦੀ 120 ਏਕੜ ਜ਼ਮੀਨ ਵਿਚ ਗੋਲਫ ਕਲੱਬ ਬਣਾਉਣ ਲਈ ਜ਼ਮੀਨ ਦੇ ਮਾਲਕਾਂ ਨੂੰ ਸਿਰਫ 80 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਦੋਂ ਕਿ ਉਸ ਵੇਲੇ ਮਾਰਕੀਟ ਭਾਅ 4 ਤੋਂ 5 ਕਰੋੜ ਪ੍ਰਤੀ ਏਕੜ ਸੀ। ਪੱਛਮੀ ਬੰਗਾਲ ਅੰਦਰ ਟਾਟਾ ਅਤੇ ਸਲੀਮ ਕੰਪਨੀ ਹਵਾਲੇ ਜ਼ਮੀਨਾਂ ਕਰਨ ਲਈ ਕਿਸਾਨਾਂ ਦੇ ਜਬਰੀ ਉਜਾੜੇ ਖਿਲਾਫ ਉੱਠੇ ਵਿਦਰੋਹ ਦੀਆਂ ਤਾਜ਼ਾ ਉਦਾਹਰਣਾਂ ਸਭ ਦੇ ਸਾਹਮਣੇ ਹਨ। ਜੋਕਾਂ ਅਤੇ ਲੋਕਾਂ ਦੇ ਧੜੇ ਦੇ ਮਿੱਤਰਾਂ ਅਤੇ ਦੋਖੀਆਂ ਦੀ ਸਪੱਸ਼ਟ ਨਿਸ਼ਾਨਦੇਹੀ ਹੋ ਰਹੀ ਹੈ।

ਸੱਤਾ ਉੱਪਰ ਕਾਬਜ਼ ਧਿਰਾਂ ਸਨਅਤੀਕਰਨ ਦਾ ਮੰਤਰ ਉਚਾਰਦੀਆਂ ਨਿਮਾਣੇ ਤੇ ਨਿਤਾਣੇ ਲੋਕਾਂ ਦੇ ਉਜਾੜੇ ਦੇ ਰਾਹ ਤੁਰਦੀਆਂ ਹਨ। ਜਿਹੜੇ ਸਰੋਕਾਰ ਦੀ ਗੱਲ ਉਹ ਕਰਦੀਆਂ ਹਨ, ਉਹ ਕਿਸੇ ਵੀ ਤਰ੍ਹਾਂ ਲੋਕ ਸਰੋਕਾਰ ਨਹੀਂ। ਹਾਕਮ ਧੜਿਆਂ ਦੀ ਹੀ ਨੁਮਾਇੰਦਗੀ ਕਰਦੀ ਵਿਰੋਧੀ ਧਿਰ ਇਨ੍ਹਾਂ ਉਜਾੜਿਆਂ ਨੂੰ ਕਿਵੇਂ ਰੋਕੂ।

ਜ਼ਿਕਰਯੋਗ ਹੈ ਕਿ ਇਹ ਲਿਖਤ ‘ਪੰਜਾਬੀ ਟ੍ਰਿਬਿਊਨ’ ’ਚ 2006 ’ਚ ਛਪੀ। ਇਸ ਵਰ੍ਹੇ ਦੇ ਅੰਤਲੇ ਪੜਾਅ ਤੱਕ ਇਉਂ ਜ਼ਮੀਨਾਂ ਜਬਰੀ ਖੋਹਣ ਵੱਲ ਵਧਣ ਦਾ ਰੁਝਾਨ ਬਰਨਾਲੇ ਤੋਂ ਅੱਗੇ ਹਲਵਾਰਾ, ਮੁਹਾਲੀ, ਅੰਮ੍ਰਿਤਸਰ ਆਦਿ ਤੱਕ ਪੰਜੇ ਫੈਲਾਉਣ ਲੱਗਾ। ਬਰਨਾਲਾ

ਖੇਤਰ 'ਚ ਅਜੇਹੀ ਮੋਰਚੇਬੰਦੀ ਕਿਸਾਨ ਤਾਕਤ ਨੇ ਕੀਤੀ ਕਿਤੇ ਸਰਕਾਰ ਹੱਥ ਪਿੱਛੇ ਖਿੱਚ ਗਈ ਕਿਤੇ ਵਿਚ ਵਿਚਾਲੇ ਅਟਕ ਗਈ। ਅਖੀਰ ਚੋਣਾਂ ਸਿਰ ਆ ਚੜ੍ਹੀਆਂ। ਜੇ ਬਰਨਾਲੇ ਹੀ ਇਸ ਹੱਲੇ ਨਾਕੇਬੰਦੀ ਨਾ ਹੁੰਦੀ ਤਾਂ ਇਹ ਮਾਰ ਮਾਰ ਕਰਦਾ ਅੱਗੇ ਵਧਦਾ। ਪੰਜਾਬ ਅੰਦਰ ਭਾਵੇਂ ਹਕੂਮਤੀ ਧੜੇ ਦੀ ਕੁਰਸੀ ਤੋਂ ਅਦਲਾ ਬਦਲੀ ਹੋ ਗਈ ਪਰ ਜ਼ਮੀਨਾਂ ਐਕੁਆਇਰ ਕਰਨ 'ਚ ਧੱਕੜ, ਲੋਟੂ ਅਤੇ ਕਿਸਾਨ ਉਜਾੜੂ ਵਰਤਾਰਾ ਜਾਰੀ ਰਹੇਗਾ ਕਿਉਂਕਿ ਭਾਰਤੀ ਅਰਥਚਾਰੇ ਅਤੇ ਹਾਕਮਾਂ ਦੀਆਂ ਡੋਰਾਂ ਦੇਸੀ ਵਿਦੇਸ਼ੀ ਸ਼ਾਹੂਕਾਰਾਂ ਦੇ ਹੱਥ ਹਨ।

*ਚੋਗਾ ਚੁਗਣ ਗਏ ਖੁਦ ਚੁਗੇ ਗਏ :*

# ਏਜੰਟਾਂ ਦੇ ਸਿਕੰਜੇ 'ਚ ਫਸੀ ਜੁਆਨੀ

ਮਾਲਟਾ ਕਿਸ਼ਤੀ ਕਾਂਡ ਵੱਲੋਂ ਦਿੱਤੇ ਜ਼ਖਮ ਅਜੇ ਵੀ ਅੱਲੇ ਹਨ। ਇਸ ਦਰਦਨਾਕ ਹਾਦਸੇ ਨੇ ਇਕੋ ਹੱਲੇ ਪੰਜਾਬ ਦੇ 170 ਘਰਾਂ ਦੇ ਚਿਰਾਗ਼ ਬੁਝਾ ਦਿੱਤੇ ਸਨ। ਮਨੁੱਖੀ ਤਸਕਰਾਂ ਵੱਲੋਂ ਬੁੱਢੀ ਉਮਰੇ ਦਿੱਤੇ ਅਸਹਿ ਦਰਦ ਨੂੰ ਆਪਣੇ ਸੀਨੇ 'ਚ ਸਮੋਈ ਬੈਠੇ ਇਹ ਪਰਿਵਾਰ ਅਜੇ ਵੀ ਮਾਰੇ ਮਾਰੇ ਫਿਰਦੇ ਹਨ। ਇਨ੍ਹਾਂ ਨੂੰ ਕੋਈ ਇਲਮ ਨਹੀਂ ਕਿ ਉਨ੍ਹਾਂ ਦੇ ਬੱਚੇ ਮਨੁੱਖੀ ਤਸਕਰਾਂ ਦੇ ਅੜਿੱਕੇ ਚੜ੍ਹੇ ਕਿਵੇਂ ਮੌਤ ਦੇ ਮੂੰਹ ਵਿਚ ਜਾ ਪਏ ਕਿਉਂਕਿ ਉਨ੍ਹਾਂ ਨੂੰ ਤਾਂ ਅੰਤਿਮ ਰਸਮਾਂ ਵੀ ਨਿਭਾਉਣੀਆਂ ਨਸੀਬ ਨਹੀਂ ਹੋਈਆਂ। ਇਹੀ ਕਾਰਨ ਹੈ ਕਿ ਅਜੇ ਵੀ ਬੁੱਢੀਆਂ ਅੱਖਾਂ ਦਰਵਾਜ਼ੇ 'ਤੇ ਟਿਕਟਿਕੀ ਲਾਈ ਰੱਖਦੀਆਂ ਹਨ ਕਿ ਉਨ੍ਹਾਂ ਦੇ ਕਾਲਜੇ ਦਾ ਟੁਕੜਾ ਮੁੜ ਆਵੇਗਾ। ਇਸ ਦੇ ਬਾਵਜੂਦ ਬੇਰੋਜ਼ਗਾਰੀ ਦੀ ਚੱਕੀ 'ਚ ਪਿਸ ਰਹੇ ਅਤੇ ਗੁਰਬਤ ਦੀ ਜੂਨ ਹੰਢਾ ਰਹੇ ਪੰਜਾਬੀ ਗੱਭਰੂਆਂ ਵੱਲੋਂ ਆਪਣਾ ਘਰ-ਬਾਰ ਵੇਚ ਅਤੇ ਜਾਨ ਜ਼ੋਖਮ ਵਿਚ ਪਾ ਕੇ ਵਿਦੇਸ਼ ਜਾਣ ਦਾ ਰੁਝਾਨ ਜਾਰੀ ਹੈ।

ਇਕ ਸਰਸਰੀ ਜਿਹੀ ਨਜ਼ਰ ਮਾਰਿਆਂ ਪਤਾ ਲਗਦਾ ਹੈ ਕਿ ਦੁਨੀਆਂ ਦੇ ਚੰਦ ਮੁਲਕਾਂ ਜਰਮਨੀ, ਇੰਗਲੈਂਡ, ਅਮਰੀਕਾ, ਇਟਲੀ ਅਤੇ ਅਰਬ ਮੁਲਕਾਂ 'ਚ ਹਰ ਵਰ੍ਹੇ 20 ਹਜ਼ਾਰ ਪੰਜਾਬੀ ਗੱਭਰੂ ਜਾਂ ਤਾਂ ਵਿਦੇਸ਼ਾਂ ਦੀ ਜੇਲ੍ਹ 'ਚ ਚਲੇ ਜਾਂਦੇ ਹਨ ਅਤੇ ਕਈਆਂ ਨੂੰ ਵਾਪਸ ਭੇਜ ਦਿੱਤਾ ਜਾਂਦਾ ਹੈ। ਖੇਤਰੀ ਪਾਸਪੋਰਟ ਦਫਤਰ ਵੱਲੋਂ ਇਸ ਗੱਲ ਦੀ ਪੁਸ਼ਟੀ ਕਰਨ ਕਿ ਪਿਛਲੇ ਪੰਜਾਂ ਵਰ੍ਹਿਆਂ (ਸਾਲ 2001 ਤੋਂ 2006 ਤੱਕ) ਦੌਰਾਨ ਪਾਸਪੋਰਟ ਦਫਤਰ ਨੂੰ ਪੰਜਾਬ ਦੇ ਸਿਰਫ 6 ਜ਼ਿਲਿਆਂ ਜਲੰਧਰ, ਹੁਸ਼ਿਆਰਪੁਰ, ਨਵਾਂਸ਼ਹਿਰ, ਕਪੂਰਥਲਾ, ਗੁਰਦਾਸਪੁਰ ਅਤੇ ਅੰਮ੍ਰਿਤਸਰ ਨਾਲ ਸਬੰਧਤ ਇਕ ਲੱਖ ਤੋਂ ਵੱਧ ਵਿਅਕਤੀਆਂ ਦੀ ਜਾਂਚ ਪੜਤਾਲ ਲਈ ਵਿਦੇਸ਼ੀ ਸਰਕਾਰਾਂ ਤੋਂ ਪੱਤਰ ਆਏ ਹਨ, ਨੇ ਪੰਜਾਬ ਦੀ ਬੜੀ ਹੀ ਡਰਾਉਣੀ ਤਸਵੀਰ ਪੇਸ਼ ਕੀਤੀ ਹੈ।

ਮਨੁੱਖੀ ਤਸਕਰੀ ਨਾਲ ਜੁੜੇ ਅਣ-ਅਧਿਕਾਰਤ ਏਜੰਟਾਂ ਵੱਲੋਂ ਇਸ ਗੈਰ ਮਨੁੱਖੀ ਅਤੇ ਗੈਰ ਕਾਨੂੰਨੀ ਕਾਰੇ ਨੂੰ ਅੰਜਾਮ ਦੇਣ ਦਾ ਸਿਲਸਿਲਾ ਬਾਦਸਤੂਰ ਜਾਰੀ ਹੈ। ਦੁਨੀਆਂ ਦਾ ਅਜਿਹਾ ਕੋਈ ਵੀ ਮੁਲਕ ਨਹੀਂ ਜਿਥੇ ਪੰਜਾਬੀ ਨੌਜਵਾਨ ਮਨੁੱਖੀ ਤਸਕਰਾਂ ਦੇ ਅੜਿੱਕੇ ਚੜ੍ਹ ਕੇ ਜੇਲ੍ਹ ਨਾ ਪੁੱਜਿਆ ਹੋਵੇ। ਦੋਆਬਾ ਖਾਸ ਕਰਕੇ ਇਸ ਗੋਰਖਧੰਦੇ ਦਾ ਗੜ੍ਹ ਬਣਿਆ

ਹੋਇਆ ਹੈ। ਬੇਰੋਜ਼ਗਾਰ ਨੌਜਵਾਨਾਂ ਨੂੰ ਡਾਲਰ ਅਤੇ ਪੌਂਡ ਕਮਾਉਣ ਦੇ ਸੁਪਨੇ ਦਿਖਾ ਕੇ ਟਰੈਵਲ ਏਜੰਟਾਂ ਵੱਲੋਂ ਇੱਕ ਲੱਖ ਰੁਪਏ ਤੋਂ ਲੈ ਕੇ 20 -20 ਲੱਖ ਰੁਪਏ ਤੱਕ ਬਟੋਰੇ ਜਾਂਦੇ ਹਨ। ਪਾਕਿਸਤਾਨ ਅਤੇ ਹੋਰ ਕਈ ਮੁਲਕਾਂ ਦੀਆਂ ਜੇਲ੍ਹਾਂ ਪੰਜਾਬੀਆਂ ਦੀ ਇਸ ਦਰਦ ਕਹਾਣੀ ਨੂੰ ਬਾਖੂਬੀ ਬਿਆਨਦੀਆਂ ਹਨ ਕਿ ਕਿਵੇਂ ਮਨੁੱਖੀ ਤਸਕਰਾਂ ਦੇ ਅੜਿੱਕੇ ਚੜ੍ਹੇ ਪੰਜਾਬੀ ਨੌਜਵਾਨ ਮੌਤ ਨਾਲੋਂ ਵੀ ਬਦਤਰ ਜ਼ਿੰਦਗੀ ਬਤੀਤ ਕਰ ਰਹੇ ਹਨ। ਇੱਕ ਸਰਵੇਖਣ ਅਨੁਸਾਰ ਪੰਜਾਬ ਦੇ 50 ਹਜ਼ਾਰ ਪਰਿਵਾਰ ਇਨ੍ਹਾਂ ਟਰੈਵਲ ਏਜੰਟਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੋ ਚੁੱਕੇ ਹਨ ਅਤੇ ਇਸ ਗੈਰਕਾਨੂੰਨੀ ਤਰੀਕੇ ਨਾਲ ਲੋਕੀ ਟਰੈਵਲ ਏਜੰਟਾਂ ਨੂੰ 10 ਹਜਾਰ ਕਰੋੜ ਰੁਪਏ ਦਾ ਸਰਮਾਇਆ ਲੁਟਾ ਚੁੱਕੇ ਹਨ। ਇਸ ਤੋਂ ਵੀ ਸਿੱਧ ਹੁੰਦਾ ਹੈ ਕਿ ਕਿਸਾਨਾਂ ਦਾ ਓਨਾ ਨੁਕਸਾਨ ਫਸਲਾਂ ਦੇ ਉਜਾੜੇ ਨੇ ਨਹੀਂ ਕੀਤਾ ਜਿੰਨਾ ਮਨੁੱਖੀ ਤਸਕਰਾਂ ਨੇ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਪੰਜਾਬ ਵਿੱਚ ਰਜਿਸਟਰਡ ਟਰੈਵਲ ਏਜੰਟਾਂ ਦੀ ਗਿਣਤੀ 100 ਵੀ ਨਹੀਂ ਪ੍ਰੰਤੂ ਅਣਰਜਿਸਟਰਡ ਤੌਰ ’ਤੇ 15 ਸੌ ਤੋਂ ਵਧੇਰੇ ਟਰੈਵਲ ਏਜੰਟ ਲੋਕਾਂ ਨੂੰ ਦਿਨ ਦਿਹਾੜੇ ਲੁੱਟ ਰਹੇ ਹਨ।

ਅਮਰੀਕਾ ਕੈਨੇਡਾ ਅਤੇ ਇੰਗਲੈਂਡ ਤੋਂ ਬਿਨ੍ਹਾਂ ਜਿਹੜੇ ਨੌਜਵਾਨ ਟਰੈਵਲ ਏਜੰਟਾਂ ਦੇ ਅੜਿੱਕੇ ਚੜ੍ਹ ਕੇ ਇਟਲੀ ਜਾਂ ਫਰਾਂਸ ਜਾਣ ਦੇ ਸੁਪਨੇ ਦੇਖਦੇ ਹਨ ਉਹੋ ਹੀ ਸਭ ਤੋਂ ਵੱਧ ਤਸ਼ੱਦਦ ਦਾ ਸ਼ਿਕਾਰ ਹੁੰਦੇ ਹਨ। ਜਾਣਕਾਰਾਂ ਦਾ ਦੱਸਣਾ ਹੈ ਕਿ ਇਨ੍ਹਾਂ ਮੁਲਕਾਂ ਵਿੱਚ ਗੈਰਕਾਨੂੰਨੀ ਅਤੇ ਫਰਜ਼ੀ ਵੀਜ਼ਿਆਂ ਰਾਹੀਂ ਭੇਜਣ ਵਾਲੇ ਟਰੈਵਲ ਏਜੰਟ ਮਾਲੀ, ਡਕਾਰ, ਮੋਰਾਕੋ, ਅਲਜੀਰੀਆ, ਰਾਹੀਂ ਅਪੜਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਜੇਕਰ ਕੋਈ ਅਭਾਗਾ ਕਿਸੇ ਵੀ ਮੁਲਕ ਵਿੱਚ ਫਸੇ ਜਾਵੇ ਤਾਂ ਸਿੱਧਾ ਜੇਲ੍ਹ ਇਸ ਲਈ ਤਾਂ ਅਲਜੀਰੀਆ, ਮੋਰਾਕੋ ਡਕਾਰ, ਥਾਈਲੈਂਡ, ਇਟਲੀ ਅਤੇ ਜਰਮਨ ਦੀਆਂ ਜੇਲ੍ਹਾਂ ਫਰਜ਼ੀ ਵੀਜਿਆਂ ਰਾਹੀਂ ਵਿਦੇਸ਼ ਜਾਣ ਵਾਲੇ ਪੰਜਾਬੀਆਂ ਨਾਲ ਹੀ ਭਰੀਆਂ ਪਈਆਂ ਹਨ। ਵਿਦੇਸ਼ੀ ਜੇਲਾਂ ਤੋਂ ਛੁੱਟ ਕੇ ਵਾਪਸ ਆਉਣ ਵਾਲੇ ਕਈ ਪੰਜਾਬੀ ਗੱਭਰੂਆਂ ਨਾਲ ਗੱਲ ਕਰਨ ’ਤੇ ਬੜੇ ਹੀ ਦਿਲ ਕੰਬਾਊ ਕਿੱਸੇ ਸਾਹਮਣੇ ਆਏ ਜਿੱਥੇ ਕਈ ਮੁਲਕ ਪੰਜਾਬੀਆਂ ਦੀ ਕਬਰਸਤਾਨ ਬਣੇ ਪਏ ਹਨ ਉੱਥੇ ਕਈ ਮੁਲਕਾਂ ਵਿੱਚ ਪੰਜਾਬੀ ਨੌਜਵਾਨ ਭੀਖ ਮੰਗ ਕੇ ਜੂਨ ਗੁਜ਼ਾਰਾ ਕਰਦੇ ਹਨ ਅਤੇ ਕਈ ਦੇਸ਼ਾਂ ’ਚ ਤੇਜ਼ਾਬ ਦੀਆਂ ਫੈਕਟਰੀਆਂ ’ਚ ਆਪਣੀ ਜ਼ਿੰਦਗੀ ਗਾਲ ਰਹੇ ਹਨ

ਪੰਜਾਬੀਆਂ ਲਈ ਮੌਤ ਦਾ ਖੂਹ ਬਣਿਆ ਹੋਇਆ ਹੈ ਫਿਲਪਾਈਨ, ਜਿੱਥੇ ਕੁੱਝ ਸਾਲਾਂ ਦੌਰਾਨ ਹੀ ਪ੍ਰਵਾਸੀ ਪੰਜਾਬੀਆਂ ਦੇ ਕਤਲ ਦੀਆਂ ਘਟਨਾਵਾਂ ਸਭ ਤੋਂ ਵਧੇਰੇ ਫਿਲਪਾਈਨ ਦੀ ਰਾਜਧਾਨੀ ਮਨੀਲਾ ’ਚ ਵਾਪਰੀਆਂ। ਸਾਲ 2005 ਦੇ ਦੋ ਮਹੀਨਿਆਂ ਅਕਤੂਬਰ ਅਤੇ ਸਤੰਬਰ ਦੌਰਾਨ ਹੀ ਦੋਆਬੇ ਦੇ ਪੰਜ ਨੌਜਵਾਨਾਂ ਦਾ ਕਤਲ ਹੋਇਆ। ਜਲੰਧਰ ਜਿਲੇ ਦੇ ਆਧੀ ਪਿੰਡ ਦਾ ਨੌਜਵਾਨ ਸੁਖਜਿੰਦਰ ਸਿੰਘ ਢਿੱਲੋਂ ਪੁੱਤਰ ਅਵਤਾਰ ਸਿੰਘ ਪਿਛਲੇ ਥੋੜ੍ਹੇ ਹੀ ਸਮੇਂ ਤੋਂ ਫਿਲਪਾਈਨ ਗਿਆ ਸੀ ਅਤੇ 12 ਅਕਤੂਬਰ, 2005 ਨੂੰ

ਮਨੀਲਾ 'ਚ ਅਣਪਛਾਤੇ ਹਮਲਾਵਰਾਂ ਨੇ ਸੁਖਜਿੰਦਰ ਸਿੰਘ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ। ਇਸੇ ਤਰ੍ਹਾਂ ਇਸੇ ਜ਼ਿਲੇ ਦੇ ਗਿੱਲਾਂ ਪਿੰਡ ਦੇ ਰਾਜਵਿੰਦਰ ਸਿੰਘ ਨੂੰ 24 ਅਕਤੂਬਰ, 2005 ਨੂੰ ਹੀ ਕਤਲ ਕੀਤਾ ਗਿਆ। ਸੰਦੀਪ ਕੁਮਾਰ ਉਰਫ ਲੱਡੂ ਪੁੱਤਰ ਫਕੀਰ ਚੰਦ ਵਾਸੀ ਜੰਡਿਆਲਾ ਜ਼ਿਲਾ ਜਲੰਧਰ ਨਾਲ ਵੀ ਸਤੰਬਰ ਮਹੀਨੇ ਇਸੇ ਤਰ੍ਹਾਂ ਦਾ ਹਾਦਸਾ ਵਾਪਰਿਆ ਸੀ। ਜਲੰਧਰ ਜ਼ਿਲੇ ਦੇ ਹੀ ਪਿੰਡ ਸੰਗ ਢੇਸੀਆਂ ਦੇ ਰਹਿਣ ਵਾਲੇ ਗੁਰਪ੍ਰੀਤ ਸਿੰਘ ਪੁੱਤਰ ਹਰੀ ਸਿੰਘ ਦਾ ਮਨੀਲਾ 'ਚ ਕਤਲ 30 ਸਤੰਬਰ, 2005 ਨੂੰ ਹੋਇਆ ਅਤੇ ਗਾਜੀਆਣੇ ਦੇ ਮਨਜਿੰਦਰ ਸਿੰਘ ਪੁੱਤਰ ਜਵੰਦ ਸਿੰਘ ਨੂੰ ਵੀ 2 ਸਤੰਬਰ, 2005 ਨੂੰ ਮਨੀਲਾ 'ਚ ਕਤਲ ਕਰ ਦਿੱਤਾ ਸੀ।

ਭਾਵੇਂ ਅਮਰੀਕਾ ਅਤੇ ਇੰਗਲੈਂਡ 'ਚ ਹੋਏ ਬੰਬ ਧਮਾਕਿਆਂ ਤੋਂ ਬਾਅਦ ਇਹਨਾਂ ਮੁਲਕਾਂ 'ਚ ਰਹਿੰਦੇ ਪੰਜਾਬੀ ਆਪਣੇ ਆਪ ਨੂੰ ਅਸੁਰੱਖਿਤ ਮਹਿਸੂਸ ਕਰਨ ਲੱਗੇ ਸਨ ਪ੍ਰੰਤੂ ਫਿਲਪਾਈਨ 'ਚ ਲਗਾਤਾਰ ਹੋ ਰਹੇ ਕਤਲਾਂ ਨਾਲ ਨਵੀਂ ਤਸਵੀਰ ਉੱਘੜ ਕੇ ਸਾਹਮਣੇ ਆਈ ਹੈ। ਕੁਝ ਪ੍ਰਵਾਸੀ ਭਾਰਤੀਆਂ ਨੇ ਦੱਸਿਆ ਕਿ ਫਿਲਪਾਈਨ ਵਿੱਚ ਪ੍ਰਵਾਸੀ ਪੰਜਾਬੀ ਜ਼ਿਆਦਾਤਰ ਰੁਪਏ ਪੈਸੇ ਦੇ ਲੈਣ-ਦੇਣ ਦਾ ਕੰਮ ਕਰਦੇ ਹਨ। ਇਸ ਗੱਲ ਦੀ ਪੁਸ਼ਟੀ ਫਿਲਪਾਈਨ ਸਥਿਤ ਭਾਰਤੀ ਸਫਾਰਤਖਾਨੇ ਦੇ ਅਧਿਕਾਰੀ ਵੀ ਕਰ ਚੁੱਕੇ ਹਨ। ਉਸ ਮੁਲਕ 'ਚ ਗਰੀਬੀ ਜ਼ਿਆਦਾ ਹੋਣ ਕਾਰਨ ਪੈਸੇ ਵਾਲਾ ਵਿਅਕਤੀ ਅਕਸਰ ਮਾਫੀਆ ਦਾ ਸ਼ਿਕਾਰ ਹੋ ਜਾਂਦਾ ਹੈ। ਕੁੱਝ ਕੁ ਪ੍ਰਵਾਸੀਆਂ ਨੇ ਇਹ ਵੀ ਦੱਸਿਆ ਕਿ ਫਿਲਪਾਈਨ 'ਚ ਗੁੰਡਿਆਂ ਦੀ ਆਪਸੀ ਖਹਿਬਾਜ਼ੀ ਕਾਰਨ ਵੀ ਕਈ ਪੰਜਾਬੀਆਂ ਦੇ ਕਤਲ ਹੋਣ ਦੀ ਗੱਲ ਸਾਹਮਣੇ ਆਈ ਹੈ।

ਭਾਰਤ ਦੇ ਇੱਕ ਨੇੜਲੇ ਮੁਲਕ ਮਲੇਸ਼ੀਆ ਬਾਰੇ ਕਿਸੇ ਨੇ ਸੋਚਿਆ ਹੀ ਨਹੀਂ ਹੋਣਾ ਕਿ ਇਹ ਦੇਸ਼ ਮਨੁੱਖੀ ਤਸਕਰੀ ਦਾ ਵੱਡਾ ਅੱਡਾ ਬਣਿਆ ਹੋਇਆ ਹੈ ਜਿੱਥੇ ਪੰਜਾਬੀ ਨੌਜਵਾਨਾਂ ਨੂੰ ਫੈਕਟਰੀਆਂ 'ਚ ਵੇਚਿਆ ਜਾਂਦਾ ਹੈ। ਕੌਮਾਂਤਰੀ ਮਨੁੱਖੀ ਤਸਕਰਾਂ ਦੇ ਅੜਿੱਕੇ ਚੜ੍ਹੇ ਮਲੇਸ਼ੀਆ ਦੀਆਂ ਤੇਜ਼ਾਬ ਫੈਕਟਰੀਆਂ 'ਚ ਹਜ਼ਾਰਾਂ ਭਾਰਤੀ ਬੰਧੂਆ ਮਜ਼ਦੂਰ ਬਣ ਕੇ ਨਰਕ ਭਰੀ ਜ਼ਿੰਦਗੀ ਬਿਤਾ ਰਹੇ ਹਨ, ਜਿਨ੍ਹਾਂ ਨੂੰ ਕੰਮ ਬਦਲੇ ਕੋਈ ਤਨਖਾਹ ਨਹੀਂ ਦਿੱਤੀ ਜਾਂਦੀ, ਖਾਣ ਨੂੰ ਬੇਹੱਦ ਘਟੀਆ ਖਾਣਾ ਦਿੱਤਾ ਜਾਂਦਾ ਹੈ, ਕੋਈ ਸਿਹਤ ਸਹੂਲਤ ਨਹੀਂ ਅਤੇ ਤੇਜ਼ਾਬ 'ਚ ਕੰਮ ਕਰਦਿਆਂ ਇਨ੍ਹਾਂ ਭਾਰਤੀਆਂ ਦੀ ਦਸ਼ਾ ਪਸ਼ੂਆਂ ਨਾਲੋਂ ਵੀ ਬਦਤਰ ਹੈ। ਮਲੇਸ਼ੀਆਂ 'ਚ ਬੰਧੂਆ ਮਜ਼ਦੂਰਾਂ ਵਾਂਗ ਕੰਮ ਕਰਦੇ ਭਾਰਤੀਆਂ ਦੀ ਇਹ ਦਾਸਤਾਂ ਕੁਆਲਾਲੰਪੁਰ (ਮਲੇਸ਼ੀਆ ਦੀ ਰਾਜਧਾਨੀ) ਦੀ ਇਕ ਤੇਜ਼ਾਬ ਫੈਕਟਰੀ 'ਚੋਂ ਮੁਕਤ ਹੋ ਕੇ ਆਏ ਪੰਜਾਬ ਦੇ ਤਿੰਨ ਗੱਭਰੂਆਂ ਮਲਕੀਤ ਸਿੰਘ ਵਾਸੀ ਪਿੰਡ ਹਾਕਮ ਸਿੰਘ ਵਾਲਾ (ਬਠਿੰਡਾ), ਬਲਵਿੰਦਰ ਸਿੰਘ ਵਾਸੀ ਪਿੰਡ ਫਤਹਿਗੜ੍ਹ ਛੰਨਾ (ਸੰਗਰੂਰ) ਅਤੇ ਸੁਖਦੇਵ ਸਿੰਘ ਵਾਸੀ ਪਿੰਡ ਬੇਗਮਪੁਰਾ (ਪਟਿਆਲਾ) ਨੇ ਸੁਣਾਈ

ਇਨ੍ਹਾਂ ਨੌਜਵਾਨਾਂ ਨੇ ਅਹਿਮ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਮਨੁੱਖੀ ਤਸਕਰ

ਪੰਜਾਬ ਦੇ ਪਿੰਡਾਂ ਵਿਚ ਬੇਰੁਜ਼ਗਾਰ ਨੌਜਵਾਨਾਂ ਨੂੰ ਲੱਭਦੇ ਫਿਰਦੇ ਹਨ ਅਤੇ ਉਨ੍ਹਾਂ ਨੂੰ ਡਾਲਰਾਂ ਦੇ ਸਬਜ਼ਬਾਗ ਵਿਖਾ ਕੇ ਮਲੇਸ਼ੀਆ ਦੀਆਂ ਤੇਜ਼ਾਬ ਫੈਕਟਰੀਆਂ ਵਿਚ ਵੇਚ ਰਹੇ ਹਨ। ਇਨ੍ਹਾਂ ਨੌਜਵਾਨਾਂ ਨੇ ਆਪਣੀ ਦੁੱਖ ਭਰੀ ਵਿਥਿਆ ਸੁਣਾਉਂਦਿਆਂ ਦੱਸਿਆ ਕਿ ਉਨ੍ਹਾਂ ਨੇ ਪੰਜਾਬ ਦੇ ਵੱਖ-ਵੱਖ ਏਜੰਟਾਂ ਦੇ ਝਾਂਸੇ ਵਿਚ ਆ ਕੇ ਲੱਖਾਂ ਰੁਪਏ ਖਰਚ ਕਰਕੇ ਵਿਦੇਸ਼ ਜਾ ਕੇ ਮੋਟੀ ਮਾਇਆ ਕਮਾਉਣ ਦਾ ਸੁਪਨਾ ਲਿਆ ਪਰ ਬਿਮਾਰੀਆਂ 'ਚ ਗ੍ਰਸਤ ਹੋ ਕੇ, ਸਭ ਕੁਝ ਲੁਟਾ ਕੇ ਅਤੇ ਮਸਾਂ ਹੀ ਜਾਨ ਬਚਾ ਕੇ ਆਪਣੇ ਘਰ ਪਰਤੇ ਹਾਂ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਸੌਦਾ ਪਿੰਡ ਜਲਾਲ (ਬਠਿੰਡਾ) ਦੇ ਇਕ ਟਰੈਵਲ ਏਜੰਟ ਬਿੰਦਰ ਅਤੇ ਲੁਧਿਆਣਾ ਦੇ ਢੋਲੇਵਾਲ ਚੌਂਕ ਸਥਿਤ ਬਲਵਿੰਦਰ ਸਿੰਘ ਨਾਮੀਂ ਟਰੈਵਲ ਏਜੰਟ ਰਾਹੀਂ ਵਿਦੇਸ਼ ਭੇਜਣ ਦਾ ਹੋਇਆ ਸੀ। ਇਸ ਸੌਦੇ ਤਹਿਤ ਉਨ੍ਹਾਂ ਪ੍ਰਤੀ ਵਿਅਕਤੀ 1 ਲੱਖ 30 ਹਜ਼ਾਰ ਰੁਪਏ ਉਕਤ ਏਜੰਟਾਂ ਨੂੰ ਦਿੱਤੇ।

ਕੁਆਲਾਲੰਪੁਰ ਦੀ ਜੇਲ੍ਹ ਨੁਮਾ ਫੈਕਟਰੀ 'ਚੋਂ ਬਚ ਕੇ ਆਏ ਇਨ੍ਹਾਂ ਨੌਜਵਾਨਾਂ ਨੇ ਦੱਸਿਆ ਕਿ ਉਨ੍ਹਾਂ ਨਾਲ ਕੁਵੈਤ ਭੇਜਣ ਦਾ ਵਾਅਦਾ ਹੋਇਆ ਸੀ ਪਰ ਜਦੋਂ 12 ਨਵੰਬਰ 2005 ਨੂੰ ਉਹ ਜਹਾਜ਼ ਚੜ੍ਹਨ ਲਈ ਦਿੱਲੀ ਹਵਾਈ ਅੱਡੇ ਪਹੁੰਚੇ ਤਾਂ ਜਹਾਜ਼ ਚੜ੍ਹਨ ਤੋਂ ਐਨ ਪਹਿਲਾਂ ਦੱਸਿਆ ਕਿ ਤੁਹਾਨੂੰ ਮਲੇਸ਼ੀਆ ਭੇਜਿਆ ਜਾ ਰਿਹਾ ਹੈ। ਇਨ੍ਹਾਂ ਨੌਜਵਾਨਾਂ ਨੇ ਦੱਸਿਆ ਕਿ ਉਹ ਤਿੰਨ ਦਿਨ ਕੁਆਲਾਲੰਪੁਰ ਦੇ ਬੱਸ ਅੱਡੇ 'ਤੇ ਬੰਦੀ ਰਹੇ ਅਤੇ ਤਿੰਨ ਦਿਨਾਂ ਬਾਅਦ ਕੁਆਲਾਲੰਪੁਰ ਦੀ 'ਲੈਗਲਵ' ਨਾਂ ਦੀ ਇਕ ਕੈਮੀਕਲ ਕੰਪਨੀ ਦਾ ਮੈਨੇਜਰ ਉਨ੍ਹਾਂ ਨੂੰ ਉਥੋਂ ਲੈ ਗਿਆ ਅਤੇ ਫੈਕਟਰੀ ਵਿਚ ਲਿਜਾ ਕੇ ਜਬਰੀ ਕੰਮ ਕਰਨ ਲਈ ਕਿਹਾ ਗਿਆ। ਜਦੋਂ ਉਨ੍ਹਾਂ ਕੰਮ ਬਦਲੇ ਪੈਸੇ ਪੁੱਛੇ ਤਾਂ ਫੈਕਟਰੀ ਮਾਲਕਾਂ ਨੇ ਕਿਹਾ ਕਿ ਤੁਹਾਡੀ ਸਾਰੀ ਤਨਖਾਹ ਤੁਹਾਡੇ ਏਜੰਟ ਨੂੰ ਦੇ ਦਿੱਤੀ ਗਈ ਹੈ। ਤੁਸੀਂ ਬੱਸ ਇਥੇ ਕੰਮ ਕਰੋ, ਹੋਰ ਕੋਈ ਗੱਲ ਨਹੀਂ ਸੁਣਨੀ। ਇਹ ਗੱਲ ਸੁਣ ਕੇ ਉਨ੍ਹਾਂ ਦੇ ਪੈਰਾਂ ਦੇ ਹੇਠੋਂ ਜ਼ਮੀਨ ਖਿਸਕ ਗਈ ਅਤੇ ਉਨ੍ਹਾਂ ਨੂੰ ਪਤਾ ਲੱਗਾ ਕਿ ਦਿੱਲੀ ਦਾ ਮੁੱਖ ਟਰੈਵਲ ਏਜੰਟ ਸ੍ਰੀਚੰਦ ਜੋ ਕਿ ਮਨੁੱਖੀ ਤਸਕਰੀ ਦਾ ਕਰਤਾ-ਧਰਤਾ ਹੈ, ਨੇ ਇਸ ਫੈਕਟਰੀ ਮਾਲਕਾਂ ਕੋਲ ਉਨ੍ਹਾਂ ਨੂੰ "ਵੇਚ" ਦਿੱਤਾ ਹੈ।

ਇਨ੍ਹਾਂ ਨੌਜਵਾਨਾਂ ਨੇ ਦੱਸਿਆ ਕਿ ਉਹ 21 ਨਵੰਬਰ ਤੋਂ ਬਾਅਦ ਫੈਕਟਰੀ ਵਿਚ ਬੰਧੂਆ ਮਜ਼ਦੂਰਾਂ ਵਾਂਗ ਕੰਮ ਕਰਨ ਲੱਗੇ ਜਿਥੇ ਉਨ੍ਹਾਂ ਨੂੰ ਸੁੱਕੇ ਚਾਵਲ ਅਤੇ ਮੱਛੀ ਖਾਣ ਨੂੰ ਦਿੱਤੀ ਜਾਂਦੀ ਸੀ ਪਰ ਉਹ ਤਿੰਨੋਂ ਹੀ ਸ਼ਾਕਾਹਾਰੀ ਸਨ, ਇਸ ਲਈ ਉਹ ਸੁੱਕੇ ਚੌਲ ਖਾ ਕੇ ਡੰਗ ਟਪਾਉਂਦੇ ਰਹੇ। ਤੇਜ਼ਾਬ ਵਾਲਾ ਕੰਮ ਕਰਦਿਆਂ ਇਨ੍ਹਾਂ ਨੌਜਵਾਨਾਂ ਦੀਆਂ ਲੱਤਾਂ ਅਤੇ ਬਾਹਾਂ ਬੁਰੀ ਤਰ੍ਹਾਂ ਗਲ ਗਈਆਂ। ਗਲੀਆਂ ਲੱਤਾਂ ਅਤੇ ਬਾਹਾਂ ਇਨ੍ਹਾਂ ਨੌਜਵਾਨਾਂ ਨੇ ਦਿਖਾਈਆਂ। ਉਨ੍ਹਾਂ ਹੋਰ ਦੱਸਿਆ ਕਿ ਇਸ ਫੈਕਟਰੀ ਵਿਚ ਬਣੇ ਟੀਨ ਦੇ ਖੋਖਿਆਂ ਵਿਚ ਸਾਰੇ ਮਜ਼ਦੂਰਾਂ ਨੂੰ ਕੁੱਕੜਾਂ ਵਾਂਗ ਤਾੜ ਕੇ ਰੱਖਿਆ ਜਾਂਦਾ ਹੈ ਅਤੇ ਹਰ ਵੇਲੇ ਪਹਿਰਾ ਹੁੰਦਾ ਹੈ ਕਿ ਕਿਤੇ ਕੋਈ ਭੱਜ ਨਾ ਜਾਵੇ। ਜੇਕਰ ਕੋਈ ਮਜ਼ਦੂਰ ਕੰਮ ਕਰਨੋਂ ਨਾਂਹ

ਕਰਦਾ ਹੈ ਤਾਂ ਉਸ ਨੂੰ ਬੇਤਹਾਸ਼ਾ ਕੁੱਟਿਆ ਮਾਰਿਆ ਜਾਂਦਾ ਹੈ ਅਤੇ ਕਈ ਕਿਸਮ ਦਾ ਅਜਿਹਾ ਅਣਮਨੁੱਖੀ ਤਸ਼ੱਦਦ ਕੀਤਾ ਜਾਂਦਾ ਹੈ ਜਿਸ ਨੂੰ ਉਹ ਬਿਆਨ ਵੀ ਨਹੀਂ ਕਰਨ ਜੋਗੇ।

ਇਨ੍ਹਾਂ ਨੌਜਵਾਨਾਂ ਨੇ ਦੱਸਿਆ ਕਿ ਜਿਸ ਫੈਕਟਰੀ ਵਿਚ ਉਹ ਕੰਮ ਕਰਦੇ ਸਨ ਉਥੇ ਇਨ੍ਹਾਂ ਵਾਂਗ ਭਾਰਤ ਦੇ ਵੱਖ-ਵੱਖ ਸੂਬਿਆਂ, ਜਿਨ੍ਹਾਂ ਵਿਚ ਤਾਮਿਲਨਾਡੂ ਅਤੇ ਰਾਜਸਥਾਨ ਦੇ ਨੌਜਵਾਨ ਵੀ ਸ਼ਾਮਿਲ ਹਨ। ਇਨ੍ਹਾਂ ਵਿਚ ਪੰਜਾਬ ਦੇ ਸੱਤ ਹੋਰ ਨੌਜਵਾਨ ਜਿਨ੍ਹਾਂ 'ਚ ਗੁਰਪ੍ਰੀਤ ਸਿੰਘ ਅਤੇ ਦੇਵ ਰਾਜ ਨਾਮੀਂ ਨੌਜਵਾਨ ਵੀ ਸ਼ਾਮਿਲ ਹਨ, ਬੰਧੂਆ ਮਜ਼ਦੂਰ ਬਣ ਕੇ ਕੰਮ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਜ਼ਿਆਦਾ ਗਿਣਤੀ ਤਾਮਿਲਨਾਡੂ ਦੇ ਨੌਜਵਾਨਾਂ ਦੀ ਹੈ। ਇਸ ਤੋਂ ਬਿਨਾਂ ਨੇਪਾਲੀ ਅਤੇ ਬੰਗਲਾ ਦੇਸ਼ ਦੇ ਨੌਜਵਾਨ ਵੀ ਉਥੇ ਬੰਧੂਆ ਮਜ਼ਦੂਰਾਂ ਵਾਂਗ ਹੀ ਕੰਮ ਕਰਦੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਾਰੇ ਮਜ਼ਦੂਰਾਂ ਦੀ ਦਸ਼ਾ ਬਹੁਤ ਹੀ ਭੈੜੀ ਹੈ ਅਤੇ ਜੇਕਰ ਇਨ੍ਹਾਂ ਨੂੰ ਮੁਕਤ ਨਾ ਕਰਵਾਇਆ ਗਿਆ ਤਾਂ ਇਕ ਦਿਨ ਜਾਨ ਤੋਂ ਹੱਥ ਧੋ ਬਹਿਣਗੇ ਅਤੇ ਭਾਰਤ ਤਾਂ ਉਨ੍ਹਾਂ ਦੀਆਂ ਲਾਸ਼ਾਂ ਵੀ ਨਹੀਂ ਆਉਣੀਆਂ। ਇਨ੍ਹਾਂ ਨੌਜਵਾਨਾਂ ਨੇ ਦੱਸਿਆ ਕਿ ਜੇਕਰ ਉਹ ਵੀ ਵਾਪਸ ਨਾ ਆਉਂਦੇ ਤਾਂ ਜਲਦੀ ਹੀ ਆਪਣੀ ਜਾਨ ਤੋਂ ਹੱਥ ਧੋ ਬਹਿੰਦੇ।

ਇਨ੍ਹਾਂ ਨੌਜਵਾਨਾਂ ਦੀ ਚੰਗੀ ਕਿਸਮਤ ਸੀ ਕਿ ਮਲਕੀਤ ਸਿੰਘ, ਜੋ ਕਿ ਜ਼ਿਲਾ ਬਠਿੰਡਾ ਦਾ ਰਹਿਣ ਵਾਲਾ ਹੈ, ਦੀ ਜੇਬ ਵਿਚ ਲੋਕ ਭਲਾਈ ਪਾਰਟੀ ਦਾ ਇਕ ਸ਼ਨਾਖਤੀ ਕਾਰਡ ਸੀ ਜਿਸ ਉੱਪਰ ਪਾਰਟੀ ਦੇ ਲੁਧਿਆਣਾ ਸਥਿਤ ਮੁੱਖ ਦਫਤਰ ਦਾ ਟੈਲੀਫੋਨ ਨੰਬਰ ਵੀ ਸੀ। ਇਨ੍ਹਾਂ ਨੌਜਵਾਨਾਂ ਨੇ ਫੈਕਟਰੀ ਦੇ ਇਕ ਪੁਰਾਣੇ ਮਜ਼ਦੂਰ ਰਾਹੀਂ ਮਿੰਨਤ ਤਰਲਾ ਕਰਕੇ ਲੁਧਿਆਣਾ ਫੋਨ ਕੀਤਾ, ਜਿਸ ਤੋਂ ਬਾਅਦ ਲੋਕ ਭਲਾਈ ਪਾਰਟੀ ਦੇ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ ਨੇ ਵਿਦੇਸ਼ ਵਿਭਾਗ ਅਤੇ ਭਾਰਤੀ ਸਫਾਰਤਖਾਨੇ ਰਾਹੀਂ ਇਨ੍ਹਾਂ ਨੌਜਵਾਨਾਂ ਦੀ ਫੈਕਟਰੀ ਵਿਚੋਂ ਰਿਹਾਈ ਲਈ ਰਾਹ ਪੱਧਰਾ ਕੀਤਾ। ਇਥੋਂ ਤੱਕ ਕਿ ਇਨ੍ਹਾਂ ਨੌਜਵਾਨਾਂ ਤੋਂ ਕਰੀਬ ਇਕ ਮਹੀਨਾ ਫੈਕਟਰੀ ਵਿਚ ਕੰਮ ਕਰਵਾਇਆ ਗਿਆ ਜਿਸ ਬਦਲੇ ਕੋਈ ਮਿਹਨਤਾਨਾ ਨਹੀਂ ਦਿੱਤਾ ਗਿਆ ਅਤੇ ਉਹ ਆਪਣੀਆਂ ਹਵਾਈ ਟਿਕਟਾਂ ਲਈ ਉਥੇ ਰਹਿੰਦੇ ਇਕ ਪੰਜਾਬੀ ਪਰਮਜੀਤ ਸਿੰਘ ਕੋਲੋਂ ਪੈਸੇ ਲੈ ਕੇ ਇਥੇ ਪਹੁੰਚੇ ਹਨ।

ਇਸੇ ਤਰ੍ਹਾਂ ਇੱਕ ਹੋਰ ਜਾਣਕਾਰੀ ਅਨੁਸਾਰ ਮਨੁੱਖੀ ਤਸਕਰਾਂ ਦੇ ਅੜਿੱਕੇ ਚੜ੍ਹੇ ਪੰਜ ਸੌ ਪੰਜਾਬੀ ਗੱਭਰੂ ਮੋਰਾਕੋ ਦੀਆਂ ਸੜਕਾਂ 'ਤੇ ਭੀਖ ਮੰਗ ਕੇ ਜੂਨ ਗੁਜ਼ਾਰਾ ਕਰ ਰਹੇ ਹਨ। ਵਿਦੇਸ਼ ਜਾ ਕੇ ਡਾਲਰਾਂ ਨਾਲ ਮਾਲਾ ਮਾਲ ਹੋਣ ਦੇ ਸੁਪਨੇ ਦਿਖਾਉਣ ਵਾਲੇ ਮਨੁੱਖੀ ਤਸਕਰਾਂ ਦੀ ਵਿਦੇਸ਼ੀ ਪੁਲੀਸ ਨਾਲ ਪੂਰੀ ਸਾਂਠ-ਗਾਂਠ ਹੈ ਜਿਸ ਦੀ ਸ਼ਹਿ 'ਤੇ ਉਹ ਅੜਿੱਕੇ ਚੜ੍ਹੇ ਪੰਜਾਬੀ ਨੌਜਵਾਨਾਂ 'ਤੇ ਸਰੀਰਕ ਤਸ਼ੱਦਦ ਹੀ ਨਹੀਂ ਢਾਹੁੰਦੇ ਸਗੋਂ ਹਰ ਤਰ੍ਹਾਂ ਦਾ ਸਰੀਰਕ ਸ਼ੋਸ਼ਣ ਵੀ ਕਰਦੇ ਹਨ। ਜਲੰਧਰ ਦੇ ਰਿਸ਼ੀ ਨਗਰ ਦੇ ਵਾਸੀ ਰਵਿੰਦਰ ਸਿੰਘ ਰਾਹੀ ਨਾਮੀਂ

ਨੌਜਵਾਨ ਨੇ ਦੱਸਿਆ ਕਿ ਉਸ ਨੇ ਖਾਲਸਾ ਕਾਲਜ ਜਲੰਧਰ ਤੋਂ ਬੀ.ਸੀ.ਏ. ਦੀ ਡਿਗਰੀ ਪਾਸ ਕੀਤੀ ਸੀ ਪਰ ਉਸ ਨੂੰ ਨੌਕਰੀ ਨਾ ਮਿਲੀ ਤਾਂ ਅਖੀਰ ਵਿਦੇਸ਼ ਜਾਣ ਦਾ ਮਨ ਬਣਾਇਆ ਅਤੇ ਵਿਦੇਸ਼ ਜਾਣ ਦੇ ਲਾਲਚ ਵੱਸ ਹੀ ਉਹ ਮਨੁੱਖੀ ਤਸਕਰਾਂ ਦੇ ਅੜਿੱਕੇ ਆ ਗਿਆ। ਇਸ ਨੌਜਵਾਨ ਨੇ ਦੱਸਿਆ ਕਿ ਉਹ ਅਕਤੂਬਰ 2005 ਵਿਚ ਜਹਾਜ਼ ਬੈਠਿਆ, ਕਈ ਮੁਲਕਾਂ ਵਿਚੋਂ ਹੁੰਦਾ ਹੋਇਆ ਉਹ ਅਖੀਰ ਮੋਰਾਕੋ ਜਾ ਪਹੁੰਚਿਆ।

ਮੋਰਾਕੋ ਵਿਚ ਪੰਜਾਬੀ ਨੌਜਵਾਨਾਂ ਦੀ ਦਾਸਤਾਂ ਸੁਣਾਉਂਦਿਆਂ ਰਵਿੰਦਰ ਸਿੰਘ ਰਾਹੀ ਨੇ ਦੱਸਿਆ ਕਿ ਮਨੁੱਖੀ ਤਸਕਰਾਂ ਦੇ ਅੜਿੱਕੇ ਚੜ੍ਹੇ 500 ਤੋਂ ਵਧੇਰੇ ਨੌਜਵਾਨ ਉਥੋਂ ਦੀਆਂ ਗਲੀਆਂ ਵਿਚ ਭਟਕ ਰਹੇ ਹਨ। ਉਸ ਨੇ ਆਪਣੀ ਹੱਡਬੀਤੀ ਬਿਆਨ ਕਰਦਿਆਂ ਦੱਸਿਆ ਕਿ ਮਨੁੱਖੀ ਤਸਕਰਾਂ ਵੱਲੋਂ ਇਕ ਮੁਲਕ ਤੋਂ ਦੂਜਾ ਮੁਲਕ ਪਾਰ ਕਰਦੇ ਸਮੇਂ ਮਾਰੂਤੀ ਜਿੱਡੀ ਕਾਰ ਵਿਚ 25-25 ਬੰਦਿਆਂ ਨੂੰ ਭੇਡਾਂ ਬੱਕਰੀਆਂ ਵਾਂਗ ਲੱਦ ਲਿਆ ਜਾਂਦਾ ਹੈ ਅਤੇ ਫਿਰ ਅੱਗੇ ਜਾ ਕੇ ਉਨ੍ਹਾਂ ਨੂੰ ਆਪਣੇ ਹੀ ਰਹਿਮੋ ਕਰਮ ’ਤੇ ਛੱਡ ਦਿੱਤਾ ਜਾਂਦਾ ਹੈ। ਉਸ ਨੇ ਦੱਸਿਆ ਕਿ ਕੌਮਾਂਤਰੀ ਸਰਹੱਦਾਂ ਉੱਪਰ ਤਾਇਨਾਤ ਸੁਰੱਖਿਆ ਫੋਰਸਾਂ ਅਤੇ ਹੋਰ ਅਮਲੇ ਨਾਲ ਇਨ੍ਹਾਂ ਮਨੁੱਖੀ ਤਸਕਰਾਂ ਦੀ ਪੂਰੀ ਮਿਲੀਭੁਗਤ ਹੈ।

ਇਸ ਨੌਜਵਾਨ ਨੇ ਦੱਸਿਆ ਕਿ ਉਹ 26 ਬੰਦੇ ਸਨ ਅਤੇ 24 ਘੰਟਿਆਂ ਵਿਚ ਇਕ ਪਾਣੀ ਦੀ ਬੋਤਲ ਅਤੇ ਇਕ ਬਰੈੱਡ ਖਾਣ ਨੂੰ ਦਿੱਤਾ ਜਾਂਦਾ ਸੀ। ਉਸਨੇ ਦੱਸਿਆ ਕਿ ਮਨੁੱਖੀ ਤਸਕਰਾਂ ਵੱਲੋਂ ਉਨ੍ਹਾਂ ’ਤੇ ਭਾਰੀ ਤਸ਼ੱਦਦ ਕੀਤਾ ਗਿਆ, ਬਲਦੀਆਂ ਸਿਗਰਟਾਂ ਨਾਲ ਉਨ੍ਹਾਂ ਦਾ ਮਾਸ ਸਾੜਿਆ ਗਿਆ। ਪਿੰਡ ਬਸਰਾਮਾ (ਗੁਰਦਾਸਪੁਰ) ਦੇ ਵਾਸੀ ਰਣਜੀਤ ਸਿੰਘ ਨੇ ਦੱਸਿਆ ਕਿ ਮਨੁੱਖੀ ਤਸਕਰਾਂ ਦੇ ਅੜਿੱਕੇ ਚੜ੍ਹੇ ਪੰਜਾਬੀ ਨੌਜਵਾਨਾਂ ਦੀ ਵਿਦੇਸ਼ਾਂ ’ਚ ਦੁਰਦਸ਼ਾ ਇਹ ਹੈ ਕਿ ਉਨ੍ਹਾਂ ਨੂੰ ਪੇਸ਼ਾਬ ਤੱਕ ਪੀਣਾ ਪੈਂਦਾ ਹੈ ਅਤੇ ਭੀਖ ਮੰਗ ਕੇ ਗੁਜ਼ਾਰਾ ਕਰਨਾ ਪੈਂਦਾ ਹੈ। ਇਨ੍ਹਾਂ ਪੰਜਾਂ ਨੌਜਵਾਨਾਂ ਨੇ ਦੱਸਿਆ ਕਿ ਉਹ ਕਾਰਾਂ ਦੇ ਸ਼ੀਸ਼ੇ ਸਾਫ ਕਰਕੇ ਜਾਂ ਘਰਾਂ ਵਿਚ ਭੀਖ ਮੰਗ ਕੇ ਦੋ ਡੰਗ ਦੀ ਰੋਟੀ ਦੇ ਪੈਸੇ ਜੁਟਾਉਂਦੇ ਸਨ, ਫਿਰ ਵੀ ਉਥੋਂ ਦੀ ਪੁਲੀਸ ਦੇ ਅੜਿੱਕੇ ਚੜ੍ਹਨ ਦਾ ਖਤਰਾ ਸਿਰ ’ਤੇ ਮੰਡਰਾਉਂਦਾ ਰਹਿੰਦਾ ਸੀ। ਇਸ ਨੌਜਵਾਨ ਨੇ ਖੁਲਾਸਾ ਕੀਤਾ ਕਿ ਇਨ੍ਹਾਂ ਏਜੰਟਾਂ ਦਾ ਤਸ਼ੱਦਦ ਨਾ ਝੱਲਦੇ ਹੋਏ ਦੋ ਨੌਜਵਾਨ ਆਪਣੀ ਜਾਨ ਤੋਂ ਹੱਥ ਧੋ ਬੈਠੇ ਹਨ ਅਤੇ ਜੇਕਰ ਬਾਕੀ ਰਹਿੰਦੇ ਨੌਜਵਾਨਾਂ ਨੂੰ ਨਾ ਲਿਆਂਦਾ ਗਿਆ ਤਾਂ ਉਹ ਵੀ ਮੌਤ ਦੇ ਮੂੰਹ ’ਚ ਜਾ ਪੈਣਗੇ।

ਰੋਪੜ ਜ਼ਿਲੇ ਦੇ ਕਸਬਾ ਮੋਰਿੰਡਾ ਦੇ ਰਹਿਣ ਵਾਲੇ ਰਾਜ ਕੁਮਾਰ ਪੁੱਤਰ ਚਰਨ ਦਾਸ ਨਾਮੀਂ ਨੌਜਵਾਨ ਨੇ ਦੱਸਿਆ ਕਿ ਉਸ ਨੇ ਆਪਣੇ ਹੀ ਸ਼ਹਿਰ ਦੇ ਇਕ ਟਰੈਵਲ ਏਜੰਟ ਨੂੰ ਸਪੇਨ ਜਾਣ ਲਈ 10 ਲੱਖ ਰੁਪਏ ਦਿੱਤੇ ਪਰ ਇਸ ਟਰੈਵਲ ਏਜੰਟ ਨੇ ਸਪੇਨ ਪਹੁੰਚਾਉਣ ਦੀ ਥਾਂ ਮੋਰਾਕੋ ਪਹੁੰਚਾ ਦਿੱਤਾ। ਉਸ ਨੇ ਡਾਲਰ ਤਾਂ ਕੀ ਕਮਾਉਣੇ ਸੀ, ਬਾਪ ਦੀ ਸਾਰੀ ਉਮਰ ਦੀ ਕਮਾਈ ਵੀ ਟਰੈਵਲ ਏਜੰਟ ਦੀ ਭੇਟਾ ਚੜ੍ਹ ਗਈ। ਇਨ੍ਹਾਂ ਨੌਜਵਾਨਾਂ ਨੇ ਇਹ ਵੀ ਦੱਸਿਆ

ਕਿ ਮਨੁੱਖੀ ਤਸਕਰ ਉਨ੍ਹਾਂ ਨੂੰ ਵੀਜ਼ੇ ਸਬੰਧੀ ਕੋਈ ਭਿਣਕ ਹੀ ਨਹੀਂ ਪੈਣ ਦਿੰਦੇ ਅਤੇ ਜਹਾਜ਼ ਵਿਚ ਬੈਠਦੇ ਸਮੇਂ ਪਾਸਪੋਰਟ ਹੱਥ 'ਚ ਫੜਾ ਦਿੱਤਾ ਜਾਂਦਾ ਹੈ। ਉਸ ਤੋਂ ਬਾਅਦ ਅਗਲੇ ਹਵਾਈ ਅੱਡੇ 'ਤੇ ਉੱਤਰਨ ਵੇਲੇ ਉਸ ਮੁਲਕ ਦਾ ਟਰੈਵਲ ਏਜੰਟ ਅੱਗੇ ਖੜ੍ਹਾ ਹੁੰਦਾ ਹੈ। ਇਸ ਤਰ੍ਹਾਂ ਨਾਲ ਮਨੁੱਖੀ ਤਸਕਰ ਅੱਗੇ ਦੀ ਅੱਗੇ ਇਨ੍ਹਾਂ ਨੌਜਵਾਨਾਂ ਨੂੰ ਆਪਣੇ ਚੁੰਗਲ ਵਿਚ ਫਸਾਉਂਦੇ ਰਹਿੰਦੇ ਹਨ। ਇਨ੍ਹਾਂ ਹੀ ਨੌਜਵਾਨਾਂ ਵਿਚ ਸ਼ਾਮਿਲ ਅਵਤਾਰ ਸਿੰਘ ਜੋ ਕਿ ਇਬਰਾਹੀਮ (ਟਾਂਡਾ) ਦਾ ਰਹਿਣ ਵਾਲਾ ਹੈ, ਦੀ ਹਾਲਤ ਤਾਂ ਏਨੀ ਜ਼ਿਆਦਾ ਗੰਭੀਰ ਹੋ ਗਈ ਸੀ ਕਿ ਉਹ ਕਈ ਦਿਨ ਬੇਹੋਸ਼ੀ ਦੀ ਹਾਲਤ ਵਿਚ ਰਿਹਾ। ਇਨ੍ਹਾਂ ਨੌਜਵਾਨਾਂ ਦੀ ਹਾਲਤ ਇਹ ਸੀ ਕਿ ਇਨ੍ਹਾਂ ਨੂੰ ਫੜ ਕੇ ਤੋਰਿਆ ਜਾਂਦਾ ਸੀ।

ਸੋ ਜੇਕਰ ਪੰਜਾਬੀ ਨੌਜਵਾਨਾਂ ਦਾ ਸ਼ੋਸ਼ਣ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਹਰ ਘਰ ਟਰੈਵਲ ਏਜੰਟ ਦੇ ਕਾਰਨਾਮਿਆਂ ਦੀ ਸਜ਼ਾ ਭੁਗਤਣ ਲਈ ਮਜਬੂਰ ਹੋਵੇਗਾ। ਟਰੈਵਲ ਏਜੰਟਾਂ ਵੱਲੋਂ 'ਮਨੁੱਖਤਾ ਦੇ ਕਾਤਲ' ਦੀ ਸਭ ਤੋਂ ਵੱਡੀ ਮਿਸਾਲ ਭਾਵੇਂ ਹੁਣ ਤੱਕ ਮਾਲਟਾ ਕਾਂਡ ਦੀ ਦਿੱਤੀ ਜਾਂਦੀ ਹੈ ਪਰ ਹੁਣ ਲਗਾਤਾਰ ਪੰਜਾਬੀ ਨੌਜਵਾਨਾਂ ਦੀਆਂ ਵੱਖ-ਵੱਖ ਮੁਲਕਾਂ 'ਚ ਹੋ ਰਹੀਆਂ ਮੌਤਾਂ ਕਿਸੇ ਹੋਰ ਵੱਡੇ ਕਾਂਡ ਦੇ ਸੰਕੇਤ ਦਿੰਦੀਆਂ ਹਨ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਲੋਕ ਭਲਾਈ ਪਾਰਟੀ ਦੇ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ ਨੇ ਟਰੈਵਲ ਏਜੰਟਾਂ ਹੱਥੋਂ ਨੌਜਵਾਨਾਂ ਦੀ ਕੀਤੀ ਜਾਂਦੀ ਲੁੱਟ ਨੂੰ ਰੋਕਣ ਲਈ ਪੂਰਾ ਤਾਣ ਲਾ ਦਿੱਤਾ ਪਰ ਇਹ ਕਿਸੇ ਇਕੱਲੀ ਕਹਿਰੀ ਪਾਰਟੀ ਦਾ ਕੰਮ ਨਹੀਂ ਸਗੋਂ ਪੰਜਾਬੀਆਂ ਦੇ ਅਲੰਬਰਦਾਰ ਅਖਵਾਉਣ ਵਾਲੇ ਹੋਰਨਾਂ ਸਿਆਸੀ ਆਗੂਆਂ ਨੂੰ ਗੰਭੀਰ ਹੋਣ ਦੀ ਜ਼ਰੂਰਤ ਹੈ। ਇਹ ਪੱਖ ਵੀ ਜੱਗ ਤੋਂ ਲੁਕਿਆ ਹੋਇਆ ਨਹੀਂ ਕਿ ਜਦੋਂ ਤੱਕ ਬੇਰੁਜ਼ਗਾਰੀ ਦਾ ਆਲਮ ਰਹੇਗਾ ਤਦ ਤੱਕ ਨੌਜਵਾਨ ਆਪਣੇ ਟੱਬਰ ਲਈ ਰੋਟੀ ਦਾ ਜੁਗਾੜ ਕਰਨ ਲਈ ਵਿਦੇਸ਼ੀ ਮੁਲਕਾਂ 'ਚ ਕਮਾਈ ਕਰਨ ਲਈ ਜਾਣ ਵਾਸਤੇ ਕੋਸ਼ਿਸ਼ਾਂ ਕਰਦੇ ਰਹਿਣਗੇ।

ਪੂਰੇ ਯੂ.ਏ.ਈ. ਦੇ ਸੱਤ ਰਾਜਾਂ ਆਬੂ ਧਾਬੀ, ਫਜ਼ੀਰਾ, ਦੁਬਈ, ਅਜ਼ਮਾਨ, ਸ਼ਾਰਜਾਹ, ਉਮ-ਅਲ-ਕੁਏਨ ਅਤੇ ਰਸ-ਅਲ-ਖੇਮਾ ਆਦਿ 'ਚ ਰਹਿ ਰਹੇ 60 ਹਜ਼ਾਰ ਪੰਜਾਬੀਆਂ ਦਾ ਆਰਥਿਕ ਤੌਰ 'ਤੇ ਹੀ ਸ਼ੋਸ਼ਣ ਨਹੀਂ ਹੋ ਰਿਹਾ ਸਗੋਂ ਉਥੇ ਉਹ ਗੁਲਾਮਾਂ ਵਾਲੀ ਜ਼ਿੰਦਗੀ ਜਿਉ ਰਹੇ ਹਨ। ਇਹ ਪੰਜਾਬੀ ਨੌਜਵਾਨ ਜੋ ਕਿ ਜ਼ਿਆਦਾਤਰ ਮਜ਼ਦੂਰੀ ਕਰਦੇ ਹਨ, ਨੂੰ ਰੇਤ ਦੇ ਕੱਚੇ ਟਿੱਬਿਆਂ ਤੇ ਟੀਨ ਦੀਆਂ ਚਾਦਰਾਂ ਦੇ ਖੋਖਿਆਂ 'ਚ ਬੰਦ ਰੱਖਿਆ ਜਾਂਦਾ ਹੈ ਜਿਥੇ ਨਾ ਪਾਣੀ, ਨਾ ਬਿਜਲੀ ਦੀ ਸਹੂਲਤ ਹੈ, ਤਸੀਹੇ ਦਿੱਤੇ ਜਾਂਦੇ ਹਨ, ਉਨ੍ਹਾਂ ਨੂੰ ਤਨਖਾਹ ਨਹੀਂ ਦਿੱਤੀ ਜਾਂਦੀ ਅਤੇ ਬਹੁਤ ਹੀ ਘਟੀਆ ਖਾਣਾ ਦਿੱਤਾ ਜਾਂਦਾ ਹੈ। ਹਾਲਾਤਾਂ ਦੇ ਮਾਰੇ ਇਕ ਹਜ਼ਾਰ ਦੇ ਕਰੀਬ ਪੰਜਾਬੀ ਇਸ ਵੇਲੇ ਯੂ.ਏ.ਈ. ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਹਨ। ਕਈ ਪੰਜਾਬੀ ਜੋ ਹਾਲਾਤਾਂ ਨਾਲ ਲੜਦੇ ਹੋਏ ਰੱਬ ਨੂੰ ਪਿਆਰੇ ਹੋ ਗਏ, ਦੀਆਂ ਲਾਸ਼ਾਂ ਵੀ ਕਈ-ਕਈ ਵਰ੍ਹਿਆਂ ਤੋਂ ਉਥੇ ਰੁਲ ਰਹੀਆਂ ਹਨ।

ਯੂ.ਏ.ਈ. ਦੀਆਂ ਕੰਪਨੀਆਂ ਜੋ ਪੰਜਾਬੀਆਂ ਦੇ ਵੀਜ਼ੇ ਲਵਾ ਕੇ ਉਥੇ ਲਿਜਾਂਦੀਆਂ ਹਨ, ਦਾ ਰੱਜ ਕੇ ਸ਼ੋਸ਼ਣ ਕਰਦੀਆਂ ਹਨ। ਯੂ.ਏ.ਈ. ਲਿਜਾਣ ਲਈ ਇਥੇ ਪੰਜਾਬੀ ਨੌਜਵਾਨਾਂ ਨੂੰ ਤਰ੍ਹਾਂ-ਤਰ੍ਹਾਂ ਦੇ ਸਬਜ਼ਬਾਗ ਦਿਖਾਏ ਜਾਂਦੇ ਹਨ ਪਰ ਹੁੰਦਾ ਸਭ ਕੁਝ ਉਲਟ ਹੈ। ਪਹਿਲਾਂ ਤਾਂ ਪੰਜਾਬੀਆਂ ਨੂੰ ਟਰੈਵਲ ਏਜੰਟਾਂ ਦੀ ਲੁੱਟ ਦਾ ਸ਼ਿਕਾਰ ਹੋਣਾ ਪੈਂਦਾ ਹੈ ਅਤੇ ਫਿਰ ਉਥੇ ਜਾ ਕੇ ਆਪਣੇ ਘਰ-ਪਰਿਵਾਰ ਅਤੇ ਦੇਸ਼ ਤੋਂ ਦੂਰ ਬੰਧੂਆ ਮਜ਼ਦੂਰਾਂ ਵਾਲੀ ਜ਼ਿੰਦਗੀ ਜਿਉਣੀ ਪੈਂਦੀ ਹੈ। ਯੂ.ਏ.ਈ. ਦੇ ਲੇਬਰ ਕਾਨੂੰਨ ਮੁਤਾਬਕ ਬੇਸ਼ੱਕ ਕਿਸੇ ਮਜ਼ਦੂਰ ਤੋਂ ਅੱਠ ਘੰਟੇ ਤੋਂ ਵੱਧ ਕੰਮ ਨਹੀਂ ਕਰਵਾਇਆ ਜਾ ਸਕਦਾ ਪ੍ਰੰਤੂ ਇਹ ਕੰਪਨੀਆਂ ਪੰਜਾਬੀਆਂ ਤੋਂ ਦਸ ਤੋਂ ਪੰਦਰਾਂ ਘੰਟੇ ਕੰਮ ਕਰਵਾਉਂਦੀਆਂ ਹਨ ਅਤੇ ਮਿਹਨਤਾਨਾ ਸਿਰਫ ਤੀਹ ਦਰਾਮ (ਯੂ.ਏ.ਈ. ਦੀ ਕਰੰਸੀ) ਦੇ ਕਰੀਬ ਹੀ ਰੋਜ਼ਾਨਾ ਦਿੱਤਾ ਜਾਂਦਾ ਹੈ।

ਜ਼ਿਆਦਾਤਰ ਮਕਾਨ ਉਸਾਰੀ ਦੀਆਂ ਕੰਪਨੀਆਂ ਵਿਚ ਮਜ਼ਦੂਰ ਦੇ ਤੌਰ 'ਤੇ ਕੰਮ ਕਰਨ ਵਾਲੇ ਇਨ੍ਹਾਂ ਪੰਜਾਬੀ ਨੌਜਵਾਨਾਂ ਨੂੰ ਰੇਤ ਦੇ ਟਿੱਬਿਆਂ 'ਤੇ ਪਲਾਈ ਅਤੇ ਲੋਹੇ ਦੇ ਟੀਨਾਂ ਦੇ ਬਣੇ ਛੋਟੇ-ਛੋਟੇ ਖੋਖਿਆਂ ਵਿਚ ਰੱਖਿਆ ਜਾਂਦਾ ਹੈ, ਉਥੇ ਨਾ ਹੀ ਚੰਗੀ ਤਰ੍ਹਾਂ ਨਹਾਉਣ ਅਤੇ ਪਖਾਨੇ ਆਦਿ ਜਾਣ ਦਾ ਪ੍ਰਬੰਧ ਹੁੰਦਾ ਹੈ। ਦਿਨ ਵੇਲੇ ਅੱਤ ਦੀ ਗਰਮੀ 47 ਡਿਗਰੀ ਤਾਪਮਾਨ 'ਚ ਕੰਮ ਕਰਨ ਵਾਲੇ ਇਨ੍ਹਾਂ ਪੰਜਾਬਆਂ ਲਈ ਨਾ ਪੱਖਾ ਅਤੇ ਨਾ ਹੀ ਹੋਰ ਕੋਈ ਸਹੂਲਤ ਉਪਲਬਧ ਹੁੰਦੀ ਹੈ। ਇਥੋਂ ਤੱਕ ਕਿ ਪੀਣ ਵਾਲਾ ਪਾਣੀ ਵੀ ਨਾ ਮਾਤਰ ਹੀ ਹੁੰਦਾ ਹੈ।

ਹੋਰ ਤਾਂ ਹੋਰ ਇਨ੍ਹਾਂ ਪੰਜਾਬੀ ਨੌਜਵਾਨਾਂ ਨੂੰ ਮਿਹਨਤ ਬਦਲੇ ਖਾਣਾ ਵੀ ਚੰਗਾ ਨਸੀਬ ਨਹੀਂ ਹੁੰਦਾ। ਜਿਸ ਤਰ੍ਹਾਂ ਜੇਲ੍ਹ ਵਿਚ ਲਾਈਨ ਲਗਾ ਕੇ ਕੈਦੀ ਖਾਣਾ ਪ੍ਰਾਪਤ ਕਰਦੇ ਹਨ ਉਸ ਤਰ੍ਹਾਂ ਇਨ੍ਹਾਂ ਮਿਹਨਤਕਸ਼ਾਂ ਨੂੰ ਵੀ ਘੰਟਿਆਂ ਬੱਧੀ ਲਾਈਨ 'ਚ ਲੱਗ ਕੇ ਰੋਟੀ ਲੈਣ ਲਈ ਜੂਝਣਾ ਪੈਂਦਾ ਹੈ। ਇਨ੍ਹਾਂ ਨੂੰ ਦਿੱਤਾ ਖਾਣਾ ਵੀ ਅੱਤ ਦਰਜੇ ਦਾ ਘਟੀਆ ਹੁੰਦਾ ਹੈ। ਉਥੇ ਕੰਪਨੀਆਂ ਵੱਲੋਂ ਸਾਲ-ਸਾਲ ਭਰ ਕੰਮ ਕਰਾ ਕੇ ਮਿਹਨਤਾਨਾ ਵੀ ਨਹੀਂ ਦਿੱਤਾ ਜਾਂਦਾ। ਇਸ ਤਰ੍ਹਾਂ ਕਰਨ ਵਿਚ ਯੂ.ਏ.ਈ. ਦੀਆਂ ਕਈ ਕੰਪਨੀਆਂ ਜਿਨ੍ਹਾਂ ਵਿਚ ਅਲ ਪਰਤਵੀ, ਅਲ ਨਖਰਾ, ਅਲ ਖਮੋਸ਼ੀਆ, ਅਲ ਮੁਕਾਮ, ਅਲ ਜ਼ਾਬਰ, ਅਲ ਰਾਬੀਆ ਅਤੇ ਅਲ ਨੌਮੀ ਆਦਿ ਸ਼ਾਮਲ ਹਨ। ਇਨ੍ਹਾਂ ਕੰਪਨੀਆਂ ਨੇ ਪੰਜਾਬੀ ਮਜ਼ਦੂਰਾਂ ਦਾ ਸਾਲ-ਸਾਲ ਦਾ ਮਿਹਨਤਾਨਾ ਦੱਬਿਆ ਹੋਇਆ ਹੈ ਅਤੇ ਜੇ ਕੋਈ ਮਜ਼ਦੂਰ ਕੰਪਨੀ ਛੱਡ ਕੇ ਕਿਸੇ ਹੋਰ ਕੰਪਨੀ ਵਿਚ ਕੰਮ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਜੇਲ੍ਹ ਭੇਜ ਦਿੱਤਾ ਜਾਂਦਾ ਹੈ।

ਦੁਬਈ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਇਸ ਵੇਲੇ ਕਰੀਬ ਇਕ ਹਜ਼ਾਰ ਪੰਜਾਬੀ ਨੌਜਵਾਨ ਬੰਦੀ ਹੈ। ਇਨ੍ਹਾਂ ਨੌਜਵਾਨਾਂ ਦਾ ਸਿਰਫ ਇਹੀ ਕਸੂਰ ਹੈ ਕਿ ਸ਼ੋਸ਼ਣ ਵਿਰੁੱਧ ਆਵਾਜ਼ ਉਠਾਉਂਦਿਆਂ ਆਪਣਾ ਪੇਟ ਪਾਲਣ ਲਈ ਕਿਸੇ ਹੋਰ ਕੰਪਨੀ ਵਿਚ ਕੰਮ ਕਰਨਾ ਚਾਹਿਆ।

ਸ਼ੋਸ਼ਣ ਕਰਨ 'ਚ ਦੁਬਈ ਦੀਆਂ ਕੰਪਨੀਆਂ ਹੀ ਨਹੀਂ ਬਲਕਿ ਕੁਝ ਪੰਜਾਬੀ, ਜਿਨ੍ਹਾਂ ਨੂੰ ਬਹੁਤ ਜ਼ਿਆਦਾ ਸਮਾਂ ਯੂ.ਏ.ਈ. ਗਿਆ ਹੋ ਗਿਆ ਹੈ, ਨੇ ਆਪਣੀਆਂ ਕੰਪਨੀਆਂ ਬਣਾਈਆਂ ਹੋਈਆਂ ਹਨ, ਵੀ ਪੰਜਾਬੀਆਂ ਦਾ ਰੱਜ ਕੇ ਸ਼ੋਸ਼ਣ ਕਰਦੇ ਹਨ।

ਯੂ.ਏ.ਈ. ਦੇ ਕਾਨੂੰਨ ਮੁਤਾਬਕ ਜੋ ਵੀ ਪੰਜਾਬੀ ਇਧਰੋਂ ਕਿਸੇ ਕੰਪਨੀ ਰਾਹੀਂ ਵੀਜ਼ਾ ਲਵਾ ਕੇ ਯੂ.ਏ.ਈ. ਜਾਂਦਾ ਹੈ ਉਸ ਨੂੰ ਉਸੇ ਕੰਪਨੀ ਵਿਚ ਹੀ ਕੰਮ ਕਰਨਾ ਪੈਂਦਾ ਹੈ ਜਿਸ ਕੰਪਨੀ ਰਾਹੀਂ ਉਸ ਦਾ ਵੀਜ਼ਾ ਲੱਗਿਆ ਹੁੰਦਾ ਹੈ। ਜੇਕਰ ਉਸ ਨੇ ਕੰਪਨੀ ਛੱਡ ਕੇ ਕਿਸੇ ਹੋਰ ਕੰਪਨੀ ਵਿਚ ਕੰਮ ਕਰਨਾ ਹੈ ਤਾਂ ਉਸ ਨੂੰ ਵਾਪਸ ਆਪਣੇ ਦੇਸ਼ ਆਉਣਾ ਪਵੇਗਾ ਅਤੇ ਉਸ ਤੋਂ ਬਾਅਦ ਹੀ ਮੁੜ ਕਿਸੇ ਕੰਪਨੀ ਵਿਚ ਜਾ ਸਕਦਾ ਹੈ। ਜੇ ਕੋਈ ਪੰਜਾਬੀ ਕੰਪਨੀ ਛੱਡ ਕੇ ਜਾਂਦਾ ਵੀ ਹੈ ਤਾਂ ਉਸ ਨੂੰ ਜੇਲ੍ਹ ਦੀ ਹਵਾ ਤਾਂ ਖਾਣੀ ਪੈਂਦੀ ਹੀ ਹੈ। ਇਥੋਂ ਤੱਕ ਕਿ ਕਈਆਂ ਨੂੰ ਜਾਨ ਤੋਂ ਹੱਥ ਵੀ ਧੋਣੇ ਪੈਂਦੇ ਹਨ। ਜਲੰਧਰ ਨੇੜਲੇ ਹੀ ਪਿੰਡ ਗਿੱਲਾਂ ਗਾਖਲਾਂ ਦਾ ਬਲਵੰਤ ਸਿੰਘ ਸਵਾ ਦਹਾਕਾ ਪਹਿਲਾਂ ਯੂ.ਏ.ਈ. ਗਿਆ ਸੀ, 8 ਕੁ ਸਾਲ ਇਕ ਕੰਪਨੀ 'ਚ ਹੀ ਨੌਕਰੀ ਕਰਨ ਤੋਂ ਬਾਅਦ ਜਦੋਂ ਉਸ ਨੇ ਕੰਪਨੀ ਛੱਡ ਕੇ ਦੂਸਰੀ ਕੰਪਨੀ 'ਚ ਨੌਕਰੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਪੁਲੀਸ ਨੇ ਗ੍ਰਿਫਤਾਰ ਕਰ ਲਿਆ। ਜਦੋਂ ਅਬੂਦਬੀ ਹਵਾਈ ਅੱਡੇ 'ਤੇ ਪੁਲੀਸ ਦੀ ਗ੍ਰਿਫਤ 'ਚ ਹੀ ਸੀ ਤਾਂ ਬਲਵੰਤ ਸਿੰਘ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਬਲਵੰਤ ਸਿੰਘ ਦੀ ਲਾਸ਼ ਪਿਛਲੇ ਸਾਢੇ ਚਾਰ ਸਾਲਾਂ ਤੋਂ ਅਬੂਦਬੀ ਦੇ ਮੁਰਦਾ ਘਰ 'ਚ ਹੀ ਪਈ ਰੁਲ ਰਹੀ ਹੈ। ਇਸ ਤਰ੍ਹਾਂ ਨਾਲ ਦੁਬਈ ਕੰਮ ਕਰਦੇ ਪੰਜਾਬੀਆਂ ਦੀ ਹਾਲਤ ਸੱਪ ਦੇ ਮੂੰਹ 'ਚ ਕੋਹੜ ਕਿਰਲੀ ਵਾਲੀ ਬਣੀ ਹੋਈ ਹੈ।

ਉਥੇ ਕਈ ਪੰਜਾਬੀਆਂ ਨੇ ਖੂਬ ਤਰੱਕੀ ਕੀਤੀ ਹੈ ਤੇ ਕੰਪਨੀਆਂ ਖੜ੍ਹੀਆਂ ਕਰ ਲਈਆਂ ਹਨ ਪਰ ਪੰਜਾਬੀਆਂ ਦਾ ਸ਼ੋਸ਼ਣ ਬੰਦ ਨਹੀਂ ਹੋ ਸਕਿਆ। ਯੂ.ਏ.ਈ. ਵਿਚ ਕੁਲ 7 ਲੱਖ ਦੇ ਕਰੀਬ ਭਾਰਤੀ ਰਹਿੰਦੇ ਹਨ ਜਿਨ੍ਹਾਂ ਵਿਚ 1 ਲੱਖ ਤੋਂ ਵਧੇਰੇ ਇਕੱਲੇ ਪੰਜਾਬੀ ਹਨ ਅਤੇ ਇਨ੍ਹਾਂ ਵਿਚੋਂ 60 ਹਜ਼ਾਰ ਤੋਂ ਵਧੇਰੇ ਉਹ ਹਨ ਜੋ ਗੁਲਾਮਾਂ ਵਾਲੀ ਜ਼ਿੰਦਗੀ ਬਸਰ ਕਰ ਰਹੇ ਹਨ। ਕੇਰਲਾ ਅਤੇ ਮਹਾਰਾਸ਼ਟਰ ਦੇ ਲੋਕ ਤਾਂ ਉਥੇ ਲੇਖਾਕਾਰ, ਬੈਂਕ ਨੌਕਰੀ, ਇੰਜੀਨੀਅਰ ਆਦਿ ਹਨ ਪਰ ਪੰਜਾਬੀ ਦਿਹਾੜੀਆਂ ਕਰਦੇ ਹਨ ਅਤੇ ਕੁਝ ਕੁ ਠੇਕੇਦਾਰੀ ਅਤੇ ਡਰਾਈਵਰੀ। ਅਰਬ ਮੁਲਕਾਂ ਵਿਚ ਬੰਧੂਆ ਮਜ਼ਦੂਰਾਂ ਵਰਗੀ ਗੁਰਬਤ ਭਰੀ ਜੂਨ ਹੰਢਾ ਰਹੇ ਪੰਜਾਬੀਆਂ ਦੀ ਦਰਦ ਕਹਾਣੀ ਸੁਣ ਕੇ ਤਾਂ ਇੰਜ ਜਾਪਦਾ ਹੈ ਕਿ ਜਿਹੜਾ ਪੰਜਾਬੀ ਇਥੇ ਚੰਗੀ ਰੋਟੀ ਖਾਂਦਾ ਹੈ ਉਸ ਨੂੰ ਦੁਬਈ ਆਦਿ ਮੁਲਕਾਂ ਵਿਚ ਧੱਕੇ ਖਾਣ ਦੀ ਲੋੜ ਨਹੀਂ।

*ਔਰਤਾਂ ਦੀ ਵੇਦਨਾ :*

# ਪਰਵਾਸੀ ਕੰਤ, ਭੁੱਲ ਗਏ ਘਰਾਂ ਦਾ ਸਿਰਨਾਵਾਂ

ਦੋਆਬਾ ਖੇਤਰ ਦੇ ਗਰੀਬ ਕਿਸਾਨਾਂ ਅਤੇ ਬੇਜ਼ਮੀਨੇ ਪੇਂਡੂ ਮਜ਼ਦੂਰਾਂ ਲਈ ਅਮਰੀਕਾ, ਕੈਨੇਡਾ, ਯੂਰਪ ਦੀ ਬਜਾਏ ਅਰਬ ਮੁਲਕਾਂ ਵਿਚ ਹੀ ਸਖਤ ਮੁਸ਼ੱਕਤਾਂ ਕਰਕੇ ਰੋਟੀ ਰੋਜ਼ੀ ਦਾ ਸਾਧਨ ਜੁਟਾਉਣਾ ਪੈ ਰਿਹਾ ਹੈ। ਮੁਕਾਬਲਤਨ ਘੱਟ ਖਰਚਾ ਕਰਕੇ ਅਤੇ ਕੰਮ ਮਿਲਣ ਕਰਕੇ ਸਮਾਜ ਦਾ ਇਹ ਹਿੱਸਾ ਅਰਬਾਂ ਵੱਲ ਭੱਜ ਰਿਹਾ ਹੈ। ਉਥੇ ਪਰਿਵਾਰਾਂ ਨੂੰ ਲਿਜਾ ਸਕਣ ਦੀ ਗਿਣਤੀ ਬਹੁਤ ਹੀ ਘੱਟ ਹੈ। ਇਸ ਕਰਕੇ ਵਿਹੜਿਆਂ 'ਚ ਵਸਦੀਆਂ ਅਤੇ ਗਰੀਬ ਕਿਸਾਨ ਪਰਿਵਾਰਾਂ ਦੀਆਂ ਔਰਤਾਂ ਬੇਹੱਦ ਸੰਤਾਪ ਭੋਗ ਰਹੀਆਂ ਹਨ। ਇਕ ਹਿੱਸੇ ਅੰਦਰ ਗੰਭੀਰ ਵਿਗਾੜ ਪੈਦਾ ਹੋਣ ਦੇ ਲੱਛਣ ਵੀ ਸਾਹਮਣੇ ਆ ਰਹੇ ਹਨ। ਸਹੁਰਿਆਂ/ਪੇਕਿਆਂ ਅੰਦਰ ਲੜਾਈ ਝਗੜੇ ਅਤੇ ਤੋੜ ਵਿਛੋੜੇ ਵੀ ਵਧ ਰਹੇ ਹਨ। ਉਥੇ ਲੋਹੜੇ ਦੀ ਖੱਜਲ ਖੁਆਰੀ, ਬੌਸਾਂ ਦੀਆਂ ਝਿੜਕਾਂ, ਤਨਖਾਹਾਂ ਅਤੇ ਪਾਸਪੋਰਟ ਨੱਪੀ ਰੱਖਣ ਦੀ ਦਿਲ ਚੀਰਵੀਂ ਪੀੜ ਹੈ ਇਧਰ ਘਰਾਂ 'ਚੋਂ ਮਰਦ ਮੈਂਬਰਾਂ ਦੀ ਗੈਰ ਮੌਜੂਦਗੀ ਅਨੇਕਾਂ ਸੰਕਟਾਂ ਨੂੰ ਸੱਦਾ ਦਿੰਦੀ ਹੈ। ਸੋ ਦੋਆਬੇ ਦੇ ਵਿਹੜਿਆਂ 'ਚ ਲਗਭਗ ਭਾਵੇਂ ਕੱਚੇ ਦੀ ਥਾਂ ਮਕਾਨ ਪੱਕੇ ਆ ਗਏ ਪਰ ਇਨ੍ਹਾਂ ਪੱਕੀਆਂ ਦੀਵਾਰਾਂ ਅੰਦਰ ਤੜਫਦੇ, ਰਿਝਦੇ ਅਤੇ ਕੰਧੀਂ ਟੱਕਰਾਂ ਮਾਰਦੇ ਅਰਮਾਨਾਂ ਦਾ ਗਰਾਫ ਕੋਠਿਆਂ ਦੀਆਂ ਛੱਤਾਂ ਪਾੜਨ ਜਾ ਰਿਹਾ ਹੈ। ਇਹ ਸੰਤਾਪ, ਸਤਹੀ ਨਜ਼ਰੇ ਨਹੀਂ ਨਾਪਿਆ ਜਾ ਸਕਦਾ ਇਸ ਲਈ ਗਹਿਰਾਈਆਂ 'ਚ ਉਤਰਨ ਦੀ ਲੋੜ ਹੈ। ਇਸ ਵੇਦਨਾ ਨੂੰ ਗਦਰੀ ਬਾਬਿਆਂ ਦੇ ਮੇਲੇ ਮੌਕੇ 2001 'ਚ ਝੰਡੇ ਦੇ ਗੀਤ ਦੇ ਵਿਸ਼ਾਲ ਦਾਇਰੇ 'ਚ ਚੰਦ ਅਜੇਹੀਆਂ ਸਤਰਾਂ 'ਚ ਇਉਂ ਚਿਤਵਿਆ ਗਿਆ :

ਪਰਦੇਸੀਆ, ਸੁਣ ਢੋਲਣਾ, ਨਹੀਂ ਬੋਲਣਾ
ਤੂੰ ਜੇ ਨਹੀਂ ਚਿੱਠੀਆਂ ਪਾਣੀਆਂ
ਇਹ ਕਮਾਈਆਂ ਕੀ ਕਰਨੀਆਂ,
ਛੱਡ ਦੇ ਖਸਮਾਂ ਖਾਣੀਆਂ
ਪਰਦੇਸੀਆ....

ਡਾਲਰਾਂ ਅਤੇ ਪੌਂਡਾਂ ਨੇ ਦੋਆਬੇ ਦੇ ਲੋਕਾਂ ਦਾ ਆਰਥਿਕ ਪੱਧਰ ਤਾਂ ਉੱਚਾ ਚੁੱਕ ਦਿੱਤਾ ਪਰ ਸੱਤ ਸਮੁੰਦਰੋਂ ਪਾਰ ਰੋਜ਼ੀ-ਰੋਟੀ ਦੀ ਤਲਾਸ਼ 'ਚ ਗਏ ਇਨ੍ਹਾਂ ਪ੍ਰਵਾਸੀ ਪੰਜਾਬੀਆਂ ਦੀਆਂ

ਪਤਨੀਆਂ ਨੂੰ ਇਕੱਲੇਪਣ ਦਾ ਹੀ ਸੰਤਾਪ ਨਹੀਂ ਹੰਢਾਉਣਾ ਪੈਂਦਾ ਸਗੋਂ ਪਹਾੜ ਜੇਡੀਆਂ ਮੁਸ਼ਕਲਾਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਆਰਥਿਕ ਪੱਖੋਂ ਖੁਸ਼ਹਾਲ ਇਸ ਇਲਾਕੇ ਦੀ ਗੱਲ ਕਰਦਿਆਂ ਪੰਜਾਬ ਵਾਸੀ ਬੜਾ ਫਖਰ ਮਹਿਸੂਸ ਕਰਦੇ ਹਨ। ਇਕੱਲੀ ਆਰਥਿਕ ਖੁਸ਼ਹਾਲੀ ਹੀ ਨਹੀਂ ਵਿਦੇਸ਼ੀ ਰਾਜਨੀਤੀ 'ਚ ਦੁਆਬੀਆਂ ਨੇ ਆਪਣਾ ਸਿੱਕਾ ਮੰਨਵਾਇਆ। ਪਰੰਤੂ ਆਪਣੀ ਆਰਥਿਕ ਖੁਸ਼ਹਾਲੀ ਲਈ ਜੋ ਕੁਰਬਾਨੀ ਇਹਨਾਂ ਨੇ ਦਿੱਤੀ ਹੈ ਜੋ ਗਹਿਰਾ ਸੰਤਾਪ ਵੀ ਭੋਗਿਆ ਉਸ ਦਾ ਮੁੱਲ ਵੀ ਦੁਆਬੇ ਦੇ ਵਾਸੀਆਂ ਨੂੰ ਹੀ ਪਤਾ ਹੈ। ਜਮੀਨਾਂ ਥੋੜੀਆਂ ਹੋਣ ਕਰਕੇ ਆਪਣੇ ਪਰਿਵਾਰਾਂ ਨੂੰ ਪਾਲਣ ਲਈ ਦੁਆਬਾ ਵਾਸੀਆਂ ਨੇ ਇੱਥੇ ਹੀ ਮਿਹਨਤ ਨਹੀਂ ਕੀਤੀ ਸਗੋਂ ਸੱਤ ਸਮੁੰਦਰੋਂ ਪਾਰ ਜਾ ਕੇ ਬੁਲੰਦੀਆਂ ਦੇ ਝੰਡੇ ਵੀ ਗੱਡੇ ਹਨ।

ਯੂਰਪ ਅਤੇ ਹੋਰਨਾਂ ਵਿਕਸਤ ਮੁਲਕਾਂ 'ਚ ਗਏ ਪੰਜਾਬੀਆਂ ਖਾਸ ਕਰ ਦੋਆਬੀਆਂ ਦੀ ਜ਼ਿੰਦਗੀ ਜਰਾ ਸੁਖਾਲੀ ਹੈ ਪਰੰਤੂ ਜੋ ਢਿੱਡ ਦੀ ਭੁੱਖ ਮਿਟਾਉਣ ਲਈ ਅਰਬ ਮੁਲਕਾਂ 'ਚ ਗਏ ਹੋਏ ਹਨ ਉਹ ਇਕੱਲੇ ਹੀ ਸੰਤਾਪ ਨਹੀਂ ਭੋਗਦੇ ਸਗੋਂ ਇੱਥੇ ਰਹਿੰਦੇ ਉਨਾਂ ਦੇ ਪਰਿਵਾਰਾਂ ਨੂੰ ਵੀ ਬੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾਂ ਪੈਂਦਾ ਹੈ। ਕਿਉਂਕਿ ਯੂਰਪ ਆਦਿ ਖੁਸ਼ਹਾਲ ਮੁਲਕਾਂ 'ਚ ਗਿਆ ਵਿਅਕਤੀ ਤਾਂ ਆਪਣੀ ਪਤਨੀ ਬੱਚਿਆਂ ਨੂੰ ਹੀ ਨਹੀਂ ਸਗੋਂ ਰਿਸ਼ਤੇਦਾਰਾਂ ਨੂੰ ਲਿਜਾ ਕੇ ਸਾਰਿਆਂ ਦੀ ਜ਼ਿੰਦਗੀ ਖੁਸ਼ਹਾਲ ਕਰ ਦਿੰਦਾ ਹੈ ਇਹ ਵੀ ਸੱਚ ਹੈ ਭਾਵੇਂ ਉਨ੍ਹਾਂ ਦਾ ਦਿਲ ਫਰੋਲਿਆਂ ਪਤਾ ਲੱਗਦਾ ਹੈ ਕਿ ਉਹ ਗਹਿਰੇ ਸਮਾਜੀ, ਪਰਿਵਾਰਕ, ਮਾਨਸਿਕ ਤਣਾਵਾਂ ਵਿਚੋਂ ਵੀ ਗੁਜ਼ਰ ਰਹੇ ਹਨ। ਪਰੰਤੂ ਅਰਬ ਮੁਲਕਾਂ ਦੀਆਂ ਆਪਣੀਆਂ ਹੀ ਸਮੱਸਿਆਵਾਂ ਹਨ। ਪਹਿਲੀ ਗੱਲ ਤਾਂ ਅਰਬ ਮੁਲਕਾਂ 'ਚ ਗਿਆ ਵਿਅਕਤੀ ਦਿਨ ਰਾਤ ਮਿਹਨਤ ਕਰਕੇ ਮਸਾਂ ਆਪਣਾ ਢਿੱਡ ਭਰਦਾ ਹੈ ਅਤੇ ਢਿੱਡ ਬੰਨ੍ਹ ਕੇ ਹੀ ਉਹ ਆਪਣੇ ਬੱਚਿਆਂ ਲਈ ਆਰਥਿਕ ਮੱਦਦ ਭੇਜ ਪਾਉਂਦਾ ਹੈ। ਦੂਜਾ ਉਥੋਂ ਦੇ ਕਾਨੂੰਨ ਪਤਨੀਆਂ ਨੂੰ ਲਿਜਾਣ ਦੀ ਆਗਿਆ ਵੀ ਨਹੀਂ ਦਿੰਦੇ। ਅਜਿਹੀ ਹਾਲਤ ਵਿੱਚ ਵਿਦੇਸ਼ੀ ਕੰਮ ਕਰਦੇ ਪੰਜਾਬੀਆਂ ਦੀਆਂ ਪਤਨੀਆਂ ਵਿਆਹੁਤਾ ਹੋਣ ਦੇ ਬਾਵਜੂਦ ਵੀ ਪਤੀ ਤੋਂ ਦੂਰ ਰਹਿ ਕੇ ਅਜੀਬੋ ਗਰੀਬ ਪੀੜਾ 'ਚੋਂ ਲੰਘ ਰਹੀਆਂ ਹਨ। ਇਨ੍ਹਾਂ ਔਰਤਾਂ ਦੇ ਦਰਦ ਦੀ ਹੂਕ ਇਹੋ ਹੈ ਕਿ ਕੁੜੀਆਂ ਨੂੰ ਆਪਣੀ ਜ਼ਿੰਦਗੀ ਅਤੇ ਵਿਆਹ ਸਬੰਧੀ ਫੈਸਲੇ ਖੁਦ ਲੈਣੇ ਚਾਹੀਦੇ ਹਨ।

ਦੋਆਬਾ ਖੇਤਰ ਇਸ ਮਾਮਲੇ 'ਤੇ ਬੜੇ ਹੀ ਨਾਜੁਕ ਮੋੜ 'ਤੇ ਖੜਾ ਹੈ ਬੇਸ਼ੱਕ ਇਹ ਸਮੱਸਿਆ ਕੋਈ ਨਵੀਂ ਨਹੀਂ ਪਰੰਤੂ ਸਮੇਂ ਦੀ ਬਦਲਦੀ ਤੋਰ ਨੇ ਸੋਚਣ ਲਈ ਮਜਬੂਰ ਜਰੂਰ ਕਰ ਦਿੱਤਾ ਹੈ ਪਿਛੇ ਜਿਹੇ ਪ੍ਰਵਾਸੀ ਭਾਰਤੀ ਸਭਾ ਜਲੰਧਰ ਵੱਲੋਂ ਦੋਆਬੇ ਦੇ ਕੇਵਲ ਦੋ ਹੀ ਪਿੰਡਾਂ ਨੂੰ ਅਧਾਰ ਬਣਾ ਕੇ ਇੱਕ ਸਰਵੇ ਕਰਵਾਇਆ ਗਿਆ ਜਿਸ ਦੌਰਾਨ ਬੜੇ ਹੀ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ। ਸਭਾ ਵੱਲੋਂ ਜਲੰਧਰ ਜਿਲੇ ਦੇ ਪਿੰਡ ਰੁੜਕਾ ਕਲਾਂ ਦੇ ਕਰਵਾਏ ਸਰਵੇ ਅਨੁਸਾਰ ਇਸ ਪਿੰਡ ਦੇ ਕੁੱਲ 488 ਵਿਅਕਤੀ ਵਿਦੇਸ਼ਾਂ 'ਚ ਵਸੇ ਹੋਏ ਹਨ ਜਿਨ੍ਹਾਂ 'ਚੋਂ 186 ਵਿਅਕਤੀਆਂ ਦੇ ਪਰਿਵਾਰ ਪੰਜਾਬ 'ਚ ਰਹਿ ਰਹੇ ਹਨ। ਇਸੇ ਤਰ੍ਹਾਂ

ਕਪੂਰਥਲਾ ਜਿਲੇ ਦੇ ਪਿੰਡ ਲੱਖਣਕਲਾਂ ਦੇ ਸਰਵੇ ਅਨੁਸਾਰ ਇਸ ਪਿੰਡ ਦੇ ਵਿਦੇਸ਼ ਗਏ ਕੁੱਲ 70 ਵਿਅਕਤੀਆਂ 'ਚੋਂ 40 ਦੀਆਂ ਪਤਨੀਆਂ ਅਤੇ ਬੱਚੇ ਇੱਥੇ ਰਹਿ ਰਹੇ ਹਨ। ਇਹ ਉਦਾਹਰਨ ਦੁਆਬੇ ਦੇ ਸਿਰਫ ਦੋ ਹੀ ਪਿੰਡਾਂ ਦੀ ਹੈ ਜੇਕਰ ਸਮੁੱਚੇ ਦੋਆਬਾ ਖੇਤਰ ਦਾ ਸਰਵੇ ਕੀਤਾ ਜਾਵੇ ਤਾਂ ਸਥਿਤੀ ਬੜੀ ਹੀ ਵਿਸਫੋਟਕ ਬਣੀ ਹੋਈ ਹੈ। ਸਮਾਜਿਕ ਤੌਰ 'ਤੇ ਇਹ ਇੱਕ ਗੰਭੀਰ ਚੁਣੌਤੀ ਵੀ ਹੈ। ਸਥਿਤੀ ਭਿਆਨਕ ਬਣਨ ਦੇ ਬਾਵਜੂਦ ਇੱਥੇ ਕੋਈ ਰੋਜ਼ਗਾਰ ਨਾ ਮਿਲਦਾ ਦੇਖ ਪੰਜਾਬ ਦੇ ਨੌਜਵਾਨਾਂ ਦਾ ਰੁਖ ਵਿਦੇਸ਼ਾਂ ਵੱਲ ਹੀ ਹੈ।

ਦੋਆਬਾ ਖੇਤਰ ਦੀਆਂ ਕਈ ਪੇਂਡੂ ਔਰਤਾਂ ਨਾਲ ਗੱਲਬਾਤ ਕਰਨ ਤੋਂ ਬਾਦ ਇਹ ਸਥਿਤੀ ਸਾਹਮਣੇ ਆਈ ਹੈ ਕਿ ਪਤੀ ਲੰਬੇ ਸਮੇਂ ਤੋਂ ਵਿਦੇਸ਼ਾਂ 'ਚ ਗਏ ਹਨ, ਪਤੀ ਨਾਲ ਉਨ੍ਹਾਂ ਦੇ ਸਬੰਧ ਸਿਰਫ ਫੋਨ ਜੋਗੇ ਹੀ ਰਹਿ ਗਏ ਅਤੇ ਪਤੀ ਦੀ ਗੈਰ ਹਾਜ਼ਰੀ 'ਚ ਉਨ੍ਹਾਂ ਆਪਣੇ ਧੀਆਂ-ਪੁੱਤਾਂ ਦੀਆਂ ਸ਼ਾਦੀਆਂ ਵੀ ਕਰ ਦਿੱਤੀਆਂ। ਖੁੱਲ੍ਹੇ-ਡੁੱਲ੍ਹੇ ਸੁਭਾਅ ਦੀ ਨੌਜਵਾਨ, ਪੜ੍ਹੀ-ਲਿਖੀ ਔਰਤ ਹੈ ਰੇਖਾ ਜਿਸ ਦਾ ਵਿਆਹ ਅਖਬਾਰ ਵਿਚ ਛਪੇ ਇਕ ਇਸ਼ਤਿਹਾਰ ਤੋਂ ਬਾਅਦ ਇਟਲੀ ਦੇ ਇਕ ਇੰਜੀਨੀਅਰ ਨਾਲ ਹੋਇਆ ਪਰ ਵਿਆਹ ਦੇ ਡੇਢ ਸਾਲ ਬਾਦ ਅੱਜ ਤੱਕ ਉਨ੍ਹਾਂ ਦੇ ਸਬੰਧ ਸਿਰਫ ਟੈਲੀਫੋਨ 'ਤੇ ਹੀ ਹਨ। ਵਿਦੇਸ਼ 'ਚ ਕੰਮ ਕਰਦੇ ਇਕ ਨੌਜਵਾਨ ਨਾਲ ਵਿਆਹ ਕਰਵਾਉਣ ਤੋਂ ਬਾਅਦ ਇਕੱਲੇ ਰਹਿਣ ਦੇ ਤਜ਼ਰਬੇ ਸਬੰਧੀ ਪੁੱਛੇ ਸਵਾਲਾਂ ਦੇ ਜਵਾਬ ਵਿਚ ਉਹ ਆਖਦੀ ਹੈ ਕਿ "ਕਈ ਵਾਰ ਤਾਂ ਜ਼ਿੰਦਗੀ ਆਪੇ ਤੋਂ ਬਾਹਰ ਲੱਗਦੀ ਹੈ ਅਤੇ ਇੰਤਜ਼ਾਰ ਨਾ ਖਤਮ ਹੋਣ ਵਾਲਾ ਲੱਗਦਾ ਹੈ, ਸਿਰਫ ਆਸ ਦਾ ਹੀ ਇਕ ਆਸਰਾ ਰਹਿ ਜਾਂਦਾ ਹੈ। ਕਦੇ-ਕਦੇ ਲੱਗਦਾ ਹੈ ਕਿ ਪਤੀ ਮਿਲਣ ਵਾਲਾ ਹੈ ਪਰ ਫਿਰ ਨਿਰਾਸ਼ਾ ਛਾ ਜਾਂਦੀ ਹੈ।" ਉਸ ਨੂੰ ਆਪਣੇ ਘਰ ਵਾਲੇ 'ਤੇ ਬੜਾ ਮਾਣ ਹੈ ਅਤੇ ਉਹ ਇਹ ਵੀ ਕਹਿੰਦੀ ਹੈ ਕਿ ਉਹ ਬਾਕੀਆਂ ਨਾਲ ਆਪਣੇ ਆਪ ਨੂੰ ਖੁਸ਼ ਕਿਸਮਤ ਸਮਝਦੀ ਹੈ ਕਿਉਂਕਿ ਉਹ ਜਲਦੀ ਹੀ ਆਪਣੇ ਪਤੀ ਕੋਲ ਚਲੀ ਜਾਵੇਗੀ। ਪਰ ਇਕੱਲੇਪਣ ਦੀ ਅਜੀਬ ਪੀੜਾ ਜੋ ਉਹ ਹੰਢਾ ਰਹੀ ਹੈ ਉਸ ਦਾ ਅਹਿਸਾਸ ਉਸ ਨੂੰ ਹੀ ਹੈ। ਪਲ-ਪਲ, ਦਿਨਾਂ ਤੋਂ ਵੀ ਵੱਡਾ ਜਾਪਦਾ ਹੈ। ਨੌਜਵਾਨ ਕੁੜੀਆਂ ਨੂੰ ਉਹ ਸਲਾਹ ਦਿੰਦੀ ਹੈ ਕਿ ਆਪਣੇ ਵਿਆਹ ਅਤੇ ਭਵਿੱਖ ਸਬੰਧੀ ਫੈਸਲੇ ਉਹ ਖੁਦ ਕਰਨ ਅਤੇ ਕੁੜੀਆਂ 'ਤੇ ਕੋਈ ਵੀ ਫੈਸਲਾ ਥੋਪਿਆ ਨਹੀਂ ਜਾਣਾ ਚਾਹੀਦਾ।

ਰੁਪਿੰਦਰ (ਨਾਂ ਬਦਲਿਆ) ਨੂੰ ਤਾਂ ਉਸ ਭਾਗਾਂ ਵਾਲੇ ਦਿਨ ਦੀ ਬੜੇ ਲੰਬੇ ਸਮੇਂ ਤੋਂ ਉਡੀਕ ਹੈ ਜਦੋਂ ਉਸ ਦਾ ਪਤੀ ਵਿਦੇਸ਼ੋਂ ਆਵੇਗਾ ਅਤੇ ਉਸ ਨੂੰ ਨਾਲ ਲੈ ਜਾਵੇਗਾ। ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਉਹ ਦੱਸਦੀ ਹੈ ਕਿ ਵਿਆਹ ਤੋਂ ਬਾਅਦ ਉਸ ਦੀਆਂ ਸਾਰੀਆਂ ਸੱਧਰਾਂ ਮਿੱਟੀ 'ਚ ਮਿਲ ਗਈਆਂ। ਸਹੁਰਿਆਂ ਦੀ ਘੂਰ-ਘੱਪ ਨੇ ਤਾਂ ਉਸ ਦੀ ਜਵਾਨੀ ਨੂੰ ਵੀ ਗ੍ਰਹਿਣ ਲਾ ਕੇ ਰੱਖ ਦਿੱਤਾ ਹੈ। ਉਹ ਆਖਦੀ ਹੈ ਕਿ ਮੈਂ ਵੀ ਆਪਣੀਆਂ ਸਹੇਲੀਆਂ ਵਾਂਗ ਬਣ-ਠਣ ਕੇ ਅਤੇ ਗਹਿਣੇ ਪਾ ਕੇ ਰਹਿਣਾ ਚਾਹੁੰਦੀ ਹਾਂ ਪਰ ਸਹੁਰਿਆਂ

ਦੀਆਂ ਬੰਦਸ਼ਾਂ ਉਸ ਨੂੰ ਇਹ ਸਭ ਕੁਝ ਕਰਨ ਦੀ ਆਗਿਆ ਨਹੀਂ ਦਿੰਦੀਆਂ। ਉਹ ਨਾ ਤਾਂ ਖੁੱਲ੍ਹ ਕੇ ਬੋਲ ਸਕਦੀ ਹੈ ਅਤੇ ਨਾ ਹੀ ਕਿਤੇ ਬਾਹਰ ਆ-ਜਾ ਸਕਦੀ ਹੈ। ਸਹੇਲੀਆਂ ਨੂੰ ਉਹ ਇਸ ਕਰਕੇ ਨਹੀਂ ਮਿਲਦੀ ਕਿਉਂਕਿ ਵਿਆਹ ਤੋਂ ਬਾਅਦ ਵੀ ਉਸ ਦਾ ਚਿਹਰਾ ਹਮੇਸ਼ਾ ਮੁਰਝਾਇਆ ਹੀ ਰਹਿੰਦਾ ਹੈ। ਉਹ ਆਖਦੀ ਹੈ ਕਿ ਪਤੀ ਦੇ ਸੰਗ ਸਾਥ ਤੋਂ ਦੂਰ ਰਹੀਏ ਫਿਰ ਵਿਆਹ ਕਾਹਦਾ।

ਕਪੂਰ ਪਿੰਡ ਦੀ ਹਰਜੀਤ ਕੌਰ ਦਾ ਵਿਆਹ ਭਰ ਜਵਾਨੀ ਵਿਚ ਹੋਇਆ। ਉਸ ਦਾ ਪਤੀ ਕੁਝ ਸਾਲ ਪਹਿਲਾਂ ਵਿਦੇਸ਼ ਚਲਾ ਗਿਆ ਸੀ। ਦੋ ਸਾਲ ਪਹਿਲਾਂ ਹੀ ਹਰਜੀਤ ਕੌਰ ਨੇ ਆਪਣੀ ਜਵਾਨ ਧੀ ਦਾ ਵਿਆਹ ਕੀਤਾ ਪਰ ਉਸ ਦਾ ਪਤੀ ਇਸ ਵਿਆਹ 'ਚ ਸ਼ਾਮਿਲ ਨਹੀਂ ਹੋ ਸਕਿਆ। ਹਰਜੀਤ ਕੌਰ ਨੇ ਆਪਣੇ ਸੀਨੇ 'ਤੇ ਪੱਥਰ ਧਰ ਖੁਦ ਤਾਂ ਇਕੱਲੇਪਣ ਦਾ ਸੰਤਾਪ ਹੰਢਾਇਆ ਸੀ ਪਰ ਹੁਣ ਉਸ ਨੇ ਆਪਣੀ ਧੀ ਦਾ ਵਿਆਹ ਵੀ ਦੁਬਈ 'ਚ ਕੰਮ ਕਰਦੇ ਇਕ ਨੌਜਵਾਨ ਨਾਲ ਕੀਤਾ। ਇਸ ਨੂੰ ਉਹ ਤਰਾਸਦੀ ਹੀ ਦੱਸਦੀ ਹੈ। ਉਸ ਨੇ ਕਿਹਾ ਕਿ ਮੈਨੂੰ ਨਾ ਚਾਹੁੰਦੇ ਹੋਏ ਵੀ ਵਿਦੇਸ਼ 'ਚ ਕੰਮ ਕਰਦੇ ਲੜਕੇ ਨਾਲ ਧੀ ਦਾ ਵਿਆਹ ਕਰਨਾ ਪਿਆ ਕਿਉਂਕਿ ਸਾਡੇ ਸਮਾਜ ਵਿਚ ਆਰਥਿਕ ਪੱਧਰ ਨੂੰ ਤਵੱਜੋਂ ਦਿੱਤੀ ਜਾਂਦੀ ਹੈ ਅਤੇ ਮੇਰੇ ਜਵਾਈ ਦਾ ਆਰਥਿਕ ਪੱਧਰ ਵੀ ਚੰਗਾ ਹੈ ਅਤੇ ਉਹ ਸੁਭਾਅ ਦਾ ਵੀ ਚੰਗਾ ਹੈ। ਹੁਣ ਉਸ ਨੂੰ ਹੋਰ ਵੀ ਝੋਰਾ ਵੱਢ-ਵੱਢ ਖਾਂਦਾ ਹੈ ਕਿਉਂਕਿ ਇਟਲੀ ਦੀ ਜਿਸ ਕੰਪਨੀ ਵਿਚ ਉਸ ਦਾ ਪਤੀ ਕੰਮ ਕਰ ਰਿਹਾ ਹੈ ਉਸੇ ਕੰਪਨੀ ਨੇ ਉਸ ਦੇ ਇਕਲੌਤੇ ਨੌਜਵਾਨ ਪੁੱਤਰ ਨੂੰ ਵੀ ਸਪਾਂਸਰਸ਼ਿਪ ਭੇਜਣੀ ਹੈ।

ਮਨਜੀਤ ਕੌਰ ਵੀ ਉਨ੍ਹਾਂ ਔਰਤਾਂ ਵਿਚੋਂ ਹੀ ਇਕ ਹੈ ਜਿਸ ਦਾ ਪਤੀ ਪਿਛਲੇ ਲੰਬੇ ਸਮੇਂ ਤੋਂ ਵਿਦੇਸ਼ਾਂ ਵਿਚ ਕੰਮ ਕਰ ਰਿਹਾ ਹੈ। ਉਹ ਥੋੜ੍ਹਾ ਜਿਹਾ ਬੋਲਦੀ ਹੈ ਅਤੇ ਫਿਰ ਖਾਮੋਸ਼ੀ ਛਾ ਜਾਂਦੀ ਹੈ। ਇਸ ਔਰਤ ਦੇ ਚਿਹਰੇ ਤੋਂ ਉਸ ਦੇ ਇਕੱਲੇਪਣ ਦੇ ਦਰਦ ਨੂੰ ਸਾਫ ਪੜ੍ਹਿਆ ਜਾ ਸਕਦਾ ਹੈ। ਉਹ ਆਖਦੀ ਹੈ ਕਿ ਇਕ ਔਰਤ ਲਈ ਇਸ ਤਰ੍ਹਾਂ ਦੀ ਜ਼ਿੰਦਗੀ ਬਤੀਤ ਕਰਨਾ ਬੇਹੱਦ ਕਠਿਨ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਉਹ ਆਪਣੇ ਪਤੀ ਦੀ ਗੈਰ ਹਾਜ਼ਰੀ ਵਿਚ ਆਪਣੇ ਬੱਚਿਆਂ ਦੀਆਂ ਜ਼ਿੰਮੇਵਾਰੀਆਂ ਸੰਭਾਲਣ ਲਈ ਮਰਦਾਂ ਵਾਂਗ ਅੱਗੇ ਹੋ ਕੇ ਕੰਮ ਕਰਦੀ ਹੈ ਪਰ ਫਿਰ ਵੀ ਜਦੋਂ ਘਰੋਂ ਬਾਹਰ ਪੈਰ ਪੁੱਟੀਦਾ ਹੈ ਤਾਂ ਲੋਕਾਂ ਦੇ ਤਾਹਨਿਆਂ ਦਾ ਡਰ ਸਤਾਉਂਦਾ ਹੈ।

ਹਰਬੰਸ ਕੌਰ ਦੇ ਚਿਹਰੇ ਤੋਂ ਮਾਯੂਸੀ ਸਾਫ ਝਲਕਦੀ ਹੈ। ਇਸ ਔਰਤ ਦਾ ਵਿਆਹ 28 ਵਰ੍ਹੇ ਪਹਿਲਾਂ ਹੋਇਆ ਸੀ। ਇਸ ਦਾ ਪਤੀ ਪਹਿਲਾਂ ਸਾਊਦੀ ਅਰਬ ਵਿਚ ਕੰਮ ਕਰਦਾ ਰਿਹਾ ਅਤੇ ਅੱਜਕਲ੍ਹ ਇਟਲੀ ਵਿਚ ਸੈੱਟ ਹੈ। ਉਸ ਦੀ 19 ਸਾਲਾ ਧੀ ਦੀ ਮੰਗਣੀ ਹੁਣੇ ਜਿਹੇ ਹੋਈ ਹੈ ਪਰ ਖੁਸ਼ੀਆਂ ਭਰੇ ਇਸ ਪਰਿਵਾਰਕ ਸਮਾਗਮ ਵਿਚ ਉਸ ਦੇ ਪਤੀ ਦੀ ਘਾਟ ਰੜਕਦੀ ਰਹੀ। ਇਸ ਸਰਵੇਖਣ ਦੌਰਾਨ ਇਹ ਗੱਲ ਨਿੱਖਰ ਕੇ ਸਾਹਮਣੇ ਆਈ ਹੈ ਕਿ ਮਾਪੇ

ਆਪਣੀਆਂ ਨੌਜਵਾਨ ਧੀਆਂ ਦਾ ਵਿਦੇਸ਼ਾਂ 'ਚ ਕੰਮ ਕਰਦੇ ਨੌਜਵਾਨਾਂ ਨਾਲ ਵਿਆਹ ਤਾਂ ਕਰ ਦਿੰਦੇ ਹਨ ਪਰ ਉਨ੍ਹਾਂ ਦੀਆਂ ਸੱਧਰਾਂ ਰੁਲ ਜਾਂਦੀਆਂ ਹਨ। ਉਹ ਔਰਤਾਂ ਜਿਨ੍ਹਾਂ ਦੇ ਪਤੀ ਵਿਆਹ ਤੋਂ ਬਾਅਦ ਵਿਦੇਸ਼ੀਂ ਜਾ ਵਸੇ, ਦੇ ਧੀਆਂ-ਪੁੱਤ ਜਵਾਨ ਹੋ ਗਏ ਪਰ ਉਨ੍ਹਾਂ ਕਦੇ ਸਾਰ ਨਹੀਂ ਲਈ। ਇਨ੍ਹਾਂ ਔਰਤਾਂ ਲਈ ਤਾਂ ਜ਼ਿੰਦਗੀ ਦਾ ਇਹ ਪੰਧ ਹੋਰ ਵੀ ਔਖਾ ਹੈ।

ਇਹ ਤਾਂ ਉਨਾਂ ਦੀ ਗੱਲ ਹੈ ਜੋ ਮਜਬੂਰੀ ਵੱਸ ਆਪਣੀਆਂ ਪਤਨੀਆਂ ਬੱਚਿਆਂ ਨੂੰ ਨਾਲ ਨਹੀਂ ਲਿਜਾ ਸਕਦੇ, ਇੱਕ ਕਹਾਣੀ ਇਸ ਤੋਂ ਉਲਟ ਵੀ ਹੈ। ਕਈ ਵਿਅਕਤੀ ਡਾਲਰਾਂ ਦੇ ਮਾਇਆ ਜਾਲ 'ਚ ਉਲਝੇ ਅਤੇ ਗੋਰੀਆਂ ਮੇਮਾਂ ਦੇ ਪ੍ਰੇਮ-ਚੱਕਰਾਂ 'ਚ ਫਸੇ ਆਪਣੀਆਂ ਪਤਨੀਆਂ ਅਤੇ ਬੱਚਿਆਂ ਨੂੰ ਭੁਲਾ ਚੁੱਕੇ ਹਨ ਪ੍ਰਵਾਸੀ ਪੰਜਾਬੀਆਂ ਨੂੰ ਮਿਲਣ ਨੂੰ ਤਰਸਦੀਆਂ ਉਨ੍ਹਾਂ ਦੀਆਂ ਪਤਨੀਆਂ ਆਪਣੇ ਸਿਰ ਦੇ ਸਾਈਂ ਦਾ ਅਤਾ-ਪਤਾ ਲੱਭਣ ਅਤੇ ਉਨ੍ਹਾਂ ਨੂੰ ਵਾਪਸ ਬਲਾਉਣ ਲਈ ਭੱਜ ਨੱਠ ਕਰਨ ਲੱਗੀਆਂ ਹਨ। ਜਲੰਧਰ ਜ਼ਿਲੇ ਦੇ ਕਸਬਾ ਕਰਤਾਰਪੁਰ ਦੇ ਇਕ ਪ੍ਰਵਾਸੀ ਪੰਜਾਬੀ ਗੁਰਦੀਪ ਸਿੰਘ ਦੇ ਪਿਤਾ ਨੇ ਸ਼ਿਕਾਇਤ ਭੇਜੀ। ਇਸ ਪ੍ਰਵਾਸੀ ਦੇ ਪਿਤਾ ਨੇ ਆਪਣੀ ਸ਼ਿਕਾਇਤ ਵਿਚ ਕਿਹਾ ਸੀ ਕਿ ਉਸ ਦਾ ਇਕ ਲੜਕਾ ਪਿਛਲੇ ਸੱਤ ਸਾਲਾਂ ਤੋਂ ਦੁਬਈ ਵਿਚ ਰਹਿ ਰਿਹਾ ਹੈ ਅਤੇ ਉਸ ਨੇ ਆਪਣੀ ਪਤਨੀ ਅਤੇ ਬੱਚਿਆਂ ਨਾਲੋਂ ਬਿਲਕੁਲ ਹੀ ਸੰਪਰਕ ਤੋੜਿਆ ਹੋਇਆ ਹੈ। ਗੁਰਦੀਪ ਸਿੰਘ ਦੇ ਪਿਤਾ ਨੇ ਆਪਣੀ ਸ਼ਿਕਾਇਤ ਵਿਚ ਸਨਸਨੀਖੇਜ਼ ਪ੍ਰਗਟਾਵਾ ਕੀਤਾ ਸੀ ਕਿ ਮੇਰੇ ਪੁੱਤਰ ਨੂੰ ਇਕ ਅਰਬੀ ਰਬਾਬ ਨੇ ਬੰਦੀ ਬਣਾ ਕੇ ਰੱਖਿਆ ਹੋਇਆ ਹੈ ਅਤੇ ਇਸ ਰਬਾਬ ਨੇ ਗੁਰਦੀਪ ਸਿੰਘ ਦਾ ਪਾਸਪੋਰਟ ਜਬਤ ਕੀਤਾ ਹੋਇਆ ਹੈ ਅਤੇ ਉਸ ਨੂੰ ਬੰਧੂਆ ਮਜ਼ਦੂਰ ਬਣਾ ਕੇ ਰੱਖਿਆ ਹੋਇਆ ਹੈ।

ਐਨ.ਆਰ.ਆਈ. ਸਭਾ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸਭਾ ਦੇ ਯੂ.ਏ.ਈ. ਸਥਿਤ ਨੂੰ ਇਹ ਸਾਰਾ ਮਾਮਲਾ ਸੌਂਪਿਆ। ਕੋਆਰਡੀਨੇਟਰ ਨੇ ਸਖਤ ਮਿਹਨਤ ਕਰਕੇ ਗੁਰਦੀਪ ਸਿੰਘ ਦਾ ਥਹੁ-ਪਤਾ ਲਗਵਾਇਆ ਅਤੇ ਉਸ ਨੂੰ ਆਪਣੇ ਕੋਲ ਬੁਲਾਇਆ। ਜਾਂਚ ਦੌਰਾਨ ਅਹਿਮ ਤੱਥ ਸਾਹਮਣੇ ਆਇਆ ਹੈ ਕਿ ਗੁਰਦੀਪ ਸਿੰਘ ਨੇ ਇਕ ਫਿਲਪਾਈਨ ਔਰਤ ਨਾਲ ਸ਼ਾਦੀ ਰਚਾ ਲਈ ਹੈ, ਜਿਸ ਕਰਕੇ ਉਹ ਆਪਣੇ ਬੀਵੀ-ਬੱਚਿਆਂ ਨੂੰ ਭੁੱਲ ਗਿਆ ਹੈ। ਹੁਸ਼ਿਆਰਪੁਰ ਜ਼ਿਲੇ ਦੇ ਪਿੰਡ ਰਾਸ਼ੀਵਾਲ ਦੀ ਇਕ ਔਰਤ ਕਮਲਜੀਤ ਕੌਰ ਨੇ ਵੀ ਉਸ ਦੇ ਪਤੀ ਨੂੰ ਲੱਭਣ ਦੀ ਬੇਨਤੀ ਕੀਤੀ ਹੈ। ਐਨ.ਆਰ.ਆਈ. ਸਭਾ ਦੇ ਦਫਤਰ ਪੁੱਜੀ ਸ਼ਿਕਾਇਤ ਵਿਚ ਇਸ ਮਹਿਲਾ ਨੇ ਬੇਨਤੀ ਕੀਤੀ ਹੈ ਕਿ ਉਸ ਦਾ ਪਤੀ 1993 ਵਿਚ ਕੁਵੈਤ ਗਿਆ ਸੀ ਪ੍ਰੰਤੂ ਹੁਣ ਉਸ ਨਾਲ ਉਸਦੇ ਪਤੀ ਦਾ ਕੋਈ ਰਾਬਤਾ ਨਹੀਂ ਰਿਹਾ, ਨਾ ਕਦੇ ਫੋਨ ਆਇਆ ਹੈ ਅਤੇ ਨਾ ਹੀ ਕੋਈ ਚਿੱਠੀ ਪੱਤਰ। ਉਸ ਨੇ ਆਪਣੀ ਬੇਨਤੀ ਰਾਹੀਂ ਦੱਸਿਆ ਕਿ ਉਸ ਦੇ ਦੋ ਬੱਚੇ ਇਕ ਲੜਕਾ ਅਤੇ ਇਕ ਲੜਕੀ ਹੈ ਜਿਨ੍ਹਾਂ ਨਾਲ ਉਹ ਰਹਿ ਰਹੀ ਹੈ।

ਪਿਛਲੇ ਸਮੇਂ ਦੌਰਾਨ ਵਿਦੇਸ਼ਾਂ 'ਚ ਵਸੇ ਨੌਜਵਾਨਾਂ ਵੱਲੋਂ ਪੰਜਾਬੀ ਲੜਕੀਆਂ ਨਾਲ ਵਿਆਹ ਕਰਾਉਣ ਤੋਂ ਬਾਅਦ ਉਨ੍ਹਾਂ ਨੂੰ ਇਥੇ ਹੀ ਛੱਡ ਦੇਣ ਦੀ ਸਮੱਸਿਆ ਸਾਹਮਣੇ ਆਈ ਸੀ। ਇਹ ਵਿਸ਼ਾ ਕੌਮਾਂਤਰੀ ਪੱਧਰ 'ਤੇ ਮੁੱਦਾ ਵੀ ਬਣਿਆ ਹੋਇਆ ਹੈ ਪਰ ਤੱਥ ਦੱਸਦੇ ਹਨ ਕਿ ਇਹ ਸਮੱਸਿਆ ਨਵੀਂ ਨਹੀਂ ਹੈ। ਵਿਆਹ ਕਰਵਾ ਕੇ ਕਈ ਤਾਂ ਮਜਬੂਰੀ ਵੱਸ ਆਪਣੀਆਂ ਪਤਨੀਆਂ ਨੂੰ ਇਥੇ ਛੱਡ ਦਿੰਦੇ ਹਨ ਅਤੇ ਕਈ ਉਥੇ ਜਾ ਕੇ ਵਿਆਹ ਕਰਾਉਣ ਤੋਂ ਬਾਅਦ ਆਪਣੀ ਪਤਨੀ ਤੇ ਬੱਚਿਆਂ ਨੂੰ ਭੁੱਲ ਜਾਂਦੇ ਹਨ। ਇਸ ਸਮਾਜਿਕ ਸਮੱਸਿਆ ਨਾਲ ਨਜਿੱਠਣ ਦੀ ਇਸ ਵੇਲੇ ਬਹੁਤ ਵੱਡੀ ਲੋੜ ਹੈ।

# ਵਿੱਚ ਪਰਦੇਸਾਂ ਰੁਲੇ ਜੁਆਨੀ

ਉਹ ਪੀੜ੍ਹੀ ਅਜੇ ਜਿਉਂਦੀ ਹੈ ਜਦੋਂ ਨੌਕਰੀ ਦੀ ਭਾਲ 'ਚ ਪਰਦੇਸੀਂ ਜਾਣ ਨੂੰ 'ਕਾਲੇ ਪਾਣੀ' ਵਰਗਾ ਹੀ ਸਮਝਿਆ ਜਾਂਦਾ ਸੀ। ਕਿਸੇ ਉਚੇਰੇ ਸਮਾਜੀ ਰੁਤਬੇ ਦੀ ਥਾਂ ਇਉਂ ਬਾਹਰ ਕੰਮ ਕਰਨ ਜਾਣਾ ਸਾਡੇ ਸਮਾਜ ਦੇ ਉਸ ਹਿੱਸੇ ਦੇ ਹਿੱਸੇ ਹੀ ਆਉਂਦਾ ਸੀ ਜਿਹੜਾ ਇਥੇ ਆਰਥਕ ਤੰਗੀਆਂ ਦਾ ਭੰਨਿਆ ਹੁੰਦਾ ਸੀ। ਉਹ ਸਮਾਜੀ ਪਰਤ ਵੱਖਰੀ ਸੀ ਜਿਸ 'ਚੋਂ ਸਿਰਫ ਬਾਹਰ ਪੜ੍ਹਨ ਲਈ ਵੀ ਜਾਇਆ ਕਰਦੇ ਸਨ। ਇਹ ਉੱਚ ਘਰਾਣਿਆਂ ਦਾ ਮਾਮਲਾ ਵੱਖਰਾ ਹੈ। ਆਮ ਕਰਕੇ ਬਾਹਰ ਤਾਂ ਕੀ ਮੁਲਕ ਅੰਦਰ ਵੀ ਨੌਕਰੀ ਕਰਨ ਨੂੰ ਪੰਜਾਬੀ ਸਭਿਆਚਾਰ ਅੰਦਰ ਇਉਂ ਲਿਆ ਜਾਂਦਾ ਸੀ:

*'ਡੂੰਘਾ ਵਾਹ ਲੈ ਹਲ ਵੇ, ਤੇਰੀ ਘਰੇ ਨੌਕਰੀ।'*

ਇਹ ਨਿੱਕੀ ਸਤਰ ਵੱਡੇ ਅਰਥ ਰੱਖਦੀ ਹੈ। ਜਦੋਂ ਹਲ, ਪੰਜਾਲੀ, ਟਰੈਕਟਰ, ਜ਼ਮੀਨਾਂ ਵਿਕ ਗਈਆਂ। ਜਦੋਂ ਦੋ ਹੱਥ ਲੈ ਕੇ ਖੇਤਾਂ ਵਾਲੇ ਵੀ ਚੌਕਾਂ 'ਚ ਦਿਹਾੜੀ ਲਈ ਆਣ ਖੜ੍ਹੇ ਤਾਂ ਹੁਣ ਇਹ ਬੋਲੀ ਭਲਾ ਕੌਣ ਪਾਏਗਾ, ਅਜੇਹੀ ਤਸਵੀਰ ਦਾ ਇਕ ਪਾਸਾ ਇਉਂ ਵੀ ਬੋਲਦਾ ਰਿਹਾ ਹੈ ਕਿ:

*'ਬਸਰੇ ਦੀ ਲਾਮ ਟੁੱਟ ਜੇ, ਨੀ ਮੈਂ ਰੰਡੀਓਂ ਸੁਹਾਗਣ ਹੋਵਾਂ।'*

ਪਰ ਅੱਜ ਫੇਰ ਬਸਰਾ, ਬਗਦਾਦ, ਅਫਗਾਨਿਸਤਾਨ ਅਤੇ ਹੋਰਨਾਂ ਥਾਵਾਂ 'ਤੇ ਸਾਮਰਾਜੀਏ, ਉਨ੍ਹਾਂ ਦੇ ਯਾਰ ਅਤੇ ਬਹੁਕੌਮੀ ਕੰਪਨੀਆਂ ਸਾਡੀ ਜੁਆਨੀ ਨੂੰ ਜੰਗ 'ਚ ਤੋਪਾਂ, ਬੰਬਾਂ ਦਾ ਖਾਜਾ ਬਣਾ ਰਹੀਆਂ ਹਨ। ਚੰਦ ਟਕਿਆਂ ਲਈ ਅੱਗ ਦੇ ਭਾਂਬੜਾਂ 'ਚ ਧੱਕਾ ਦੇ ਰਹੀਆਂ ਹਨ। ਇਉਂ ਵੀ ਕਿਹਾ ਜਾ ਸਕਦਾ ਹੈ ਕਿ ਆਰਥਕ ਤੰਗੀਆਂ ਦੀ ਦਰ ਅਤੇ ਬਾਹਰੋਂ ਕਮਾਈ ਕਰਕੇ ਲਿਆਉਣ ਦੀ ਦੌੜ ਨੇ ਬੰਦੇ ਨੂੰ ਵੀ ਤੋਪਾਂ ਦੇ ਢਿੱਡ ਭਰਨ ਲਈ ਝੋਕ ਦਿੱਤਾ ਹੈ।

ਪਰਦੇਸਾਂ 'ਚ ਚੜ੍ਹਦੀ ਜੁਆਨੀ ਦਰ ਦਰ ਦੀਆਂ ਠੋਕਰਾਂ ਖਾਰਹੀ ਹੈ। ਅਸੀਂ ਕਿਥੋਂ ਚੱਲ ਕੇ ਕਿਥੇ ਪਹੁੰਚ ਗਏ ? ਇਹ ਗੰਭੀਰ ਪ੍ਰਸ਼ਨ ਸਾਡੀਆਂ ਸੋਚਾਂ ਵਿਚ ਦਰਜ ਹੋਣੇ ਚਾਹੀਦੇ ਹਨ।

ਇਰਾਕ ਦੀ ਜਥੇਬੰਦੀ ਬਲੈਕ ਬੈਨਰਜ਼ ਵੱਲੋਂ ਸਾਲ 2004 'ਚ ਤਿੰਨ ਭਾਰਤੀਆਂ ਨੂੰ

ਬੰਦੀ ਬਣਾ ਲਏ ਜਾਣ ਤੋਂ ਬਾਅਦ ਕੁਵੈਤ ਦੀਆਂ ਕੰਪਨੀਆਂ 'ਚੋਂ ਆਪਣੀਆਂ ਜਾਨਾਂ ਬਚਾ ਕੇ ਆਏ ਪੰਜਾਬੀ ਗੱਭਰੂਆਂ ਨੇ ਅਮਰੀਕੀ ਸੈਨਿਕਾਂ ਅਤੇ ਕੁਵੈਤੀ ਕੰਪਨੀਆਂ ਦੇ ਜੋ ਪਾਜ ਖੋਲ੍ਹੇ ਹਨ ਉਹ ਇਕ ਲੰਬੀ ਬਹਿਸ ਮੰਗਦੇ ਹਨ। ਹੁਣ ਤੱਕ ਸਾਹਮਣੇ ਆਈਆਂ ਘਟਨਾਵਾਂ ਅਨੁਸਾਰ ਸੈਂਕੜੇ ਭਾਰਤੀ ਡਰਾਈਵਰ ਅਤੇ ਮਜ਼ਦੂਰ ਜੋ ਖਾੜੀ ਵਿਚ ਰੋਜ਼ੀ-ਰੋਟੀ ਕਮਾਉਣ ਗਏ ਸਨ, ਅਮਰੀਕੀ ਫੌਜੀਆਂ ਦੀਆਂ ਮੈਸਾਂ 'ਚ ਬੰਦੀ ਹਨ, ਇਰਾਕੀ ਕੰਪਨੀਆਂ ਜਿਨ੍ਹਾਂ ਵਿਚ ਕੇ.ਜੀ.ਐਲ. ਅਤੇ ਅਲ ਮਹਾਦਾ ਦਾ ਨਾਂ ਉੱਭਰ ਕੇ ਸਾਹਮਣੇ ਆਇਆ ਹੈ, ਵੱਲੋਂ ਬਿਨਾਂ ਡਰਾਈਵਿੰਗ ਲਾਇਸੰਸਾਂ ਤੋਂ ਅਨਜਾਣ ਵਿਅਕਤੀਆਂ ਨੂੰ ਮੌਤ ਦੇ ਮੂੰਹ 'ਚ ਧੱਕਿਆ ਜਾ ਰਿਹਾ ਹੈ। ਕਈ ਪੰਜਾਬੀ ਮਾਰੇ ਜਾ ਚੁੱਕੇ ਹਨ ਅਤੇ ਕਈ ਮਾਨਸਿਕ ਰੋਗੀ ਬਣ ਕੇ ਘਰ ਪਰਤੇ। ਪੰਜਾਬੀਆਂ ਦਾ ਬੇਸ਼ੱਕ ਮੁੱਖ ਰੁਝਾਨ ਕਨੇਡਾ, ਅਮਰੀਕਾ, ਇੰਗਲੈਂਡ ਅਤੇ ਯੂਰਪ ਦੇ ਹੋਰਨਾਂ ਮੁਲਕਾਂ ਵੱਲ ਜਾਣ ਦਾ ਰਿਹਾ ਹੈ ਪ੍ਰੰਤੂ ਖਾੜੀ ਮੁਲਕਾਂ ਯੂ.ਏ.ਈ., ਕੁਵੈਤ, ਇਰਾਨ, ਇਰਾਕ, ਬਹਿਰੀਨ ਵਿਚ ਵੀ ਕੁੱਲ 30 ਲੱਖ ਭਾਰਤੀ ਜਿਨ੍ਹਾਂ ਵਿਚ 15 ਤੋਂ 20 ਫੀਸਦੀ ਪੰਜਾਬੀ ਹਨ ਰੋਜ਼ੀ-ਰੋਟੀ ਦੇ ਆਹਰ ਵਿਚ ਫਸੇ ਹੋਏ ਹਨ।

ਅਰਬਾਂ ਨਾਲ ਭਾਰਤੀਆਂ ਦੀ ਇਤਿਹਾਸਕ ਸਾਂਝ ਹੈ ਇਸ ਦੇ ਬਾਵਜੂਦ ਖਾੜੀ ਮੁਲਕਾਂ 'ਚ ਗਏ ਪੰਜਾਬੀਆਂ 'ਤੇ ਹੁੰਦੇ ਅੱਤਿਆਚਾਰ ਦੀਆਂ ਨਿੱਕੀਆਂ ਮੋਟੀਆਂ ਘਟਨਾਵਾਂ ਤਾਂ ਅਕਸਰ ਧਿਆਨ ਵਿਚ ਆਉਂਦੀਆਂ ਰਹੀਆਂ ਹਨ। ਪ੍ਰੰਤੂ ਪਿਛਲੇ ਮਹੀਨੇ ਭਰ ਤੋਂ ਤਾਂ ਅਰਬ ਮੁਲਕਾਂ ਵਿਚ ਭਾਰਤੀਆਂ ਦੀ ਤਰਾਸਦੀ ਇਕ ਕੌਮਾਂਤਰੀ ਮੁੱਦਾ ਬਣ ਗਈ ਹੈ। ਇਰਾਕ ਯੁੱਧ ਤੋਂ ਬਾਅਦ ਕੁਵੈਤ ਦੀਆਂ ਟਰਾਂਸਪੋਰਟ ਕੰਪਨੀਆਂ ਵੱਲੋਂ ਪੰਜਾਬੀ ਡਰਾਈਵਰਾਂ ਨੂੰ ਅਮਰੀਕੀ ਫੌਜੀਆਂ ਦਾ ਸਮਾਨ ਢੋਣ ਲਈ ਮਜਬੂਰ ਕਰਨਾ ਅਤੇ ਕੁਵੈਤੀ ਕੰਪਨੀਆਂ ਦੇ ਪੰਜਾਬ ਵਿਚ ਬੈਠੇ ਦਲਾਲਾਂ (ਟ੍ਰੈਵਲ ਏਜੰਟਾਂ) ਵੱਲੋਂ ਪੰਜਾਬੀ ਨੌਜਵਾਨਾਂ ਨੂੰ ਗੁੰਮਰਾਹ ਕਰਕੇ ਅਰਬ ਮੁਲਕਾਂ ਵੱਲ ਕੀਤੀ ਜਾ ਰਹੀ ਮਨੁੱਖੀ ਸਮਗਲਿੰਗ ਨੇ ਨਵੇਂ ਤੱਥ ਸਾਹਮਣੇ ਲਿਆਂਦੇ ਹਨ। ਇਸ ਗੈਰ ਕਾਨੂੰਨੀ ਕੰਮ ਵਿਚ ਪੰਜਾਬ ਦਾ ਦੋਆਬਾ ਖੇਤਰ ਖਾੜੀ ਦੀਆਂ ਕੰਪਨੀਆਂ ਦਾ ਮੁੱਖ ਅੱਡਾ ਹੈ। ਅੰਤਰਜਾਮੀ, ਸੁਖਦੇਵ ਅਤੇ ਤਿਲਕ ਰਾਜ ਦੀ ਹੋਣੀ ਤਾਂ ਇਸ ਵੇਲੇ ਕੁਦਰਤ ਦੇ ਹੱਥ ਹੈ ਪ੍ਰੰਤੂ ਇਸ ਤੋਂ ਪਹਿਲਾਂ ਸੈਂਕੜੇ ਵਿਅਕਤੀ ਜੋ ਅਮਰੀਕਾ ਵੱਲੋਂ ਇਰਾਕ 'ਚ ਲਾਈ ਅੱਗ 'ਚ ਝੁਲਸੇ ਗਏ ਅਤੇ ਹਜ਼ਾਰਾਂ ਅਮਰੀਕੀ ਫੌਜੀਆਂ ਅਤੇ ਕੁਵੈਤੀ ਕੰਪਨੀਆਂ ਦੇ ਹੀ ਰਹਿਮੋ ਕਰਮ 'ਤੇ ਹਨ, ਬਾਰੇ ਇਕ ਗੁੱਝਾ ਸਵਾਲ ਬਣਿਆ ਹੋਇਆ ਹੈ।

ਕੁਵੈਤ ਦੀ ਕੇ.ਜੀ.ਐਲ. ਕੰਪਨੀ ਇਰਾਕ ਯੁੱਧ ਦੌਰਾਨ ਸੁਰਖੀਆਂ 'ਚ ਰਹੀ ਕਿਉਂਕਿ ਅਗਲਾ ਕੀਤੇ ਤਿੰਨੇ ਭਾਰਤੀ ਡਰਾਈਵਰ ਇਸੇ ਕੰਪਨੀ ਦੇ ਮੁਲਾਜ਼ਮ ਸਨ। ਇਸ ਕੰਪਨੀ ਵੱਲੋਂ ਭਾਰਤੀਆਂ ਦਾ ਸਭ ਤੋਂ ਵਧੇਰੇ ਸ਼ੋਸ਼ਣ ਕੀਤਾ ਜਾਂਦਾ ਰਿਹਾ ਹੈ। ਪੰਜਾਬੀ ਡਰਾਈਵਰਾਂ ਨੂੰ ਇਰਾਕ ਭੇਜਣ ਵਾਸਤੇ ਕੇ.ਜੀ.ਐਲ. ਕੰਪਨੀ ਆਪਣੇ ਕੁਝ ਵਿਸ਼ਵਾਸਪਾਤਰ ਭਾਰਤੀ ਏਜੰਟਾਂ ਨੂੰ ਵਰਤ ਰਹੀ ਹੈ ਜਿਹੜੇ ਕਿ ਦੱਖਣੀ ਭਾਰਤ ਅਤੇ ਪੰਜਾਬ ਨਾਲ ਸਬੰਧਤ ਹਨ। ਪੰਜਾਬ

ਵਿਚੋਂ ਵਿਜ਼ਟਰ ਵੀਜ਼ੇ 'ਤੇ ਹੀ ਨੌਜਵਾਨਾਂ ਨੂੰ ਕੁਵੈਤ ਅੱਜ ਵੀ ਭੇਜਿਆ ਜਾ ਰਿਹਾ ਹੈ ਅਤੇ ਅੱਗੋਂ ਇਨ੍ਹਾਂ ਨੌਜਵਾਨਾਂ ਨੂੰ ਇਰਾਕੀ ਖਾਨਾਜੰਗੀ ਦੀ ਅੱਗ ਵਿਚ ਧੱਕ ਦਿੱਤਾ ਜਾਂਦਾ ਹੈ। 15 ਜੁਲਾਈ ਨੂੰ ਆਪਣੇ ਨਾਲ 17 ਹੋਰ ਭਾਰਤੀ ਡਰਾਈਵਰਾਂ ਨੂੰ ਵਾਪਸ ਲਿਆਉਣ ਵਾਲਾ ਗੁਰਮੀਤ ਸਿੰਘ ਘਰ ਪਰਤਿਆ। ਉਹ ਇਰਾਕੀ ਲੜਾਕਿਆਂ ਵੱਲੋਂ ਬੰਦੀ ਬਣਾਏ ਗਏ ਅੰਤਰਜਾਮੀ, ਸੁਖਦੇਵ ਸਿੰਘ ਅਤੇ ਤਿਲਕ ਰਾਜ ਨਾਲ ਹੀ ਕੰਮ ਕਰਦਾ ਸੀ। ਇਹ ਨੌਜਵਾਨ 17 ਮਈ 2004 ਨੂੰ ਅੱਸੀ ਹਜ਼ਾਰ ਦੇ ਕਰੀਬ ਰਕਮ ਖਰਚ ਕੇ ਮੁੰਬਈ ਤੋਂ ਕੁਵੈਤ ਪਹੁੰਚਿਆ ਸੀ। ਗੁਰਮੀਤ ਸਿੰਘ ਅਨੁਸਾਰ 20 ਜੂਨ ਨੂੰ ਉਸ ਨੇ ਭਾਰਤੀ ਦੂਤਘਰ ਵਿਚ ਕੇ.ਜੀ.ਐਲ. ਕੰਪਨੀ ਦੀ ਸ਼ਿਕਾਇਤ ਕੀਤੀ ਕਿ ਉਨ੍ਹਾਂ ਨੂੰ ਧੱਕੇ ਨਾਲ ਇਰਾਕ ਭੇਜਿਆ ਜਾ ਰਹਾ ਹੈ ਪਰ ਉਥੇ ਉਨ੍ਹਾਂ ਨੂੰ ਕਿਹਾ ਗਿਆ ਕਿ ਤੁਸੀਂ ਤਾਂ ਇਥੇ ਕੰਮ ਹੀ ਨਹੀਂ ਕਰ ਸਕਦੇ ਕਿਉਂਕਿ ਤੁਹਾਡੇ ਕੋਲ ਟੂਰਿਸਟ ਵੀਜ਼ੇ ਹਨ। ਗੁਰਮੀਤ ਸਿੰਘ ਨੇ ਦੱਸਿਆ ਕਿ ਸਾਨੂੰ ਕੁਵੈਤ ਜਾਣ ਲੱਗਿਆਂ ਏਜੰਟ ਨੂੰ ਟੂਰਿਸਟ ਵੀਜ਼ੇ ਬਾਰੇ ਕੋਈ ਜਾਣਕਾਰੀ ਨਹੀਂ ਸੀ ਦਿੱਤੀ। ਏਜੰਟ ਨੇ ਸਿਰਫ ਏਨਾ ਹੀ ਕਿਹਾ ਸੀ ਕਿ ਤੁਸੀਂ ਹੁਣ ਤਿੰਨਾਂ ਮਹੀਨਿਆਂ ਵਾਸਤੇ ਕੁਵੈਤ ਜਾਓ ਉਥੇ ਵੀਜ਼ੇ ਦੀ ਮਿਆਦ ਵਧ ਜਾਵੇਗੀ। ਕੁਵੈਤ ਵਿਚਲੇ ਭਾਰਤੀ ਦੂਤਘਰ ਨੇ ਹੀ ਕੇ.ਜੀ.ਐਲ. ਕੰਪਨੀ ਕੋਲੋਂ ਸਾਡੇ ਪਾਸਪੋਰਟ ਲੈ ਕੇ ਸਾਨੂੰ ਮੋੜੇ ਹਨ।

ਗੁਰਮੀਤ ਸਿੰਘ ਅਨੁਸਾਰ ਉਸ ਦੇ ਨਾਲ ਕੁਵੈਤ ਗਏ ਡਰਾਈਵਰਾਂ ਵਿਚੋਂ 9 ਜਣੇ ਇਰਾਕ ਜਾਣ ਲਈ ਤਿਆਰ ਹੋ ਗਏ ਸਨ ਪਰ ਉਨ੍ਹਾਂ ਨੇ ਕੇ.ਜੀ.ਐਲ. ਕੰਪਨੀ ਅੱਗੇ ਇਹ ਸ਼ਰਤ ਰੱਖੀ ਸੀ ਕਿ ਉਨ੍ਹਾਂ ਦੀ 10-10 ਲੱਖ ਰੁਪਏ ਦੀ ਇੰਸ਼ੋਰੈਂਸ ਕਰਵਾਈ ਜਾਵੇ ਅਤੇ ਇਰਾਕ ਦਾ ਪੱਕਾ ਵੀਜ਼ਾ ਲੈ ਕੇ ਦਿੱਤਾ ਜਾਵੇ। ਇਸ ਤੋਂ ਕੇ.ਜੀ.ਐਲ. ਕੰਪਨੀ ਨੇ ਸਾਫ ਇਨਕਾਰ ਕਰ ਦਿੱਤਾ ਅਤੇ ਉਨ੍ਹਾਂ ਦੇ ਪਾਸਪੋਰਟ ਵੀ ਦੇਣ ਤੋਂ ਨਾਂਹ ਕਰ ਦਿੱਤੀ। ਇਕ ਪੰਜਾਬੀ ਡਰਾਈਵਰ ਦੀ ਮੌਤ ਹੋ ਜਾਣ ਬਾਅਦ ਵੀ ਉਸ ਦਾ ਪਾਸਪੋਰਟ ਨਹੀਂ ਮੋੜਿਆ ਗਿਆ ਅਤੇ ਲਾਸ਼ 15 ਦਿਨ ਉਥੇ ਰੁਲਦੀ ਰਹੀ ਸੀ ਤੇ ਇਸ ਮ੍ਰਿਤਕ ਡਰਾਈਵਰ ਦੇ 50 ਦੀਨਾਰ ਭੁਗਤਾਨ ਕਰਨ ਤੋਂ ਬਾਅਦ ਹੀ ਕੰਪਨੀ ਨੇ ਮ੍ਰਿਤਕ ਦਾ ਪਾਸਪੋਰਟ ਦਿੱਤਾ। ਗੁਰਮੀਤ ਨੇ ਇਹ ਖੁਲਾਸਾ ਵੀ ਕੀਤਾ ਕਿ ਕੇ.ਜੀ.ਐਲ. ਕੰਪਨੀ ਕੁਵੈਤ ਦੇ ਇਕ ਮੰਤਰੀ ਦੀ ਹੈ ਜਿਥੇ ਕੰਪਨੀ ਦੇ ਪ੍ਰਬੰਧਕ ਕੋਈ ਸੁਣਵਾਈ ਨਹੀਂ ਕਰਦੇ ਅਤੇ ਪਾਸਪੋਰਟ ਮੰਗਣ ਵਾਲੇ ਭਾਰਤੀ ਡਰਾਈਵਰਾਂ ਦੀ ਕੁੱਟਮਾਰ ਕਰਦੇ ਹਨ। ਉਸ ਨੇ ਦੱਸਿਆ ਕਿ ਇਰਾਕ ਜਾਣ ਵਾਲੇ ਹਰ ਡਰਾਈਵਰ ਨੂੰ ਤਨਖਾਹ ਤੋਂ ਇਲਾਵਾ ਰੋਜ਼ ਦੇ 8 ਦੀਨਾਰ ਮਿਲਦੇ ਹਨ।

ਜਾਣਕਾਰੀ ਅਨੁਸਾਰ ਕੇ.ਜੀ.ਐਲ. ਕੰਪਨੀ ਦੇ ਕੁਲ 13 ਸੈਕਸ਼ਨ ਕੈਂਪ ਹਨ। ਕੰਪਨੀ ਦੇ ਇਰਾਕ ਨੂੰ ਮਾਲ ਭੇਜਣ ਦੇ ਚਾਰ ਕੈਂਪ ਹਨ ਤੇ ਹਰ ਕੈਂਪ ਵਿਚ ਇਕ ਹਜ਼ਾਰ ਤੋਂ ਵੱਧ ਟਰਾਲੇ ਹਨ। ਕੇ.ਜੀ.ਐਲ. ਕੰਪਨੀ ਵਾਂਗ ਹੀ ਅਲ ਮਹਾਦਾ ਕੰਪਨੀ ਵਿਚ ਕੰਮ ਕਰਦੇ ਭਾਰਤੀਆਂ ਦਾ ਵੀ ਮੰਦਾ ਹਾਲ ਹੈ। ਉਥੇ ਟਰਾਲਿਆਂ ਹੇਠ ਭਾਰਤੀ ਡਰਾਈਵਰ ਰਾਤਾਂ ਨੂੰ ਸੌਂਦੇ

ਹਨ ਅਤੇ ਉਨ੍ਹਾਂ ਨੂੰ ਕੋਈ ਕਮਰਾ ਜਾਂ ਹੋਰ ਕੋਈ ਸਹੂਲਤ ਨਹੀਂ ਦਿੱਤੀ ਜਾਂਦੀ। ਗੁਰਮੀਤ ਸਿੰਘ ਨੇਦੱਸਿਆ ਕਿ ਉਸ ਨੇ ਤਾਂ ਸਿਰਫ ਖਾਨਸਾਮੇ ਵਜੋਂ ਕੁਵੈਤ ਜਾਣ ਲਈ ਆਪਣਾ ਪਾਸਪੋਰਟ ਏਜੰਟ ਨੂੰ ਦਿੱਤਾ ਸੀ ਪਰ ਉਹ ਡਰਾਈਵਿੰਗ ਵੀ ਜਾਣਦਾ ਸੀ। ਜਦੋਂ ਉਸ ਨੂੰ ਨੰਗਲ 'ਚ ਕਾਰ ਚਲਾਉਂਦਿਆਂ ਪਵਨ ਸੋਨੀ ਨਾਂ ਦੇ ਏਜੰਟ ਨੇ ਦੇਖਿਆ ਤਾਂ ਉਸ ਨੂੰ ਕਿਹਾ ਕਿ ਕੁਵੈਤ ਦੇ ਡਰਾਈਵਰੀ ਵਾਸਤੇ ਵੀਜ਼ੇ ਆਏ ਹੋਏ ਹਨ, ਜੇ ਤੂੰ ਜਾਣਾ ਚਾਹੁੰਦਾ ਹੈਂ ਤਾਂ ਜਲਦੀ ਹੀ ਤੇਰਾ ਕੰਮ ਬਣ ਜਾਵੇਗਾ।

ਕੁਵੈਤ ਤੋਂ ਵਾਪਸ ਪਰਤੇ ਡਰਾਈਵਰਾਂ 'ਚ ਨਵਾਂ ਸ਼ਹਿਰ, ਮੋਗਾ, ਗੁਰਦਾਸਪੁਰ, ਬਠਿੰਡਾ ਅਤੇ ਰੋਪੜ ਦੇ ਬੰਦੇ ਸ਼ਾਮਲ ਸਨ। ਜਲੰਧਰ ਜ਼ਿਲੇ ਦੇ ਪਿੰਡ ਭੰਗਾਲਾ ਦੇ ਦੋ ਨੌਜਵਾਨ ਵੀ ਉਨ੍ਹਾਂ ਖੁਸ਼ਕਿਸਮਤਾਂ ਵਿਚ ਹਨ ਜੋ ਆਪਣੀ ਜਾਨ ਬਚਾ ਕੇ ਕੁਵੈਤ ਤੋਂ ਆਏ ਹਨ। ਹਰਨੇਕ ਸਿੰਘ ਅਤੇ ਲਖਵਿੰਦਰ ਸਿੰਘ ਨਾਮੀਂ ਇਨ੍ਹਾਂ ਨੌਜਵਾਨਾਂ ਨੇ ਖੁਲਾਸਾ ਕੀਤਾ ਕਿ ਕੁਵੈਤ ਗਏ ਭਾਰਤੀਆਂ ਦੀ ਹਾਲਤ ਬਹੁਤ ਹੀ ਮਾੜੀ ਅਤੇ ਗੰਭੀਰ ਹੈ। ਭਾਰਤੀ ਡਰਾਈਵਰਾਂ ਨੂੰ ਧੱਕੇ ਨਾਲ ਇਰਾਕ, ਅਮਰੀਕੀ ਫੌਜਾਂ ਦਾ ਸਾਜ਼ੋ-ਸਾਮਾਨ ਅਤੇ ਅਸਲਾ ਢੋਲਣ ਲਈ ਭੇਜਿਆ ਜਾਂਦਾ ਹੈ, ਜੋ ਉਨ੍ਹਾਂ ਲਈ ਜਾਨਲੇਵਾ ਸਾਬਤ ਹੋ ਰਿਹਾ ਹੈ। ਉਨ੍ਹਾਂ ਦੱਸਿਆ ਕਿ ਬੇਸ਼ੱਕ ਇਰਾਕੀ ਲੜਾਕੇ ਭਾਰਤੀਆਂ ਨਾਲ ਹਮਦਰਦੀ ਵਾਲਾ ਰਵੱਈਆ ਰੱਖਦੇ ਹਨ ਪ੍ਰੰਤੂ ਜਿਹੜਾ ਡਰਾਈਵਰ ਦੂਸਰੀ ਵਾਰ ਇਰਾਕ ਜਾਂਦਾ ਹੈ ਉਹ ਜ਼ਿੰਦਾ ਨਹੀਂ ਪਰਤਦਾ ਕਿਉਂਕਿ ਇਰਾਕੀ ਲੜਾਕੇ ਗੱਡੀਆਂ ਉੱਤੇ ਕਬਜ਼ਾ ਕਰਕੇ ਪਾਕਿਸਤਾਨੀ ਅਤੇ ਅਮਰੀਕੀਆਂ ਨੂੰ ਤਾਂ ਤੁਰੰਤ ਹੀ ਗੋਲੀ ਨਾਲ ਉਡਾ ਦਿੰਦੇ ਹਨ ਜਦੋਂ ਕਿ ਭਾਰਤੀਆਂ ਦੀਆਂ ਫੋਟੋਆਂ ਖਿੱਚ ਕੇ ਉਨ੍ਹਾਂ ਨੂੰ ਵਾਪਸ ਭੇਜ ਦਿੰਦੇ ਹਨ ਅਤੇ ਅੱਗੋਂ ਤੋਂ ਨਾ ਆਉਣ ਦੀ ਚਿਤਾਵਨੀ ਦਿੰਦੇ ਹੋਏ ਸਾਵਧਾਨ ਕਰਦੇ ਹਨ ਕਿ ਜੇਕਰ ਦੁਬਾਰਾ ਇਰਾਕ ਦੀ ਧਰਤੀ 'ਤੇ ਆਏ ਤਾਂ ਜ਼ਿੰਦਾ ਵਾਪਸ ਨਹੀਂ ਜਾਉਗੇ।

ਇਨ੍ਹਾਂ ਨੌਜਵਾਨਾਂ ਨੂੰ ਬੰਦੀ ਬਣਾ ਲਿਆ ਗਿਆ ਸੀ ਅਤੇ ਲੜਾਕਿਆਂ ਵੱਲੋਂ ਤਾਕੀਦ ਕੀਤੀ ਗਈ ਸੀ ਕਿ ਉਹ (ਭਾਰਤੀ) ਅਮਰੀਕਾ ਦੀਆਂ ਫੌਜਾਂ ਦਾ ਖਾਣਾ ਅਤੇ ਅਸਲਾ ਲੈ ਕੇ ਕਦੇ ਵੀ ਇਰਾਕ ਦੀ ਧਰਤੀ 'ਤੇ ਨਾ ਆਉਣ। ਉਨ੍ਹਾਂ ਨੇ ਇਹ ਵੀ ਕਿਹਾ ਸੀ, "ਇਰਾਕ ਕੇ ਇੰਡੀਆ ਕੇ ਸਾਥ ਅੱਛੇ ਤਾਲੂਕਾਤ ਹੈਂ, ਇਸ ਲੀਏ ਆਪ ਕੋ ਅਮਰੀਕਾ ਕੀ ਮਦਦ ਨਹੀਂ ਕਰਨੀ ਚਾਹੀਏ, ਹਮੇਂ ਆਪ ਗੋਲੀ ਮਾਰਨੇ ਕੇ ਲੀਏ ਮਜਬੂਰ ਮਤ ਕਰੇਂ"। ਪਤਾ ਲੱਗਿਆ ਹੈ ਕਿ ਕੁਵੈਤੀ ਕੰਪਨੀਆਂ ਵਿਚ ਡਰਾਈਵਰੀ ਅਤੇ ਮਜ਼ਦੂਰੀ ਕਰਨ ਵਾਲੇ ਭਾਰਤੀਆਂ ਪਾਸ ਇਰਾਕ ਦਾ ਵੀਜ਼ਾ ਨਹੀਂ ਹੁੰਦਾ ਫਿਰ ਵੀ ਉਨ੍ਹਾਂ ਨੂੰ ਧੱਕੇ ਨਾਲ ਇਰਾਕ ਭੇਜਿਆ ਜਾਂਦਾ ਹੈ। ਜਾਨ ਕੁੜਿੱਕੀ 'ਚ ਅੜੀ ਦੇਖ ਭਾਰਤੀ ਵਾਪਸ ਪਰਤਣਾ ਚਾਹੁੰਦੇ ਹਨ ਪ੍ਰੰਤੂ ਉਨ੍ਹਾਂ ਨੂੰ ਕੰਪਨੀਆਂ ਉਨ੍ਹਾਂ ਦੇ ਪਾਸਪੋਰਟ ਅਤੇ ਵੀਜ਼ੇ ਵਾਪਸ ਨਹੀਂ ਦੇ ਰਹੀਆਂ। ਇਨ੍ਹਾਂ ਨੌਜਵਾਨਾਂ ਨੇ ਭਾਰਤ ਸਰਕਾਰ ਨੂੰ ਕਿਹਾ ਕਿ ਉਹ ਕੁਵੈਤੀ ਕੰਪਨੀਆਂ ਅਤੇ ਅਮਰੀਕੀ ਫੌਜ ਵੱਲੋਂ ਭਾਰਤੀਆਂ ਉੱਤੇ ਕੀਤੇ ਜਾਂਦੇ ਤਸ਼ੱਦਦ ਨੂੰ ਰੁਕਵਾਉਣ ਲਈ ਉਪਰਾਲੇ ਕਰਨ

ਅਤੇ ਭਾਰਤੀਆਂ ਦੀਆਂ ਜਾਨਾਂ ਬਚਾਉਣ। ਉਨ੍ਹਾਂ ਦੱਸਿਆ ਕਿ ਅਣਗਿਣਤ ਭਾਰਤੀ ਆਪਣੀਆਂ ਜਾਨਾਂ ਤੋਂ ਹੱਥ ਧੋ ਬੈਠੇ ਹਨ।

ਜਲੰਧਰ ਨੇੜਲੇ ਹੀ ਪਿੰਡ ਮਦਾਰਾ ਦਾ ਅਮਰਜੀਤ ਸਿੰਘ ਜੋ ਹਾਲ 'ਚ ਕੁਵੈਤ 'ਚੋਂ ਇਸੇ ਕਰਕੇ ਵਾਪਸ ਆ ਗਿਆ ਹੈ ਕਿ ਉਸ ਨੂੰ ਜਬਰੀ ਇਰਾਕ ਭੇਜਿਆ ਜਾ ਰਿਹਾ ਸੀ। 15 ਅਪਰੈਲ 2004 ਨੂੰ ਪਹਿਲੀ ਵਾਰ ਕੁਵੈਤ ਗਏ ਅਮਰਜੀਤ ਸਿੰਘ ਨੇ ਦੱਸਿਆ ਕਿ ਉਹ ਇਕ ਲੱਖ ਰੁਪਏ ਖਰਚ ਕੇ ਵਿਦੇਸ਼ ਗਿਆ ਸੀ ਜਿਥੇ ਉਹ ਅਲ ਮਹਾਦਾ ਨਾਂ ਦੀ ਕੰਪਨੀ 'ਚ ਟਰੇਲਰ ਚਲਾਉਂਦਾ ਸੀ ਪਰ ਥੋੜ੍ਹੇ ਦਿਨਾਂ ਬਾਅਦ ਹੀ ਉਸ ਨੂੰ ਇਰਾਕ ਭੇਜਣ ਲਈ ਕਿਹਾ ਗਿਆ। ਅਮਰਜੀਤ ਸਿੰਘ ਨੇ ਇਹ ਖੁਲਾਸਾ ਵੀ ਕੀਤਾ ਕਿ ਕੁਵੈਤ ਕੰਪਨੀਆਂ 'ਚ ਗਏ ਪੰਜਾਬੀ ਨੌਜਵਾਨਾਂ ਉੱਪਰ ਇਰਾਕ ਜਾਣ ਲਈ ਜ਼ਿਆਦਾ ਦਬਾਅ ਪਾਇਆ ਜਾ ਰਿਹਾ ਹੈ। ਉਸ ਨੇ ਦੱਸਿਆ ਕਿ ਜਿਹੜੇ ਪੰਜਾਬੀ ਮੁੰਡਿਆਂ ਨੂੰ ਟਰੈਕਟਰ ਚਲਾਉਣਾ ਹੀ ਆਉਂਦਾ ਹੈ ਉਨ੍ਹਾਂ ਨੂੰ ਵੱਡੇ ਵੱਡੇ ਟਰੱਕ ਸੰਭਾਲ ਦਿੱਤੇ ਜਾਂਦੇ ਹਨ ਅਤੇ ਜਿਹੜੇ ਮੁੰਡੇ ਬਿਲਕੁਲ ਵੀ ਡਰਾਈਵਰੀ ਨਹੀਂ ਜਾਣਦੇ ਉਨ੍ਹਾਂ ਨੂੰ ਕੁਝ ਦਿਨਾਂ ਦੀ ਟ੍ਰੇਨਿੰਗ ਦੇ ਕੇ ਵੱਡੇ ਟਰੱਕਾਂ 'ਤੇ ਸਮਾਨ ਲੱਦ ਕੇ ਜਬਰੀ ਇਰਾਕ ਭੇਜਿਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਉਸ ਕੋਲ ਭਾਰਤ ਦਾ ਡਰਾਈਵਿੰਗ ਲਾਇਸੰਸ ਸੀ ਪਰ ਇਕ ਮੁਲਕ ਤੋਂ ਦੂਜੇ ਮੁਲਕ 'ਚ ਜਾਣ ਵਾਲਾ ਡਰਾਈਵਿੰਗ ਲਾਇਸੰਸ ਨਹੀਂ ਸੀ, ਇਸ ਦੇ ਬਾਵਜੂਦ ਵੀ ਉਸ ਉੱਪਰ ਬਿਨਾਂ ਲਾਇਸੰਸ ਅਤੇ ਬਿਨਾਂ ਵੀਜ਼ਾ ਦੇ ਇਹ ਜ਼ੋਰ ਪਾਇਆ ਗਿਆ ਕਿ ਉਹ ਇਰਾਕ 'ਚ ਅਮਰੀਕੀ ਫੌਜਾਂ ਦਾ ਸਮਾਨ ਲੈਕੇ ਜਾਵੇ।

ਅਮਰਜੀਤ ਨੇ ਦੱਸਿਆ ਕਿ ਕੁਵੈਤ ਤੋਂ ਇਰਾਕ ਜਾਣ ਵਾਲੇ ਟਰੇਂਡ ਤੇ ਅਣਟਰੇਡ ਡਰਾਈਵਰਾਂ ਦਾ ਕੋਈ ਕੰਪਨੀ ਵੀ ਜੀਵਨ ਬੀਮਾ ਨਹੀਂ ਕਰਦੀ ਜਦਕਿ ਇਰਾਕ ਗਏ ਕਿਸੇ ਵੀ ਡਰਾਈਵਰ ਦਾ ਸੁਰੱਖਿਅਤ ਵਾਪਸ ਆਉਣਾ ਕੋਈ ਯਕੀਨੀ ਨਹੀਂ ਹੁੰਦਾ। ਉਨ੍ਹਾਂ ਦੱਸਿਆ ਕਿ ਉਹ 15 ਪੰਜਾਬੀ ਮੁੰਡਿਆਂ ਨਾਲ ਵਾਪਸ ਕੁਵੈਤ ਤੋਂ ਭਾਰਤ ਆਇਆ ਹੈ ਤੇ ਜਿਹੜੇ ਮੁੰਡੇ ਇਰਾਕ 'ਚੋਂ ਜਾਨ ਬਚਾਅ ਕੇ ਆ ਗਏ ਸਨ ਉਨ੍ਹਾਂ ਅਨੁਸਾਰ ਕਿ ਜਦੋਂ ਕੁਵੈਤ ਦੀ ਸਰਹੱਦ ਤੋਂ ਅਮਰੀਕੀ ਫੌਜਾਂ ਲਈ ਸਾਜ਼ੋ-ਸਾਮਾਨ ਲੈ ਕੇ ਜਾਣ ਵਾਲਾ ਕਾਫਲਾ ਜਾਂਦਾ ਹੈ ਤਾਂ ਉਸ ਉੱਪਰ ਇਰਾਕੀ ਗੁਰੀਲੇ ਹਮਲਾ ਕਰ ਦਿੰਦੇ ਹਨ ਜਿਸ ਕਾਰਨ ਅਮਰੀਕੀ ਸੈਨਿਕ ਤਾਂ ਆਪਣੀਆਂ ਜਾਨਾਂ ਬਚਾਉਣ ਲਈ ਪਹਿਲਾਂ ਹੀ ਦੌੜ ਜਾਂਦੇ ਹਨ ਪਰ ਭਾਰਤੀ ਤੇ ਪਾਕਿਸਤਾਨੀ ਡਰਾਈਵਰਾਂ ਨੂੰ ਇਰਾਕੀ ਗੁਰੀਲੇ ਘੇਰ ਲੈਂਦੇ ਹਨ ਜਦਕਿ ਬਹੁਤੇ ਪਾਕਿਸਤਾਨੀ ਡਰਾਈਵਰਾਂ ਨੂੰ ਇਸੇ ਕਰਕੇ ਗੋਲੀ ਮਾਰ ਦਿੱਤੀ ਜਾਂਦੀ ਹੈ ਕਿ ਪਾਕਿਸਤਾਨ ਅਮਰੀਕਾ ਦੀ ਮਦਦ ਕਰ ਰਿਹਾ ਹੈ। ਕੁਵੈਤ 'ਚ ਡਰਾਈਵਿੰਗ ਛੱਡ ਕੇ ਰਾਮਾਮੰਡੀ ਜਲੰਧਰ ਵਿਚ ਰੇਤਾ ਬੱਜਰੀ ਦਾ ਕਾਰੋਬਾਰ ਕਰ ਰਿਹਾ ਅਮਰਜੀਤ ਦੱਸਦਾ ਹੈ ਕਿ ਉਸ ਦੇ ਦੁਬਈ ਗਏ ਭਰਾਵਾਂ ਨੇ ਇਹੋ ਜ਼ੋਰ ਪਾਇਆ ਸੀ ਕਿ ਉਹ ਕੁਵੈਤ ਤੋਂ ਭਾਰਤ ਪਰਤ ਆਵੇ।

ਇਸੇ ਪਿੰਡ ਦੇ ਹੀ ਕੁਵੈਤ ਗਏ ਕੁਲਵੰਤ ਸਿੰਘ ਨੂੰ ਇਰਾਕ 'ਚ ਗੁਰੀਲਿਆਂ ਨੇ ਉਸ ਸਮੇਂ ਗੋਲੀਆਂ ਮਾਰ ਕੇ ਮਾਰ ਦਿੱਤਾ ਜਦੋਂ ਉਹ ਅਮਰੀਕਨ ਫੌਜਾਂ ਦਾ ਸਮਾਨ ਕੁਵੈਤ ਤੋਂ ਇਰਾਕ ਲੈ ਕੇ ਜਾ ਰਿਹਾ ਸੀ। 16 ਫਰਵਰੀ 2004 ਨੂੰ ਕੁਵੈਤ ਗਏ ਕੁਲਵੰਤ ਸਿੰਘ ਨਾਂ ਦੇ ਡਰਾਈਵਰ ਨੂੰ 23 ਅਪਰੈਲ 2004 ਨੂੰ ਗੋਲੀ ਮਾਰੀ ਗਈ ਸੀ। ਕੁਲਵੰਤ ਸਿੰਘ ਦੀ ਵਿਧਵਾ ਦਲਜੀਤ ਸਿੰਘ ਨੇ ਆਪਣੀਆਂ ਦੋ ਧੀਆਂ ਤੇ ਇਕ ਪੁੱਤ ਨੂੰ ਕਲਾਵੇ ਵਿਚ ਲੈਂਦਿਆਂ ਦੱਸਿਆ ਕਿ ਉਸ ਦੇ ਸਿਰ ਤੋਂ ਸਾਈਂ ਦਾ ਹੱਥ ਉੱਠ ਜਾਣ ਬਾਅਦ ਉਹ ਆਰਥਿਕ ਪੱਖੋਂ ਬੜੇ ਕਮਜ਼ੋਰ ਹੋ ਗਏ ਹਨ। ਉਨ੍ਹਾਂ ਦੀ ਆਮਦਨ ਦਾ ਇਕੋ ਇਕ ਵਸੀਲਾ ਕੁਲਵੰਤ ਦੀ ਨੌਕਰੀ ਸੀ। ਦਲਜੀਤ ਕੌਰ ਨੇ ਦੱਸਿਆ ਕਿ ਉਸ ਦਾ ਪਤੀ ਅਲ-ਬੂਨੀਆ ਨਾਂ ਦੀ ਕੁਵੈਤੀ ਕੰਪਨੀ 'ਚ ਗਿਆ ਸੀ ਪਰ ਕੰਪਨੀ ਨੇ ਜਬਰੀ ਉਸ ਨੂੰ ਇਰਾਕ ਭੇਜ ਦਿੱਤਾ। ਕੁਲਵੰਤ ਸਿੰਘ ਦੀ ਮੌਤ ਤੋਂ ਬਾਅਦ ਇਸ ਪਰਿਵਾਰ ਦਾ ਕੋਈ ਆਰਥਿਕ ਸਹਾਰਾ ਨਹੀਂ ਬਚਿਆ। ਕੁਲਵੰਤ ਸਿੰਘ ਦੇ 10ਵੀਂ 'ਚ ਪੜ੍ਹਦੇ ਪੁੱਤਰ ਹਰਜਿੰਦਰ ਸਿੰਘ ਨੇ ਦੱਸਿਆ ਕਿ, "ਪਾਪਾ ਦਾ 14 ਅਪਰੈਲ ਨੂੰ ਫੋਨ ਆਇਆ ਸੀ ਉਹ ਇਰਾਕ ਵਾਪਸੀ ਤੋਂ ਬਾਅਦ ਹੀ ਘਰ ਨੂੰ ਪੈਸੇ ਭੇਜਣਗੇ ਪਰ 23 ਅਪਰੈਲ ਨੂੰ ਹੀ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਗਈ ਤੇ 30 ਅਪਰੈਲ ਨੂੰ ਉਨ੍ਹਾਂ ਨੂੰ ਇਕ ਟੈਲੀਗ੍ਰਾਮ ਰਾਹੀਂ ਸੂਚਨਾ ਮਿਲੀ ਕਿ ਕੁਲਵੰਤ ਸਿੰਘ ਦੀ ਹੱਤਿਆ ਹੋ ਗਈ ਹੈ।" ਹਰਜਿੰਦਰ ਸਿੰਘ ਨੇ ਦੋਸ਼ ਲਾਇਆ ਕਿ ਉਸ ਦੇ ਪਿਤਾ ਦੀ ਨਿਯੁਕਤੀ ਕੁਵੈਤੀ ਕੰਪਨੀ ਕੋਈ ਵੀ ਉਨ੍ਹਾਂ ਦੀ ਮਦਦ ਕਰਨ ਦੀ ਥਾਂ ਮੁੱਕਰ ਰਹੀ ਹੈ ਕਿ ਉਨ੍ਹਾਂ ਨੇ ਕੁਲਵੰਤ ਸਿੰਘ ਨੂੰ ਇਰਾਕ ਭੇਜਿਆ ਸੀ।

ਇਸੇ ਪਿੰਡ ਦੇ ਹੀ ਸ਼ਵਿੰਦਰ ਸਿੰਘ ਉਰਫ ਪੱਪੂ ਦੀ ਕਹਾਣੀ ਵੀ ਲੂੰ ਕੰਡੇ ਖੜ੍ਹੇ ਕਰ ਦੇਣ ਵਾਲੀ ਹੈ। ਇਹ ਨੌਜਵਾਨ ਇਕ ਟਰੈਵਲ ਏਜੰਟ ਨੂੰ ਆਪਣਾ ਘਰ ਇਕ ਲੱਖ ਰੁਪਏ ਵਿਚ ਵੇਚ ਕੇ ਕੁਵੈਤ ਗਿਆ ਪ੍ਰੰਤੂ ਉਥੋਂ ਦੇ ਮਾੜੇ ਹਾਲਾਤ ਕਾਰਨ ਉਸ ਨੂੰ ਪਰਤਣਾ ਪਿਆ। ਹੁਣ ਉਹ ਪਿੰਡ ਹੀ ਕਿਸੇ ਦੇ ਘਰ ਰਹਿ ਰਿਹਾ ਹੈ। ਪੂਰੀ ਤਰ੍ਹਾਂ ਲਾਚਾਰ ਅਤੇ ਆਪਣਾ ਸਭ ਕੁਝ ਗਵਾ ਚੁੱਕੇ ਇਸ ਨੌਜਵਾਨ ਨੇ ਦੱਸਿਆ ਕਿ ਉਸ ਨੇ ਆਪਣਾ ਘਰ ਤੋਂ ਇਸ ਲਈ ਵੇਚਿਆ ਸੀ ਤਾਂ ਕਿ ਵਿਦੇਸ਼ ਜਾ ਕੇ ਪੈਸੇ ਕਮਾਵੇਗਾ ਅਤੇ ਆਪਣੀ ਜ਼ਿੰਦਗੀ ਚੰਗੀ ਤਰ੍ਹਾਂ ਬਸਰ ਕਰੇਗਾ ਪਰ ਉਥੇ ਸਿੱਕੇ ਦਾ ਪਾਸਾ ਬਿਲਕੁਲ ਉਲਟ ਹੈ। ਉਸ ਨੇ ਕੰਪਨੀਆਂ ਵੱਲੋਂ ਕੀਤੀਆਂ ਜਾਂਦੀਆਂ ਧੱਕੇਸ਼ਾਹੀਆਂ ਦਾ ਖੁਲਾਸਾ ਕਰਦਿਆਂ ਕਿਹਾ ਕਿ ਕੰਪਨੀ ਨੇ ਉਨ੍ਹਾਂ ਨਾਲ 80 ਦੀਨਾਰ (ਕੁਵੈਤੀ ਕਰੰਸੀ) ਦੇਣ ਦਾ ਵਾਅਦਾ ਕੀਤਾ ਸੀ ਪਰ ਉਥੇ ਜਾ ਕੇ ਉਸ ਨੇ ਕਿਹਾ 40 ਦੀਨਾਰ ਮਹੀਨਾ ਹੀ ਮਿਲਣਗੇ। ਇਸ ਮਗਰੋਂ ਕੰਪਨੀ ਨੇ ਉਨ੍ਹਾਂ ਨੂੰ ਦੋ ਮਹੀਨੇ ਬੀਤ ਜਾਣ 'ਤੇ ਵੀ ਕੋਈ ਤਨਖਾਹ ਨਹੀਂ ਦਿੱਤੀ। ਸ਼ਵਿੰਦਰ 20 ਜੂਨ ਨੂੰ ਜਾਨ ਬਚਾ ਕੇ ਵਾਪਸ ਆ ਗਿਆ ਪਰ ਸਿਰ 'ਤੇ ਚੜ੍ਹੇ ਇਕ ਲੱਖ ਰੁਪਏ ਦੇ ਕਰਜ਼ੇ ਨੇ ਉਸ ਦੀ ਰਾਤਾਂ ਦੀ ਨੀਂਦ ਹਰਾਮ ਕਰਕੇ ਰੱਖ ਦਿੱਤੀ ਹੈ। ਤਿੰਨ ਬੱਚਿਆਂ ਦਾ ਇਹ ਪਿਤਾ ਆਪਣੇ ਮਾਪਿਆਂ ਦੀ ਇਕੋ ਇਕ ਡੰਗੋਰੀ ਹੈ।

ਘਰੋਂ ਬੇਘਰ ਹੋਇਆ ਉਹ ਦਿਹਾੜੀ ਕਰਨ ਲਈ ਰੋਜ਼ ਘਰੋਂ ਨਿਕਲਦਾ ਹੈ।

ਅਰਬ ਮੁਲਕਾਂ 'ਚ ਗਏ ਜ਼ਿਆਦਾਤਰ ਪੰਜਾਬੀਆਂ ਦੀ ਹਾਲਤ ਬੰਧੂਆ ਮਜ਼ਦੂਰਾਂ ਵਰਗੀ ਹੈ ਕਿਉਂਕਿ ਅਰਬ ਦੀਆਂ ਕੰਪਨੀਆਂ ਮਿਹਨਤ ਮਜ਼ਦੂਰੀ ਕਰਦੇ ਇਨ੍ਹਾਂ ਪੰਜਾਬੀਆਂ ਨੂੰ ਨਾ ਤਾਂ ਪੂਰੀ ਤਨਖਾਹ ਦਿੰਦੀਆਂ ਹਨ, ਨਾ ਕੋਈ ਰਹਿਣ ਸਹਿਣ ਦਾ ਪ੍ਰਬੰਧ। ਜੇਕਰ ਕੋਈ ਵਾਪਸ ਆਉਣਾ ਚਾਹੇ ਤਾਂ ਉਹ ਵੀ ਕੰਪਨੀ 'ਤੇ ਹੀ ਨਿਰਭਰ ਕਰਦਾ ਹੈ ਕਿ ਕੰਪਨੀ ਵੀਜ਼ਾ ਅਤੇ ਪਾਸਪੋਰਟ ਵਾਪਸ ਦੇਵੇ ਜਾਂ ਨਾ। ਮੌਤ ਦੇ ਮੂੰਹ ਚੋਂ ਨਿਕਲਣ ਤੋਂ ਬਾਅਦ ਅੰਤਰਜਾਮੀ ਅਤੇ ਉਸ ਦੇ ਸਾਥੀਆਂ ਨੂੰ ਇੱਥੇ ਆ ਕੇ ਰੋਜਗਾਰ ਦੀ ਕੋਈ ਢੋਈ ਨਾ ਮਿਲੀ ਤਾਂ ਉਨ੍ਹਾਂ ਫਿਰ ਅਰਬ ਮੁਲਕਾਂ 'ਚ ਹੀ ਜਾਣ ਦਾ ਫੈਸਲਾ ਕੀਤਾ। ਇੱਥੇ ਹੀ ਬਸ ਨਹੀਂ ਸੈਂਕੜੇ ਨੌਜਵਾਨ ਬੇਰੋਜਗਾਰੀ ਦੇ ਝੰਬੇ ਹੋਏ ਇਰਾਕ ਜੰਗ ਦੀ ਭੱਠੀ ਵਿਚ ਆਪਣੇ ਆਪ ਨੂੰ ਝੋਕਣ ਲਈ ਤਿਆਰ ਹਨ। ਕੀ ਸਾਡਾ ਨਿਜ਼ਾਮ ਇਨ੍ਹਾਂ ਨੌਜਵਾਨਾਂ ਨੂੰ ਨਹੀਂ ਸੰਭਾਲ ਸਕਦਾ। ਅਜਿਹੇ ਕਈ ਸਵਾਲ ਲੰਬੀ ਬਹਿਸ ਮੰਗਦੇ ਹਨ।

# ਪੁਸਤਕ ਦਾ ਸਥਾਨ, ਆਕਸੀਜਨ ਅਤੇ ਪਾਣੀ ਸਮਾਨ

'ਬਿਹਤਰ ਜ਼ਿੰਦਗੀ ਦਾ ਮਾਰਗ ਬਿਹਤਰ ਪੁਸਤਕਾਂ ਵਿਚੋਂ ਦੀ ਹੋ ਕੇ ਜਾਂਦਾ ਹੈ। ਮਨੁੱਖ ਕੋਲ ਇਸ ਅਮੁੱਲੀ ਧਰੋਹਰ ਦਾ ਹੋਰ ਕਿਸੇ ਵੀ ਧਨ ਦੌਲਤ ਨਾਲ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਜੇ ਪੁਸਤਕਾਂ ਦਾ ਸਥਾਨ ਮਨੁੱਖੀ ਜੀਵਨ ਵਿਚ ਇਸ ਕਦਰ ਹੈ ਅਤੇ ਇਨ੍ਹਾਂ ਦੀ ਭੂਮਿਕਾ ਮਨੁੱਖ ਨੂੰ ਤੀਜਾ ਨੇਤਰ ਪ੍ਰਦਾਨ ਕਰਦੀ ਹੈ ਤਾਂ ਤਿੱਖਾ ਸਵਾਲ ਉੱਠਦਾ ਹੈ ਕਿ ਪੁਸਤਕਾਂ ਅਤੇ ਪਾਠਕਾਂ ਵਿਚਲੇ ਫਾਸਲੇ ਦੀ ਵਜ੍ਹਾ ਕੀ ਹੈ। ਅਜਿਹੀਆਂ ਪੁਸਤਕਾਂ ਦੀ ਲੜੀ ਵੀ ਲੰਮੀ ਹੈ ਜਿਹੜੀਆਂ ਲੋਕਾਂ ਦੀ ਜ਼ਿੰਦਗੀ ਨੂੰ ਸਵਾਰਨ, ਰਾਹ ਦਸੇਰਾ ਬਣਨ ਅਤੇ ਸਮਾਜੀ ਜੀਵਨ ਅੰਦਰ ਅਹਿਮ ਮੁਕਾਮ 'ਤੇ ਪਹੁੰਚਾਉਣ 'ਚ ਅਭੁੱਲ ਯਾਦਾਂ ਬਣੀਆਂ ਹਨ। ਹੱਥੋ ਹੱਥੀ ਪਾਠਕਾਂ ਕੋਲ ਪੁੱਜੀਆਂ ਹਨ। ਪੰਜਾਬੀ ਮਾਂ ਬੋਲੀ ਨੂੰ ਵੀ ਅਜਿਹੀਆਂ ਪੁਸਤਕਾਂ ਸਾਹਿਤ ਦੀ ਝੋਲੀ ਪਾਉਣ ਦਾ ਮਾਣ ਹਾਸਿਲ ਹੈ। ਪੰਜਾਬੀ ਵਿਚ ਅਨੁਵਾਦਤ ਹੋ ਕੇ ਛਪਿਆ ਵਿਸ਼ਵ ਦਾ ਬੇਹਤਰਹੀਨ ਕਲਾਸੀਕਲ ਸਾਹਿਤ ਜੋ ਵੀ ਅਜਿਹੀਆਂ ਪੁਸਤਕਾਂ ਦਾ ਸ਼ਿੰਗਾਰ ਬਣਿਆ ਉਹ ਵੀ ਧੜਾਧੜ ਪਾਠਕਾਂ ਨੂੰ ਆਪਣੇ ਕਲਾਵੇ ਵਿਚ ਲੈਣ 'ਚ ਸਫਲ ਹੋਇਆ।

ਪੁਸਤਕ ਸਭਿਆਚਾਰ ਦਾ ਇਕ ਪਹਿਲੂ ਇਹ ਹੈ ਜਿਹੜਾ ਇਹ ਤਸਵੀਰ ਪੇਸ਼ ਕਰਦਾ ਹੈ ਕਿ ਕੀਤਾ ਕੀ ਜਾਵੇ। ਪੰਜਾਬੀ ਪੁਸਤਕਾਂ ਦਾ ਪਾਠਕ ਹੀ ਦੀਵਾ ਲੈ ਕੇ ਭਾਲਣ ਵਾਲੀ ਗੱਲ ਹੁੰਦੀ ਜਾ ਰਹੀ ਹੈ। ਪੁਸਤਕਾਂ ਘਰਾਂ ਦੀਆਂ ਅਲਮਾਰੀਆਂ ਜਾਂ ਲਾਇਬਰੇਰੀਆਂ ਦਾ ਸ਼ਿੰਗਾਰ ਬਣ ਕੇ ਰਹਿ ਗਈਆਂ। ਇਸ ਰੁਝਾਨ ਦੀ ਗੱਲ ਕਰਨ ਵਾਲੇ ਸੱਜਣ ਪਾਠਕਾਂ ਉੱਪਰ ਸਾਰਾ ਨਜ਼ਲਾ ਝਾੜ ਕੇ ਸੁਰਖਰੂ ਹੋ ਜਾਂਦੇ ਹਨ ਕਿ ਲਓ ਜੀ ਲੋਕਾਂ ਦਾ ਸੁਹਜ ਸੁਆਦ ਹੀ ਬਦਲ ਗਿਆ। ਪੜ੍ਹਨ ਪੜ੍ਹਾਉਣ ਲਈ ਰੁੱਚੀ ਦਾ ਹੀ ਭੋਗ ਪੈ ਗਿਆ। ਅਖੇ ਲੇਖਕ, ਪਬਲਿਸ਼ਰ ਕਰੇ ਤਾਂ ਕੀ ਕਰੇ, ਜਦੋਂ ਦੀਵਾ ਲੈ ਕੇ ਭਾਲਣ ਵਾਲੀ ਗੰਭੀਰ ਸਥਿਤੀ ਬਣ ਗਈ ਹੋਵੇ। ਪੁਸਤਕਾਂ ਦੀ ਆਪਣੀ ਤਾਕਤ ਏਨੀ ਹੁੰਦੀ ਹੈ ਕਿ ਪਾਠਕ ਤਾਂ ਉਨ੍ਹਾਂ ਉੱਪਰ ਦੀਵੇ ਦੀ ਲੋਅ 'ਤੇ ਮਰ ਮਿਟਦੇ ਭੰਵਰੇ ਵਾਂਗ ਆ ਧਮਕਦੇ ਹਨ।

ਲੋਕਾਂ ਦੀ ਨਬਜ਼ ਦੀ ਟੋਹ ਲਾਉਂਦੀ ਕਿਤਾਬ ਨੂੰ ਪਾਠਕ ਪਤਾਲ 'ਚੋਂ ਵੀ ਭਾਲ ਲਿਆਉਂਦੇ ਹਨ। ਉਦਾਹਰਣ ਦੇ ਤੌਰ 'ਤੇ ਅਸੀਂ ਦੇਖ ਸਕਦੇ ਹਾਂ ਕਿ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀਆਂ ਲਿਖਤਾਂ, ਪਾਸ਼, ਸੰਤ ਰਾਮ ਉਦਾਸੀ, ਪਾਤਰ, ਸੰਤੋਖ ਸਿੰਘ ਧੀਰ,

ਗੁਰਦਿਆਲ ਸਿੰਘ, ਗੁਰਸ਼ਰਨ ਸਿੰਘ, ਪ੍ਰਿੰਸੀਪਲ ਸੁਜਾਨ ਸਿੰਘ, ਸ਼ਿਵ ਕੁਮਾਰ ਬਟਾਲਵੀ, ਰਸੂਲ ਹਮਜ਼ਾਤੋਵ ਦੀ 'ਮੇਰਾ ਦਾਗਿਸਤਾਨ', ਮੈਕਸਿਮ ਗੋਰਕੀ ਦੀ 'ਮਾਂ', ਨਿਕੋਲਾਈ ਦੀ 'ਕਬਹੂੰ ਨ ਛਾਡੈ ਖੇਤ', ਜਿਊਲੀਸ ਫਿਊਚਿਕ ਦੀ 'ਫਾਂਸੀ ਦੇ ਤਖਤੇ ਤੋਂ', ਲਿਊ ਟੌਲਿਸਟਾਏ ਦੀ 'ਸਾਹਿਤ ਅਤੇ ਕਲਾ', 'ਜੰਗ ਤੇ ਅਮਨ', ਪਾਵਲੋ ਨਰੂਦਾ ਦਾ 'ਕਾਵਿ ਸੰਗ੍ਰਹਿ', ਤਸਲੀਮਾ ਨਸਕੀਨ ਦਾ 'ਲੱਜਾ' ਨਾਵਲ, ਕਰੁਪ ਸਕਾਇਆ ਵੱਲੋਂ ਲਿਖੀ 'ਲੈਨਿਨ ਦੀ ਜੀਵਨੀ ਅਤੇ ਯਾਦਾਂ' ਅਤੇ ਸਮੁੱਚਾ 'ਮਾਰਕਸਵਾਦ', ਚੀ ਗਵੇਰਾ ਤੇ ਫੀਦਲ ਕਾਸਤਰੋ ਦੀ 'ਸਵੈ ਜੀਵਨੀ', ਹਿਟਲਰ ਦੀ 'ਸਵੈ ਜੀਵਨੀ', ਬੋਰਿਸ ਪੋਲੇਵਈ ਦੀ 'ਅਸਲੀ ਇਨਸਾਨ ਦੀ ਕਹਾਣੀ', ਸੈਕਸ਼ਪੀਅਰ ਦਾ ਦੁਖਾਂਤ ਨਾਟਕ 'ਹੈਮਲਿਟ', ਇਬਰਾਹਮ ਟੀ ਕਬੂਰ ਦੀ '...ਤੇ ਦੇਵ ਪੁਰਸ਼ ਹਾਰ ਗਏ' ਜੋ ਕਿ ਦੂਜੀਆਂ ਭਾਸ਼ਾਵਾਂ ਵਿਚੋਂ ਅਨੁਵਾਦ ਹੋਇਆ, ਅੱਜ ਤੱਕ ਪਾਠਕ ਪੜ੍ਹ ਰਹੇ ਹਨ।

ਆਮ ਲੋਕਾਂ ਲਈ ਜ਼ਰੂਰੀ ਹਨ ਉਹ ਕਿਤਾਬਾਂ ਜੋ ਉਹਨਾਂ ਦੀ ਜ਼ਿੰਦਗੀ ਦੀ ਘੁਟਣ ਅਤੇ ਮੁਕਤੀ ਦੇ ਸੁਪਨਿਆਂ ਤੱਕ ਪਹੁੰਚਾਉਂਦੀਆਂ ਨੇ ਵਿਚਾਰ ਜਿਵੇਂ ਕਿ ਬਾਰੂਦ ਦੀ ਢੇਰੀ ਤੱਕ ਅੱਗ ਦੀ ਚਿੰਗਾਰੀ ਅਜੇਹੀਆਂ ਕਿਤਾਬਾਂ ਨੂੰ ਹਰ ਸਰਦਲ 'ਤੇ ਪਹੁੰਚਾਉਣਾ ਹੋਵੇਗਾ।

ਜੇ ਪਾਠਕਾਂ 'ਚ ਕਰੁੱਚੀ ਦਾ ਗਰਾਫ ਵਧ ਰਿਹਾ ਹੈ ਤਾਂ ਇਸ ਦੇ ਕਾਰਨਾਂ ਦਾ ਪਸਾਰ ਬਹੁਪਰਤੀ ਹੈ, ਸਿੱਧ ਪੱਧਰਾ ਨਹੀਂ। ਪੁਸਤਕਾਂ ਦੇ ਮਿਆਰੀ ਜਾਂ ਹਲਕੀ ਫੁਲਕੀ ਹੋਣ ਦਾ ਨਿਰਣਾ ਵੀ ਸਿਰਫ ਤੇ ਸਿਰਫ ਉਸ ਦੀ ਵਿਕਣ ਗਿਣਤੀ ਤੋਂ ਨਹੀਂ ਕਰਨਾ ਚਾਹੀਦਾ, ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ, ਬਹੁਕੌਮੀ ਕੰਪਨੀਆਂ ਵੱਲੋਂ ਲੱਗ ਰਹੀਆਂ ਨਵੀਆਂ ਨਮਾਇਸ਼ਾਂ ਦੀਆਂ ਬੁੱਕ ਸਟਾਲਾਂ ਉੱਪਰ ਕਈ ਅਰਥਹੀਣ ਕਿਤਾਬਾਂ ਵੀ ਵੱਡੀ ਗਿਣਤੀ 'ਚ ਵਿਕਦੀਆਂ ਗਿਣੀਆਂ ਜਾ ਸਕਦੀਆਂ ਹਨ।ਅਜਿਹੀਆਂ ਕਿਤਾਬਾਂ ਦੀ ਲੜੀ ਵੀ ਬੜੀ ਲੰਬੀ ਹੈ ਜਿਹੜੀਆਂ ਵਿਸ਼ੇ ਵਸਤੂ ਲੇਖਣੀ ਅਤੇ ਕਲਾ ਵੰਨਗੀ ਪੱਖੋਂ ਬੁਲੰਦੀਆਂ ਛੂੰਹਦੀਆਂ ਅਤੇ ਲੋਕਾਂ ਦੇ ਵਿਸ਼ਾਲ ਹਿੱਸਿਆਂ ਨੂੰ ਆਪਣੇ ਵੱਲ ਖਿੱਚਣ 'ਚ ਵੀ ਕਾਮਯਾਬ ਹੋਈਆਂ। ਇਨ੍ਹਾਂ ਨੇ ਕਈ ਪੀੜ੍ਹੀਆਂ ਨੂੰ ਉਂਗਲ ਫੜ ਕੇ ਤੁਰਨਾ ਸਿਖਾਇਆ, ਆਪਣੇ ਨਾਲ ਤੋਰਿਆ ਅਤੇ ਉਨ੍ਹਾਂ 'ਚ ਲੇਖਣੀ ਦੀ ਸਮਰੱਥਾ ਅਤੇ ਉਸਾਰੂ ਆਲੋਚਨਾਤਮਕ ਦ੍ਰਿਸ਼ਟੀ ਦੀ ਸਿਰਜਣਾ ਵੀ ਕੀਤੀ। ਜਿਨ੍ਹਾਂ ਪੁਸਤਕ ਕਲਾ ਕਿਰਤਾਂ 'ਚ ਮਿਆਰੀ ਲੋਕ ਹਿਤੂ ਸਮੱਗਰੀ ਦਾ ਰੰਗ ਵੀ ਗੂੜ੍ਹਾ ਹੈ ਅਤੇ ਬੋਲੀ ਸ਼ੈਲੀ ਮੁਹਾਵਰੇ ਦੀ ਸਰਲਤਾ ਅਤੇ ਰੌਚਿਕ ਵੀ ਹੈ, ਅਜਿਹੀ ਪੁਸਤਕ ਸਿਰਜਣਾ ਨੂੰ ਸਾਹਿਤਕ ਮਿਆਰਾਂ ਅਤੇ ਤੁਲਨਾਵਾਂ ਦੀ ਮਾਪਦੰਡ ਦੇ ਉਚੇਰੇ ਰੁਤਬੇ ਦਾ ਮਾਣ ਹਾਸਲ ਹੁੰਦਾ ਹੈ ਕਿਉਂਕਿ ਇਹ ਪੁਸਤਕਾਂ ਉਨ੍ਹਾਂ ਨਾਲੋਂ ਵੀ ਆਪਣੀ ਅਲੱਗ ਪਹਿਚਾਣ ਬਣਾਉਂਦੀਆਂ ਹਨ ਜਿਹੜੀਆਂ ਚਟਪਟੇ ਮਸਾਲੇਦਾਰ ਲਹਿਜ਼ੇ ਜਾਂ ਵਿਸ਼ੇ ਕਾਰਨ ਵਿਕ ਤਾਂ ਢੇਰਾਂ 'ਚ ਜਾਂਦੀਆਂ ਹਨ ਪਰ ਗੁਣਾਤਮਕ ਪੱਖੋਂ ਥੋਥੀਆਂ ਹੁੰਦੀਆਂ ਹਨ।

ਇਹ ਹਕੀਕਤਾਂ ਵੀ ਮੂੰਹ ਬੋਲਦੀਆਂ ਹਨ ਕਿ ਕਈ ਵਿਸ਼ਿਆਂ ’ਤੇ ਆਲ੍ਹਾ ਦਰਜੇ ਦੀਆਂ ਰਚੀਆਂ ਪੁਸਤਕਾਂ ਵੀ ਉਂਗਲਾਂ ’ਤੇ ਗਿਣਤੀ ਕਰ ਸਕਣ ਜੋਗੇ ਪਾਠਕਾਂ ਦੇ ਹੱਥਾਂ ਤੱਕ ਜਾਂਦੀਆਂ ਹਨ। ਇਸ ਤੋਂ ਕਿਤਾਬਾਂ ਨੂੰ ਸਿੱਧੜ ਮੁਲਾਂਕਣ ਕਰਕੇ ਕਿਸੇ ਰੱਦੀ ਦੀ ਟੋਕਰੀ ’ਚ ਸੁੱਟਣ ਦਾ ਸ਼ਿਕਾਰ ਹੋਣ ਤੋਂ ਬਚਣ ਦੀ ਵਧੇਰੇ ਲੋੜ ਹੁੰਦੀ ਹੈ। ਕਿਤਾਬਾਂ ਦੀ ਹਰਮਨਪਿਆਰਤਾ ਲਈ ਵਿਸ਼ੇ, ਬੋਲੀ, ਲਿਖਣ ਕਲਾ, ਪਬਲਿਸ਼ਰ ਅਤੇ ਖਾਸ ਕਰਕੇ ਸਾਡੀ ਸਮੁੱਚੀ ਆਰਥਿਕ, ਰਾਜਨੀਤਕ, ਸਮਾਜਿਕ, ਸਭਿਆਚਾਰਕ ਅਤੇ ਮਨੋ ਵਿਗਿਆਨਕ ਤਸਵੀਰ ਉਸ ਵਿਚ ਹੋ ਰਹੀ ਉਥਲ ਪੁਥਲ, ਵੰਨ ਸੁਵੰਨੀਆਂ ਲਹਿਰਾਂ ਦੀ ਭੂਮਿਕਾ ਦੇ ਸਥਾਨ ਨੂੰ ਨਿਰਣਾ ਕਰਨ ਲੱਗਿਆਂ ਸਮੁੱਚੇ ਨਾਪ ਤੋਪ ਦੀ ਕਸਵੱਟੀ ’ਤੇ ਪਰਖਿਆ ਜਾ ਸਕਦਾ ਹੈ। ਪੁਸਤਕ ਸਿਰਜਣਾ ਕਰਨ ਵਾਲੀ ਸਮਾਜ ਦੀ ਚੇਤਨ ਪਰਤ ਸਿਰ ਪਾਠਕ ਵਰਗ ਦੀ ਗਿਣਤੀ ਵਧਣ ਘਟਣ ਦੇ ਸਿੱਧੇ ਪੱਧਰੇ ਗਣਿਤ ’ਚ ਪੈਣ ਦੀ ਬਜਾਏ ਸਮਾਜ ਦੀਆਂ ਵੱਖ ਵੱਖ ਪਰਤਾਂ ਦੀ ਮਨੋ ਦਸ਼ਾ ਦੇ ਕਾਰਨਾਂ ਨੂੰ ਗਹਿਰਾਈ ’ਚ ਬੁੱਝਣ ਦੀ ਵਡੇਰੀ ਜ਼ਿੰਮੇਵਾਰੀ ਆਉਂਦੀ ਹੈ।

ਪਾਠਕ ਵਰਗ ਦੀ ਸੁੰਗੜਦੀ ਗਿਣਤੀ ਦੀ ਜ਼ਿੰਮੇਵਾਰੀ ਕਿਸੇ ਵੀ ਬਾਹਰੀ ਕਾਰਨ ਸਿਰ ਸੁੱਟ ਕੇ ਆਪਣੀ ਕਲਮ ਨੂੰ ਇਸ ਵਰਤਾਰੇ ’ਚੋਂ ਬਾਹਰ ਕੱਢ ਕੇ ਨਾ ਹੀ ਸਮੁੱਚੇ ਸਮਾਜੀ ਵਰਤਾਰੇ ਦਾ ਠੋਸ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ, ਨਾ ਮਰਜ਼ ਸਮਝੀ ਜਾ ਸਕਦੀ ਹੈ। ਮਰਜ਼ ਦਾ ਇਲਾਜ ਹੋ ਜਾਣ ਦੀ ਤਾਂ ਗੱਲ ਛੱਡੋ ਕਿਸੇ ਨਾ ਕਿਸੇ ਰੂਪ ’ਚ ਭਾਵੇਂ ਅਚੇਤ ਤੌਰ ’ਤੇ ਹੀ ਸਹੀ ਅਸੀਂ ਸੁਹਿਰਦ ਹੋਣ ਦੇ ਬਾਵਜੂਦ ਵੀ ਉਸ ਮਰਜ਼ ਨੂੰ ਅਣਡਿੱਠ ਕਰ ਰਹੇ ਹੋਵਾਂਗੇ। ਸਮਾਜੀ ਜੀਵਨ ਨੂੰ ਨਿਆਸਰੇ ਅਤੇ ਦਿਸ਼ਾਹੀਣ ਛੱਡ ਕੇ ਆਪਣੀ ਅਗਵਾਈ ਵਾਲੇ ਹਿਰਾਵਲ ਦਸਤੇ ਦੀ ਭੂਮਿਕਾ ਤੋਂ ਕਿਨਾਰਾਕਸ਼ੀ ਕਰ ਰਹੇ ਹੋਵਾਂਗੇ। ਸ਼ਹੀਦ-ਏ-ਆਜ਼ਮ ਭਗਤ ਸਿੰਘ ਨੇ ਇਕ ਵਾਰ ਕਿਹਾ ਸੀ ਕਿ ਸਾਡੇ ਵਿਚ ਬੌਧਿਕ ਪੱਖ ਬਹੁਤ ਨੀਵਾਂ ਹੈ ਜਿਸ ਦਾ ਵੱਡਾ ਕਾਰਨ ਸਾਡੇ ਵੱਲੋਂ ਕਿਤਾਬਾਂ ਨਾ ਪੜ੍ਹਨਾ ਅਤੇ ਅਧਿਐਨ ਕਰਨ ਵੱਲ ਰੁੱਚਿਤ ਨਾ ਹੋਣਾ ਹੈ। ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਇਹ ਗੱਲ ਬਿਲਕੁਲ ਦਰੁਸਤ ਹੈ ਪ੍ਰੰਤੂ ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਮਿਆਰੀ ਸਾਹਿਤ ਦੀ ਅਜੋਕੇ ਸਮੇਂ ਵਿਚ ਵੱਡੀ ਕਮੀ ਰੜਕਦੀ ਹੈ।

ਲੇਖਕ ਜਾਂ ਪਬਲਿਸ਼ਰ ਲੋਕਾਂ ਵਿਚ ਪੁਸਤਕਾਂ ਪੜ੍ਹਨ ਦੀ ਘਟ ਰਹੀ ਰੁੱਚੀ ਨੂੰ ਵਿਗਿਆਨਕ ਯੁੱਗ ਜਾਂ ਇਲੈਕਟ੍ਰਾਨਿਕ ਯੁੱਗ ਦੇ ਆਉਣ ਨੂੰ ਦੋਸ਼ੀ ਦੱਸਦੇ ਹਨ ਪਰ ਇਹ ਗੱਲ ਵੀ ਨਹੀਂ ਭੁੱਲਣੀ ਚਾਹੀਦੀ ਕਿ ਯੂਰਪ ਵਰਗੇ ਮੁਲਕ ਜੋ ਸਾਡੇ ਨਾਲੋਂ 100 ਵਰ੍ਹੇ ਅੱਗੇ ਦੱਸੇ ਜਾਂਦੇ ਹਨ ਜਿਥੇ ਚੰਗੀਆਂ ਕਿਤਾਬਾਂ ਸੈਂਕੜੇ ਜਾਂ ਹਜ਼ਾਰਾਂ ਨਹੀਂ ਸਗੋਂ ਲੱਖਾਂ ਦੀ ਗਿਣਤੀ ’ਚ ਵਿਕਦੀਆਂ ਹਨ। ਗੱਲ ਤਾਂ ਇਹ ਹੈ ਕਿ ਲੇਖਕ ਕਲਪਨਾ ਦੇ ਸਮੁੰਦਰ ’ਚੋਂ ਬਾਹਰ ਨਿਕਲ ਕੇ ਲੋਕ ਸਰੋਕਾਰਾਂ ਨਾਲ ਜੁੜਨ, ਲੋਕ ਪੀੜਾ ਨੂੰ ਸਮਝਦੇ ਹੋਏ ਪਾਠਕਾਂ/ਲੋਕਾਂ ਨਾਲ ਮੱਛੀ ਤੇ ਪਾਣੀ ਵਰਗਾ ਰਿਸ਼ਤਾ ਪੈਦਾ ਕਰਨ। ਅਜਿਹਾ ਹੋਇਆ ਵੀ ਹੈ ਬੀਤੇ ਸਮੇਂ ’ਚ ਚਾਹੇ ਉਹ

ਨਕਸਲਵਾਦੀ ਦੌਰ ਸੀ ਜਾਂ ਉਸ ਤੋਂ ਪਹਿਲਾਂ ਦਾ ਜਿਸ ਵੀ ਲੇਖਕ ਜਾਂ ਕਵੀ ਨੇ ਲੋਕ ਸਰੋਕਾਰਾਂ ਨੂੰ ਮੁੱਖ ਰੱਖ ਕੇ ਰਚਨਾ ਦੀ ਸਿਰਜਣਾ ਕੀਤੀ ਉਸ ਲੇਖਕ ਨੂੰ ਸਿਰ ਅੱਖਾਂ 'ਤੇ ਹੀ ਨਹੀਂ ਬਿਠਾਇਆ ਸਗੋਂ ਉਹ ਰਚਨਾਵਾਂ ਲੋਕ ਬੋਲੀ, ਸੱਭਿਆਚਾਰ ਤੇ ਰਹਿਣ ਸਹਿਣ ਦਾ ਹਿੱਸਾ ਬਣੀਆਂ। ਜਾਂ ਇੰਜ ਕਹਿ ਲਓ, ਮੌਜੂਦਾ ਲੇਖਕਾਂ ਦੀ ਹਾਲਤ ਨੂੰ ਪੰਜਾਬੀ ਦੇ ਸਿਰਮੌਰ ਸ਼ਾਇਰ ਸੁਰਜੀਤ ਪਾਤਰ ਦੀਆਂ ਸਤਰਾਂ ਵਿਚ ਇੰਜ ਬਿਆਨਿਆ ਜਾ ਸਕਦਾ ਹੈ

*ਮੈਂ ਸਾਗਰ ਦੇ ਕੰਢੇ ਬੈਠਾ ਕੋਰੇ ਕਾਗਜ਼ ਲੈ ਕੇ*
*ਓਧਰ ਮਾਰੂਥਲ ਵਿਚ ਮੈਨੂੰ ਢੂੰਡਦੀਆਂ ਕਵਿਤਾਵਾਂ।*

*ਛੇਵਾਂ ਦਰਿਆ :*

# ਸਰੂ ਵਰਗੀ ਜੁਆਨੀ, ਖਾ ਲਈ ਨਸ਼ਿਆਂ ਨੇ

ਨਸ਼ਿਆਂ ਦੀ ਉੱਚੀ ਚੜ੍ਹੀ ਆ ਰਹੀ ਕਾਂਗ ਨੂੰ ਠੱਲ੍ਹ ਪਾਉਣ ਲਈ ਸਮਾਜ ਦੇ ਹਰ ਵਰਗ ਦੇ ਲੋਕ ਚਿੰਤਾਤੁਰ ਹਨ। ਨਸ਼ਿਆਂ ਦੇ ਛੇਵੇਂ ਦਰਿਆ ਨੇ ਪੰਜਾਬ ਨੂੰ ਆਪਣੀ ਮਾਰੂ ਲਪੇਟ ਵਿਚ ਲੈ ਲਿਆ ਹੈ।

ਨਸ਼ਿਆਂ ਦੀ ਵੰਨਗੀ, ਪੰਜਾਬ ਦੇ ਖਿਤਿਆਂ, ਉਮਰਾਂ ਅਤੇ ਆਰਥਕ-ਸਮਾਜਕ ਰੁਤਬੇ ਮੁਤਾਬਕ ਭਾਵੇਂ ਭਿੰਨ ਹੈ ਪਰ ਚੜ੍ਹਦੇ ਸੂਰਜ ਇਹ ਨਵੇਂ ਤੋਂ ਨਵੇਂ ਪੂਰ ਆਪਣੇ ਪੰਜਿਆਂ 'ਚ ਲੈ ਰਹੇ ਹਨ।

ਸਮੈਕ, ਭੁੱਕੀ, ਡੋਡੇ, ਟੀਕੇ, ਗੋਲੀਆਂ, ਅਫੀਮ, ਸ਼ਰਾਬ, ਹੈਰੋਇਨ ਆਦਿ ਤਾਂ ਹੁਣ ਆਮ ਹੀ ਵਰਤਾਰਾ ਬਣਦਾ ਜਾ ਰਿਹਾ ਹੈ। ਇਸ ਤੋਂ ਕਿਤੇ ਅੱਗੇ ਕਿਰਲੀਆਂ ਦਾ ਪਾਊਡਰ, ਆਇਓਡੈਕਸ ਅਤੇ ਬੋਅ ਮਾਰਦੀਆਂ ਜੁਰਾਬਾਂ ਤੱਕ ਨਿਚੋੜ ਕੇ ਸੜ੍ਹਾਕ ਜਾਣ ਨੂੰ ਵੀ 'ਸਵਰਗ ਦਾ ਝੂਟਾ' ਸਮਝਿਆ ਜਾ ਰਿਹਾ ਹੈ।

ਨਸ਼ਿਆਂ ਦੀ ਚੌਤਰਫੀ ਮਾਰ ਨੇ ਪੰਜਾਬ ਦੇ ਸਾਹ ਸਤ ਪੀ ਲਏ। ਆਰਥਕ, ਸਮਾਜਕ ਪੱਖੋਂ ਅਤੇ ਸਿਹਤ, ਸੋਚ, ਸਿਰਜਣਾਤਮਕ ਸ਼ਕਤੀ ਦਾ ਵੀ ਭੋਗ ਪਾਇਆ ਜਾ ਰਿਹਾ ਹੈ। ਮਾਨਸਿਕ, ਨੈਤਿਕ ਅਤੇ ਸਭਿਆਚਾਰਕ ਖੇਤਰ ਅੰਦਰ ਨਸ਼ਿਆਂ ਨੇ ਆਮ ਸਮਾਜੀ ਜ਼ਿੰਦਗੀ 'ਚ ਤੂਫਾਨ ਲੈ ਆਂਦਾ ਹੈ।

ਪਿੰਡਾਂ, ਸ਼ਹਿਰਾਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਹੋਸਟਲਾਂ, ਹੋਟਲਾਂ, ਪੱਬਾਂ, ਢਾਬਿਆਂ ਆਦਿ ਵਰਗੀ ਉਹ ਕਿਹੜੀ ਥਾਂ ਹੈ ਜਿਥੇ ਨਸ਼ਿਆਂ ਦੇ ਜ਼ਹਿਰੀ ਨਾਗ ਨੇ ਆਪਣਾ ਫਣ ਨਹੀਂ ਚੁੱਕਿਆ। ਇਥੋਂ ਤੱਕ ਕਿ ਹੋਸਟਲਾਂ 'ਚ ਕੁੜੀਆਂ ਵੀ ਇਨ੍ਹਾਂ ਦੀ ਲਪੇਟ 'ਚ ਆ ਰਹੀਆਂ ਹਨ।

ਚੜ੍ਹਦੀ ਜੁਆਨੀ ਵਿਸ਼ੇਸ਼ ਕਰਕੇ ਨਸ਼ਿਆਂ ਦੀ ਗ੍ਰਿਫਤ ਵਿਚ ਫਸ ਰਹੀ ਹੈ। ਉਨ੍ਹਾਂ ਦੇ ਮਾਪੇ ਆਪਣੀਆਂ ਅੱਖਾਂ ਅੱਗੇ ਹੱਥਾਂ 'ਚੋਂ ਹੀ ਰੇਤ ਵਾਂਗ ਕਿਰਦੀ ਸੰਤਾਨ ਦੇ ਮੰਦੜੇ ਹਾਲ ਤੱਕ ਕੇ ਝੂਰ ਰਹੇ ਹਨ। ਘਰਾਂ 'ਚ ਰੱਟੇ, ਕਲੇਸ਼, ਬਟਵਾਰੇ, ਲੜਾਈ ਝਗੜੇ ਵਧ ਰਹੇ ਹਨ। ਗੱਲ ਕੀ ਪੰਜਾਬ ਅੰਦਰ ਹੁਣ ਮੜ੍ਹੀਆਂ ਦੇ ਸਿਰਨਾਵੇਂ ਪਤਾ ਕਰਨ ਦੀ ਲੋੜ ਨਹੀਂ, ਹਸਦੇ ਵਸਦੇ ਘਰ

ਹੀ ਸ਼ਮਸ਼ਾਨ ਭੂਮੀ ਬਣਦੇ ਜਾ ਰਹੇ ਹਨ। ਨਸ਼ਿਆਂ ਦੀ ਹਨ੍ਹੇਰੀ ਘਰਾਂ 'ਚੋਂ ਚਾਅ ਮਲਾਰ ਅਤੇ ਰੌਣਕਾਂ ਉਡਾ ਕੇ ਲਿਜਾ ਰਹੀ ਹੈ।

'ਪੰਜਾਬੀ ਟ੍ਰਿਬਿਊਨ' ਵੱਲੋਂ 'ਨਸ਼ਿਆਂ ਵੱਟੇ ਵੋਟ ਨਹੀਂ' ਸ਼ੁਰੂ ਕੀਤੀ ਮੁਹਿੰਮ ਨੂੰ ਸਮਾਜ ਦੇ ਵੱਖ-ਵੱਖ ਵਰਗਾਂ, ਸੰਸਥਾਵਾਂ ਅਤੇ ਵਿਅਕਤੀਆਂ ਵੱਲੋਂ ਮਿਲਿਆ ਉਤਸ਼ਾਹੀ ਹੁੰਗਾਰਾ ਵੀ ਪ੍ਰਤੀਕ ਹੈ ਕਿ ਅਸਲ 'ਚ 'ਪੰਜਾਬੀ ਟ੍ਰਿਬਿਊਨ' ਨੇ ਪੰਜਾਬ ਦੀ ਦੁਖਦੀ ਰਗ 'ਤੇ ਹੱਥ ਧਰਿਆ ਹੈ। ਇਨ੍ਹਾਂ ਯਤਨਾਂ ਦੀ ਮਹਿਜ਼ ਸ਼ਲਾਘਾ ਹੀ ਨਹੀਂ ਹੋਈ ਸਗੋਂ ਅਮਲੀ ਤੌਰ 'ਤੇ ਲੋਕ ਇਸ ਮੁਹਿੰਮ 'ਚ ਭਾਗੀਦਾਰ ਬਣੇ। ਨਸ਼ਿਆਂ ਦਾ ਕੈਂਸਰ ਜਿੰਨਾ ਭਿਆਨਕ ਹੈ ਅਤੇ ਜਿਸ ਕਦਰ ਇਹ ਸਮਾਜ ਅੰਦਰ ਜੜ੍ਹਾਂ ਫੈਲਾ ਚੁੱਕਾ ਹੈ ਇਸ ਤੋਂ ਛੁਟਕਾਰਾ ਪਾਉਣ ਲਈ ਨਿਰੰਤਰ ਅਤੇ ਵਿਆਪਕ ਜਨਤਕ ਹੰਭਲੇ ਦੀ ਲੋੜ ਹੈ। ਇਹ ਝੁੱਟੀ ਮਾਰਕੇ ਹੱਲ ਹੋਣ ਵਾਲੀ ਮਰਜ਼ ਨਹੀਂ। ਇਸ ਦੇ ਗਹਿਰੇ ਕਾਰਨਾਂ ਦੀ ਨਿਸ਼ਾਨਦੇਹੀ ਜ਼ਰੂਰੀ ਹੈ। ਇਸ ਦੀ ਮਾਰ ਹੇਠ ਆਏ ਅਤੇ ਆ ਰਹੇ ਹਿੱਸਿਆਂ ਤੱਕ ਇਕ ਜਨਤਕ ਅੰਦੋਲਨ ਦੀ ਸ਼ਕਲ 'ਚ ਪਹੁੰਚ ਕਰਨੀ ਬਣਦੀ ਹੈ। ਇਸ ਦੇ ਉਪਾਅ ਲਈ ਨਸ਼ਾ ਛੁਡਾਊ ਕੈਂਪ ਜਾਂ ਕੇਂਦਰ ਦੀ ਬਜਾਏ ਅਸਲ 'ਚ ਬਹੁਪੱਖੀ ਜੰਗ ਛੇੜਨ ਵਰਗੀ ਵਿਸਫੋਟਕ ਸਥਿਤੀ ਸਾਡੇ ਸਾਹਮਣੇ ਖੜ੍ਹੀ ਹੈ। 'ਪੰਜਾਬੀ ਟ੍ਰਿਬਿਊਨ' ਵੱਲੋਂ ਜਗਾਈ ਜੋਤ ਨੇ ਤਾਂ ਇਹ ਦਰਸਾ ਦਿੱਤਾ ਹੈ ਕਿ ਜੇਕਰ ਇਸ ਮਸਲੇ ਬਾਰੇ ਕੋਈ ਵੀ ਸੰਸਥਾ ਸਾਫ ਸੁਥਰੇ ਇਰਾਦੇ ਨਾਲ ਗੱਲ ਛੇੜਦੀ ਹੈ ਤਾਂ ਅਜੇਹੇ ਹਿੱਸਿਆਂ ਦੀ ਵੀ ਤੋਟ ਨਹੀਂ ਜਿਹੜੇ ਇਸ ਆਵਾਜ਼ 'ਚ ਆਵਾਜ਼ ਮਿਲਾਉਣ ਅਤੇ ਇਸ ਨੂੰ ਇਕ ਜਨਤਕ ਲਹਿਰ ਬਣਾਉਣ ਲਈ ਅੱਗੇ ਆ ਸਕਦੇ ਹਨ।

ਇਹ ਨਸ਼ੇ ਕਿਸੇ ਮਾਂ ਦੀ ਗੁੜ੍ਹਤੀ ਤੋਂ ਜਾਂ ਘਰੇ ਪੁੱਟੇ ਕਿਸੇ ਟੋਏ 'ਚੋਂ ਤਾਂ ਪ੍ਰਾਪਤ ਨਹੀਂ ਹੁੰਦੇ। ਇਹ ਮੁਨਾਫੇ ਦੀ ਵਿਆਪਕ ਮੰਡੀ ਦਾ ਕਾਰੋਬਾਰ ਬਣ ਚੁੱਕਿਆ ਹੈ। ਇਸ ਦੇ ਵਪਾਰੀ, ਕਰੋੜਾਂ ਅਰਬਾਂਪਤੀ ਵੀ ਬਣ ਬੈਠੇ ਹਨ। ਇਨ੍ਹਾਂ ਦੀਅੰਇਸ ਦੀ ਢੁਕਵੀਂ ਇਲਾਜ ਵਿਧੀ ਅਪਣਾਈ ਜਾ ਸਕਦੀ ਹੈ। ਸਤਹੀ ਪੱਧਰ 'ਤੇ ਪੜਤਾਲਿਆਂ ਇਸ ਦਾ ਇਲਜ਼ਾਮ ਵੀ ਸਤਹੀ ਜਗ੍ਹਾ'ਤੇ ਟਿੱਕਿਆ ਜਾਂਦਾ ਹੈ ਅਤੇ ਉਪਾਅ ਲਈ ਵੀ ਦਰਵਾਜ਼ਾ ਕਿਸੇ ਅਢੁਕਵੇਂ ਦੁਆਰ ਦਾ ਹੀ ਖੜਕਾਇਆ ਜਾਂਦਾ ਹੈ।

ਭਾਸ਼ਾ ਵਿਗਿਆਨੀਆਂ ਮੁਤਾਬਕ ਪੰਜਾਬੀ ਵਿਚ ਨਸ਼ਾ ਸ਼ਬਦ ਫਾਰਸੀ ਤੋਂ ਆਇਆ ਹੈ ਜਿਸ ਦਾ ਅਰਥ ਹੈ-ਸਰੂਰ, ਮਸਤੀ, ਮਦਹੋਸ਼ੀ ਜਾਂ ਖੀਵਾਪਣ। ਕੁਝ ਹੋਰ ਰਲਵੇਂ ਮਿਲਵੇਂ ਸ਼ਬਦਾਂ ਵਿਚ ਇਸ ਨੂੰ ਆਨੰਦ, ਖੇੜਾ, ਖੁਆਰੀ ਆਦਿ ਨਾਲ ਵੀ ਮੁਖਾਤਬ ਹੋਇਆ ਜਾਂਦਾ ਹੈ।

ਇਹ ਓਪਰੀ ਤੌਰ 'ਤੇ ਜ਼ਿੰਦਗੀ ਦੇ ਅਨੇਕਾਂ ਝੰਜਟਾਂ ਮਾਨਸਿਕ ਤਣਾਵਾਂ, ਥਕਾਨ ਆਦਿ ਤੋਂ ਵਕਤੀ ਰਾਹਤ ਪ੍ਰਾਪਤੀ ਲਈ 'ਸਵਰਗ ਦਾ ਝੂਟਾ' ਜਾਪ ਸਕਦਾ ਹੈ ਪਰ ਅਸਲ 'ਚ ਇਹ ਉਲਟਾ ਉਹਨਾਂ ਸਭਨਾਂ ਸਮੱਸਿਆਵਾਂ ਅਤੇ ਗਿਣੇ ਜਾਂਦੇ ਕਾਰਨਾਂ ਵਿਚ ਢੇਰ ਵਾਧਾ

ਹੀ ਕਰਦਾ ਹੈ ਜਿਨ੍ਹਾਂ ਦੀ ਗਿਣਤੀ ਦਰਸਾ ਕੇ ਇਨ੍ਹਾਂ ਦੀ ਵਰਤੋਂ ਨੂੰ ਕਈ ਵਾਰ ਵਾਜਬ ਠਹਿਰਾਇਆ ਜਾਂਦਾ ਹੈ

ਬਿਨਾਂ ਸ਼ੱਕ ਕਿਹੜਾ ਜੀਵ ਜਾਂ ਬਨਸਪਤੀ ਹੈ ਜੋ ਖੇੜਾ ਨਹੀਂ ਚਾਹੁੰਦਾ। ਇਸ ਦੀ ਪ੍ਰਾਪਤੀ ਹਕੀਕੀ ਹੋਵੇ। ਸਾਰਥਕ, ਸਿਰਜਣਾਤਮਕ ਅਤੇ ਸਮਾਜੀ ਵਰਤਾਰੇ 'ਚ ਭਲੇ ਹਿੱਤ ਹੋਵੇ। ਨਸ਼ਿਆਂ ਦੇ ਜ਼ੋਰ ਥੋੜ੍ਹੇ ਚਿਰੇ ਹੁਲਾਰੇ ਦੇ ਝਲਕਾਰੇ ਦਿਖਾ ਕੇ ਵਪਾਰੀਆਂ ਦੇ ਧੰਨ ਵਧਾਰੇ ਅਤੇ ਜਾਲ 'ਚ ਫਸਣ ਵਾਲਿਆਂ ਦੀ ਤਬਾਹੀ ਦਾ ਵਰਤਾਰਾ ਨਾ ਹੋਵੇ।

ਜੇ ਆਮ ਆਦਮੀ ਦੇ ਇਸ ਮੱਕੜ ਜਾਲ 'ਚ ਫਸਣ ਦਾ ਵੀ ਵਿਗਿਆਨਕ ਵਿਸ਼ਲੇਸ਼ਣ ਕਰੀਏ ਤਾਂ ਪਤਾ ਲੱਗਦਾ ਹੈ ਕਿ ਸੀਰੀ, ਕਾਮੇ, ਡਰਾਈਵਰ, ਕੰਡਕਟਰ, ਚੜ੍ਹਦੀ ਜੁਆਨੀ, ਕਿਸਾਨੀ ਅਤੇ ਮੱਧ ਵਰਗ ਵਰਗੇ ਹਿੱਸੇ ਜੋ ਇਸ ਦੀ ਗ੍ਰਿਫ਼ਤ ਵਿਚ ਆ ਰਹੇ ਹਨ ਉਨ੍ਹਾਂ ਵਿਚ ਵਡੇਰਾ ਹਿੱਸਾ ਅਜੇਹਾ ਵੀ ਹੈ ਜਿਸ ਕੋਲ ਜ਼ਿੰਦਗੀ ਦੀ ਸਿਰਜਣਾ ਦਾ ਕੋਈ ਢੁਕਵਾਂ ਮਾਡਲ ਜਾਂ ਆਸ਼ਾਮਈ ਭਵਿੱਖ ਨਹੀਂ। ਉਨ੍ਹਾਂ ਲਈ ਚੰਗੀ ਖੁਰਾਕ, ਮਨੋਰੰਜਨ, ਮਾਨਸਿਕ ਤਣਾਵਾਂ ਤੋਂ ਰਾਹਤ ਦੇ ਹੋਰ ਸਾਰਥਕ ਵਸੀਲੇ ਨਹੀਂ। ਉਨ੍ਹਾਂ ਨੂੰ ਚੌਗਿਰਦਾ ਜੋ ਪਰੋਸ ਰਿਹੈ ਉਹ ਹਫਲੇ ਹੋਏ ਉਹੀ ਨਿਗਲੀ ਜਾ ਰਹੇ ਹਨ। ਜੇ ਕਿਸੇ ਚਿਰਾਂ ਦੇ ਪਿਆਸੇ ਤੜਫਦੇ ਬੰਦੇ ਅੱਗੇ ਗੰਧਲਾ ਪਾਣੀ ਵੀ ਧਰ ਦਿੱਤਾ ਜਾਵੇ ਤਾਂ ਉਹ ਇਕ ਵਾਰ ਤ੍ਰਿਪਤੀ ਲਈ ਡੀਕ ਲਗਾ ਕੇ ਪੀਣ ਦੀ ਕਰਦਾ ਹੈ ਅੱਗੇ ਜੋ ਹੋਊ ਸੋ ਹੋਊ! ਵਿਅਕਤੀ ਆਮ ਤੌਰ 'ਤੇ ਇਕੱਲੇ ਇਕੱਲੇ ਜ਼ਿੰਦਗੀ ਦੀਆਂ ਤਲਖ, ਔਖੀਆਂ, ਉੱਚੀਆਂ, ਨੀਵੀਆਂ ਅਤੇ ਲੰਮੀਆਂ ਘਾਟੀਆਂ ਦਾ ਜੀਵਨ ਸਫਰ ਕਰ ਰਹੇ ਹਨ। ਰਾਹਾਂ 'ਚ ਅਨੇਕਾਂ ਆਫਤਾਵਾਂ ਦੇ ਝੱਖੜ ਝੁੱਲਦੇ ਹਨ ਇਨ੍ਹਾਂ ਨਾਲ ਜਾਤੀ ਤੌਰ 'ਤੇ ਵਿਅਕਤੀ/ਪਰਿਵਾਰ ਖੁਦ ਹੀ ਦੋ ਚਾਰ ਹੋ ਰਹੇ ਹਨ। ਜਿਵੇਂ ਕਿਸੇ ਦੇ ਹੱਥ ਲੱਗਾ 'ਨੁਸਖਾ' ਜ਼ਿੰਦਗੀ ਦੇ ਝੰਜਟਾਂ ਤੋਂ ਰਾਹਤ ਦਿਵਾਉਂਦਾ ਲੱਗਦਾ ਹੈ ਉਹ ਉਸ ਦੀ ਵਰਤੋਂ ਕਰੀ ਤੁਰੇ ਜਾ ਰਹੇ ਹਨ। ਭਾਵੇਂ ਇਉਂ ਉਨ੍ਹਾਂ ਦੀਆਂ ਸਮੱਸਿਆਵਾਂ ਹੋਰ ਵੀ ਗੁਣਾਂ ਹੁੰਦੀਆਂ ਜਾ ਰਹੀਆਂ ਹਨ। ਅਜੇਹੇ ਖਿਲਾਅ ਦਾ ਸ਼ਾਤਰ ਹਿੱਸੇ ਆਪਣੇ ਸਿਆਸੀ ਅਤੇ ਆਰਥਕ ਮੁਫਾਦਾਂ ਲਈ ਭਰਪੂਰ ਲਾਹਾ ਵੀ ਖੱਟ ਰਹੇ ਹਨ, ਇਨ੍ਹਾਂ ਭੋਲੇ ਜਾਂ ਅੱਲੜ ਹਿੱਸਿਆਂ ਨੂੰ ਭਰਮਾ ਕੇ।

ਜਦੋਂ ਕਿ ਸਮਾਜ ਨੂੰ ਨਵੀਆਂ, ਨਰੋਈਆਂ, ਸਿਹਤਮੰਦ ਕਦਰਾਂ ਕੀਮਤਾਂ ਨਾਲ ਅਮੀਰ ਬਣਾਉਣ ਲਈ ਵਿਆਪਕ ਅਤੇ ਨਿਰੰਤਰ ਉਪਰਾਲੇ ਰਾਜਕੀ ਪੱਧਰ 'ਤੇ ਵਿਸ਼ੇਸ਼ ਯਤਨ ਜੁਟਾ ਕੇ, ਲੋਕਾਂ ਦੀਆਂ ਪਦਾਰਥਕ ਅਤੇ ਮਾਨਸਿਕ ਲੋੜਾਂ ਦੀ ਬਣਦੀ ਢੁਕਵੀਂ ਪੂਰਤੀ ਕਰਕੇ ਹੀ ਸਫਲ ਨਤੀਜੇ ਕੱਢ ਸਕਦੇ ਹਨ। ਜਦੋਂ ਰਾਜ ਭਾਗ ਦੀਆਂ ਡੋਰਾਂ ਹੀ ਉਨ੍ਹਾਂ ਹੱਥਾਂ 'ਚ ਹੋਣ ਜਿਨ੍ਹਾਂ ਨੇ ਨਸ਼ਿਆਂ ਦੇ ਦਰਿਆ ਵਗਾ ਕੇ ਹੀ ਆਪਣੇ ਕਈ ਤਰ੍ਹਾਂ ਨਾਲ ਹੱਥ ਰੰਗਣੇ ਹਨ ਤਾਂ ਫਿਰ ਇਨ੍ਹਾਂ ਦਰਬਾਰਾਂ ਤੋਂ ਨਸ਼ਾ ਮੁਕਤੀ ਦੀ ਕਦਾਚਿਤ ਝਾਕ ਨਹੀਂ ਰੱਖੀ ਜਾ ਸਕਦੀ।

ਇਹ ਕਾਰਜ ਸਮਾਜ ਪ੍ਰਤੀ ਚਿੰਤਨਸ਼ੀਲ ਅਤੇ ਕਿਰਿਆਸ਼ੀਲ ਹਿੱਸਿਆਂ ਦੇ ਹਿੱਸੇ ਹੀ

ਆਉਂਦਾ ਹੈ। ਉਹ ਲੋਕਾਂ 'ਚ ਅਜੋਕੇ ਆਰਥਕ, ਸਮਾਜਕ, ਰਾਜਨੀਤਕ ਅਤੇ ਸਭਿਆਚਾਰਕ ਪ੍ਰਬੰਧ ਬਾਰੇ ਵੀ ਜਾਗਰੂਕ ਕਰਨ। ਇਸ ਦੇ ਮਿੱਤਰਾਂ ਅਤੇ ਦੋਖੀਆਂ ਦੀ ਸ਼ਨਾਖਤ ਲਈ ਅਵਾਮ ਦੇ ਮੱਥੇ 'ਚ ਤੀਜਾ ਨੇਤਰ ਵੀ ਪੈਦਾ ਕਰਨ। ਹੱਥ 'ਤੇ ਹੱਥ ਧਰ ਕੇ ਬੈਠਣ ਜਾਂ ਕਿਸੇ ਸਰਕਾਰੀ ਦਰਬਾਰੋਂ ਜਾਂ ਅੰਬਰੋਂ ਉਤਰਨ ਵਾਲੇ ਕਿਸੇ ਪੀਰ ਪੈਗੰਬਰ ਤੋਂ ਸਮਾਜ 'ਚ ਫੈਲੇ ਇਸ ਕੋਹੜ ਤੋਂ ਛੁਟਕਾਰੇ ਦੀ ਝਾਕ ਰੱਖਣ ਦੀ ਬਜਾਏ ਖੁਦ ਸਰਗਰਮੀ ਨਾਲ ਅੱਗੇ ਆਉਣ। ਚੇਤਨ ਹਿੱਸੇ ਅਗਵਾਨੀ ਕਰਨ। ਮੁਕਾਬਲਤਨ ਚੇਤਨ ਹੋਰ ਹੰਭਲਾ ਮਾਰਨ ਅਤੇ ਸਮਾਜ 'ਚ ਪਛੜੀਆਂ ਪਰਤਾਂ ਨੂੰ ਸਿਖਿਅਤ ਕਰਨ। ਜ਼ਿੰਦਗੀ ਦਾ ਹਕੀਕੀ ਲੁਤਫ ਮਾਨਣ ਲਈ ਉਨ੍ਹਾਂ 'ਚ ਗਿਆਨ ਦਾ ਚਾਨਣ ਵੰਡਣ। ਉਨ੍ਹਾਂ ਨੂੰ ਜਚਾਉਣ ਕਿ ਹਰ ਵੰਨਗੀ ਦੇ ਪਾੜਿਆਂ, ਵਿਤਕਰਿਆਂ, ਧੋਖਾਧੜੀਆਂ, ਮੁਨਾਫੇ ਦੇ ਬਾਜ਼ਾਰ, ਮਾਨਸਿਕ ਤਣਾਵਾਂ ਤੋਂ ਮੁਕਤ ਸਮਾਜ ਦੀ ਸਿਰਜਣਾ ਸੰਭਵ ਹੈ। ਬਸ਼ਰਤੇ ਕਿ ਕਾਲੇ ਦਿਲਾਂ ਵਾਲੇ ਵੰਨ ਸੁਵੰਨੇ ਰਾਜਿਆਂ ਮਹਾਂਰਾਜਿਆਂ ਦੀਆਂ ਨਵੀਆਂ ਸ਼ਕਲਾਂ ਅਤੇ ਨਵੀਆਂ ਨਸਲਾਂ ਦੇ ਖੂੰਖਾਰ ਪੰਜਿਆਂ ਤੋਂ ਮੁਕਤ ਨਿਜ਼ਾਮ ਦੀ ਸਿਰਜਣਾ ਕਰੀਏ।

ਆਪਣੇ ਦੇਖਦਿਆਂ ਹੀ ਪੰਜਾਬ ਦਾ ਹਰ ਪੱਖੋਂ ਭੱਠਾ ਬਿਠਾ ਦਿੱਤਾ ਗਿਆ ਹੈ। ਇਹ ਛਿੰਝਾਂ, ਖੇਡਾਂ, ਮੇਲਿਆਂ, ਗੀਤਾਂ, ਗਿੱਧਿਆਂ, ਭੰਗੜਿਆਂ, ਹਾਸਿਆਂ ਖੇੜਿਆਂ ਦੀ ਧਰਤੀ ਕਬਰਸਤਾਨ ਬਣਾ ਕੇ ਧਰ ਦਿੱਤੀ। ਕੌਣ ਹਨ ਉਹ ਜਿਨ੍ਹਾਂ ਦੀਆਂ ਚੰਦਰੀਆਂ ਨਜ਼ਰਾਂ ਪੰਜਾਬ ਨੂੰ ਖਾ ਗਈਆਂ। ਅਜੋਕੇ ਗਲੇ ਸੜੇ ਅਤੇ ਮੁਨਾਫਾਮੁਖੀ ਪ੍ਰਬੰਧ ਅੰਦਰ ਮਨੁੱਖ ਨੂੰ ਤਾਂ ਸਮਾਜ 'ਤੇ ਕਾਬਜ਼ ਤਾਕਤਾਂ ਆਪਣੇ ਰਾਜਨੀਤਕ ਅਤੇ ਮੋਟੀ ਕਮਾਈ ਮੁਖੀ ਮਨੋਰਥਾਂ ਦਾ ਚਾਰਾ ਸਮਝਦੀਆਂ ਹਨ। ਹਰ ਸੰਭਵ ਢੰਗ ਨਾਲ ਉਹ ਸਮਾਜ ਦੇ ਵਿਸ਼ਾਲ ਹਿੱਸਿਆਂ ਨੂੰ ਆਪਣੇ ਖੂੰਖਾਰ ਜਬਾੜਿਆਂ ਹੇਠ ਦਰੜ ਰਹੀਆਂ ਹਨ।

ਨਸ਼ਿਆਂ ਦੇ ਪੰਜਿਆਂ 'ਚ ਫਸਿਆ ਆਮ ਆਦਮੀ ਆਪਣੇ ਆਰਥਕ ਸਾਧਨਾਂ, ਕਿਰਤ ਤੋਂ ਹੱਥ ਤਾਂ ਧੋਂਦਾ ਹੀ ਹੈ ਇਸ ਤੋਂ ਵੀ ਕਿਤੇ ਵਿਆਪਕ ਅਤੇ ਗਹਿਰਾ ਹਰਜ਼ਾ ਹੁੰਦਾ ਹੈ ਉਸ ਦਾ ਜਿਹਨੀਂ ਗੁਲਾਮੀ 'ਚ ਜਕੜਿਆ ਜਾਣਾ। ਉਸ ਦੀ ਸਵੈ ਨਿਰਣੇ, ਸਵੈ-ਚਿੰਤਨ ਅਤੇ ਸਵੈ-ਤਾਕਤ ਦਾ ਤਾਂ ਸਮਝੋ ਭੋਗ ਹੀ ਪੈ ਜਾਂਦਾ ਹੈ। ਨਸ਼ਿਆਂ ਦੀ ਗ੍ਰਿਫਤ 'ਚ ਆਇਆ ਹਿੱਸਾ ਸਮਾਜ ਤੇ ਅਨੇਕਾਂ ਸੂਖਮ ਤੰਦਾਂ ਰਾਹੀਂ ਹਾਵੀ ਤਾਕਤਾਂ ਲਈ ਤੁਰਦੀਆਂ ਫਿਰਦੀਆਂ ਲੋਥਾਂ ਦੇ ਸਮਾਨ ਹੁੰਦਾ ਹੈ। ਉਹਦੀ ਉਹ ਤਾਕਤ ਤਬਾਹ ਕਰ ਦਿੱਤੀ ਜਾਂਦੀ ਹੈ ਜਿਸ ਸਹਾਰੇ ਉਹ ਆਪਣੀ ਕਿਰਤ ਅਤੇ ਮਾਣ ਸਨਮਾਨ ਲਈ ਸਿਰ ਉੱਚਾ ਕਰਕੇ ਬੋਲ ਸਕਦਾ ਹੈ। ਜ਼ਿੰਦਗੀ ਮੌਤ ਦੀ ਲੜਾਈ ਲੜ ਸਕਦਾ ਹੈ। ਉਹ ਹੋਰਨਾਂ ਦਰੜੇ ਲੋਕਾਂ ਨਾਲ ਸਾਂਝ ਦੀ ਡੋਰ ਮਜ਼ਬੂਤ ਕਰ ਸਕਦਾ ਹੈ। ਨਸ਼ਿਆਂ ਦੇ ਜਕੜੇ ਹਿੱਸਿਆਂ ਨੂੰ ਰਬੜ ਦੇ ਖਿਡੌਣੇ ਸਮਝ ਕੇ ਸਿਆਸੀ ਖੇਡਾਂ ਖੇਡੀਆਂ ਜਾਂਦੀਆਂ ਹਨ। ਡਾਢੇ, ਨਿਰਭੈ ਹੋ ਜਾਂਦੇ ਹਨ।

ਸਮਾਜ ਅੰਦਰ ਨਸ਼ਿਆਂ ਤੋਂ ਮੁਕਤ ਮਨੁੱਖਾ ਸ਼ਕਤੀ ਹੀ ਖੇਤੀ, ਸਨਅਤ, ਤਕਨੀਕ, ਸਿੱਖਿਆ, ਸਿਹਤ, ਖੇਡ ਸੰਸਾਰ, ਕਲਾ ਅਤੇ ਸਭਿਆਚਾਰ ਜਗਤ, ਵਿਗਿਆਨ ਗੱਲ ਕੀ ਜ਼ਿੰਦਗੀ ਦੇ ਹਰ ਖੇਤਰ ਅੰਦਰ ਬੁਲੰਦੀਆਂ ਛੋਹ ਸਕਦੀ ਹੈ। ਸਿਹਤਮੰਦ ਸਮਾਜ ਸਿਰਜ ਸਕਦੀ ਹੈ। ਤਾਕਤਵਰ, ਜਿਉਂਦੀ ਜਾਗਦੀ ਅਤੇ ਜੁਝਾਰੂ ਸ਼ਕਤੀ ਦਾ ਕਿਲਾ ਸਿਰਜ ਸਕਦੀ ਹੈ। ਸਮਾਜ ਨੂੰ ਨਵੀਆਂ ਲੀਹਾਂ 'ਤੇ ਦੌੜਨ ਲਗਾ ਸਕਦੀ ਹੈ। ਇਹ ਜ਼ਰੂਰਤ ਉਨ੍ਹਾਂ ਲੋਕ ਹਿੱਸਿਆਂ ਦੀ ਹੈ ਜਿਹੜੇ ਜ਼ਿੰਦਗੀ ਦੇ ਹਰ ਖੇਤਰ ਅੰਦਰ ਹੀ ਹਾਸ਼ੀਏ ਤੋਂ ਵੀ ਬਾਹਰ ਜਾਂ ਹਾਸ਼ੀਏ 'ਤੇ ਧੱਕ ਮਾਰੇ ਹਨ।

ਇਸ ਲਈ ਸਮੂਹ ਸੁਹਿਰਦ ਹਿੱਸਿਆਂ ਸਿਰ ਇਹ ਵਡੇਰੀ ਜ਼ਿੰਮੇਵਾਰੀ ਆਉਂਦੀ ਹੈ ਕਿ ਉਹ ਸਮਾਜ ਦੇ ਇਨ੍ਹਾਂ ਮਾਰ ਹੇਠ ਆਏ ਹਿੱਸਿਆਂ ਨੂੰ ਜਾਗਰੂਕ ਕਰਨ ਅਤੇ ਇਕ ਚੇਤਨ ਜੀਵਨ ਸ਼ਕਤੀ 'ਚ ਢਾਲਣ ਲਈ ਹਰ ਸੰਭਵ ਉਪਰਾਲਾ ਕਰਨ।

*ਦੇਸ਼ ਭਗਤ ਯਾਦਗਾਰ ਹਾਲ :*

# ਇਨਕਲਾਬੀ ਸਰਗਰਮੀਆਂ ਦਾ ਕੇਂਦਰ

ਸੁਤੰਤਰਤਾ ਸੰਗਰਾਮ, ਦੇਸ਼ ਭਗਤੀ ਅਤੇ ਖਾਸਕਰ ਗਦਰ ਪਾਰਟੀ ਦੇ ਇਤਿਹਾਸ ਨੂੰ ਆਪਣੀ ਬੁੱਕਲ 'ਚ ਸਮੋਈ ਬੈਠਾ ਜਲੰਧਰ ਦਾ ਦੇਸ਼ ਭਗਤ ਯਾਦਗਾਰ ਹਾਲ ਮੁਲਾਜ਼ਮ, ਮਜ਼ਦੂਰਾਂ ਕਿਸਾਨ ਦੀਆਂ ਸਰਗਰਮੀਆਂ ਦਾ ਕੇਂਦਰ ਹੈ। ਗੂੰਗੇ ਅਤੇ ਬੋਲੇ ਹੁਕਮਰਾਨਾਂ ਨੂੰ ਹਲੂਣਾ ਦੇਣ ਲਈ ਜਿਵੇਂ ਮੁਲਾਜ਼ਮ ਚੰਡੀਗੜ੍ਹ ਦੇ ਮਟਕਾ ਚੌਂਕ 'ਚ ਧਰਨੇ ਮੁਜ਼ਾਹਰੇ ਕਰਕੇ ਰੋਸ ਪ੍ਰਦਰਸ਼ਨ ਕਰਦੇ ਹਨ ਉਵੇਂ ਹੀ ਦੇਸ਼ ਭਗਤ ਯਾਦਗਾਰ ਹਾਲ 'ਚ ਸ਼ਾਇਦ ਹੀ ਹੁਣ ਕੋਈ ਅਜਿਹਾ ਦਿਨ ਹੋਵੇ ਜਦੋਂ ਇਕ ਜਾਂ ਦੂਜੇ ਹਾਲ ਅਤੇ ਕੋਨੇ ਅੰਦਰ ਕੋਈ ਨਾ ਕੋਈ ਛੋਟਾ ਵੱਡਾ ਇਕੱਠ ਨਾ ਜੁੜਿਆ ਹੋਵੇ ਅਤੇ ਸਨਅਤੀ ਕਾਮਿਆਂ, ਖੇਤ ਮਜ਼ਦੂਰਾਂ, ਬੇਜ਼ਮੀਨੇ ਕਿਸਾਨਾਂ, ਕਿਸਾਨਾਂ, ਮੁਲਾਜ਼ਮਾਂ, ਵਿਦਿਆਰਥੀਆਂ, ਨੌਜਵਾਨ ਸਾਹਿਤਕਾਰਾਂ, ਬੁੱਧੀਜੀਵੀਆਂ, ਰੰਗ ਕਰਮੀਆਂ ਤੇ ਲਾਲ ਝੰਡਿਆਂ ਵਾਲਿਆਂ ਨੇ ਸ਼ਹਿਰ ਦੇ ਰਾਜਸੀ ਮਹੌਲ 'ਚ ਗਰਮਾਹਟ ਨਾ ਲਿਆਂਦੀ ਹੋਵੇ। ਜਿਵੇਂ ਮਟਕਾ ਚੌਂਕ ਵਿਖਾਵਿਆਂ 'ਤੇ ਰੋਕਾਂ ਲਗਾ ਦਿੱਤੀਆਂ ਉਹ ਦਿਨ ਵੀ ਆ ਸਕਦੇ ਹਨ ਜਦੋਂ ਯਾਦਗਾਰ ਹਾਲ ਉੱਪਰ ਹਕੂਮਤੀ ਸਿਕੰਜਾ ਕੱਸਿਆ ਜਾਵੇ। ਭਾਵੇਂ ਕਿ ਜਲੰਧਰ ਰਾਜਧਾਨੀ ਨਾ ਹੋਣ ਕਰਕੇ ਇਥੇ ਵਿਧਾਨ ਸਭਾ ਦਾ ਘਿਰਾਓ ਜਾਂ ਸਕੱਤਰੇਤ ਵੱਲ ਨੂੰ ਮਾਰਚ ਜਿਹੇ ਪ੍ਰਦਰਸ਼ਨ ਦੀ ਕਦੇ ਜ਼ਰੂਰਤ ਨਹੀਂ ਪਈ ਪਰ ਦੇਸ਼ ਦੀ ਵੰਡ ਤੋਂ ਬਾਅਦ ਇਹ ਸ਼ਹਿਰ ਉੱਤਰੀ ਭਾਰਤ 'ਚ ਪ੍ਰਮੁੱਖ ਮੀਡੀਆ ਕੇਂਦਰ ਵਜੋਂ ਉੱਭਰਿਆ। ਇਸੇ ਕਰਕੇ ਹਰ ਲੋਕ ਪੱਖੀ ਯੂਨੀਅਨ, ਮੁਲਾਜ਼ਮ, ਮਜ਼ਦੂਰ ਤੇ ਕਿਸਾਨ ਜਥੇਬੰਦੀਆਂ ਇਥੋਂ ਹੀ ਆਪਣੇ ਸੰਘਰਸ਼ ਨੂੰ ਮਹੱਤਵਪੂਰਨ ਮੋੜ ਦਿੰਦੀਆਂ ਹਨ ਤਾਂ ਜੋ ਮੀਡੀਆ ਰਾਹੀਂ ਉਨ੍ਹਾਂ ਦੀਆਂ ਮੰਗਾਂ ਅਤੇ ਮੁੱਦਿਆਂ ਸਬੰਧੀ ਲੋਕ ਰਾਇ ਬਣ ਸਕੇ।

ਦੇਸ਼ ਭਗਤ ਯਾਦਗਾਰ ਹਾਲ ਸੰਘਰਸ਼ਾਂ ਦਾ ਕੇਂਦਰ ਇਸ ਕਰਕੇ ਵੀ ਹੈ ਕਿਉਂਕਿ ਦੂਰ ਦੁਰੇਡੇ ਤੋਂ ਆਉਣ ਵਾਲਿਆਂ ਲਈ ਪਹੁੰਚ ਕਰਨੀਂ ਬੜੀ ਹੀ ਸੁਖਾਲੀ ਹੈ। ਇਸੇ ਲਈ ਤਾਂ ਜਦੋਂ ਵੀ ਕਦੇ ਕਮਿਸ਼ਨਰ, ਡਿਪਟੀ ਕਮਿਸ਼ਨਰ ਜਾਂ ਪੁਲੀਸ ਅਧਿਕਾਰੀਆਂ ਦਾ ਘਿਰਾਓ ਕਰਨਾਂ ਹੋਵੇ ਤਾਂ ਦੇਸ਼ ਭਗਤ ਯਾਦਗਾਰ ਹਾਲ ਤੋਂ ਹੀ ਟਰੇਡ ਯੂਨੀਅਨਾਂ ਦੇ ਆਗੂ ਅਤੇ ਵਰਕਰ ਸੰਘਰਸ਼ ਵੱਲ ਨੂੰ ਅੱਗੇ ਵਧਦੇ ਹਨ ਮੁਲਾਜ਼ਮ ਸਰਗਰਮੀਆਂ ਤਾਂ ਅਕਸਰ ਹੀ ਇਸ ਹਾਲ ਦੇ ਕੰਪਲੈਕਸ ਅੰਦਰ ਨਿੱਤ ਰੋਜ਼ ਦਾ ਹਿੱਸਾ ਹਨ। ਪੰਜਾਬ ਦੇ ਕਈ ਮਜਾਰਾਂ, ਧਾਰਮਿਕ

ਅਸਥਾਨਾਂ ਅਤੇ ਮੇਲਿਆਂ ਮੌਕੇ ਰੇੜ੍ਹੀਆਂ-ਫੜ੍ਹੀਆਂ ਲੱਗੀਆਂ ਹੁੰਦੀਆਂ ਹਨ, ਹਰ ਐਤਵਾਰ ਹੀ ਯਾਦਗਾਰ ਹਾਲ ਅੰਦਰ ਮੇਲੇ ਵਰਗਾ ਦ੍ਰਿਸ਼ ਦੇਖਿਆਂ ਹੀ ਬਣਦਾ ਹੈ। ਠੰਢੀਆਂ ਛਾਵਾਂ, ਗਰਮੀ ਰੁੱਤੇ ਅਤੇ ਨਿੱਘੀਆਂ ਧੁੱਪਾਂ ਸਰਦੀ ਰੁੱਤੇ, ਬੈਠਣ ਲਈ ਦਰੀਆਂ ਅਤੇ ਜਿੰਨਾ ਕੁ ਹੋ ਸਕੇ ਸੇਵਾ ਹਿੱਤ ਕਮਰਾ ਅਤੇ ਹੋਰ ਮੁਢਲੀਆਂ ਸਹੂਲਤਾਂ ਤਾਂ ਮੁਲਾਜ਼ਮ ਜਥੇਬੰਦੀਆਂ ਜਦੋਂ ਮਾਣਦੀਆਂ ਹਨ ਤਾਂ ਉਨ੍ਹਾਂ ਦੇ ਬੁੱਲ੍ਹਾਂ 'ਤੇ ਸੁਭਾਵਕ ਹੀ ਇਹ ਸ਼ਬਦ ਤੈਰਦੇ ਪੜ੍ਹੇ ਜਾ ਸਕਦੇ ਹਨ ਕਿ ਜਿਹੇ ਨਾਨਕੇ ਆ ਗਏ ਜਿਹੇ ਹਾਲ ਆ ਗਏ।

ਪੰਜਾਬ ਦੇ ਕਿਸੇ ਵੀ ਕੋਨੇ ਅੰਦਰ, ਕਿਸੇ ਵੀ ਵਰਗ ਅੰਦਰ, ਕਿਸੇ ਵੀ ਕਿਸਮ ਦੇ ਮਸਲੇ ਦੀ ਰੜਕਵੀਂ ਚੋਭ ਹੋਵੇ ਅਤੇ ਉਹ ਅਣਗੌਲੀ ਜਾ ਰਹੀ ਹੋਵੇ ਤਾਂ ਵਿਚਾਰਾਂ ਨੂੰ ਰਿੜਕਣ ਮਗਰੋਂ ਨਤੀਜਾ ਇਹੋ ਨਿਕਲਦਾ ਹੈ ਕਿ ਦੇਸ਼ ਭਗਤ ਯਾਦਗਾਰ ਹਾਲ ਨਾਲੋਂ ਢੁਕਵੀਂ ਕੋਈ ਥਾਂ ਨਹੀਂ। ਮੀਡੀਏ ਦਾ ਉਸ ਤੋਂ ਵੱਡਾ ਕੇਂਦਰ ਨਹੀਂ। ਪੰਜਾਬ ਦੀ ਭੂਗੋਲਿਕ ਸਥਿਤੀ ਪੱਖੋਂ ਵੀ ਪੰਜਾਬ ਦੇ ਕੋਨੇ ਕੋਨੇ ਤੋਂ ਜੁੜਨ ਵਾਲੇ ਇਕੱਠਾਂ ਦੇ ਲਿਹਾਜ ਨਾਲ ਇਹ ਕੇਂਦਰ ਬਿੰਦੂ ਹੀ ਮੰਨਿਆ ਜਾ ਰਿਹਾ ਹੈ। ਚਸ਼ਮਦੀਦ ਗਵਾਹਾਂ ਦਾ ਕਹਿਣਾ ਹੈ ਕਿ ਇਸ ਹਾਲ ਅੰਦਰ ਬਹੁਤ ਨਿੱਕੇ ਕਾਫਲੇ ਜੁੜੇ। ਜਿਨ੍ਹਾਂ ਨੇ ਆਪਣੀਆਂ ਹੱਕੀ ਮੰਗਾਂ ਲਈ ਜੱਦੋਜਹਿਦ ਦਾ ਝੰਡਾ ਬੁਲੰਦ ਕੀਤਾ ਅਤੇ ਉਹ ਦੇਖਦਿਆਂ ਹੀ ਦੇਖਦਿਆਂ ਬਹੁਤ ਹੀ ਧੜੱਲੇਦਾਰ ਅਤੇ ਕੁਰਬਾਨੀਆਂ ਦਾ ਇਤਿਹਾਸ ਰਚਣ ਵਾਲੀਆਂ ਟਰੇਡ ਜਥੇਬੰਦੀਆਂ ਬਣ ਕੇ ਨਿਕਲੀਆਂ। ਜਥੇਬੰਦੀਆਂ ਦੇ ਆਗੂਆਂ ਅਤੇ ਕਾਰਕੁਨਾਂ ਦੇ ਜੁਝਾਰੂ ਰੰਗ 'ਚ ਰੰਗੇ ਜਾਣ ਪਿੱਛੇ ਕਿਸੇ ਹੱਦ ਤੱਕ ਪ੍ਰੇਰਨਾ ਸਰੋਤ ਇਹ ਹਾਲ ਅਤੇ ਇਹ ਆਪਣੀ ਬੁੱਕਲ 'ਚ ਸੰਭਾਲੀ ਬੈਠਾ ਇਤਿਹਾਸ ਜ਼ਰੂਰ ਬਣਦਾ ਹੈ।

ਅੰਗਰੇਜ਼ਾਂ ਦੇ ਪੰਜਾਬ 'ਚ ਆਉਣ ਤੋਂ ਲੈ ਕੇ 1947 ਤੱਕ ਦਾ ਗੌਰਵਮਈ ਇਤਿਹਾਸ, ਮੁਲਾਜ਼ਮ ਜਥੇਬੰਦੀਆਂ ਅਤੇ ਹੋਰਨਾਂ ਮਿਹਨਤਕਸ਼ ਤਬਕਿਆਂ ਖਾਸ ਕਰਕੇ ਚੜ੍ਹਦੀ ਜਵਾਨੀ ਨੂੰ ਹੱਕ, ਸੱਚ, ਇਨਸਾਫ ਲਈ ਜੂਝਣ ਅਤੇ 'ਜ਼ਿੰਦਗੀ ਅਸੂਲਾਂ ਤੋਂ ਪਿਆਰੀ ਨਹੀਂ ਹੁੰਦੀ' ਦੇ ਰੰਗ ਵਿਚ ਰੰਗਣ ਦਾ ਕੰਮ ਕਰਦਾ ਹੈ।

ਜਦੋਂ ਟਰੇਡ ਜਥੇਬੰਦੀਆਂ ਜਾਂ ਹੋਰ ਸੰਘਰਸ਼ਸ਼ੀਲ ਸੰਸਥਾਵਾਂ ਜਾਨ ਹੂਲਵੇਂ ਘੋਲ ਲੜ ਰਹੀਆਂ ਹੁੰਦੀਆਂ ਹਨ ਤਾਂ ਉਸ ਮੌਕੇ ਆਪਣੇ ਇਨਕਲਾਬੀ ਇਤਿਹਾਸ ਤੋਂ ਰੋਸ਼ਨੀ ਲੈ ਕੇ ਆਪਾ ਵਾਰਨ ਲਈ ਤਤਪਰ ਰਹਿਣ ਦੀ ਸਪਿਰਟ ਗ੍ਰਹਿਣ ਕਰਨ ਅਤੇ 'ਸੁਰੱਖਿਆ ਛਤਰੀ' ਵਜੋਂ ਇਹ ਇਤਿਹਾਸਕ ਧਰੋਹਰ ਦੀ ਮਾਲਕ ਯਾਦਗਾਰ ਤੋਂ ਓਟ ਲੈਣ ਦਾ ਸੰਕਲਪ ਵੀ ਜ਼ਰੂਰ ਕੰਮ ਕਰ ਰਿਹਾ ਹੁੰਦਾ ਹੈ। ਪਿਛਲੇ ਅਰਸੇ 'ਚ ਪੰਜਾਬ ਅੰਦਰ ਕਿੰਨੀਆਂ ਹੀ ਸਰਕਾਰਾਂ ਆਈਆਂ ਕਿੰਨੀਆਂ ਹੀ ਗਈਆਂ, ਕਿੰਨੀਆਂ ਹੀ ਤੱਤੀਆਂ ਹਵਾਵਾਂ ਦਹਾਕਿਆਂ ਬੱਧੀ ਪੰਜਾਬ ਦੇ ਪਿੰਡੇ ਨੂੰ ਝੁਲਸਦੀਆਂ ਰਹੀਆਂ ਪਰ ਯਾਦਗਾਰ ਹਾਲ ਨੂੰ ਆਪਣਾ ਮੱਕਾ ਸਮਝਦੀਆਂ ਟਰੇਡ ਯੂਨੀਅਨਾਂ, ਜਨਤਕ ਜਥੇਬੰਦੀਆਂ, ਰਾਜਨੀਤਕ ਸ਼ਕਤੀਆਂ ਇਥੇ ਕੁਲੈਹਣੀ ਰੁੱਤੇ ਵੀ ਸਿਰ

ਜੋੜਦੀਆਂ ਰਹੀਆਂ। ਇਹ ਵੀ ਚਿੱਟੇ ਦਿਨ ਵਰਗੀ ਹਕੀਕਤ ਹੈ ਕਿ ਦੇਸ਼ ਭਗਤ ਯਾਦਗਾਰ ਹਾਲ ਨਾ ਕਿਸੇ ਸਰਕਾਰੀ ਅਦਾਰੇ ਦਾ ਰੂਪ ਹੈ ਅਤੇ ਨਾ ਕਿਸੇ ਵਿਸ਼ੇਸ਼ ਰਾਜਨੀਤਕ ਗੁੱਟ ਦਾ। ਇਥੇ ਹੁੰਦੀਆਂ ਮੀਟਿੰਗਾਂ, ਇਕੱਤਰਤਾਵਾਂ, ਸਰਗਰਮੀਆਂ ਨਾਲ ਕਮੇਟੀ ਸਿੱਧਾ ਜਾਂ ਅਸਿੱਧਾ ਕੋਈ ਜਥੇਬੰਦਕ ਨਾਤਾ ਵੀ ਨਹੀਂ ਰੱਖਦੀ ਪਰ ਫੇਰ ਵੀ ਪੰਜਾਬ ਦੀ ਸਮੁੱਚੀ ਟਰੇਡ ਯੂਨੀਅਨ ਲਹਿਰ ਦੇ ਆਪੋ ਵਿਚ ਭਾਵੇਂ ਜੋ ਮਰਜ਼ੀ ਰੱਟੇ ਕਲੇਸ਼ ਹੋਣ ਇਸ ਹਾਲ ਨੂੰ ਆਪਣਾ ਸਰਬ ਸਾਂਝਾ ਤੀਰਥ ਮੰਨਦੀ ਹੈ। ਆਪਣਾ ਸਰਬ ਸਾਂਝਾ ਦਾਦਕਾ, ਨਾਨਕਾ ਪਿੰਡ ਵਰਗਾ ਮਾਣ ਮੱਤਾ ਰਿਸ਼ਤਾ ਸਮਝਦੀ ਹੈ।

ਯਾਦਗਾਰ ਹਾਲ ਦੀ ਵਿਰਾਸਤ, ਇਸ ਦੀ ਕਮੇਟੀ ਅਤੇ ਇਸ ਦੀ ਬੁੱਕਲ ਦਾ ਨਿੱਘ ਮਾਣਦੀ ਆ ਰਹੀ ਪੰਜਾਬ ਦੀ ਟਰੇਡ ਯੂਨੀਅਨ ਤਹਿਰੀਕ ਤਾਂ ਸਾਡੀ ਅੱਖ ਨੂੰ ਨਜ਼ਰੀਂ ਪੈਂਦੀ ਹੈ ਅਸਲ ਵਿਚ ਇਸ ਸਭ ਕੁਝ ਦੀ ਬੁਨਿਆਦ ਧਰਨ ਵਾਲੇ ਮਹਾਨ ਦੇਸ਼ ਭਗਤ ਗਦਰੀ ਸੂਰਬੀਰ ਹਨ ਜਿਨ੍ਹਾਂ ਦੀ ਦੂਰ ਅੰਦੇਸ਼ੀ ਅਤੇ ਤਨ, ਮਨ, ਧਨ ਸਭ ਕੁਝ ਕੁਰਬਾਨ ਕਰਨ ਦੀ ਸਪਿਰਟ ਨੇ ਪੰਜਾਬ ਦੀ ਝੋਲੀ ਵਿਚ ਲਾਸਾਨੀ ਯਾਦਗਾਰ ਪਾਈ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਦੇਸ਼ ਭਗਤ ਯਾਦਗਾਰ ਹਾਲ ਵਿੱਚ ਹੁੰਦੇ ਸੰਘਰਸ਼ਾਂ ਤੋਂ ਆਮ ਲੋਕਾਂ ਨੂੰ ਕਦੇ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਹੀਂ ਹੋਈ ਅਤੇ ਪੁਲੀਸ ਦੀ ਇਹ ਕਦੇ ਹਿੰਮਤ ਨਹੀਂ ਪਈ ਕਿ ਹਾਲ ਦੇ ਵਿਹੜੇ ਵਿੱਚ ਦਾਖਲ ਹੋਕੇ ਕਿਸੇ ਮੁਜਾਹਰਾਕਾਰੀ 'ਤੇ ਹੱਥ ਚੁੱਕ ਲਵੇ।

ਸੰਤ ਬਾਬਾ ਵਿਸਾਖਾ ਸਿੰਘ ਦੀ ਪ੍ਰਧਾਨਗੀ ਹੇਠ ਬਣੀ ਪਰਿਵਾਰ ਸਹਾਇਕ ਕਮੇਟੀ ਤੋਂ ਸਫਰ ਤੈਅ ਕਰਦੀ ਆ ਰਹੀ ਅਜੋਕੇ ਸਰੂਪ ਦੀ ਦੇਸ਼ ਭਗਤ ਯਾਦਗਾਰ ਕਮੇਟੀ ਦੀਆਂ ਬੁਨਿਆਦਾਂ ਧਰਨ ਵਾਲੇ ਸਨ ਬਾਬਾ ਗੁਰਮੁਖ ਸਿੰਘ ਲਲਤੋਂ ਜਿਨ੍ਹਾਂ ਦਾ ਅਦੁੱਤਾ ਜੀਵਨ ਸੰਗਰਾਮ ਅਮਿਟ ਸਥਾਨ ਰੱਖਦਾ ਹੈ। ਬਾਬਾ ਸੋਹਣ ਸਿੰਘ ਭਕਨਾ, ਬਾਬਾ ਅਮਰ ਸਿੰਘ ਸੰਧਵਾਂ, ਫਿਰੋਜ਼ਪੁਰ ਦੇ ਪਿੰਡ ਜੈ ਸਿੰਘ ਵਾਲੇ ਦੇ ਗਦਰੀ ਬਾਬੇ ਭਾਗ ਸਿੰਘ ਵਰਗੇ ਮਹਾਨ ਸੰਗਰਾਮੀਆਂ ਨੇ ਆਪਣੀਆਂ ਜਾਇਦਾਦਾਂ ਵੇਚ ਕੇ, ਦੇਸ਼ ਵਿਦੇਸ਼ ਸਹਾਇਤਾ ਇਕੱਤਰ ਕਰਕੇ ਇਹ ਜ਼ਮੀਨ ਖਰੀਦੀ ਅਤੇ ਯਾਦਗਾਰ ਹਾਲ ਦੀ ਉਸਾਰੀ ਆਰੰਭ ਕੀਤੀ। ਰਾਏ ਬਹਾਦਰ ਬਦਰੀ ਦਾਸ ਨੇ ਇਹ ਜ਼ਮੀਨ ਜਿਸ 'ਚ ਉਸ ਦੀ ਕੋਠੀ ਵੀ ਸੀ, ਬਾਜ਼ਾਰ ਨਾਲੋਂ ਕਿਤੇ ਸਸਤੀ ਕੀਮਤ 'ਤੇ ਜੀ.ਟੀ. ਰੋਡ 'ਤੇ ਪੈਂਦੀ ਇਹ ਅਮੁੱਲੀ ਜਗ੍ਹਾ ਇਸ ਪਵਿੱਤਰ ਕਾਜ ਲਈ ਦਿੱਤੀ। ਇਹ ਸਮੁੱਚਾ ਵੱਖਰਾ ਵਿਸ਼ਾ ਹੈ। ਇਥੇ ਤਾਂ ਜ਼ਿਕਰ ਮਾਤਰ ਹੀ ਸੰਕੇਤ ਲਈ ਹੈ ਕਿ ਅੱਜ ਗਦਰ ਲਹਿਰ ਦੇ ਉਦੇਸ਼, ਨਿਸ਼ਾਨੇ ਅਤੇ ਉਸ ਦਾ ਸਮੁੱਚੇ ਇਤਿਹਾਸ ਦੀ ਜੇ ਮੁੜ ਸੁਰਜੀਤੀ ਹੋ ਰਹੀ ਹੈ ਤਾਂ ਇਸ ਵਿਚ ਅਜੇਹਾ ਦੇਸ਼ ਭਗਤ ਯਾਦਗਾਰ ਹਾਲ ਹੋਣ ਦੀ ਵੀ ਆਪਣੀ ਵਿਸ਼ੇਸ਼ ਭੂਮਿਕਾ ਹੈ। ਪੰਜਾਬ ਦੇ ਸਿਆਸੀ, ਸਮਾਜੀ ਮੰਚ 'ਤੇ ਫੈਲੇ ਧੁੰਦਲਕੇ 'ਚ ਦੇਸ਼ ਭਗਤ ਯਾਦਗਾਰ ਹਾਲ ਅਤੇ ਇਸ ਦੀਆਂ ਨੀਹਾਂ, ਅਤੀਤ ਵਿਚ ਪਿਆ ਇਤਿਹਾਸ, ਅੱਜ ਅਤੇ ਆਉਣ ਵਾਲੇ ਕੱਲ੍ਹ ਲਈ ਰੋਸ਼ਨੀ ਦੀ ਇਕ ਲੀਕ ਦਾ ਕੰਮ ਜ਼ਰੂਰ ਕਰ ਰਿਹਾ ਹੈ। ਵਿਗਿਆਨਕ,

ਤਰਕਸ਼ੀਲ, ਅਗਾਂਹਵਧੂ, ਜਮਹੂਰੀ, ਇਨਕਲਾਬੀ ਵਿਚਾਰਾਂ ਦੀ ਰੋਸ਼ਨੀ ਵੰਡਦਾ, ਇਸ ਹਾਲ ਅੰਦਰ ਕਮੇਟੀ ਵੱਲੋਂ ਲਗਦਾ ਮੇਲਾ ਗਦਰੀ ਬਾਬਿਆਂ ਦਾ, ਗਦਰ ਪਾਰਟੀ ਸਥਾਪਨਾ ਦਿਵਸ ਸਮਾਰੋਹ ਅਤੇ ਵਿਦਿਆਰਥੀ ਚੇਤਨਾ ਕੈਂਪ, ਪੁੰਗਰਦੀ ਪਨੀਰੀ ਅਤੇ ਚੜ੍ਹਦੀ ਜੁਆਨੀ ਨੂੰ ਗਹਿਰੇ ਸਮਾਜਕ ਸਰੋਕਾਰਾਂ ਦੇ ਲੜ ਲਾਉਣ ਦਾ ਸੰਵੇਦਨਸ਼ੀਲ ਅਤੇ ਪ੍ਰੇਰਨਾਮਈ ਉਪਰਾਲਾ ਹੈ। ਹਾਲ ਅੰਦਰ ਫੋਟੋ ਪ੍ਰਦਰਸ਼ਨੀ, ਪੁਸਤਕ ਮੇਲਾ ਲਾਇਬਰੇਰੀ ਅਤੇ ਸਮੇਂ ਸਮੇਂ ਕਮੇਟੀ ਵੱਲੋਂ ਹੁੰਦੀਆਂ ਨਿਰੰਤਰ ਸਰਗਰਮੀਆਂ ਅਤੇ ਉਨ੍ਹਾਂ 'ਚ ਪਰਿਵਾਰਾਂ, ਵਿਦਿਅਕ ਅਤੇ ਸਮਾਜਕ ਸੰਸਥਾਵਾਂ ਦੀ ਸ਼ਮੂਲੀਅਤ ਨੇ ਇਕ ਵਡੇਰਾ ਦੇਸ਼ ਭਗਤ ਪਰਿਵਾਰਕ ਘੇਰਾ ਸਿਰਜ ਰੱਖਿਆ ਹੈ। ਕਮੇਟੀ ਦਾ ਬੁਲਾਰਾ 'ਵਿਰਸਾ' ਅਤੇ ਸਮੇਂ ਸਮੇਂ ਸਾਹਿਤ ਪ੍ਰਕਾਸ਼ਨਾ ਨੇ ਮੇਲੇ ਦੇ ਉਦਮ ਨੂੰ ਹੋਰ ਵੀ ਜਰਬਾਂ ਦਿੰਦੇ ਹੋਏ ਕੌਮੀ ਮੁਕਤੀ ਜੱਦੋ ਜਹਿਦ ਦਾ ਅਣਗੌਲਿਆ, ਕੁਰਬਾਨੀਆਂ ਭਰਿਆ ਪੰਨਾ ਲੋਕਾਂ ਦੇ ਦਿਲ ਦਿਮਾਗ ਦੀ ਡਾਇਰੀ ਵਿਚ ਜੜਨ ਦਾ ਕੰਮ ਕੀਤਾ ਹੈ।

ਦੇਸ਼ ਭਗਤ ਯਾਦਗਾਰ ਹਾਲ ਸਿਰਫ ਇਕ ਫੋਟੋ ਪ੍ਰਦਰਸ਼ਨੀ ਦਾ ਮਿਊਜ਼ੀਅਮ, ਲਾਇਬਰੇਰੀ, ਸਮੇਂ ਸਮੇਂ ਹੋਣ ਵਾਲੀਆਂ ਬਹੁ-ਵੰਨਗੀ ਸਰਗਰਮੀਆਂ ਦਾ ਕੇਂਦਰ ਹੀ ਨਹੀਂ। ਇਸ ਦੇ ਹਿੱਸੇ ਅਤਿ ਮਹੱਤਵਪੂਰਨ ਗੱਲ ਇਹ ਆਉਂਦੀ ਹੈ ਕਿ ਇਸ ਦੇ ਟਰੱਸਟ ਨੇ ਇਸ ਨੂੰ ਜਿੰਨਾ ਇਸ ਦੀ ਅਮੀਰ ਵਿਰਾਸਤ ਦਾ ਵਰਤਮਾਨ ਦੀਆਂ ਚੁਣੌਤੀਆਂ ਅਤੇ ਭਵਿੱਖ ਦੇ ਸੁਆਲਾਂ ਨਾਲ ਤਾਲਮੇਲ ਬਿਠਾਉਣ ਲਈ ਚੇਤਨ ਹੰਭਲਾ ਮਾਰਿਆ ਇਹ ਓਨਾ ਹੀ ਹੋਰ ਬਹੁ ਪੱਖਾਂ ਤੋਂ ਖਿੱਚ ਦਾ ਕੇਂਦਰ ਬਣਦਾ ਗਿਆ।

ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਨੇ ਅਜੇਹੇ ਧੁਰੇ ਦਾ ਕੰਮ ਕੀਤਾ ਕਿ ਪੰਜਾਬ ਅੰਦਰ ਕਈ ਇਲਾਕਾ ਅਤੇ ਪਿੰਡ ਪੱਧਰੀ ਦੇਸ਼ ਭਗਤ ਕਮੇਟੀਆਂ ਬਣੀਆਂ। ਉਥੇ ਯਾਦਗਾਰਾਂ ਵੀ ਬਣੀਆਂ ਅਤੇ ਲਗਾਤਾਰ ਸਰਗਰਮੀਆਂ ਵੀ ਲੋਕਾਂ ਨੂੰ ਆਪਣੇ ਕਲਾਵੇ ਵਿਚ ਲੈ ਰਹੀਆਂ ਹਨ।

ਦੇਸ਼ ਭਗਤ ਕਮੇਟੀ ਨੇ ਜਥੇਬੰਦਕ ਜਾਂ ਜਾਬਤੇ ਪੱਖੋਂ ਕਦੇ ਵੀ ਕਿਸੇ ਕੇਂਦਰੀ ਅਦਾਰੇ ਦਾ ਸਥਾਨ ਨਹੀਂ ਲਿਆ ਹਮੇਸ਼ਾਂ ਸਥਾਨਕ ਕਮੇਟੀਆਂ ਨੂੰ ਰਾਇ, ਸੁਝਾਅ ਅਤੇ ਸਹਾਇਤਾ ਕਰਨ ਵਾਲੇ ਜੁਮਰੇ ਤੱਕ ਮਹਿਦੂਦ ਰਹਿ ਕੇ ਆਪਣਾ ਫਰਜ਼ ਅਦਾ ਕੀਤਾ। ਪਰ ਫੇਰ ਵੀ ਪੰਜਾਬ, ਕੁਝ ਥਾਈਂ ਹੋਰਨਾਂ ਸੂਬਿਆਂ ਅਤੇ ਕੈਨੇਡਾ, ਅਮਰੀਕਾ, ਇੰਗਲੈਂਡ ਆਦਿ ਕਈ ਥਾਵਾਂ ਨੇ ਪਹਿਲਾਂ ਨਾਲੋਂ ਕਿਤੇ ਵੱਧ ਸਰਗਰਮੀਆਂ ਨੇ ਜ਼ੋਰ ਫੜਿਆ ਹੈ।

ਕਈ ਥਾਈਂ ਤਾਂ ਗਦਰੀ ਬਾਬਿਆਂ ਦੇ ਜਲੰਧਰ ਲੱਗਦੇ ਮੇਲੇ ਵਾਂਗ ਲੱਗਣ ਲੱਗੇ ਮੇਲੇ ਹੁਣ ਇਕ ਦਿਨ ਤੋਂ ਵਧਕੇ ਤਿੰਨ ਤਿੰਨ ਦਿਨ, ਦੋ ਦਿਨ ਤੱਕ ਲੱਗਣ ਲੱਗੇ ਹਨ।

ਇਨ੍ਹਾਂ ਮੇਲਿਆਂ 'ਚ ਭਾਸ਼ਣ ਗਾਇਨ, ਚਿੱਤਰਕਲਾ, ਤਕਰੀਰਾਂ, ਨਾਟਕ, ਕੋਰੀਓਗ੍ਰਾਫੀਆਂ ਅਤੇ ਐਕਸ਼ਨ ਗੀਤਾਂ ਆਦਿ ਦੇ ਹੋਣ ਲੱਗੇ ਮੁਕਾਬਲਿਆਂ ਨੇ ਨਵੀਂ ਪਨੀਰੀ

ਅਤੇ ਚੜ੍ਹਦੀ ਜੁਆਨੀ ਨੂੰ ਦੇਸ਼ ਭਗਤੀ ਅਤੇ ਇਨਕਲਾਬੀ ਵਿਚਾਰਾਂ ਦਾ ਜਾਗ ਲਾਉਣ ਦਾ ਉਤਸ਼ਾਹਜਨਕ ਰੁਝਾਨ ਅੱਗੇ ਤੋਰਿਆ ਹੈ। ਜਦੋਂ ਬਿਮਾਰ, ਮਾਰੂ, ਅਸ਼ਲੀਲ, ਅੰਧ ਵਿਸ਼ਵਾਸੀ ਭਰਿਆ, ਲੋਕ ਦੋਖੀ ਸਹਿਮਤੀ ਸਭਿਆਚਾਰ ਦੀ ਹਨੇਰੀ ਸਮਾਜ ਨੂੰ ਗਰਕ ਕਰਨ 'ਤੇ ਪੂਰਾ ਤਾਣ ਲਗਾ ਰਹੀ ਹੈ ਖਾਸ ਕਰਕੇ ਅਜਿਹੇ ਦੌਰ ਅੰਦਰ ਲੋਕਾਂ ਅੱਗੇ ਉਸਾਰੂ, ਨਵਾਂ ਨਰੋਆ, ਲੋਕ ਪੱਖੀ ਅਤੇ ਇਨਕਲਾਬੀ ਸਭਿਆਚਾਰ ਦੇ ਚਾਨਣ ਦਾ ਛੱਟਾ ਵਡੇਰੇ ਅਰਥ ਰੱਖਦਾ ਹੈ।

ਕਾਮਾਗਾਟਾ ਮਾਰੂ ਜਹਾਜ਼ ਦੇ ਗਦਰੀਆਂ ਅਤੇ ਕੂਕਾ ਲਹਿਰ ਦੇ ਸ਼ਹੀਦਾਂ ਨੂੰ ਭਾਰਤੀ ਹਾਕਮਾਂ ਵੱਲੋਂ ਵੀ 'ਆਜ਼ਾਦੀ' ਦੀ ਅੱਧੀ ਸਦੀ ਬੀਤਣ 'ਤੇ ਵੀ ਜਦੋਂ ਮਾਨਤਾ ਨਾ ਦੇ ਕੇ ਅਪਮਾਨਤ ਕੀਤਾ ਗਿਆ ਤਾਂ ਕਮੇਟੀ ਦੀ ਅਗਵਾਈ 'ਚ ਸੈਂਕੜੇ ਲੋਕ ਸੜਕਾਂ 'ਤੇ ਨਿੱਤਰੇ ਅਤੇ ਜਬਰ ਅੱਗੇ ਝੁਕੇ ਨਹੀਂ। ਇਸ ਸਰਗਰਮੀ ਨੇ ਕਮੇਟੀ ਦੇ ਕਾਰਜ ਖੇਤਰ 'ਚ ਨਵਾਂ ਅਧਿਆਇ ਜੋੜਿਆ।

ਖਾਸ ਕਰਕੇ ਸਥਾਪਤੀ ਨਾਲ ਭਿੜਦੇ ਹੋਏ ਹਰ ਵਾਰ ਗਦਰ ਪਾਰਟੀ ਦਾ ਸਥਾਪਨਾ ਦਿਵਸ ਅਤੇ ਮੇਲਾ ਅਜੇਹੀਆਂ ਘਟਨਾਵਾਂ, ਭਖਦੇ ਮਸਲਿਆਂ ਨੂੰ ਸਮਰਪਿਤ ਕੀਤਾ ਗਿਆ ਜਿਹੜੀਆਂ ਦੇਸੀ ਵਿਦੇਸ਼ੀ ਦੋਵੇਂ ਹਾਕਮਾਂ ਨਾਲੋਂ ਸਪੱਸ਼ਟ ਨਿਖੇੜੇ ਦੀ ਲਕੀਰ ਖਿੱਚਦੇ ਹਨ। ਇਉਂ ਕਰਨ ਨਾਲ ਵੀ ਕਮੇਟੀ ਅਗਲੀਆਂ ਮੰਜ਼ਲਾਂ ਵੱਲ ਵਧੀ ਹੈ ਅਤੇ ਕੇਂਦਰੀ ਧੁਰੇ ਅਤੇ ਸ਼੍ਰੋਮਣੀ ਸੰਸਥਾ ਦਾ ਸਥਾਨ ਹਾਸਲ ਕਰਨ ਦਾ ਮਾਣ ਪ੍ਰਾਪਤ ਕਰ ਗਈ ਹੈ।

# .ਗਦਰ ਦਾ ਇਨਸਾਈਕਲੋਪੀਡੀਆ : ਬਾਬਾ ਬਿਲਗਾ

ਬ੍ਰਿਟਿਸ਼ ਹਕੂਮਤ ਦੌਰਾਨ ਬਾਗੀ ਪਿੰਡ ਵਜੋਂ ਜਾਣੇ ਜਾਂਦੇ ਜਲੰਧਰ ਜਿਲੇ ਦੇ ਪਿੰਡ ਬਿਲਗਾ ਦੇ ਜੰਮਪਲ ਬਾਬਾ ਭਗਤ ਸਿੰਘ ਬਿਲਗਾ ਦੇਸ਼ ਭਗਤੀ ਦੇ ਜਿਉਂਦੀ ਜਾਗਦੀ ਉਹ ਮੂਰਤ ਹਨ ਜਿਨ੍ਹਾਂ ਆਪਣੀ ਜਿੰਦਗੀ ਦੇ ਤਿੰਨ ਹਿੱਸੇ ਦੇਸ਼ ਕੌਮ ਦੇ ਲੇਖੇ ਲਾ ਦਿੱਤੇ। ਉਹ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਹਾਣੀਆਂ 'ਚੋਂ ਹਨ ਕਿਉਂਕਿ ਸ਼ਹੀਦੇ ਆਜ਼ਮ ਦਾ ਜਨਮ 2007 ਵਿੱਚ ਹੋਇਆ ਅਤੇ ਬਾਬਾ ਬਿਲਗਾ ਦਾ ਜਨਮ ਵੀ 2 ਅਪਰੈਲ 1907 ਨੂੰ ਹੋਇਆ। ਦੇਸ਼ ਨਾਲ ਅੰਤਾਂ ਦਾ ਪਿਆਰ ਕਰਨ ਵਾਲੇ ਇਸ ਦੇਸ਼ ਭਗਤ ਨੂੰ ਬਾਪ ਦਾ ਲਾਡ ਅਤੇ ਗੋਦ ਦਾ ਨਿੱਘ ਨਾ ਮਿਲਿਆ ਜਦੋਂ ਬਾਬਾ ਬਿਲਗਾ ਅਜੇ ਡੇਢ ਕੁ ਸਾਲ ਦੇ ਹੀ ਸਨ ਤਾਂ ਤਾਂ ਪਿਤਾ ਹੀਰਾ ਸਿੰਘ ਦੀ ਮੌਤ ਹੋ ਗਈ। ਪਿਤਾ ਦੀ ਮੌਤ ਕੀ ਹੋਈ ਘਰ 'ਤੇ ਜਾਣੋ ਇੱਕ ਤਰ੍ਹਾਂ ਨਾਲ ਪਹਾੜ ਹੀ ਟੁੱਟ ਪਿਆ। ਹੀਰਾ ਸਿੰਘ ਪਿੰਡ ਦੇ ਨੰਬਰਦਾਰ ਸਨ ਅਤੇ ਇਹ ਪਰਿਵਾਰ ਪਿੰਡ ਦੇ ਰੱਜੇ ਪੁੱਜੇ ਪਰਿਵਾਰਾਂ 'ਚੋਂ ਸੀ, ਪਰ ਸਮੇਂ ਨੂੰ ਕੁੱਝ ਹੋਰ ਹੀ ਮਨਜੂਰ ਸੀ ਘਰ ਦੇ ਇੱਕੋ ਇੱਕ ਕਮਾਊ ਜੀਅ ਦੇ ਇਸ ਜਹਾਨ ਤੋਂ ਤੁਰ ਜਾਣੇ ਨਾਲ ਆਮਦਨ ਦੇ ਹੀਲੇ ਵਸੀਲੇ ਹੀ ਬੰਦ ਹੋ ਗਏ।

ਇੱਥੋਂ ਤੱਕ ਕਿ ਪਿੰਡ ਦੀ ਸੱਥ 'ਚ ਵੀ ਚਰਚਾ ਹੋਣ ਲੱਗੀ ਕਿ ਹੀਰਾ ਸਿਓਂ ਦੇ ਤੁਰ ਜਾਣ ਤੋਂ ਬਾਅਦ ਨਿੱਕੇ ਨਿੱਕੇ ਬਾਲਾਂ ਦਾ ਕੀ ਬਣੂ ਸਗੋਂ ਪਿੰਡ ਦੇ ਇੱਕ ਸ਼ਾਹੂਕਾਰ ਨੇ ਬਾਬਾ ਬਿਲਗਾ ਦੀ ਮਾਤਾ ਨੂੰ ਬੱਚਿਆਂ ਸਮੇਤ ਘਰੋਂ ਬੇਘਰ ਕਰਨ ਦੀਆਂ ਗੋਂਦਾਂ ਗੁੰਦਣੀਆਂ ਸ਼ੁਰੂ ਕਰ ਦਿੱਤੀਆਂ। ਕਿਉਂਕਿ ਬਾਬਾ ਬਿਲਗਾ ਦੇ ਪਿਤਾ ਨੇ ਪਿੰਡ ਦੇ ਸ਼ਾਹੂਕਾਰ ਤੋਂ ਤਿੰਨ ਸੌ ਰੁਪਏ ਦਾ ਕਰਜ਼ਾ ਲਿਆ ਸੀ। ਇਹ ਉਹ ਵੇਲਾ ਸੀ ਜਦੋਂ ਘਰ ਕਈ ਕਈ ਲਵੇਰੀਆਂ ਕਿੱਲੇ ਬੱਝੀਆਂ ਹੁੰਦੀਆਂ ਸਨ ਅਤੇ ਆਂਢੀ ਗੁਆਂਢੀ ਹੀ ਦਹੀਂ ਲੱਸੀ ਲਈ ਇਸੇ ਘਰੇ ਆਉਂਦੇ। ਪਰੰਤੂ ਪਿਤਾ ਹੀਰਾ ਸਿੰਘ ਦੀ ਮੌਤ ਨੇ ਇਸ ਵਸਦੇ ਰਸਦੇ ਘਰ 'ਚ ਇੱਕ ਦਮ ਹਨੇਰ ਕਰ ਦਿੱਤਾ।

ਬਾਬਾ ਬਿਲਗਾ ਦੇ ਪਿਤਾ ਨੇ ਉਨ੍ਹਾਂ ਵੇਲਿਆਂ 'ਚ ਪਿੰਡ ਅੰਦਰ ਇੱਕ ਕੋਠੀ ਨੁਮਾਂ ਘਰ ਉਸਾਰਿਆ ਹੋਇਆ ਸੀ ਅਤੇ ਪਿੰਡ 'ਚ ਬੰਨੇ ਕੇ ਖੱਤਰੀ ਵਜੋਂ ਪ੍ਰਸਿੱਧ ਸ਼ਾਹੂਕਾਰ ਦੀ ਨੀਅਤ ਫਿੱਟ ਗਈ। ਉਸ ਨੇ ਇਸ ਘਰ ਨੂੰ ਹਥਿਆਉਣ ਲਈ ਅਦਾਲਤ ਵਿੱਚ ਕੇਸ ਹੀ ਨਹੀਂ ਕੀਤਾ ਸਗੋਂ ਫੈਸਲਾ ਇੱਕ ਤਰਫਾ ਕਰਵਾ ਕੇ ਆਪਣੇ ਨਾਮ ਡਿਗਰੀ ਕਰਵਾ ਲਈ, ਪਰ ਇਸ

ਸ਼ਾਹੂਕਾਰ ਦੀ ਇਹ ਚਾਲ ਕਾਮਯਾਬ ਨਾ ਹੋਈ ਅਤੇ ਬਾਬਾ ਬਿਲਗਾ ਦੇ ਇੱਕ ਜਾਣੂ ਵਕੀਲ ਨੇ ਉਨ੍ਹਾਂ ਦੀ ਮਾਤਾ ਅਤੇ ਬੱਚਿਆਂ ਨੂੰ ਜਲੰਧਰ ਕਮਿਸ਼ਨਰ ਦੀ ਕਚਿਹਰੀ 'ਚ ਜਦੋਂ ਪੇਸ਼ ਕੀਤਾ ਤਾਂ ਬੱਚਿਆਂ ਦੇ ਨਾਬਾਲਿਗ ਹੋਣ ਕਰਕੇ ਕਮਿਸ਼ਨਰ ਨੇ ਹੁਕਮ ਸੁਣਾਇਆ ਕਿ ਜਿੰਨੀ ਦੇਰ ਇਹ ਬੱਚੇ ਬਾਲਗ ਨਹੀਂ ਹੋ ਜਾਂਦੇ ਓਨੀ ਦੇਰ ਕਰਜੇ ਦੀ ਵਸੂਲੀ ਨਹੀਂ ਹੋਵੇਗੀ ਅਤੇ ਨਾ ਹੀ ਘਰ ਦੀ ਡਿਗਰੀ। ਕਮਿਸ਼ਨਰ ਦਾ ਇਹ ਹੁਕਮ ਸੁਣ ਕੇ ਸ਼ਾਹੂਕਾਰ ਦੇ ਤਾਂ ਜਿਵੇਂ ਸੌ ਘੜਾ ਪਾਣੀ ਦਾ ਸਿਰ 'ਚ ਪੈ ਗਿਆ ਹੋਵੇ ਅਤੇ ਉਸ ਨੇ ਇਸ ਪਰਿਵਾਰ ਨਾਲ ਰਾਜੀ ਨਾਮਾਂ ਕਰਕੇ ਆਪਣੇ ਕਰਜ਼ੇ ਦੀ ਵਸੂਲੀ ਕਰ ਲਈ। ਬਾਬਾ ਬਿਲਗਾ ਦੀ ਇਹ ਬਾਲ ਉਮਰ ਹੀ ਸੀ ਜਦੋਂ ਸ਼ਾਹੂਕਾਰਾਂ ਦੇ ਪੰਜੇ ਨੇ ਉਨ੍ਹਾਂ ਨੂੰ ਬਿਪਤਾ ਦੇ ਦਿਨਾਂ ਵਿੱਚ ਹੀ ਸੜਕ 'ਤੇ ਲਿਆ ਖੜ੍ਹਾ ਕਰਨ ਦਿੱਤਾ ਸੀ। ਸ਼ਾਇਦ ਇਹੀ ਕਾਰਨ ਹੈ ਕਿ ਬਾਬਾ ਬਿਲਗਾ ਵੱਲੋਂ ਬਚਪਨ ਵਿੱਚ ਹੀ ਦੇਖਿਆ ਇਹ ਸਭ ਕੁੱਝ ਉਨ੍ਹਾਂ ਨੂੰ ਦੇਸ਼ ਭਗਤੀ ਵੱਲ ਨੂੰ ਲੈ ਗਿਆ। ਬਾਬਾ ਬਿਲਗਾ ਇਹ ਵੀ ਦੱਸਦੇ ਹਨ ਕਿ ਦੂਜੇ ਵਿਸ਼ਵ ਯੁੱਧ ਤੱਕ ਉਨ੍ਹਾਂ ਦਾ ਘਰ ਨਿਲਾਮ ਹੀ ਹੁੰਦਾ ਰਿਹਾ ਹੈ

ਘਰੇਲੂ ਤੰਗੀਆਂ ਤੁਰਸ਼ੀਆਂ ਕਾਰਨ ਫੈਸਲਾ ਹੋਇਆ ਕਿ ਭਗਤ ਸਿੰਘ ਨੂੰ ਮੋਗਾ ਜਿਲੇ ਵਿਚਲੇ ਪਿੰਡ ਅਜੀਤਵਾਲ ਵਿੱਚ ਉਨ੍ਹਾਂ ਦੀ ਮਾਸੀ ਹਰਨਾਮ ਕੌਰ ਪਾਸ ਪੜ੍ਹਨ ਲਈ ਭੇਜਿਆ ਜਾਵੇ ਪਰੰਤੂ ਇੱਥੇ ਵੀ ਹੋਣੀ ਨੂੰ ਕੁੱਝ ਹੋਰ ਹੀ ਮਨਜੂਰ ਸੀ। ਉਸ ਵੇਲੇ ਫੈਲੀ ਪਲੇਗ ਦੀ ਬਿਮਾਰੀ ਨੇ ਬਾਬੇ ਦੀ ਮਾਸੀ ਨੂੰ ਆਪਣੀ ਲਪੇਟ 'ਚ ਲੈ ਲਿਆ ਅਤੇ ਉਹ ਮੌਤ ਦੇ ਮੂੰਹ ਜਾ ਪਈ। ਘਰੇਲੂ ਮੁਸ਼ਕਲਾਂ ਵਿੱਚ ਹੋਰ ਵੀ ਵਾਧਾ ਹੋ ਗਿਆ ਕਿਉਂਕਿ ਮਾਸੀ ਦਾ ਵੀ ਇੱਕ ਤਿੰਨ ਵਰ੍ਹਿਆਂ ਦਾ ਬੱਚਾ ਸੀ ਜਿਸ ਦੇ ਪਾਲਣ ਪੋਸ਼ਣ ਨੂੰ ਲੈ ਕੇ ਚੁਣੌਤੀ ਖੜ੍ਹੀ ਹੋ ਗਈ। ਅਖੀਰ ਫੈਸਲਾ ਹੋਇਆ ਕਿ ਭਗਤ ਸਿੰਘ ਨੂੰ ਅਜੀਤਵਾਲ ਛੱਡਿਆ ਜਾਵੇ ਜਿੱਥੇ ਉਨ੍ਹਾਂ ਦੀ ਨਾਨੀ ਮਾਸੜ ਕੋਲ ਰਹਿ ਕੇ ਭਗਤ ਸਿੰਘ ਨੂੰ ਪਾਲੇਗੀ। ਇਸੇ ਵਟਾਂਦਰੇ ਤਹਿਤ ਬਾਬੇ ਨੂੰ ਅਜੀਤਵਾਲ ਭੇਜ ਦਿੱਤਾ ਗਿਆ ਤੇ ਮਾਸੀ ਦੇ ਮੁੰਡੇ ਨੂੰ ਬਾਬੇ ਦੀ ਮਾਤਾ ਗੁਰਦਿਆਲ ਕੌਰ ਆਪਣੇ ਪਾਸ ਪਿੰਡ ਬਿਲਗਾ ਲੈ ਆਈ। ਪਿੰਡਾਂ ਵਿੱਚ ਉਨ੍ਹੀ ਦਿਨੀ ਬੱਚਿਆਂ ਨੂੰ ਪੜ੍ਹਨ ਪੜ੍ਹਾਉਣ ਦੀ ਲਗਨ ਨਹੀਂ ਸੀ ਹੁੰਦੀ ਪਰ ਭਲਾ ਹੋਵੇ ਪਿੰਡ ਦੇ ਪ੍ਰਾਈਮਰੀ ਸਕੂਲ ਦੇ ਅਧਿਆਪਕ ਸਈਅਦ ਹੂਸੈਨ ਦਾ ਜਿਸ ਨੇ ਬਾਬੇ ਨੂੰ ਪੜ੍ਹਾਈ ਵੱਲ ਪ੍ਰੇਰਿਆ ਅਤੇ ਜਦੋਂ ਅਗਲੇ ਹੀ ਦਿਨ ਬਾਬਾ ਬਿਲਗਾ ਨੂੰ ਘਰਦਿਆਂ ਨੇ ਪਸ਼ੂ ਚਾਰਨ ਭੇਜਿਆ ਉਹ ਕੰਮ ਕਰਨ ਦੀ ਬਜਾਏ ਸਿੱਧੇ ਸਕੂਲ ਆ ਗਏ। ਘਰਦੇ ਬਾਬਾ ਬਿਲਗਾ ਤੋਂ ਖੇਤੀ ਪੱਠੀ ਦਾ ਕੰਮ ਹੀ ਕਰਾਉਣਾ ਚਾਹੁੰਦੇ ਸਨ।

ਬਾਬਾ ਬਿਲਗਾ ਜਦੋਂ ਅਜੀਤਵਾਲ ਪਿੰਡ ਦੇ ਸਕੂਲ 'ਚ ਪ੍ਰਾਇਮਰੀ ਦੀਆਂ ਕਲਾਸਾਂ 'ਚ ਹੀ ਪੜ੍ਹਦੇ ਸਨ ਤਾਂ ਉਹ ਛੁੱਟੀਆਂ ਕੱਟਣ ਆਪਣੇ ਜੱਦੀ ਪਿੰਡ ਬਿਲਗਾ ਆਉਂਦੇ। ਇਸ ਪਿੰਡ ਦਾ ਮਹੌਲ ਕਿਉਂਕਿ ਪੂਰੀ ਤਰ੍ਹਾਂ ਬ੍ਰਿਟਿਸ਼ ਹਕੂਮਤ ਵਿਰੋਧੀ ਸੀ ਤਾਂ ਜਦੋਂ ਵੀ ਬਾਬਾ ਬਿਲਗਾ ਆਉਂਦੇ ਤਾਂ ਪਿੰਡ ਵਿੱਚ ਕਾਂਗਰਸੀਆਂ ਜਾਂ ਅਕਾਲੀਆਂ ਦੇ ਜਲਸੇ ਹੁੰਦੇ ਰਹਿੰਦੇ। ਬਾਬਾ ਬਿਲਗਾ ਦੀ ਇਨ੍ਹਾਂ ਜਲਸਿਆਂ ਵਿੱਚ ਦਿਲਚਸਪੀ ਹੋਣੀ ਆਮ ਜਿਹੀ ਗੱਲ ਸੀ। ਬਾਬਾ ਬਿਲਗਾ ਅਜੇ 13 ਵਰ੍ਹਿਆਂ ਦੇ ਹੀ ਸਨ ਜਦੋਂ ਉਨ੍ਹਾਂ ਆਪਣੇ ਪਿੰਡ ਦੀ ਹੀ ਇੱਕ ਸਟੇਜ

ਤੋਂ ਉੱਘੇ ਸੁਤੰਤਰਤਾ ਸੰਗਰਾਮੀਏ ਤੇਜਾ ਸਿੰਘ ਸੁਤੰਤਰ ਨੂੰ ਬੋਲਦਿਆਂ ਸੁਣਿਆ ਉਸ ਵੇਲੇ ਕਾਮਰੇਡ ਸੁਤੰਤਰ ਮੁੱਛ ਫੁੱਟ ਗੱਭਰੂ ਸੀ ਤੇ ਆਪਣੇ ਭਾਸ਼ਨ ਵਿੱਚ ਸੁਤੰਤਰ ਨੇ ਬਿਲਗਾ ਪਿੰਡ ਦੇ ਵਾਸੀਆਂ ਨੂੰ ਵਿਦੇਸ਼ੀ ਕੱਪੜੇ ਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ। ਦੇਖਦਿਆਂ ਹੀ ਦੇਖਦਿਆਂ ਲੋਕਾਂ ਨੇ ਆਪਣੇ ਘਰਾਂ 'ਚ ਪਏ ਵਿਦੇਸ਼ੀ ਕੱਪੜਿਆਂ ਨੂੰ ਸਟੇਜ ਦੇ ਨੇੜੇ ਹੀ ਢੇਰ ਕਰ ਦਿੱਤਾ ਅਤੇ ਅੱਗ ਲਾ ਦਿੱਤੀ ਬਾਲ ਅਵਸਥਾ ਵਿੱਚ ਹੀ ਬਾਬਾ ਬਿਲਗਾ ਦੀਆਂ ਅੱਖਾਂ ਸਾਹਮਣੇ ਵਾਪਰੀਆਂ ਇਹ ਕੁੱਝ ਉਹ ਘਟਨਾਵਾਂ ਸਨ ਜੋ ਬਾਬੇ ਅੰਦਰ ਫੁੱਟ ਰਹੇ ਦੇਸ਼ ਭਗਤੀ ਦੇ ਜਜ਼ਬਾਤ ਹੋਰ ਵੀ ਪੱਕਾ ਕਰਦੀਆਂ ਜਾ ਰਹੀਆਂ ਸਨ।

ਪਿੰਡ ਦੇ ਪ੍ਰਾਈਮਰੀ ਸਕੂਲ ਤੋਂ ਜਦੋਂ ਚਾਰ ਜਮਾਤਾਂ ਪਾਸ ਕਰ ਲਈਆਂ ਤਾਂ ਉਨ੍ਹਾਂ ਨੂੰ ਚੂਹੜ ਚੱਕ ਦੇ ਮਿਡਲ ਸਕੂਲ ਵਿੱਚ ਦਾਖਲ ਕਰਵਾ ਦਿੱਤਾ ਗਿਆ। ਇਹ ਪਿੰਡ ਅਜੀਤਵਾਲ ਤੋਂ ਥੋੜੀ ਵਿੱਥ 'ਤੇ ਹੋਣ ਕਾਰਨ ਬਾਬਾ ਸਵੇਰੇ ਘਰੋਂ ਚੂਰੀ ਬੰਨ੍ਹ ਕੇ ਲੈ ਜਾਂਦਾ ਤੇ ਸ਼ਾਮ ਨੂੰ ਘਰ ਮੁੜਦਾ। ਚੂਹੜ ਚੱਕ ਪੜਦਿਆਂ ਹੀ ਉਨ੍ਹਾਂ ਨੂੰ ਗਦਰੀ ਦੇਸ਼ ਭਗਤ ਬਾਬਾ ਅਰੂੜ ਸਿੰਘ ਬਾਰੇ ਜਾਣਕਾਰੀ ਮਿਲੀ ਬੇਸ਼ੱਕ ਅਰੂੜ ਸਿੰਘ ਦਾ ਪੁੱਤਰ ਰਤਨ ਸਿੰਘ ਅਤੇ ਉਨ੍ਹਾਂ ਦੀ ਧੀ ਵੀ ਬਾਬੇ ਦੇ ਨਾਲ ਹੀ ਪੜ੍ਹਦੀ ਸੀ ਪਰ ਕਾਫੀ ਦੇਰ ਬਾਅਦ ਪਤਾ ਲੱਗਾ ਕਿ ਬਾਬਾ ਅਰੂੜ ਸਿੰਘ ਦੀਆਂ ਅੰਗਰੇਜ਼ੀ ਹਕੂਮਤ ਵਿਰੋਧੀ ਸਰਗਰਮੀਆਂ ਕਾਰਨ ਉਨ੍ਹਾਂ ਨੂੰ ਕਾਲੇ ਪਾਣੀ ਦੀ ਜੇਲ 'ਚ ਡੱਕਿਆ ਹੋਇਆ ਹੈ। ਬਾਬਾ ਅਰੂੜ ਸਿੰਘ ਦੇ ਜੀਵਨ ਨੇ ਬਾਬਾ ਬਿਲਗਾ ਨੂੰ ਇੱਕ ਨਵੀਂ ਦਿਸ਼ਾ ਦਿੱਤੀ। ਉਨ੍ਹਾਂ ਹੀ ਦਿਨਾਂ ਵਿੱਚ ਪਹਿਲੇ ਵਿਸ਼ਵ ਯੁੱਧ ਦਾ ਬਿਗੁਲ ਵੱਜ ਚੁੱਕਾ ਸੀ ਅਤੇ ਅੰਗਰੇਜ ਸਰਕਾਰ ਵੱਲੋ ਪੰਜਾਬੀ ਨੌਜਵਾਨਾਂ ਨੂੰ ਫੌਜ ਵਿੱਚ ਜਬਰਦਸਤੀ ਭਰਤੀ ਕਰਨਾਂ ਸ਼ੁਰੂ ਕੀਤਾ ਹੋਇਆ ਸੀ। ਬਾਬਾ ਬਿਲਗਾ ਅਤੇ ਉਨ੍ਹਾਂ ਦੇ ਸਾਥੀ ਜਦੋਂ ਸਕੂਲ ਜਾਂਦੇ ਸਨ ਤਾਂ ਚੂਹੜ ਚੱਕ, ਕੋਕਰੀ ਕਲਾਂ, ਗਾਲਿਬ ਆਦਿ ਪਿੰਡਾਂ ਦੇ ਨੌਜਵਾਨ ਇਸ ਇਲਾਕੇ ਵਿੱਚਲੇ ਉਜਾੜ ਜੰਗਲ ਵਿੱਚ ਆ ਲੁਕਦੇ ਕਿ ਕਿਤੇ ਫਿਰੰਗੀਆਂ ਦੀ ਫੌਜ ਵਿੱਚ ਭਰਤੀ ਨਾ ਹੋਣਾ ਪੈ ਜਾਵੇ।

ਇਹੀ ਸਮਾਂ ਸੀ ਜਦੋਂ ਅੰਗਰੇਜ਼ਾਂ ਵੱਲੋਂ ਪੰਜਾਬੀ ਨੌਜਵਾਨਾਂ ਨੂੰ ਜਬਰਦਸਤੀ ਫੌਜ 'ਚ ਭਰਤੀ ਕਰਨ ਅਤੇ ਬਾਬਾ ਅਰੂੜ ਸਿੰਘ ਵਰਗਿਆਂ ਨੂੰ ਕਾਲੇ ਪਾਣੀ ਡੱਕਣ ਦੀਆਂ ਘਟਨਾਵਾਂ ਨੇ ਬਾਬਾ ਬਿਲਗਾ ਅਤੇ ਉਨ੍ਹਾਂ ਦੇ ਹਾਣੀਆਂ 'ਚ ਅੰਗਰੇਜ਼ਾਂ ਪ੍ਰਤੀ ਨਫਰਤ ਦੇ ਪਲਦੇ ਜਾ ਰਹੇ ਬੂਟੇ ਨੂੰ ਹੋਰ ਵੀ ਪ੍ਰਫੁੱਲਤ ਕਰ ਦਿੱਤਾ। ਇਸੇ ਲਈ ਤਾਂ ਜਦੋਂ ਪਹਿਲੇ ਵਿਸ਼ਵ ਯੁੱਧ ਦੌਰਾਨ ਜਦੋਂ ਕਦੇ ਜਰਮਨੀ ਦੇ ਜਿੱਤਣ ਦੀਆਂ ਖ਼ਬਰਾਂ ਆਉਣੀਆਂ ਤਾਂ ਉਹ ਖੁਸ਼ੀ ਮਨਾਉਂਦੇ। ਇੱਥੋਂ ਤੱਕ ਕਿ ਪਿੰਡ ਵਿੱਚ ਅੰਗਰੇਜ਼ਾਂ ਅਤੇ ਜਰਮਨ ਦੀਆਂ ਫੌਜਾਂ ਦੀ ਤਰਜ਼ 'ਤੇ ਨਕਲੀ ਲੜਾਈਆਂ ਵੀ ਲੜਦੇ। ਬਾਬਾ ਬਿਲਗਾ ਜਦੋਂ ਅੱਠ ਜਮਾਤਾਂ ਪਾਸ ਕਰ ਗਏ ਤਾਂ ਉਨ੍ਹਾਂ ਨੂੰ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣਾ ਵਿੱਚ ਦਾਖਲ ਕਰ ਦਿੱਤਾ। ਇਹ ਵੀ ਇੱਕ ਸਬੱਬ ਹੀ ਸੀ ਕਿ ਜਦੋਂ ਬਾਬਾ ਬਿਲਗਾ ਲੁਧਿਆਣਾ ਦੇ ਖਾਲਸਾ ਸਕੂਲ ਵਿੱਚ ਪੜ੍ਹ ਰਹੇ ਸਨ ਤਾਂ ਵਾਇਸਰਾਏ ਨੇ ਲੁਧਿਆਣਾ ਆਉਣਾ ਸੀ ਇਸ ਸਕੂਲ ਦੇ ਸਾਰੇ ਬੱਚਿਆਂ ਨੂੰ ਵਾਇਸਰਾਏ ਦੇ ਸਵਾਗਤ ਲਈ ਸੜਕ ਦੇ ਦੋਵੇਂ ਪਾਸੇ ਖੜ੍ਹਾ ਦਿੱਤਾ ਅਤੇ ਇਹ ਕਿਹਾ ਗਿਆ ਕਿ ਜਦੋਂ ਵਾਇਸਰਾਏ

ਲੰਘੇ ਤਾਂ ਉਸ ਦੀ ਜੈ ਜੈ ਕਾਰ 'ਚ ਹੀ ਨਾਹਰੇ ਲਾਉਣੇ ਹਨ ਪਰੰਤੂ ਦੇਸ਼ ਭਗਤੀ ਦੇ ਰੰਗ 'ਚ ਰੰਗੇ ਬਾਬਾ ਬਿਲਗਾ ਹੁਰਾ ਨੂੰ ਵਾਇਸਰਾਏ ਦੀ ਕੀ ਪਰਵਾਹ ਸੀ ਉਨ੍ਹਾਂ ਉਸ ਦੀ ਉਸਤਤ ਕਰਨ ਦੀ ਥਾਂ ਵਿਰੋਧ ਕੀਤਾ।

ਇੱਥੋਂ ਹੀ ਇੱਕ ਤਰ੍ਹਾਂ ਨਾਲ ਬਾਬਾ ਬਿਲਗਾ ਦਾ ਬਾਗੀ ਸਫ਼ਰ ਸ਼ੁਰੂ ਹੋ ਗਿਆ ਸੀ। ਸਕੂਲ ਦੇ ਇੱਕ ਅਧਿਆਪਕ ਇਕਬਾਲ ਸਿੰਘ ਬੋਪਾਰਾਏ ਨੇ ਬਾਬਾ ਬਿਲਗਾ ਅਤੇ ਉਨ੍ਹਾਂ ਦੀ ਇਸ ਹਰਕਤ 'ਤੇ ਵਿਦਿਆਰਥੀਆਂ ਨੂੰ ਬੁਰਾ ਭਲਾ ਹੀ ਨਹੀਂ ਕਿਹਾ ਸਗੋਂ ਕਈ ਵਿਦਿਆਰਥੀ ਇਸ ਅਧਿਆਪਕ ਦੀ ਕੁੱਟ ਦਾ ਸ਼ਿਕਾਰ ਵੀ ਹੋਏ। ਸੰਨ 1925 ਵਿੱਚ ਬਾਬਾ ਬਿਲਗਾ ਨੇ ਇਸ ਸਕੂਲ ਤੋਂ ਦਸਵੀਂ ਜਮਾਤ ਪਾਸ ਕਰ ਲਈ। ਦਸ ਜਮਾਤਾਂ ਪੜ੍ਹਨ ਤੋਂ ਬਾਅਦ ਬਾਬਾ ਬਿਲਗਾ ਨੇ ਕੁੱਝ ਕੰਮ ਧੰਦਾ ਕਰਨ ਦੀ ਸੋਚੀ ਪਰ ਦੇਸ਼ ਭਗਤ ਖਿਆਲਾਂ ਦਾ ਹੋਣ ਕਰਕੇ ਉਹ ਅੰਗਰੇਜ਼ਾਂ ਦੇ ਅਧੀਨ ਕਿਸੇ ਵੀ ਸਰਕਾਰੀ ਵਿਭਾਗ ਵਿੱਚ ਨੌਕਰੀ ਕਰ ਨਹੀਂ ਸੀ ਸਕਦਾ ਇਸ ਲਈ ਉਸ ਨੇ ਦੋਆਬੇ ਦੀ ਸਾਧਾਰਨ ਪ੍ਰਵਿਰਤੀ ਵਾਂਗ ਵਿਦੇਸ਼ ਜਾ ਕੇ ਕੰਮ ਕਰਨ ਦਾ ਫੈਸਲਾ ਕੀਤਾ। ਬਾਬਾ ਬਿਲਗਾ ਨੇ ਪਾਸਪੋਰਟ ਲਈ ਅਪਲਾਈ ਕੀਤਾ ਤਾਂ ਸਰਕਾਰ ਨੇ ਇਹ ਕਹਿ ਕੇ ਪਾਸਪੋਰਟ ਬਣਾਉਣ ਤੋਂ ਨਾਂਹ ਕਰ ਦਿੱਤੀ ਕਿ ਭਗਤ ਸਿੰਘ ਉਸ ਪਿੰਡ ਦਾ ਰਹਿਣ ਵਾਲਾ ਹੈ ਜਿਥੋਂ ਦੇ ਵਾਸੀ ਹਕੂਮਤ ਪ੍ਰਤੀ ਬਾਗੀ ਸੁਰ ਵਾਲੇ ਹਨ। ਇਹ ਉਹ ਵੇਲਾ ਸੀ ਜਦੋਂ ਜੇਲ੍ਹਾਂ 'ਚ ਬੰਦ ਗਦਰੀਆਂ ਦੀ ਰਿਹਾਈ ਵੀ ਸ਼ੁਰੂ ਹੋ ਗਈ ਸੀ। ਇੱਕ ਦਿਨ ਬਾਬਾ ਬਿਲਗਾ ਆਪਣੇ ਪਿੰਡ ਦੇ ਰੇਲਵੇ ਸਟੇਸ਼ਨ 'ਤੇ ਖੜ੍ਹੇ ਹੀ ਸਨ ਕਿ ਇਸੇ ਦੌਰਾਨ ਭਾਈ ਸੰਤੋਖ ਸਿੰਘ ਨੇ ਕਿਰਤੀ ਅਖਬਾਰ ਸ਼ੁਰੂ ਕੀਤਾ ਹੋਇਆ ਸੀ ਰੇਲਵੇ ਸਟੇਸ਼ਨ 'ਤੇ ਹੀ ਬਾਬਾ ਭਾਗ ਸਿੰਘ ਆ ਗਏ ਜਿਨ੍ਹਾਂ ਬਾਬਾ ਬਿਲਗਾ ਦੇ ਹੱਥ ਕਿਰਤੀ ਅਖਬਾਰ ਦੀ ਕਾਪੀ ਫੜਾ ਦਿੱਤੀ। ਕਿਰਤੀ ਅਖਬਾਰ ਨੇ ਨੌਜਵਾਨ ਅਵਸਥਾ 'ਚ ਪਹੁੰਚੇ ਬਾਬਾ ਬਿਲਗਾ ਦੇ ਮਨ ਅੰਦਰਲੇ ਦੇਸ਼ ਭਗਤੀ ਦੇ ਜ਼ਜ਼ਬੇ ਨੂੰ ਇੱਕ ਹੋਰ ਹੁਲਾਰਾ ਦਿੱਤਾ।

ਇਹ ਉਹ ਸਮਾਂ ਵੀ ਸੀ ਜਦੋਂ ਇੱਕ ਪਾਸੇ ਕਾਂਗਰਸ ਦੇ ਜਲਸਿਆਂ ਦਾ ਮਹੌਲ ਗਰਮ ਸੀ ਤੇ ਜੈਤੋ ਦੇ ਮੋਰਚੇ 'ਚ ਵੀ ਪਿੰਡਾਂ 'ਚੋਂ ਜਥਿਆਂ ਦੇ ਜਾਣ ਦਾ ਦੌਰ ਜਾਰੀ ਸੀ ਇੱਕ ਰਾਤ ਜਦੋਂ ਜੈਤੋ ਦੇ ਮੋਰਚੇ ਨੂੰ ਜਾਣ ਵਾਲਾ ਇੱਕ ਜਥਾ ਪਿੰਡ ਬਿਲਗਾ ਆ ਕੇ ਰੁਕਿਆ ਤਾਂ ਸਾਰੇ ਪਿੰਡ ਨੇ ਇਸ ਜਥੇ ਦਾ ਭਰਵਾਂ ਸਵਾਗਤ ਕੀਤਾ ਪਰ ਪਿੱਛੇ ਹੀ ਆਈ ਪੁਲੀਸ ਦੀ ਟੋਲੀ ਨੇ ਇਸ ਜਥੇ ਦੇ ਮੈਂਬਰਾਂ 'ਤੇ ਤਸ਼ੱਦਦ ਕੀਤਾ ਅਤੇ ਉਨ੍ਹਾਂ ਦਾ ਰਾਸ਼ਨ ਪਾਣੀ ਤੱਕ ਮਿੱਟੀ 'ਚ ਮਿਲਾ ਦਿੱਤਾ। ਇਸ ਤੋਂ ਪਿੰਡ ਦੇ ਸਮੂਹ ਲੋਕਾਂ ਨੇ ਆਪਣੇ ਘਰਾਂ 'ਚ ਪਿਆ ਰਾਸ਼ਨ ਇਸ ਜਥੇ ਨੂੰ ਦਿੱਤਾ ਗੁਰੂ ਕੇ ਬਾਗ ਦੇ ਮੋਰਚੇ ਦਾ ਸੰਘਰਸ਼ ਵੀ ਉਨ੍ਹੀ ਦਿਨੀ ਚਰਮ ਸ਼ੀਮਾ 'ਤੇ ਸੀ। ਇਸੇ ਦੌਰਾਨ ਬਾਬਾ ਬਿਲਗਾ ਦੇ ਮਨ ਵਿੱਚ ਵਿਦੇਸ਼ ਜਾਣ ਦੀ ਚਾਹ ਵੀ ਸੀ ਤੇ ਉਹ ਆਪਣੇ ਦੋ ਸਾਥੀਆਂ ਗੁਰਬਚਨ ਅਤੇ ਕਾਮਰੇਡ ਜੁਆਲਾ ਸਿੰਘ ਦੇ ਨਾਲ ਕਲਕੱਤੇ ਨੂੰ ਤੁਰ ਪਿਆ। ਕਲਕੱਤੇ ਜਾ ਕੇ ਉਨ੍ਹਾਂ ਨੇ ਪਾਸਪੋਰਟ ਦਾ ਬੰਦੋਬਸਤ ਕਰਕੇ ਦੇਣ ਵਾਲੇ ਇੱਕ ਦਲਾਲ ਨੂੰ ਲੱਭਿਆ ਅਤੇ ਜਾਨ ਮੁਹੰਮਦ ਨਾਮੀ ਇੱਕ ਦਲਾਲ ਨੇ ਇਨ੍ਹਾਂ ਤਿੰਨਾਂ ਦੇ ਫਰਜ਼ੀ ਕਾਗਜ਼ਾਤ

ਤਿਆਰ ਕਰਵਾਕੇ ਮੈਜਿਸਟਰੇਟ ਦੇ ਪੇਸ਼ ਕੀਤਾ ਅਤੇ ਇਹ ਸਾਬਤ ਕਰ ਦਿੱਤਾ ਕਿ ਇਹ ਤਿੰਨੋਂ ਕਲਕੱਤਾ ਦੇ ਹੀ ਰਹਿਣ ਵਾਲੇ ਹਨ। ਇਸ ਤੋਂ ਬਾਅਦ ਪਾਸਪੋਰਟ ਜਾਰੀ ਹੋ ਗਏ। ਇਸ ਕੰਮ ਬਦਲੇ ਜਾਨ ਮੁਹੰਮਦ ਨੇ 100 ਰੁਪਏ ਪ੍ਰਤੀ ਵਿਅਕਤੀ ਲਏ।

ਪਾਸਪੋਰਟ ਹਾਸਲ ਕਰਨ ਤੋਂ ਬਾਅਦ ਬਾਬਾ ਬਿਲਗਾ ਅਤੇ ਉਨ੍ਹਾਂ ਦੇ ਸਾਥੀਆਂ ਦਾ ਅਰਜਨਟਾਈਨਾਂ ਦਾ ਸਫ਼ਰ ਸ਼ੁਰੂ ਹੋਇਆ ਮੋਕੰਦੀ ਕੰਪਨੀ ਜੋ ਅੰਗਰੇਜ਼ਾਂ ਦਾ ਸਮਾਨ ਢੋਂਹਦੀ ਸੀ ਦੇ ਸਮੁੰਦਰੀ ਬੇੜੇ ਰਾਹੀਂ ਉਨ੍ਹਾਂ ਸਫ਼ਰ ਸ਼ੁਰੂ ਕੀਤਾ ਰੰਗੂਨ ਸਿੰਘਾਪੁਰ ਹੁੰਦਿਆਂ ਇਹ ਬੇੜਾ ਇੱਕ ਮਹੀਨੇ ਵਿੱਚ ਹਾਂਗਕਾਂਗ ਪਹੁੰਚਿਆ। ਰਾਸਤੇ ਵਿੱਚ ਬੜੇ ਸਮੁੰਦਰੀ ਤੂਫਾਨ ਆਏ ਬੇੜੇ ਵਿਚਲੀਆਂ ਸਾਰੀਆਂ ਸਵਾਰੀਆਂ ਬਿਮਾਰ ਪੈ ਗਈਆਂ ਪਰ ਬਾਬਾ ਕਾਇਮ ਰਿਹਾ। ਭਾਰਤ ’ਤੇ ਝੁਲਦੇ ਬ੍ਰਿਟਿਸ਼ ਝੰਡੇ ਨੂੰ ਲਾਹੁਣ ਲਈ ਉਸ ਸਮੇਂ ਬਾਬਾ ਬਿਲਗਾ ਅਤੇ ਉਨ੍ਹਾਂ ਦੇ ਸਾਥੀਆਂ ਨੇ ਵਿਦੇਸ਼ਾਂ ਵਿਚਲੇ ਪੰਜਾਬੀਆਂ ਵਿੱਚ ਵੀ ਤੜਫ਼ ਦੇਖੀ। ਸਿੰਘਾਪੁਰ ਦੇ ਹੀ ਗੁਰਦੁਆਰਿਆਂ ਵਿੱਚ ਗ਼ਦਰ ਅਖ਼ਬਾਰ ਆਮ ਆਉਂਦਾ ਸੀ ਅਤੇ ਗੁਰਦੁਆਰਿਆਂ ਦੇ ਗ੍ਰੰਥੀ ਇਹ ਅਖ਼ਬਾਰ ਆਮ ਪੰਜਾਬੀਆਂ ਨੂੰ ਪੜ੍ਹ ਕੇ ਸੁਣਾਉਂਦੇ ਹੁੰਦੇ ਸਨ। ਬਾਬਾ ਬਿਲਗਾ ਅਤੇ ਉਨ੍ਹਾਂ ਦੇ ਸਾਥੀਆਂ ਦੀ ਤਮੰਨਾਂ ਕਿਸੇ ਨਾ ਕਿਸੇ ਤਰੀਕੇ ਅਮਰੀਕਾ ਪਹੁੰਚਣ ਦੀ ਸੀ ਪਰ ਉਹ ਆਪਣੇ ਇਸ ਮਕਸਦ ਵਿੱਚ ਕਾਮਯਾਬ ਨਹੀਂ ਹੋ ਸਕੇ ਕਿਉਂਕਿ ਪੁਲੀਸ ਦੇ ਸਖਤ ਪਹਿਰੇ ਨੇ ਉਨ੍ਹਾਂ ਨੂੰ ਭੱਜਣ ਨਾ ਦਿੱਤਾ। ਜਦੋਂ ਇਹ ਬੇੜਾ ਸਨਫ੍ਰਾਂਸਿਸਕੋ ਪਹੁੰਚਿਆ ਤਾਂ ਉਥੇ ਵੀ ਉਨ੍ਹਾਂ ਅਮਰੀਕਾ ਉਤਰਨ ਬਾਰੇ ਸੋਚਿਆ ਪਰੰਤੂ ਇੱਥੇ ਵੀ ਉਨ੍ਹਾਂ ਦਾ ਦਾਅ ਨਹੀਂ ਲੱਗ ਸਕਿਆ। ਅਖੀਰ ਤਿੰਨ ਕੁ ਮਹੀਨਿਆਂ ਦੇ ਸਫ਼ਰ ਤੋਂ ਬਾਅਦ ਉਹ ਲਾਸਏਂਜਲਸ, ਮੈਕਸੀਕੋ, ਪੈਨਾਮੇ ਹੁੰਦੇ ਹੋਏ ਉਹ ਚਿੱਲੀ ਉੱਤਰੇ ਤੇ ਉੱਥੋਂ ਅਰਜਨਟਾਈਨਾਂ ਚਲੇ ਗਏ।

ਅਰਜਨਟਾਈਨਾਂ ਦੇ ਸ਼ਹਿਰ ਸਨਪੇਧਰੋ ਦੀ ਇੱਕ ਖੰਡ ਮਿੱਲ ’ਚ ਵੱਡੀ ਗਿਣਤੀ ਪੰਜਾਬੀ ਕੰਮ ਕਰਦੇ ਸਨ ਅਤੇ ਇਸ ਖੰਡ ਮਿੱਲ ’ਚ ਹੀ ਬਾਬਾ ਬਿਲਗਾ ਨੂੰ ਸਟੋਰ ਕੀਪਰ ਦੀ ਨੌਕਰੀ ਮਿਲ ਗਈ ਉਹ ਵੀ ਸਿਰਫ਼ 100 ਪੈਸੋ ਪ੍ਰਤੀ ਮਹੀਨਾਂ। ਛੇ ਮਹੀਨਿਆਂ ਵਿੱਚ ਹੀ ਬਾਬਾ ਬਿਲਗਾ ਨੇ ਸਪੈਨਿਸ਼ ਭਾਸ਼ਾ ਚੰਗੀ ਤਰ੍ਹਾਂ ਬੋਲਣੀ, ਲਿਖਣੀ ਅਤੇ ਪੜ੍ਹਨੀ ਸਿੱਖ ਲਈ ਫਿਰ ਤਾਂ ਕੋਈ ਬਾਬਾ ਬਿਲਗਾ ਬਾਰੇ ਅੰਦਾਜ਼ਾ ਹੀ ਨਹੀਂ ਲਾ ਸਕਿਆ ਕਿ ਉਹ ਹਿੰਦੋਸਤਾਨੀ ਹੈ ਜਾਂ ਸਪੇਨੀ। ਛੇ ਮਹੀਨੇ ਇਸ ਖੰਡ ਮਿੱਲ ’ਚ ਨੌਕਰੀ ਕਰਨ ਤੋਂ ਬਾਅਦ ਉਹ ਅਰਜਨਟਾਈਨਾਂ ਦੇ ਦੂਜੇ ਸ਼ਹਿਰ ਰੋਸਾਰੀਓ ਚਲੇ ਗਏ। 23 ਮਾਰਚ 1931 ਨੂੰ ਜਦੋਂ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦਿੱਤੀ ਗਈ ਤਾਂ ਉਸ ਵੇਲੇ ਬਾਬਾ ਬਿਲਗਾ ਅਰਜਨਟਾਈਨਾਂ ਵਿੱਚ ਹੀ ਸਨ ਉਸ ਵੇਲੇ ਉੱਥੋਂ ਦੀਆਂ ਅਖ਼ਬਾਰਾਂ ਨੇ ਭਗਤ ਸਿੰਘ ਤੇ ਸਾਥੀਆਂ ਨੂੰ ਫਾਂਸੀ ਲਾਉਣ ਦੀਆਂ ਖਬਰਾਂ ਨੂੰ ਬੜੀ ਹੀ ਪ੍ਰਮੁੱਖਤਾ ਨਾਲ ਛਾਪਿਆ। ਬਾਬਾ ਬਿਲਗਾ ਅਤੇ ਉੱਥੇ ਰਹਿੰਦੇ ਭਾਰਤੀਆਂ ਨੇ ਇਕੱਠੇ ਹੋ ਕੇ ਭਗਤ ਸਿੰਘ ਤੇ ਸਾਥੀਆਂ ਨੂੰ ਫਾਂਸੀ ਦੇਣ ਵਿਰੁਧ ਬ੍ਰਿਟਿਸ਼ ਹਕੂਮਤ ਵਿਰੁਧ ਜਲਸਾ ਕੀਤਾ ਅਤੇ ਉੱਥੇ ਮਾਤਮੀ ਜਲੂਸ ਵੀ ਕੱਢਿਆ। ਭਗਤ ਸਿੰਘ ਅਤੇ ਸਾਥੀਆਂ ਦੀ ਸ਼ਹੀਦੀ ਨੇ ਵਿਦੇਸ਼ਾਂ ’ਚ ਕੰਮ ਕਰਦੇ ਭਾਰਤੀਆਂ

ਦੇ ਮਨ ਵਿੱਚ ਦੇਸ਼ ਭਗਤੀ ਦੀ ਅਜਿਹੀ ਚਿਣਗ ਜਗਾਈ ਕਿ ਉਨ੍ਹਾਂ ਅੰਗਰੇਜ ਹਕੂਮਤ ਨੂੰ ਚਲਦਾ ਕਰਨ ਲਈ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਦੀ ਠਾਣ ਲਈ।

ਬਾਬਾ ਬਿਲਗਾ ਦੇ ਦੇਸ਼ ਭਗਤੀ ਦੇ ਸਫ਼ਰ ਨੇ ਵੀ ਇਸ ਵੱਡੀ ਘਟਨਾਂ ਤੋਂ ਬਾਅਦ ਅਜਿਹਾ ਮੋੜਾ ਖਾਧਾ ਕਿ ਉਹ ਇੱਕ ਦਮ ਗਦਰੀ ਬਾਬਿਆਂ ਦੇ ਸੰਪਰਕ 'ਚ ਆ ਗਏ। ਦੇਸ਼ ਭਗਤਾਂ ਮੁਤਾਬਕ ਇਹ ਉਹ ਸਮਾਂ ਸੀ ਜਦੋਂ ਦੇਸ਼ ਦੇ ਲੋਕ ਪੂਰੀ ਤਰ੍ਹਾਂ ਜਾਗ ਚੁੱਕੇ ਸਨ ਅਤੇ ਗ਼ਦਰ ਪਾਰਟੀ ਨੇ ਵੀ ਮੁੜ ਤੋਂ ਸੰਗਠਤ ਹੋਣ ਸ਼ੁਰੂ ਕਰ ਦਿੱਤਾ ਸੀ। ਇਸੇ ਲਈ ਗ਼ਦਰ ਪਾਰਟੀ ਨੇ ਅਰਜਨਟਾਈਨਾਂ ਦੇ ਭਾਰਤੀਆਂ ਨੂੰ ਆਜ਼ਾਦੀ ਸੰਗਰਾਮ ਦੀ ਲੜਾਈ ਲਈ ਸਰਗਰਮ ਕਰਨ ਖਾਤਰ ਬਾਬਾ ਰਤਨ ਸਿੰਘ ਰਾਏਪੁਰ ਡੱਬਾ ਨੂੰ ਉੱਥੇ ਭੇਜਿਆ। ਬਾਬਾ ਰਤਨ ਸਿੰਘ ਰਾਏਪੁਰ ਡੱਬਾ ਦਾ ਇੱਕੋ ਇੱਕ ਕੰਮ ਸੀ ਕਿ ਉਹ ਵਿਦੇਸ਼ਾਂ ਵਿੱਚ ਗ਼ਦਰ ਪਾਰਟੀ ਦੀਆਂ ਬਰਾਂਚਾਂ ਕਾਇਮ ਕਰਨ। ਅਰਜਨਟਾਈਨਾਂ ਵਿਚਲੇ ਭਾਰਤੀਆਂ ਨੂੰ ਇੱਕ ਝੰਡੇ ਹੇਠ ਇਕੱਠੇ ਕਰਨ ਤੋਂ ਬਾਅਦ ਬਾਬਾ ਰਤਨ ਸਿੰਘ ਜਾਅਲੀ ਬਣਾਏ ਪਾਸਪੋਰਟ ਰਾਹੀਂ ਬ੍ਰਾਜੀਲ ਦੇ ਸ਼ਹਿਰ ਲੀਓ ਡੀ ਜਨੇਰੀਓ ਪਹੁੰਚੇ ਜਿੱਥੇ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਭਾਰਤੀਆਂ ਨੂੰ ਵਿਦੇਸ਼ਂ ਭਾਸ਼ਾਵਾਂ ਦੀ ਜਾਣਕਾਰੀ ਦੇਣ ਲਈ ਇੱਕ ਸਕੂਲ ਚਲਾ ਰਹੇ ਸਨ। ਬਾਬਾ ਰਤਨ ਸਿੰਘ ਨੇ ਸੰਗਰਾਮ ਲਈ ਕੁੱਝ ਪੈਸ ਵੀ ਇਕੱਠੇ ਕੀਤੇ ਅਤੇ ਅੰਮ੍ਰਿਤਸਰ ਕਿਰਤੀ ਅਖ਼ਬਾਰ ਲਈ ਭੇਜ ਦਿੱਤੇ। ਇਸੇ ਦੌਰਾਨ ਤੇਜਾ ਸਿੰਘ ਸੁਤੰਤਰ ਵੀ ਅਰਜਨਟਾਈਨਾਂ ਪਹੁੰਚ ਗਏ।

ਅਜੀਤ ਸਿੰਘ ਤਪਦਿਕ ਦੀ ਬਿਮਾਰੀ ਤੋਂ ਪੀੜ੍ਹਤ ਹੋ ਗਏ ਤਾਂ ਉਨ੍ਹਾਂ ਨੂੰ ਡਾਕਟਰਾਂ ਨੇ ਬ੍ਰਾਜੀਲ ਛੱਡਣ ਦੀ ਸਲਾਹ ਦਿੱਤੀ। ਡਾਕਟਰਾਂ ਦੀ ਸਲਾਹ 'ਤੇ ਅਜੀਤ ਸਿੰਘ ਨੂੰ ਅਰਜਨਟਾਈਨਾਂ ਲਿਆਂਦਾ ਗਿਆ। ਇੱਥੇ ਅਜੀਤ ਸਿੰਘ ਨੂੰ ਅਰਜਨਟਾਈਨਾਂ ਦੇ ਇੱਕ ਠੰਡੇ ਸ਼ਹਿਰ ਕੁਰਦਬਾ 'ਚ ਰੱਖਿਆ ਗਿਆ ਅਤੇ ਥੋੜੇ ਹੀ ਸਮੇਂ 'ਚ ਉਨ੍ਹਾਂ ਦੀ ਸਿਹਤ 'ਚ ਸੁਧਾਰ ਹੋ ਗਿਆ। ਤੇਜਾ ਸਿੰਘ ਸੁਤੰਤਰ, ਅਜੀਤ ਸਿੰਘ, ਬਾਬਾ ਰਤਨ ਸਿੰਘ ਅਤੇ ਹੋਰਨਾਂ ਦੇਸ਼ ਭਗਤਾਂ ਦਰਮਿਆਨ ਹੋਈ ਮੀਟਿੰਗ ਦੌਰਾਨ ਰਤਨ ਸਿੰਘ ਨੇ ਸੁਝਾਅ ਦਿੱਤਾ ਕਿ ਵਿਦੇਸ਼ਾਂ 'ਚ ਆਏ ਭਾਰਤੀਆਂ ਨੂੰ ਗੁਰੀਲਾ ਯੁੱਧ ਦੀ ਟਰੇਨਿੰਗ ਦੇ ਕੇ ਭਾਰਤ ਭੇਜਿਆ ਜਾਵੇ। ਬਾਬਾ ਰਤਨ ਸਿੰਘ ਦੀ ਦਲੀਲ ਨਾਲ ਅਸਹਿਮਤੀ ਪ੍ਰਗਟਾਉਂਦਿਆਂ ਹੋਰਨਾਂ ਦੇਸ਼ ਭਗਤਾਂ ਨੇ ਕਿਹਾ ਕਿ ਵਿਦਿਆਰਥੀਆਂ, ਕਿਸਾਨਾਂ, ਮਜ਼ਦੂਰਾਂ, ਟਰੇਡ ਵਰਕਰਾਂ ਦੀਆਂ ਜਥੇਬੰਦੀਆਂ ਦਾ ਗਠਨ ਕਰਕੇ ਇਨਕਲਾਬੀ ਤਾਕਤ ਜਥੇਬੰਦ ਕੀਤੀ ਜਾਵੇ। ਇਸ ਦੇ ਨਾਲ ਹੀ ਇਹ ਵੀ ਫੈਸਲਾ ਕੀਤਾ ਕਿ ਦੇਸ਼ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਮੁਕਤ ਕਰਾਉਣ ਲਈ ਗੁਰੀਲੇ ਭੇਜਣ ਦਾ ਕੰਮ ਵੀ ਜਾਰੀ ਰੱਖਿਆ ਗਿਆ। ਇਸ ਕੰਮ ਨੂੰ ਸਰਅੰਜਾਮ ਦੇਣ ਲਈ ਅਜੀਤ ਸਿੰਘ ਨੇ ਬਰਾਜ਼ੀਲ ਦੇ ਇਕ ਮੰਤਰੀ ਰਾਹੀਂ ਮਿਡਲ ਈਸਟ ਵਿਚ ਕੌਫੀ ਸਪਲਾਈ ਕਰਨ ਦੇ ਬਹਾਨੇ ਗਦਰੀ ਭੇਜਣ ਦਾ ਕੰਮ ਸ਼ੁਰੂ ਕੀਤਾ।

1932 ਵਿਚ ਬਾਬਾ ਭਗਤ ਸਿੰਘ ਬਿਲਗਾ ਨੂੰ ਗਦਰ ਪਾਰਟੀ ਦੇ ਅਰਜਨਾਈਟਨਾ

ਯੂਨਿਟ ਦਾ ਜਨਰਲ ਸਕੱਤਰ ਬਣਾਇਆ ਗਿਆ। ਉਸੇ ਵੇਲੇ ਗ਼ਦਰ ਪਾਰਟੀ ਦੇ ਲਾਈਫ ਮੈਂਬਰਾਂ ਨੂੰ ਹੁਕਮ ਹੋਇਆ ਕਿ ਉਹ ਹਰ ਤਰ੍ਹਾਂ ਦੀ ਕੁਰਬਾਨੀ ਲਈ ਤਿਆਰ ਬਰ ਤਿਆਰ ਰਹਿਣ ਕਿਸੇ ਵੇਲੇ ਵੀ ਕੋਈ ਆਦੇਸ਼ ਹੋ ਸਕਦਾ ਹੈ। ਉਸ ਤੋਂ ਬਾਅਦ ਬਾਬਾ ਬਿਲਗਾ ਸਮੇਤ 1932 ਵਿਚ 60 ਦੇ ਕਰੀਬ ਪੰਜਾਬੀਆਂ ਨੂੰ ਟ੍ਰੇਨਿੰਗ ਲਈ ਮਾਸਕੋ ਭੇਜਿਆ ਗਿਆ। ਬਾਬਾ ਬਿਲਗਾ ਅਰਜਨਟਾਈਨਾਂ ਤੋਂ ਬਰਲਿਨ ਚਲੇ ਗਏ ਉੱਥੋਂ ਉੱਤਰੀ ਜਰਮਨੀ ਫਿਰ ਲੈਨਿਨ ਗਾਰਡ ਅਤੇ ਉੱਥੋਂ ਸਿੱਧੇ ਮਾਸਕੋ। ਇੱਥੇ ਯੂਨੀਵਰਸਿਟੀ ਵਿੱਚ ਦਾਖਲਾ ਲੈਣਾ ਖਾਲਾ ਜੀ ਦਾ ਵਾੜਾ ਨਹੀਂ ਸੀ ਪੂਰੀ ਤਰ੍ਹਾਂ ਪੁਲਸੀਆ ਰੂਪ ਵਿੱਚ ਤਫ਼ਤੀਸ਼ ਹੁੰਦੀ ਸੀ ਜਿਆਦਾਤਰ ਦਾਖਲਾ ਮਿਲਣ ਦੀ ਸੰਭਾਵਨਾਂ ਉੱਨ੍ਹਾਂ ਨੂੰ ਹੀ ਹੁੰਦੀ ਸੀ ਜੋ ਮਜ਼ਦੂਰ ਅਤੇ ਕਿਸਾਨ ਵਰਗ ਨਾਲ ਸਬੰਧ ਰਖਦੇ ਸਨ। ਖਾਂਦੇ-ਪੀਂਦੇ ਘਰਾਂ ਦੇ ਮੁੰਡਿਆਂ ਨੂੰ ਇਸ ਯੂਨੀਵਰਸਿਟੀ ਵਿਚ ਦਾਖਲਾ ਨਹੀਂ ਸੀ ਦਿੱਤਾ ਜਾਂਦਾ। ਬਾਬਾ ਬਿਲਗਾ ਅੱਛਰ ਸਿੰਘ ਛੀਨਾ, ਤੇਜਾ ਸਿੰਘ ਸੁਤੰਤਰ ਅਤੇ ਚੰਨਣ ਸਿੰਘ ਉਸ ਵੇਲੇ ਮਾਸਕੋ ਵਿਚ ਹੀ ਸਨ।

ਪੰਜਾਬ 'ਚੋਂ ਗਏ ਜ਼ਿਆਦਾਤਰ ਮੁੰਡੇ ਉਥੇ ਰੂਸੀ ਸਾਹਿਤ ਨੂੰ ਪੰਜਾਬੀ ਵਿਚ ਅਨੁਵਾਦ ਕਰਨ ਦਾ ਕੰਮ ਵੀ ਕਰਦੇ ਸਨ। ਤੇਜਾ ਸਿੰਘ ਸੁਤੰਤਰ ਨੇ ਉਸ ਵੇਲੇ ਕਈ ਚੰਗੀਆਂ ਕਿਤਾਬਾਂ ਦਾ ਅਨੁਵਾਦ ਕੀਤਾ ਪਰ ਬਾਬਾ ਬਿਲਗਾ ਇਕ ਗੱਲੋਂ ਬੜੇ ਦੁਖੀ ਹਨ ਕਿ ਲੈਨਿਨ ਦੀ ਇਕ ਕਿਤਾਬ 'ਗਰੀਬ ਕਿਸਾਨ ਨੂੰ' ਦਾ ਉਨ੍ਹਾਂ ਦੇ ਇਕ ਸਾਥੀ ਨੇ ਅਨੁਵਾਦ ਕੀਤਾ ਪਰ ਇਸ ਉੱਤੇ ਠੱਪਾ ਸੀ.ਪੀ.ਆਈ. ਦੇ ਇਕ ਲੀਡਰ ਨੇ ਲਵਾ ਲਿਆ ਕਿਉਂਕਿ ਉਸ ਵੇਲੇ ਪ੍ਰਤੀ ਪੇਜ ਅਨੁਵਾਦ ਕਰਨ 'ਤੇ ਚੋਖੇ ਪੈਸੇ ਮਿਲਦੇ ਸਨ। ਬਾਬਾ ਬਿਲਗਾ ਨੇ 1932 ਤੋਂ ਲੈ ਕੇ 1934 ਤੱਕ ਮਾਸਕੋ 'ਚ ਟ੍ਰੇਨਿੰਗ ਲਈ, ਇਸ ਤੋਂ ਬਾਅਦ ਬਾਬਾ ਬਿਲਗਾ ਨੂੰ ਹਰਬੰਸ ਸਿੰਘ ਕੁਲਾਣੇ ਦੇ ਭਰਾ ਮਿਲਖੀ ਦੇ ਪਾਸਪੋਰਟ 'ਤੇ ਫੋਟੋ ਬਦਲ ਕੇ ਉਸ ਨੂੰ ਮਿਲਖੀ ਬਣਾ ਕੇ ਮਾਸਕੋ ਤੋਂ ਫਰਾਂਸ ਅਤੇ ਫਰਾਂਸ ਤੋਂ ਸ੍ਰੀਲੰਕਾ ਦੇ ਰਾਹੀਂ ਭਾਰਤ ਭੇਜਿਆ ਗਿਆ। ਸ੍ਰੀਲੰਕਾ 'ਚ ਉਸ ਵੇਲੇ ਬਰਤਾਨੀਆ ਦੀ ਹੀ ਹਕੂਮਤ ਸੀ। ਕੋਲੰਬੋ ਉਤਰਨ ਵੇਲੇ ਬਾਬਾ ਬਿਲਗਾ ਨੂੰ ਇਮੀਗ੍ਰੇਸ਼ਨ ਵਾਲਿਆਂ ਨੇ ਘੇਰਿਆ ਪਰ ਉਹ ਸੂਝ-ਬੂਝ ਅਤੇ ਆਪਣੀ ਤੀਖਣ ਬੁੱਧੀ ਸਦਕਾ ਉਨ੍ਹਾਂ ਦੇ ਚੱਕਰ 'ਚ ਨਾ ਫਸਿਆ। ਉਥੋਂ ਇਕ ਪੱਗ ਅਤੇ ਕੁੜਤਾ-ਪਜਾਮਾ ਪਹਿਨ ਕੇ ਉਹ ਭਾਰਤ ਦਾਖਲ ਹੋ ਗਿਆ।

ਜਿਵੇਂ ਹੀ ਬਾਬਾ ਬਿਲਗਾ ਮਦਰਾਸ ਤੋਂ ਗੱਡੀ ਬੈਠਿਆ ਤਾਂ ਸੀ.ਆਈ.ਡੀ. ਵਾਲਿਆਂ ਨੇ ਉਸ ਦੀ ਪੈੜ ਨੱਪ ਲਈ ਅਤੇ ਇਕ ਸਿਪਾਹੀ ਉਸ 'ਤੇ ਨਿਗਰਾਨੀ ਰੱਖਣ ਲੱਗ ਪਿਆ। ਇਕ ਵਾਰੀ ਤਾਂ ਸੀ.ਆਈ.ਡੀ. ਵਾਲਿਆਂ ਨੇ ਪੁੱਛ ਹੀ ਲਿਆ ਕਿ ਉਹ ਕਿਥੋਂ ਆਇਆ ਹੈ ਅਤੇ ਕਿਥੇ ਚੱਲਿਆ ਹੈ ਤਾਂ ਬਾਬਾ ਬਿਲਗਾ ਨੇ ਕਿਹਾ ਕਿ ਮੇਰੀ ਮਾਂ ਨੇ ਕਿਹਾ ਸੀ ਕਿ ਤੂੰ ਮੂੰਹ-ਸਿਰ ਮੁਨਾ ਕੇ ਪਤਿਤ ਹੋ ਗਿਆ ਹੈਂ, ਪਹਿਲਾਂ ਹਜ਼ੂਰ ਸਾਹਿਬ ਮੱਥਾ ਟੇਕੀਂ ਅਤੇ ਫਿਰ ਅੰਮ੍ਰਿਤ ਛਕ ਕੇ ਘਰ ਆਈਂ। ਸੀ.ਆਈ.ਡੀ. ਦੇ ਇਸ ਸਿਪਾਹੀ ਨੇ ਬਾਬੇ ਦੀਆਂ ਗੱਲਾਂ 'ਤੇ ਯਕੀਨ ਤਾਂ ਕਰ ਲਿਆ ਪਰ ਉਸ ਦਾ ਪਿੱਛਾ ਨਾ ਛੱਡਿਆ। ਉਥੋਂ ਤੱਕ ਕਿ ਜਿਥੋਂ ਕਿਤੇ ਸਿਪਾਹੀ

ਬਦਲਣਾ ਹੁੰਦਾ ਉਥੋਂ ਗਾਰਡ ਦੀ ਪੱਕੀ ਡਿਊਟੀ ਹੁੰਦੀ ਕਿ ਉਹ ਬਾਬਾ ਬਿਲਗਾ ਦਾ ਟਿਕਟ ਨੰਬਰ ਸੀ.ਆਈ.ਡੀ. ਵਾਲਿਆਂ ਨੂੰ ਦੱਸੇ ਅਤੇ ਅੱਗੋਂ ਸੀ.ਆਈ.ਡੀ. ਵਾਲੇ ਉਸ ਦੀ ਪੈੜ ਨੱਪੀ ਰੱਖਣ। ਗੱਡੀ ਨਾਗਪੁਰ ਅਜੇ ਪਹੁੰਚੀ ਨਹੀਂ ਸੀ ਕਿ ਇਕ ਛੋਟੇ ਸਟੇਸ਼ਨ ’ਤੇ ਰੁਕ ਗਈ। ਬਾਬਾ ਬਿਲਗਾ ਨੂੰ ਪੂਰਾ ਯਕੀਨ ਹੋ ਗਿਆ ਕਿ ਅੱਜ ਉਹ ਪੁਲੀਸ ਦੀ ਮਾਰ ਤੋਂ ਨਹੀਂ ਬਚ ਸਕੇਗਾ।

ਬਾਬਾ ਬਿਲਗਾ ਨੇ ਸਭ ਤੋਂ ਪਹਿਲਾਂ ਮਿਲਖੀ ਦੇ ਨਾਂ ’ਤੇ ਬਣਿਆ ਪਾਸਪੋਰਟ ਪਾੜ ਕੇ ਟਾਇਲਟ ਵਿਚ ਸੁੱਟਿਆ ਅਤੇ ਫਿਰ ਉਨ੍ਹਾਂ ਕੁਝ ਪੰਜਾਬੀਆਂ ਵਿਚ ਬੈਠ ਕੇ ਤਾਸ਼ ਖੇਡਣ ਲੱਗ ਪਿਆ ਜੋ ਮਦਰਾਸ ਤੋਂ ਹੀ ਬਾਬੇ ਦੇ ਨਾਲ ਗੱਡੀ ਚੜ੍ਹੇ ਸਨ ਅਤੇ ਤਾਸ਼ ਖੇਡਦੇ-ਖੇਡਦੇ ਨੇ ਹੀ ਇਕ ਪੰਜਾਬੀ ਨਾਲ ਆਪਣਾ ਟਿਕਟ ਬਦਲਾ ਲਿਆ। ਅਗਲੇ ਸਟੇਸ਼ਨ ’ਤੇ ਜਦੋਂ ਗੱਡੀ ਚੈੱਕ ਹੋਈ ਤਾਂ ਦੂਸਰਾ ਪੰਜਾਬੀ ਫੜਿਆ ਗਿਆ ਪਰ ਡੱਬੇ ਵਿਚ ਹੀ ਬੈਠੇ ਇਕ ਮਰਾਸੀ ਨੇ ਬਾਬੇ ਵੱਲ ਉਂਗਲ ਕਰਕੇ ਕਿਹਾ ਕਿ “ਕਿਤੇ ਇਹ ਓਹੀ ਮੁੰਡਾ ਤਾਂ ਨਹੀਂ ਜਿਸ ਨੂੰ ਪੁਲੀਸ ਲੱਭਦੀ ਫਿਰਦੀ ਹੈ ?” ਤਾਂ ਬਾਬਾ ਬਿਲਗਾ ਅਗਲੇ ਸਟੇਸ਼ਨ ’ਤੇ ਉੱਤਰ ਗਿਆ। ਉਸ ਨੂੰ ਕੁਝ ਵੀ ਨਹੀਂ ਸੀ ਸੁੱਝ ਰਿਹਾ ਕਿ ਉਹ ਕਿਥੇ ਜਾਵੇ। ਬੱਸ ਫੜਨ ਦੀ ਕੋਸ਼ਿਸ਼ ਕੀਤੀ ਪਰ ਕੁਝ ਬੱਸਾਂ ਲੰਘ ਗਈਆਂ। ਏਨੇ ਨੂੰ ਇਕ ਹੋਰ ਬੱਸ ਆਈ ਤਾਂ ਉਸ ਵਿਚ ਸਵਾਰ ਹੋ ਕੇ ਇਕ ਪਿੰਡ ਵਿਚ ਜਾ ਉਤਰਿਆ ਜਿਥੇ ਸਮਾਨ ਵੇਚਣ ਦੀ ਇਕ ਮੰਡੀ ਲੱਗੀ ਹੋਈ ਸੀ ਜਿਥੇ ਬਾਬਾ ਬਿਲਗਾ ਨੇ ਉਥੋਂ ਦੇ ਹੀ ਪਹਿਰਾਵੇ ਵਾਂਗ ਕਾਲੀ ਟੋਪੀ ਅਤੇ ਕੁੜਤਾ-ਪਜਾਮਾ ਪਹਿਨ ਲਿਆ। ਇਸ ਤੋਂ ਬਾਅਦ ਆਪਣਾ ਸਮਾਨ ਮਹਿਨਾ ਰੇਲਵੇ ਸਟੇਸ਼ਨ ਲਈ ਬਿਲਟੀ ਕਰਵਾ ਦਿੱਤਾ।

ਸਮਾਨ ਭੇਜ ਕੇ ਵਿਹਲਾ ਹੋਣ ਤੋਂ ਬਾਅਦ ਬਾਬਾ ਬਿਲਗਾ ਦਿੱਲੀ ਪਹੁੰਚੇ ਅਤੇ ਉਥੇ ਇਕ ਹੋਟਲ ਵਿਚ ਰਹਿਣ ਦੀ ਕੋਸ਼ਿਸ਼ ਕੀਤੀ ਪਰ ਹੋਟਲ ਵਾਲਿਆਂ ਨੇ ਬਾਬਾ ਬਿਲਗਾ ਦੇ ਹੱਥ ਇਕ ਫਾਰਮ ਫੜਾ ਦਿੱਤਾ ਜਿਸ ਵਿਚਲੀ ਜਾਣਕਾਰੀ ਭਰਨ ਨਾਲ ਬਾਬਾ ਸਹਿਜੇ ਹੀ ਪੁਲੀਸ ਦੇ ਅੜਿੱਕੇ ਆ ਸਕਦਾ ਸੀ ਪਰ ਉਹ ਫਾਰਮ ਵਿਚੇ ਛੱਡ ਅਤੇ ਹੋਟਲ ਵਾਲਿਆਂ ਨੂੰ ਇਹ ਕਹਿ ਕੇ ਉਹ ਰੋਟੀ-ਟੁੱਕ ਖਾਣ ਤੋਂ ਵਾਪਸ ਆ ਕੇ ਰਹੇਗਾ, ਦਿੱਲੀ ਰੇਲਵੇ ਸਟੇਸ਼ਨ ’ਤੇ ਪਹੁੰਚ ਗਿਆ ਤੇ ਕਾਫੀ ਦੇਰ ਬੈਠਣ ਤੋਂ ਬਾਅਦ ਉਸ ਨੂੰ ਲੁਧਿਆਣਾ ਜਾਣ ਬਾਰੇ ਰੇਲ ਗੱਡੀ ਮਿਲ ਗਈ ਅਤੇ ਉਹ ਸਿੱਧਾ ਲੁਧਿਆਣੇ ਤੋਂ ਬਾਅਦ ਪਿੰਡ ਚੀਮਾ (ਜ਼ਿਲਾ ਜਲੰਧਰ) ਪਹੁੰਚ ਗਿਆ। ਇਥੇ ਆ ਕੇ ਉਹ ਬਾਬਾ ਕਰਮ ਸਿੰਘ ਚੀਮਾ ਨੂੰ ਮਿਲਿਆ। ਇਹ ਉਹ ਸਮਾਂ ਸੀ ਜਦੋਂ ਬਾਬਾ ਬਿਲਗਾ ਰੂਪੋਸ਼ ਰਿਹਾ ਅਤੇ ਇਹ ਸਥਿਤੀ ਦੋ ਸਾਲ ਉਦੋਂ ਤੱਕ ਚਲਦੀ ਰਹੀ ਜਦੋਂ ਤੱਕ ਬ੍ਰਿਟਿਸ਼ ਸਿਪਾਹੀਆਂ ਨੇ ਬਾਬੇ ਨੂੰ ਗ੍ਰਿਫਤਾਰ ਨਾ ਕੀਤਾ। ਬਾਬਾ ਬਿਲਗਾ ਨੇ ਬਾਬਾ ਕਰਮ ਸਿੰਘ ਚੀਮਾ ਨੂੰ ਆਪਣਾ ਨਾਂ ਸੰਤਾ ਸਿੰਘ ਦੱਸਿਆ। ਬਾਬਾ ਚੀਮਾ ਨੇ ਬਾਬਾ ਬਿਲਗਾ ਨੂੰ ਬਾਬਾ ਭਾਗ ਸਿੰਘ ਕੋਲ ਭੇਜ ਦਿੱਤਾ ਅਤੇ ਉਥੇ ਰੋਟੀ-ਟੁੱਕ ਖਾਣ ਤੋਂ ਬਾਅਦ ਲੰਬਾ ਸਮਾਂ ਆਰਾਮ ਕੀਤਾ।

ਆਰਾਮ ਕਰਨ ਤੋਂ ਬਾਅਦ ਬਾਬਾ ਬਿਲਗਾ ਨੇ ਬਾਬਾ ਭਾਗ ਸਿੰਘ ਨੂੰ ਕਿਹਾ ਕਿ ਉਹ ਆਪਣੀ ਅਗਲੀ ਮੰਜ਼ਲ ਵੱਲ ਨੂੰ ਵਧਣਾ ਚਾਹੁੰਦਾ ਹੈ ਤਾਂ ਬਾਬਾ ਭਾਗ ਸਿੰਘ ਨੇ ਬਾਬਾ ਬਿਲਗਾ ਨੂੰ ਨੇੜਲੇ ਹੀ ਪਿੰਡ ਬਿਲਗਾ ਜੋ ਬਾਬੇ ਦਾ ਜੱਦੀ ਪਿੰਡ ਸੀ, ਦੇ ਰੇਲਵੇ ਸਟੇਸ਼ਨ ਤੋ ਗੱਡੀ ਫੜਨ ਲਈ ਕਿਹਾ। ਉਸ ਵੇਲੇ ਤੱਕ ਬਾਬਾ ਭਾਗ ਸਿੰਘ ਅਤੇ ਬਾਬਾ ਕਰਮ ਸਿੰਘ ਚੀਮਾ ਨੂੰ ਬਾਬਾ ਬਿਲਗਾ ਬਾਰੇ ਕੋਈ ਜਾਣਕਾਰੀ ਨਹੀਂ ਸੀ। ਬਾਬਾ ਭਾਗ ਸਿੰਘ ਨੂੰ ਉਨ੍ਹਾਂ ਸਿਰਫ ਇਹੀ ਕਿਹਾ ਕਿ ਮਾਸਕੋ ਤੋਂ ਹੁਕਮ ਹੋਇਆ ਹੈ ਕਿ ਕਲਕੱਤੇ ਜਾ ਕੇ ਕੰਮ ਕਰੋ। ਬਾਬਾ ਬਿਲਗਾ ਨੇ ਪੁਰਾਣੇ ਵਾਲਾ ਭੇਜਿਆ ਸਮਾਨ ਆਪਣੇ ਕਬਜ਼ੇ ਵਿਚ ਲਿਆ ਅਤੇ ਬੰਬੇ ਨੂੰ ਚਾਲੇ ਪਾ ਦਿੱਤੇ। ਇਹ ਸਫਰ, ਸੰਸਾਰ ਭਰ ਦਾ ਸਫਰ ਹੈ। ਸਿਰਫ ਦੋ ਮੁਲਕਾਂ ਨੂੰ ਛੱਡ ਕੇ ਉਹ ਕਿਹੜਾ ਟੁਕੜਾ ਹੈ ਧਰਤੀ ਦਾ ਜਿਥੇ ਬਾਬਾ ਜੀ ਦੀਆਂ ਪੈੜਾਂ ਦੇ ਨਿਸ਼ਾਨ ਨਹੀਂ। ਰਾਜਨੀਤਕ ਸਰਗਰਮੀਆਂ, ਫੰਡ ਇਕੱਤਰ ਕਰਨਾ ਗਦਰੀਆਂ ਦਾ ਤਾਲਮੇਲ ਬਿਠਾਉਣਾ ਅਤੇ ਜਲੰਧਰ ਸਥਿਤ ਦੇਸ਼ ਭਗਤ ਯਾਦਗਾਰ ਹਾਲ ਲਈ ਉਦਾਹਰਣਮਈ ਮਿਸਾਲੀ ਫੰਡ ਉਗਰਾਹੀ ਕਰਤਾ ਅਜੇਹੇ ਕਾਰਜ ਹਨ ਜਿਨ੍ਹਾਂ ’ਚ ਉਹ ਸਦਾ ਹੀ ਭਰ ਜੁਆਨੀ ਦੀ ਉਮਰ ਵਾਂਗ ਹੀ ਸਰਗਰਮ ਰਹੇ ਹਨ।

ਉਨ੍ਹਾਂ ਨਾਲ ਘੰਟਿਆਂ ਬੱਧੀ ਨਹੀਂ ਸਗੋਂ ਲੜੀਵਾਰ ਕਈ ਕਈ ਦਿਨਾਂ ਤੱਕ ਸਾਡੇ ਵੱਲੋਂ ਲੰਮੇ ਗੇੜ ਦੀ ਮੁਲਾਕਾਤ ਦਾ ਰਿਕਾਰਡ ਇਕ ਆਪਣੇ ਆਪ ’ਚ ਪ੍ਰਮਾਣਿਕ ਜਿਉਂਦਾ ਜਾਗਦਾ ਇਤਿਹਾਸ ਹੈ।

ਆਜ਼ਾਦੀ ਸੰਗਰਾਮ, ਇਸ ਦੇ ਨਿਸ਼ਾਨੇ, ਇਨ੍ਹਾਂ ਦੀ ਪੂਰਤੀ ਲਈ ਅੱਜ 100 ਵਰ੍ਹਿਆਂ ਦੇ ਜੀਵਨ ਸਫਰ ਨੂੰ ਪਾਰ ਕਰਨ ਉਪਰੰਤ ਵੀ ਉਹ ਦ੍ਰਿੜ੍ਹ ਨਿਸ਼ਚਾਵਾਨ ਅਤੇ ਆਸ਼ਾਮਈ ਅੰਦਾਜ਼ ’ਚ ਵੰਗਾਰਦੇ ਹਨ। ਫਿਲਾਸਫੀ, ਸਭਿਆਚਾਰ ਅਤੇ ਮਨੋ ਵਿਗਿਆਨ ਗੱਲ ਕੀ ਜ਼ਿੰਦਗੀ ਦੀਆਂ ਬਹੁ ਪਰਤਾਂ ਬਾਰੇ ਉਹ ਅਜੇ ਵੀ ਵਗਦੇ ਦਰਿਆ ਵਰਗੀ ਰਵਾਨਗੀ ਨਾਲ ਗੱਲਾਂ ਕਰਦੇ ਹਨ। ਚੜ੍ਹਦੀ ਜਵਾਨੀ ਨੂੰ ਸਮਾਜਕ ਤਬਦੀਲੀ ਲਈ ਹੋਕਰਾ ਮਾਰਦੇ ਹਨ। ਉਹ ਠੋਕ ਵਜਾ ਕੇ ਕਹਿੰਦੇ ਹਨ ਕਿ ਗਦਰੀ ਅਮਰ ਸ਼ਹੀਦਾਂ ਦੇ ਸੁਪਨਿਆਂ ਦੀ ਆਜ਼ਾਦੀ ਨਹੀਂ ਆਈ, ਸ਼ਹੀਦ ਭਗਤ ਸਿੰਘ ਹੋਰਾਂ ਦੇ ਸੁਪਨਿਆਂ ਦੇ ਸਮਾਜ ਦੀ ਸਿਰਜਣਾ ਲਈ ਲੋਕ ਸੰਗਰਾਮ ਜਾਰੀ ਹੈ ਅਤੇ ਜਾਰੀ ਰਹੇਗਾ। ਇਸ ਲਈ ਉਹ ਸਰਗਰਮੀ ਨਾਲ ਅੱਗੇ ਆਉਣ ਵਾਲਿਆਂ ਨੂੰ ਥਾਪੀ ਦਿੰਦੇ ਹਨ। ਅਜੇਹੇ ਅਨੇਕਾਂ ਪਹਿਲੂਆਂ ’ਤੇ ਰੋਸ਼ਨੀ ਪਾਏਗੀ ਉਨ੍ਹਾਂ ਦੀ ਸੰਗਰਾਮੀ ਜੀਵਨ ਗਾਥਾ ਤੇ ਇਸ ਕਲਮ ਤੋਂ ਲਿਖੀ ਜਾ ਰਹੀ ਕਿਤਾਬ।

# ਲੋਗੁ ਜਾਨੈ ਇਹੁ ਗੀਤੁ ਹੈ...

"ਦੁਨੀਆਂ ਵਿਚ ਹੋ ਗੁਜ਼ਰੇ ਮਹਾਨ ਉਪਦੇਸ਼ਕਾਂ ਅਤੇ ਧਰਮ ਸੰਚਾਲਕਾਂ ਵਿਚੋਂ ਬਹੁਤ ਸਾਰੇ ਆਪਣੀ ਰਚਨਾ ਦੀ ਇਕ ਸਤਰ ਵੀ ਪਿੱਛੇ ਨਹੀਂ ਛੱਡ ਕੇ ਗਏ। ਅਸੀਂ ਉਨ੍ਹਾਂ ਦੀ ਸਿੱਖਿਆ ਅਤੇ ਉਪਦੇਸ਼ ਨੂੰ ਸੁਣੀ ਸੁਣਾਈ ਜਾਣਕਾਰੀ ਦੇ ਅਧਾਰ 'ਤੇ ਕੇਵਲ ਰਵਾਇਤ ਰਾਹੀਂ ਹੀ ਜਾਣਦੇ ਹਾਂ ਪ੍ਰੰਤੂ ਸਿੱਖ ਸਤਿਗੁਰੂਆਂ ਦੀਆਂ ਕਿਰਤਾਂ ਗੁਰੂ ਗ੍ਰੰਥ ਸਾਹਿਬ ਵਿਚ ਇੰਨ-ਬਿੰਨ ਸੁਰੱਖਿਅਤ ਹਨ ਅਤੇ ਉਨ੍ਹਾਂ ਦੀ ਸਿੱਖਿਆ ਅਤੇ ਉਪਦੇਸ਼ ਉਨ੍ਹਾਂ ਰਾਹੀਂ ਆਪਣੇ ਅਸਲ ਰੂਪ ਵਿਚ ਪ੍ਰਾਪਤ ਹਨ।.... ਇਸ ਤੋਂ ਵਧੇਰੇ ਮੌਲਿਕ ਕਿਸੇ ਹੋਰ ਧਰਮ ਜਾਂ ਇਸ ਤੋਂ ਵਧੇਰੇ ਵਿਆਪਕ ਕਿਸੇ ਹੋਰ ਨੈਤਿਕ ਸਿਸਟਮ ਦੀ ਦੱਸ ਪਾਉਣੀ ਮੁਸ਼ਕਲ ਹੋਵੇਗੀ।" ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੌਲਿਕਤਾ ਦੀ ਪ੍ਰਮਾਣਿਕਤਾ ਤੇ ਸ਼ੁੱਧ-ਸਰੂਪਤਾ ਦੀ ਗਵਾਹੀ ਮੈਕਾਲਿਫ ਦੇ ਉਕਤ ਕਥਨ ਤੋਂ ਭਲੀ ਭਾਂਤ ਪ੍ਰਗਟ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੰਪਾਦਿਤ ਤੇ ਪ੍ਰਕਾਸ਼ 1604 ਈਸਵੀ ਵਿਚ ਸ੍ਰ ਗੁਰੂ ਅਰਜਨ ਦੇਵ ਜੀ ਦੁਆਰਾ ਸ੍ਰੀ ਅੰਮ੍ਰਿਤਸਰ ਵਿਖੇ ਕੀਤਾ ਗਿਆ। ਉਦੋਂ ਗੁਰੂ ਗ੍ਰੰਥ ਸਾਹਿਬ ਨੂੰ 'ਆਦਿ ਬੀੜ' ਜਾਂ 'ਪੋਥੀ ਸਾਹਿਬ' ਦੇ ਨਾਂ ਨਾਲ ਜਾਣਿਆ ਜਾਂਦਾ ਸੀ ਜਿਸ ਵਿਚ 30 ਰਾਗਾਂ ਵਿਚ ਪਹਿਲੇ ਪੰਜ ਗੁਰੂਆਂ, ਪੰਦਰਾਂ ਭਗਤਾਂ, ਗਿਆਰਾਂ ਭੱਟਾਂ ਅਤੇ ਚਾਰ ਗੁਰੂ-ਘਰ ਦੇ ਪ੍ਰੇਮੀ ਸਿੱਖਾਂ ਦੀ ਬਾਣੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਨੌਂਵੇਂ ਗੁਰੂ ਦੀ ਬਾਣੀ ਤਲਵੰਡੀ ਸਾਬੋ (ਸ੍ਰੀ ਦਮਦਮਾ ਸਾਹਿਬ) ਵਿਖੇ ਸ਼ਾਮਲ ਕਰਕੇ ਸੰਪੂਰਨ ਕੀਤੀ ਗਈ, ਆਦਿ ਬੀੜ ਨੂੰ 1708 ਈਸਵੀ ਵਿਚ ਸ੍ਰੀ ਅਬਚਲ ਨਗਰ (ਨਾਂਦੇੜ) ਦੇ ਸਥਾਨ 'ਤੇ ਗੁਰਿਆਈ ਦੀ ਗੱਦੀ ਸੌਂਪ ਕੇ ਦੇਹਧਾਰੀ ਗੁਰੂ ਪ੍ਰੰਪਰਾ ਨੂੰ ਸਿੱਖ ਧਰਮ ਵਿਚੋਂ ਸਮਾਪਤ ਕੀਤਾ ਗਿਆ। ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਕਤ ਸੰਤਾਂ-ਭਗਤਾਂ ਸਮੇਤ ਛੇ ਗੁਰੂਆਂ ਦੀ ਬਾਣੀ ਹੈ ਅਤੇ ਇਕੱਤੀ ਰਾਗਾਂ ਵਿਚ ਹੈ। ਇਸ ਮਹਾਨ 'ਗ੍ਰੰਥ' ਨੇ ਆਪਣੇ ਵਿਚ ਸ਼ੇਖ ਫਰੀਦ ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤੱਕ ਲਗਪਗ ਪੰਜ ਸੌ ਸਾਲ ਦੇ ਸਾਂਝੇ ਭਾਰਤੀ ਰੂਹਾਨੀ ਖਜ਼ਾਨੇ ਨੂੰ ਸਾਂਭਿਆ ਹੋਇਆ ਹੈ ਜੋ ਕਿ ਮਾਨਵ ਜਾਤੀ ਲਈ ਸਦੀਵੀ ਤੌਰ 'ਤੇ ਪ੍ਰਸੰਗਕ ਹੈ।

ਮੱਧ ਕਾਲੀਨ ਭਾਰਤੀ ਇਤਿਹਾਸ ਦਾ ਉਹ ਸਮਾਂ, ਜੋ ਸ੍ਰੀ ਗੁਰੂ ਗਰੰਥ ਸਾਹਿਬ ਦਾ ਸਿਰਜਣ ਕਾਲ ਹੈ, ਕੱਟੜ ਮਜ਼ਬੀ ਸ਼ਾਸਕਾਂ ਦੀ ਨਿਰੰਕੁਸ਼ ਚੜ੍ਹਤ ਦਾ ਅਤੇ ਨਾਲੋ-ਨਾਲ

ਹਿੰਦੁਸਤਾਨੀ ਪਰਜਾ ਦੇ ਨਿੱਘਰੇ ਮਨੋਬਲ ਦਾ ਸਮਾਂ ਸੀ। ਪੱਛਮ-ਉੱਤਰ ਵੱਲੋਂ ਧਾੜਵੀ ਹਮਲਿਆਂ ਨੇ ਅਤੇ ਰਾਜਪੂਤ ਭਾਰਤੀ ਸ਼ਾਸਕਾਂ ਦੀ ਆਪਸੀ ਪਾਟੋਧਾੜ ਕਾਰਨ ਅਜਿਹੀ ਪੱਕੀ ਸਲਤਨਤ ਹਿੰਦੁਸਤਾਨ ਵਿਚ ਕਾਇਮ ਕਰਕੇ ਬੈਠੇ ਰਹੇ। ਇਸ ਸਮੇਂ ਵਿਚ ਪਰਜਾ ਉੱਪਰ ਰਾਜਨੀਤਕ, ਸਮਾਜਿਕ ਅਤੇ ਮਾਨਸਿਕ ਉਤਪੀੜਨ ਤੇ ਗੁਲਾਮੀ ਦਾ ਦੌਰ ਸ਼ੁਰੂ ਹੋਇਆ ਜੋ ਕਈ ਸਦੀਆਂ ਚਲਦਾ ਰਿਹਾ। ਪਰਜਾ ਅਨੇਕਾਂ ਤਸੀਹਿਆਂ 'ਚੋਂ ਗੁਜ਼ਰੀ। ਜਬਰੀ ਧਰਮ-ਪਰਿਵਰਤਨ ਦਾ ਅਪਮਾਨਜਨਕ ਸਮਾਂ ਆਇਆ।ਅਣ-ਕਿਆਸੇ ਟੈਕਸਾਂ ਦੀ ਧੱਕੇ ਨਾਲ ਵਸੂਲੀ ਦੇ ਨਾਲ ਨਾਲ ਹੋਰ ਸਮਾਜਿਕ ਨਿਰਾਦਰ ਪਰਜਾ ਸਿਰ ਨੀਵਾਂ ਕਰਕੇ ਸਹਿੰਦੀ ਰਹੀ। ਪਰਜਾ ਦੇ ਧਾਰਮਿਕ ਸਥਾਨਾਂ ਦੀ ਬੇਹੁਰਮਤੀ ਆਮ ਜਿਹੀ ਗੱਲ ਸੀ। ਬੇਸ਼ੱਕ ਰਾਜੇ ਤੇ ਪਰਜਾ ਵਿਚ ਵਿਰੋਧਤਾਈ ਸੁਲਘਦੀ ਅਤੇ ਵਧਦੀ ਜਾ ਰਹੀ ਸੀ ਪਰ ਦਹਿਸ਼ਤ ਹੀ ਏਨੀ ਸੀ ਕਿ ਸਿਵਾਏ ਸ਼ਾਸਕਾਂ ਦੀ ਉਸਤਤ ਕਰਨ ਦੇ ਕੋਈ ਮੂੰਹ ਨਹੀਂ ਖੋਲ੍ਹਦਾ ਸੀ। ਬਹੁਤੇ ਪ੍ਰਵਚਨ ਸ਼ਾਸਕਾਂ ਦੀ ਵਡਿਆਈ ਵਿਚ ਹੀ ਹੁੰਦੇ ਆ ਰਹੇ ਸਨ।

ਪਰ ਅਜਿਹੀ ਕਠਿਨ ਵਿਵਸਥਾ ਵਿਚ ਵੀ ਭਗਤੀ ਲਹਿਰ ਦਾ ਇਕ ਸੁਨਹਿਰਾ ਪਥ, ਸਾਹ-ਸਤਹੀਣ ਜਨਤਾ ਦੀ ਰਹਿਨੁਮਾਈ ਲਈ ਪ੍ਰਚਲਤ ਹੋਇਆ ਜਿਸ ਨੇ ਹਾਕਮ ਸ਼੍ਰੇਣੀ ਦੇ ਹੱਕ ਵਿਚ ਭੁਗਤਣ ਦੀ ਬਜਾਇ ਵਿਦਰੋਹੀ ਚੇਤਨਾ ਅਤੇ ਵੰਗਾਰ-ਵਿਰੋਧ ਦੀ ਭਾਵਨਾ ਨਾਲ ਭਰਪੂਰ ਸਵਰ ਉਚਾਰਨਾ ਸ਼ੁਰੂ ਕੀਤਾ।

ਇਹ ਉਹ ਵਕਤ ਸਨ ਜਦੋਂ ਸਥਾਪਤੀ ਦੇ ਖਿਲਾਫ ਬੋਲਿਆ ਇਕ ਸ਼ਬਦ ਵੀ ਹਥਿਆਰਬੰਦ ਬਗਾਵਤ ਵਾਲੀਆਂ ਸਜ਼ਾਵਾਂ ਦਾ ਭਾਗੀ ਬਣਾ ਦਿੰਦਾ ਸੀ। ਹਿੰਦੁਸਤਾਨ ਦੇ ਵੱਖ ਵੱਖ ਖਿੱਤਿਆਂ 'ਚੋਂ ਜਾਗਦੀ ਜ਼ਮੀਰ ਵਾਲੇ ਸੰਤਾਂ-ਪੀਰਾਂ-ਫਕੀਰਾਂ, ਭਗਤਾਂ ਅਤੇ ਉੱਤਰੀ ਭਾਰਤ 'ਚੋਂ ਸਿੱਖ ਗੁਰੂਆਂ ਨੇ ਆਪਣੇ ਆਪਣੇ ਪ੍ਰਵਚਨ ਦਾ ਮੂਲ ਆਧਾਰ ਯਥਾਰਥਕ ਜੀਵਨ ਅਨੁਭਵ ਤੇ ਜੀਵਨ ਬੋਧ ਨੂੰ ਬਣਾ ਕੇ ਵਿਰਸੇ 'ਚ ਮਿਲੇ ਰੂਹਾਨੀ ਤੇ ਧਾਰਮਿਕ ਸੰਕਲਪਾਂ ਦੀ ਪੁਨਰ-ਵਿਆਖਿਆ ਇਕ ਉਦਾਰਵਾਦੀ ਦ੍ਰਿਸ਼ਟੀਕੋਣ ਤੋਂ ਕੀਤੀ। ਇਹ 'ਹੁਕਮੀ' ਦ੍ਰਿਸ਼ਟੀਕੋਣ ਹਉਮੈ ਭਰਪੂਰ ਸ਼ਾਸਕੀ ਤੇ ਮਜ਼੍ਹਬੀ ਕੱਟੜਵਾਦੀ ਪਹੁੰਚ ਦੇ ਸਿੱਧਾ ਵਿਰੋਧ ਵਿਚ ਸੀ। ਸੂਫੀ ਪੀਰਾਂ ਫਕੀਰਾਂ ਨੇ ਇਸਲਾਮ ਨੂੰ ਨਿਰੋਲ ਮਾਨਵਵਾਦੀ ਕੋਣ ਤੋਂ ਪ੍ਰਚਾਰਿਆ ਅਤੇ ਹਿੰਦੂ ਸੰਤਾਂ, ਭਗਤਾਂ ਤੇ ਗੁਰੂਆਂ ਨੇ ਹਿੰਦੂ ਧਾਰਮਿਕ ਵਿਰਸੇ ਦੀ ਮੁੜ ਵਿਆਖਿਆ ਰਾਹੀਂ ਸਮਾਜ 'ਚ ਫੈਲੇ ਅਡੰਬਰਾਂ, ਕਰਮ ਕਾਂਡਾਂ ਤੇ ਜਾਤੀ ਪ੍ਰਥਾਨ ਵਰਗੀਆਂ ਬੁਰਾਈਆਂ ਦਾ ਖੰਡਨ ਕਰਕੇ ਇਕ ਈਸ਼ਵਰਵਾਦ ਦੇ ਸੰਕਲਪ ਦੁਆਲੇ ਜਨਤਾ ਨੂੰ ਇਕੱਠਾ ਹੋਣ ਦਾ ਸੰਦੇਸ਼ ਦਿੱਤਾ। ਈਸ਼ਵਰੀ ਸੱਤਾ ਦੀ ਵਡਿਆਈ ਦੁਨਿਆਵੀ ਸ਼ਾਸਕਾਂ ਦੀ ਸੱਤਾ ਨੂੰ ਛੁਟਿਆਉਣ ਦੇ ਤੁੱਲ ਸੀਤੇ ਦੁਨਿਆਵੀ ਸੱਤਾ ਦੀ ਛਿਣ ਭੰਗਰਤਾ ਦੀ ਚੇਤਨਾ ਜਗਾਉਂਦੀ ਸੀ। ਹੌਲੀ-ਹੌਲੀ ਭਗਤੀ ਲਹਿਰਦੇ ਇਨ੍ਹਾਂ ਪ੍ਰਵਰਤਕਾਂ ਦੀ ਮਕਬੂਲੀਅਤ ਆਪਣੇ ਤੋਂ ਦੂਸਰੇ ਧ੍ਰਮਾਂ ਵਿਚ ਵੀ ਵਧ ਗਈ। ਜਨਤਾ ਵਿਚ ਵੀ ਲਗਾਵ ਵਧਿਆ, ਢਹਿੰਦੀ ਕਲਾ ਦੀ ਥਾਂ ਵਿਸ਼ਵਾਸ ਪਰਤਣ

ਲੱਗਾ ਤੇ ਕੱਟੜ–ਮਜ਼੍ਹਬੀ ਸ਼ਾਸਨ ਦੇ ਵਿਰੋਧ ਦੀ ਹਿੰਮਤ ਵਧਣ ਲੱਗੀ।

ਸਿੱਖ ਲਹਿਰ, ਇਸ ਭਗਤੀ ਲਹਿਰ ਦੀ ਇਕ ਤਰ੍ਹਾਂ ਨਾਲ ਸਿਖਰ ਸੀ ਜਿਸ ਦੁਆਰਾ ਇਨਕਲਾਬੀ–ਚੇਤਨਾ ਦਾ ਪਸਾਰ ਵੱਡੇ ਪੱਧਰ 'ਤੇ ਹੋਇਆ। ਸਿੱਖ ਗੁਰੂਆਂ ਨੇ ਭਗਤੀ ਲਹਿਰ ਦੀ ਬਾਣੀ ਨੂੰ ਇਕ ਵਿਚਾਰਧਾਰਾਈ ਸਾਂਝ ਭਰਪੂਰ ਸਿਰਜਣਾ ਦੇ ਰੂਪ ਵਿਚ ਇਕੱਤਰ ਕੀਤਾ ਤੇ 'ਆਦਿ ਗ੍ਰੰਥ' ਦੇ ਰੂਪ ਵਿਚ ਸੰਕਲਿਤ ਕਰਕੇ ਇਕ ਸਮੁੱਚਾ ਤੇ ਸਦੀਵੀ ਪ੍ਰੇਰਣਾ ਸਰੋਤ ਲੋਕਾਈ ਨੂੰ ਦਿੱਤਾ। ਇਸ ਤਰ੍ਹਾਂ ਇਸ ਕਠਿਨ ਦੌਰ ਵਿਚੋਂ ਵੀ ਇਕ ਪੁਨਰ ਜਾਗਰਤੀ, ਸੁਹਿਰਦਾਤ, ਸਦਭਾਵਨਾ ਅਤੇ ਸੰਵਾਦ ਦਾ ਵਾਤਾਵਰਣ ਤਿਆਰ ਹੋਣ ਲੱਗਾ ਜਿਸ ਵਿਚ ਭਿੰਨ–ਭਿੰਨ ਸਭਿਆਚਾਰਾਂ ਦੇ ਆਪਸੀ ਸੁਮੇਲ ਤੇ ਸਹਿਹੋਂਦ ਦਾ ਸੰਦੇਸ਼ ਫੈਲਣ ਲੱਗਾ। ਹਿੰਦੁਸਤਾਨੀ ਵਿਰਸੇ 'ਚ ਮਾਣ ਕਰਨ ਦੀ ਭਾਵਨਾ ਪੈਦਾ ਹੋਣ ਲੱਗੀ ਤੇ ਪਰਜਾ ਦਾ ਅਨੁਭਵ ਤੇ ਬੋਧ ਪ੍ਰਭਾਵਤ ਹੋਣ ਲੱਗਾ, ਜਿਸ ਕਾਰਨ ਮੁਗਲ ਸ਼ਾਸਕੀ ਧੌਂਸ ਤੇ ਦਬਾਅ ਅਧੀਨ ਸੁੰਨ ਹੋਇਆ ਜਨ–ਮਾਣਸ ਆਜ਼ਾਦ ਫਿਜ਼ਾ ਵਿਚਸਾਹ ਲੈਣ ਲਈ ਅਹੁਲਣ ਲੱਗਾ। ਇਹ ਆਜ਼ਾਦ ਫਿਜ਼ਾ ਦੀ ਚਾਹ ਲਈ ਅੰਗੜਾਈ ਹੀ ਭਗਤੀ ਲਹਿਰ ਦਾ ਵੱਡਾ ਹਿੱਸਾ ਹੈ ਜਿਸ ਨੂੰ ਜੋਤੀ ਗੁਰੂ ਗ੍ਰੰਥ ਸਾਹਿਬ ਨੇ ਪ੍ਰਦਾਨ ਕੀਤੀ।

ਜੇ ਜੀਵੈ ਪਤਿ ਲਥੀ ਜਾਇ।।
ਸਭੁ ਹਰਾਮੁ ਜੇਤਾ ਕਿਛੁ ਖਾਇ।।ਪੰਨਾ 142

ਜਉ ਤਉ ਪ੍ਰੇਮ ਖੇਲਣ ਕਾ ਚਾਉ।।
ਸਿਰੁ ਧਰਿ ਤਲੀ ਗਲੀ ਮੇਰੀ ਆਉ।।
ਇਤੁ ਮਾਰਗਿ ਪੈਰੁ ਧਰੀਜੈ।।
ਸਿਰੁ ਦੀਜੈ ਕਾਣਿ ਨ ਕੀਜੈ।।ਪੰਨਾ 1412

ਰਾਜੇ ਸੀਹ ਮੁਕਦਮ ਕੁਤੇ।।
ਜਾਇ ਜਗਾਇਨਿ ਬੈਠੇ ਸੁਤੇ।।ਪੰਨਾ 1288

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ।।ਪੰਨਾ 360

ਨਿਤਾਣੀ ਤੇ ਲਿਤਾੜੀ ਖਲਕਤ ਨੂੰ ਟੁੰਬ ਕੇ ਜਗਾਉਣ ਦੀ ਕੋਸ਼ਿਸ਼ ਕੀਤੀ। ਗੁਲਾਮ ਮਾਨਸਿਕਤਾ ਨੂੰ ਤਿਆਗਣ ਲਈ ਪ੍ਰੇਰਿਆ। ਨਾਲੋ–ਨਾਲ ਨਿਰਭੈਤਾ/ਨਿਡਰਤਾ ਤੇ ਸੁਤੰਤਰਤਾ ਦੇ ਸੰਕਲਪ ਨੂੰ ਹਿਰਦੇ ਵਿਚ ਦ੍ਰਿੜ੍ਹ ਕਰਾਉਣ ਲਈ ਯਤਨ ਕੀਤੇ।

ਨਿਰਭਉ ਜਪੈ ਸਗਲ ਭਉ ਮਿਟੈ।।ਪੰਨਾ 292

ਭੈ ਕਾਹੂਕੋ ਦੇਤਤਨਹਿ ਨਹਿ ਭੈ ਮਾਨਤ ਆਨ।।ਪੰਨਾ 1421

ਨੀਚਹੁ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨ ਡਰੈ।।ਪੰਨਾ 106

ਰੱਤ ਪੀਣੇ, ਜ਼ਾਲਮ ਸ਼ਾਸਕਾਂ ਨੂੰ ਲੋਕਾਈ ਵਿਚ ਖੜੋ ਕੇ ਵੰਗਾਰਿਆ :

ਜੇ ਰਤੁ ਲਾਗੈ ਕਪੜੇ ਜਾਮਾ ਹੋਇਆ ਪਲੀਤੁ।।
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲ ਚੀਤੁ।।ਪੰਨਾ 140

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰ ਉਡਰਿਆ।।
ਕੂੜ ਅਮਾਵਸ ਸਚ ਚੰਦਰਮਾ ਦੀਸੈ ਨਾਹੀ ਕੈ ਚੜਿਆ।।ਪੰਨਾ 145

ਸੰਨ 1526 ਈਸਵੀ ਵਿਚ ਹੋਏ ਬਾਬਰ ਦੇ ਹਮਲੇ ਸਬੰਧੀ ਗੁਰੂ ਨਾਨਕ ਦੇਵ ਜੀ ਨੇ ਨਿਡਰ ਆਵਾਜ਼ ਬੁਲੰਦ ਕੀਤੀ :

ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ।।
ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ।।ਪੰਨਾ 722

ਅਤੇ

ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰੱਤੁ ਕਾ ਕੁੰਗੂ ਪਾਇ ਵੇ ਲਾਲੋ।।ਪੰਨਾ 723

ਲੋਕਾਈ ਦੇ ਮਨਾਂ 'ਚੋਂ ਮੌਤ ਦਾ ਭੈਅ ਦੂਰ ਕਰਨ ਲਈ ਸੰਤ ਕਬੀਰ ਨੇ ਗਾਇਆ-

ਕਬੀਰ ਜਿਸੁ ਮਰਨੇ ਤੇ ਜਗ ਡਰੈ ਮੇਰੇ ਮਨਿ ਆਨੰਦ।।
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦ।।ਪੰਨਾ 1365

ਕਬੀਰ ਮਰਤਾ ਮਰਤਾ ਜਗੁ ਮੂਆ ਮਰਿ ਭੀਨ ਜਾਨਿਆ ਕੋਇ।।
ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ।।ਪੰਨਾ 1366
ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ।।ਪੰਨਾ 1367

ਬੇਸ਼ੱਕ ਉਕਤ ਬਾਣੀ 'ਨਿਤਾਣਿਆਂ ਦਾ ਤਾਣ' ਬਣਨ ਵੱਲ ਸੇਧਤ ਹੈ ਪਰ ਬਾਣੀ ਹੀ ਮਾਨਵ-ਮੁਕਤੀ ਲਈ ਇਕ ਧਰੋਹਰ ਹੈ।ਬਦੀ 'ਤੇ ਜਿੱਤ ਪ੍ਰਾਪਤ ਕਰਨ ਲਈ ਜਿਥੇ ਨਿਡਰਤਾ ਤੇ ਨਿਰਭੈਤਾ ਦੀ ਜ਼ਰੂਰਤ ਹੈ ਉਥੇ ਉਸ ਦੇ ਪਿਛੋਕੜ ਵਿਚ ਮਜ਼ਬੂਤ ਤੇ ਸਿਹਤਮੰਦ ਸਮਾਜ ਸਭਿਆਚਾਰ ਹੋਣਾ ਵੀ ਜ਼ਰੂਰੀ ਹੈ।ਸਾਂਝੀਵਾਲਤਾ, ਏਕਤਾ ਤੇ ਭਰਾਤਰੀ ਭਾਵ ਦੀ ਮਜ਼ਬੂਤ ਨੀਂਹ ਹੀ ਆਜ਼ਾਦ ਮਾਨਵਤਾ ਦਾ ਮਹਿਲ ਖੜ੍ਹਾ ਰੱਖ ਸਕਦੀ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਸਾਨੂੰ ਸਮਾਜ ਵਿਚ ਵਿਚਰ ਕੇ, ਗ੍ਰਹਿਸਤ ਮਾਰਗ ਅਪਣਾਉਂਦੇ ਹੋਏ ਆਪਣੇ ਏਕੇ ਤੇ ਸਾਂਝੀਵਾਲਤਾ ਦੀ ਮੁਕਤੀ ਵੱਲ ਨੂੰ ਵਧਣ ਦੀ ਸਿੱਖਿਆ ਮਿਲਦੀ ਹੈ।

ਗ੍ਰਹਿਸਤ ਮਾਰਗ ਬਾਰੇ–

ਵਿਚਿ ਦੁਨੀਆ ਸੇਵ ਕਮਾਈਐ।।
ਤਾ ਦਰਗਹ ਬੈਸਣੁ ਪਾਈਐ।।ਪੰਨਾ 26

ਹਸੰਦਿਆ, ਖੇਲੰਦਿਆ, ਪੈਨੰਦਿਆ ਖਾਵੰਦਿਆ
ਵਿਚ ਹੋਵੈ ਮੁਕਤਿ।।ਪੰਨਾ 522

ਧਨ ਪਿਰ ਏਹਿਨ ਆਖੀਅਨਿ ਬਹਿਨ ਇਕੱਠੇ ਹੋਇ।।
ਏਕ ਜੋਤਿ ਦੋਇ ਮੂਰਤੀ ਧਨ ਪਿਰ ਕਹੀਐ ਸੋਇ।।ਪੰਨਾ 788

"ਅੰਜਨ ਮਾਹਿ ਨਿਰੰਜਨੁ" ਅਤੇ "ਗਿਰਹੀ ਮਾਹਿ ਉਦਾਸਾ" ਦਾ ਉਪਦੇਸ਼ ਦਿੰਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਸਮਾਜਿਕ ਰਿਸ਼ਤਿਆਂ ਦਾ ਸਤਿਕਾਰ ਕਰਨ ਨੂੰ ਗ੍ਰਹਿਸਤ ਮਾਰਗ ਦਾ ਮੁਢਲਾ ਕਦਮ ਮੰਨਦੇ ਹਨ।ਉਸ ਸਮੇਂ ਔਰਤ ਦੇ ਸਤਿਕਾਰ ਲਈ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ' (473) ਦਾ ਕਥਨ ਇਕ ਇਨਕਲਾਬੀ ਵਿਚਾਰ ਹੀ ਸੀ। ਪਰਜਾ ਜੇ ਰੰਗ, ਨਸਲ, ਲਿੰਗ, ਧਰਮ, ਜਾਤੀ ਵਿਚ ਵੰਡੀ ਰਹੇਗੀ ਤਾਂ ਨਿਰੰਕੁਸ਼ ਸ਼ਾਸਕਾਂ ਨੂੰ ਉਸ ਤੋਂ ਕੋਈ ਖਤਰਾ ਨਹੀਂ ਹੋ ਸਕਦਾ। ਇਸ ਸਥਿਤੀ ਨੂੰ ਭਾਂਪਦੇ ਹੋਏ ਅਧਿਆਤਮਕ ਦ੍ਰਿਸ਼ਟੀ ਤੋਂ ਬਾਣੀਕਾਰਾਂ ਨੇ ਸਭ ਲੋਕਾਈ ਨੂੰ ਇਕ ਸੂਤਰ ਵਿਚ ਬੱਝੀ ਦੱਸਕੇ ਏਕਤਾ ਤੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ।ਅਨੇਕਤਾ ਵਿਚ ਏਕਤਾ ਦਾ ਮੁਢਲਾ ਸਿਧਾਂਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਰ ਪ੍ਰਵਚਨ 'ਚੋਂ ਝਲਕਦਾ ਹੈ।

ਕੋਈ ਬੋਲੇ ਰਾਮ ਰਾਮ, ਕੋਈ ਖੁਦਾਇ।।
ਕੋਈ ਸੇਵੈ ਗੁਸਈਆਂ ਕੋਈ ਅਲਾਹਿ।।
ਕਾਰਣ ਕਰਮ ਕਰੀਮ।।
ਕਿਰਪਾ ਧਾਰਿ ਰਹੀਮ।।ਪੰਨਾ 885

ਅਵਲਿ ਅਲਹੁ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ।।
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।।ਪੰਨਾ 1349

ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ।।483
ਸਭੇ ਸਾਂਝੀਵਾਲ ਸਦਾਇਨ ਤੂੰ ਕਿਸੈ ਨ ਦਿਸਹਿ ਬਾਹਰਾ ਜੀਓ।।ਪੰਨਾ 97

ਖਤਰੀ ਬ੍ਰਾਹਮਣ ਸੂਦ ਵੈਸ, ਉਪਦੇਸ ਚਹ ਵਰਨਾ ਕਉ ਸਾਂਝਾ।।ਪੰਨਾ 747

ਸਭੈ ਘਟਿ ਰਾਮ ਬੋਲੈ, ਰਾਮਾ ਬੋਲੈ, ਰਾਮ ਬਿਨਾ ਕੋ ਬੋਲੈ ਰੇ।।ਪੰਨਾ 988

ਬਾਣੀਕਾਰਾਂ ਨੇ ਰਿਆਸਤਾਂ, ਨਵਾਬੀਆਂ ਜਾਂ ਛੋਟੇ ਰਾਜਾਂ ਦੀ ਵੰਡ ਨੂੰ ਤਸਲੀਮ ਨਾ ਕਰਦੇ ਹੋਏ ਸਮੁੱਚੇ ਹਿੰਦੁਸਤਾਨ ਨੂੰ ਇਕ ਸਮੁੱਚੀ ਇਕਾਈ ਦੇ ਰੂਪ ਵਿਚ ਮਾਨਤਾ ਦਿੱਤੀ। ਜਿਵੇਂ 'ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ' ਅਤੇ 'ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿੰਦੁਸਤਾਨ ਸਮਾਲਸੀ ਬੋਲਾ' ਬੇਸ਼ੱਕ ਬਰਾਬਰ ਹੁਣ ਦੇ ਪੰਜਾਬ ਜਾਂ ਇਸ ਦੇ ਨੇੜਲੇ ਇਲਾਕਿਆਂ 'ਤੇ ਹੀ ਹਮਲੇ ਕਰ ਰਿਹਾ ਸੀ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ, ਖਾਸ ਤੌਰ'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਨੂੰ 'ਹਿੰਦੁਸਤਾਨ' 'ਤੇ ਹਮਲੇ ਦੇ ਰੂਪ ਵਿਚ ਹੀ ਦੇਖਿਆ ਤੇ ਹਿੰਦੁਸਤਾਨੀ ਅਵਾਮ ਨੂੰ ਹੀ ਸੰਬੋਧਿਤ ਹੋਏ।

ਇਕ ਮਜ਼ਬੂਤ ਸਮਾਜ-ਸਭਿਆਚਾਰ ਦੇ ਉਸਾਰ ਵਿਚ ਸ਼ੁੱਧ ਆਚਰਣਕ ਅਤੇ ਨੈਤਿਕ ਵਿਵਹਾਰ ਦੀ ਵੱਡੀ ਭੂਮਿਕਾ ਹੁੰਦੀ ਹੈ। ਨੈਤਿਕ ਗਿਰਾਵਟ ਜਾਂ ਸੁਭਾਅ ਦੇ ਹੋਰ ਔਗੁਣਾਂ ਵਾਲਾ ਸਮਾਜ ਅੰਦਰੋਂ ਖੋਖਲਾ ਹੁੰਦਾ ਹੈ ਤੇ ਹਰ ਪਲ ਗੁਲਾਮੀ ਦੀ ਦਹਿਲੀਜ਼ 'ਤੇ ਖੜੋਤਾ ਦਿਖਾਈ ਦਿੰਦਾ ਹੈ। ਗੁਰੂ ਗ੍ਰੰਥ ਸਾਹਿਬ ਉੱਚਤਮ ਨੈਤਿਕ ਸਰੋਕਾਰਾਂ ਦਾ ਖਜ਼ਾਨਾ ਹੈ।

ਉਦਾਹਰਣ ਲਈ ਦੇਖੋ-

ਜੈਸਾ ਸੰਗ ਬਿਸੀਅਰ ਸਿਉ ਹੈਰੇ ਤੈਸੋ ਹੀ ਇਹ ਪਰ ਗ੍ਰਿਹ।। ਪੰਨਾ 403

ਕਾਮੁ ਕ੍ਰੋਧੁ ਕਾਇਆ ਕਉ ਗਾਲੈ।। ਜਿਉ ਕੰਚਨ ਸੋਹਾਗਾ ਢਾਲੈ।। ਪੰਨਾ 932

ਘਰ ਕੀ ਨਾਰਿ ਤਿਆਗੈ ਅੰਧਾ।।
ਪਰ ਨਾਰੀ ਸਿਉ ਘਾਲੈ ਧੰਦਾ। (ਭੈਰਉ ਨਾਮਦੇਵ ਜੀ)
ਏਕ ਜੋਤਿ ਦੋਇ ਮੂਰਤੀ ਧਨ ਪਿਰ ਕਹੀਐ ਸੋਇ।। ਪੰਨਾ 788

ਬੁਰੀ ਸੰਗਤ ਬਾਰੇ-

ਊਤਮ ਸੰਗਤਿ ਊਤਮ ਹੋਵੈ।।
ਗੁਣ ਕਉ ਧਾਵੈ ਅਵਗੁਣ ਧੋਵੈ।। ਪੰਨਾ 414

ਕੁਸੰਗਤਿ ਬਹਹਿ ਸਦਾ ਦੁਖ ਪਾਵਹਿ ਦੁਖੋ ਦੁਖ ਕਮਾਇ।। ਪੰਨਾ 1068

ਸੱਚ ਝੂਠ ਬਾਰੇ-

ਸਚ ਉਰੈ ਸਭ ਕੋ ਉਪਰਿ ਸਚੁ ਅਚਾਰੁ।। ਪੰਨਾ 62

ਕੂੜ ਬੋਲਿ ਮੁਰਦਾਰ ਖਾਇ॥ ਪੰਨਾ 138

ਕੂੜ ਨਿਖੁਟੇ ਨਾਨਕਾ ਓੜਕ ਸਚਿ ਰਹੀ।। ਪੰਨਾ 953

ਨਾਨਕ ਧ੍ਰਿਗ ਤਿਨਾ ਦਾ ਜੀਵਿਆ ਜਿਨ ਸਚਿ ਨ ਲਗੋ ਰੰਗੁ।। ਪੰਨਾ 523

ਹੋਰ ਆਚਰਣਕ ਔਗੁਣਾਂ ਬਾਰੇ–

ਲੈ ਕੇ ਵੱਡੀ ਦੇਨਿ ਉਗਾਹੀ
ਦੁਰਮਤਿ ਕਾ ਗਲ ਫਾਹਾ ਹੇ।। ਪੰਨਾ 1032

ਬਿਨਾ ਸੰਤੋਖ ਨਹੀ ਕਊ ਰਾਜੈ।। ਪੰਨਾ 279

ਝੂਠੇ ਲਾਲਿਚ ਜਨਮੁ ਗਵਾਇਆ।। ਪੰਨਾ 175

ਕਬੀਰ ਜਹਾ ਗਿਆਨ ਤਹ ਧਰਮੁ ਹੈ ਜਹਾ ਝੂਠ ਤਹ ਪਾਪੁ।।
ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪੁ।। ਪੰਨਾ 1372

ਜਿਥੈ ਬੋਲਣਿ ਹਾਰੀਐ, ਤਿਥੈ ਚੰਗੀ ਚੁਪ।। ਪੰਨਾ 149

ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ।। ਪੰਨਾ 1381

ਸਿੱਖ ਧਰਮ ਦਾ ਇਕ ਮੁਢਲਾ ਸਿਧਾਂਤ ਜਿਸ ਦੇ 'ਸਰਬੱਤ ਦੇ ਭਲੇ' ਦੇ ਸਿਧਾਂਤ ਵਾਂਗ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਥਾਂ ਦਰਸ਼ਨ ਹੁੰਦੇ ਹਨ ਉਹ 'ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ'। ਗੁਰਮਤਿ ਹੱਥੀਂ ਕਿਰਤ ਕਰਕੇ ਖਾਣ ਨੂੰ ਉੱਤਮ ਦਰਜਾ ਦਿੰਦਾ ਹੈ।

ਹਾਥ ਪਾਉ ਕਰਿ ਕਾਮੁ ਸਭੁ, ਚੀਤੁ ਨਿਰੰਜਨ ਨਾਲ।। ਪੰਨਾ 1376

ਉਦਮੁ ਕਰੇਦਿਆ ਜੀਉ ਤੂੰ
ਕਮਾਵਦਿਆ ਸੁਖੁ ਭੁੰਚੁ।।
ਧਿਆਇਦਿਆ ਤੂੰ ਪ੍ਰਭੂ ਮਿਲੁ
ਨਾਨਕ ਉਤਰੀ ਚਿੰਤ।। ਪੰਨਾ 522

ਘਾਲਿ ਖਾਇ ਕਿਛੁ ਹਥਹੁ ਦੇਇ।।
ਨਾਨਕ ਰਾਹੁ ਪਛਾਣਹਿ ਸੇਇ।।
ਜੈਸਾ ਬੀਜੈ ਸੋ ਲੁਣੈ, ਜੋ ਖਟੇ ਸੋ ਖਾਇ।। 730

ਗੱਲ ਕੀ, ਸਮੁੱਚੇ ਜੀਵਨ ਸੰਦਰਭ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਅਗਵਾਈ ਲਈ ਜਾਂਦੀ ਰਹੀ ਹੈ। ਸਰੀਰਕ ਤੇ ਮਾਨਸਿਕ ਸਿਹਤ ਲਈ, ਊਚ-ਨੀਚ, ਜਾਤ-ਪਾਤ ਦੇ ਕੋਹੜ ਨੂੰ ਦੂਰ ਕਰਨ ਲਈ, ਰਸਮੀ ਧਰਮ-ਕਾਰਜਾਂ/ਅਡੰਬਰਾਂ ਤੇ ਕਰਮ-ਕਾਂਡਾਂ ਤੋਂ ਬਚਣ ਲਈ, ਗੁਰੂ ਗ੍ਰੰਥ ਸਾਹਿਬ ਵੱਲ ਮੁੜ ਸਕਦੇ ਹਾਂ ਬਸ਼ਰਤੇ–

ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦ ਨ ਕਰੈ ਵਿਚਾਰ।।ਪੰਨਾ 594

ਜਾਂ

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ।।ਪੰਨਾ 1350

ਗੱਲ ਕੀ, ਅਸੀਂ ਵਿਚਾਰ ਕਰ ਸਕਦੇ ਹੋਈਏ।ਸਾਰਾ ਕੁਝ ਸਾਡੇ ਲਈ ਹੈ, ਮਨੁੱਖ ਲਈ ਕਿਉਂਕਿ ਮਨੁੱਖ ਹੀ ਉਤਮ ਹੈ-

ਲੱਖ ਚਉਰਾਸੀਹ ਜੋਨਿ ਸਬਾਈ।।
ਮਾਣਸ ਕਉ ਪ੍ਰਭਿ ਦੀਈ ਵਡਿਆਈ॥1075

**